ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 12 | Issue 44 | 9 November to 15 November 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਭਾਰੀ ਸੁਰੱਖਿਆ ਵਿਚ ਧਰਨੇ ਉਪਰ ਬੈਠੇ ਸ਼ਿਵ ਸੈਨਾ ਦੇ ਸੂਰੀ ਦੀ ਹੱਤਿਆ

➢ ਸਿੱਖ ਨੌਜਵਾਨ ਗ੍ਰਿਫ਼ਤਾਰ, ਵਰਤਿਆ ਪਿਸਤੌਲ ਬਰਾਮਦ ➢ ਸੂਰੀ ਦੇ ਕਤਲ ਤੋਂ ਬਾਅਦ ਪੁੱਤਰ ਨੂੰ ਮਿਲੀ ਜਾਨੋਂ ਮਾਰਨ ਦੀ ਧਮਕੀ ➢ ਸੁਧੀਰ ਸੂਰੀ ਹੱਤਿਆ ਦੀ ਜਾਂਚ ਐਨਆਈਏ ਵਲੋਂ ਸ਼ੁਰੂ, ਮੁਲਜ਼ਮ 7 ਦਿਨ ਦੇ ਰਿਮਾਂਡ 'ਤੇ ➢ ਸ਼ਿਵ ਸੈਨਿਕ ਨੇਤਾ ਨੇ ਸਿਖਾਂ ਦੀ ਨਸਲਕੁਸ਼ੀ ਦੀ ਧਮਕੀ ਦੇਂਦਿਆਂ ਕਿਹਾ ਕਿ ਪੰਜਾਬ ਵਿਚੋਂ ਸਰਦਾਰ ਕੱਢ ਕੱਢਕੇ ਮਾਰਾਂਗੇ

ਅੰਮ੍ਰਿਤਸਰ/ਏ.ਟੀ.ਨਿਊਜ਼ :- ਲੰਘੇ ਸ਼ੁਕਰਵਾਰ ਸ਼ਿਵ ਸੈਨਾ ਟਕਸਾਲੀ ਦੇ ਚੇਅਰਮੈਨ ਸੂਧੀਰ ਸੂਰੀ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ । ਇਹ ਘਟਨਾ ਇਥੇ ਮਜੀਠਾ ਰੋਡ ਨੇੜੇ ਗੋਪਾਲ ਮੰਦਰ ਦੇ ਸਾਹਮਣੇ ਵਾਪਰੀ, ਜਿਥੇ ਸੁਧੀਰ ਸੂਰੀ ਨੇ ਆਪਣੇ ਸਮਰਥਕਾਂ ਨਾਲ ਮੂਰਤੀਆਂ ਖੰਡਤ ਹੋਣ ਦੇ ਵਿਰੋਧ ਵਿਚ ਧਰਨਾ ਦਿੱਤਾ ਹੋਇਆ ਸੀ । ਪੁਲਿਸ ਵਲੋਂ ਗੋਲੀਆਂ ਚਲਾਉਣ ਵਾਲੇ ਸਿੱਖ ਨੌਜਵਾਨ ਨੂੰ ਗ੍ਰਿਫ਼ਤਾਰ ਕਰਕੇ ਉਸ ਪਾਸੋਂ ਵਾਰਦਾਤ ਲਈ ਵਰਤਿਆ ਲਾਇਸੈਂਸੀ ਪਿਸਤੌਲ ਵੀ ਬਰਾਮਦ ਕਰ ਲਿਆ ਗਿਆ ਸੀ। ਦੂਜੇ ਪਾਸੇ ਘਟਨਾ ਉਪਰੰਤ ਭੜਕੇ ਸ਼ਿਵ ਸੈਨਿਕਾਂ ਨੇ ਉਕਤ ਨੌਜਵਾਨ ਦੀ ਕਾਰ ਦੀ ਵੀ ਭੰਨ ਤੋੜ ਕੀਤੀ ਤੇ ਉਸ ਦੀ ਦੁਕਾਨ ਨੂੰ ਵੀ ਅੱਗ ਲਾ ਕੇ ਸਾੜ ਦਿੱਤਾ।

ਸੁਧੀਰ ਸੂਰੀ ਦੇ ਘਰ ਦੇ ਬਾਹਰ ਸ਼ਿਵ ਸੈਨਿਕ ਅਤੇ ਉਨ੍ਹਾਂ ਦੇ ਸਮਰਥਕ ਖਾਲਿਸਤਾਨ ਮੁਰਦਾਬਾਦ ਦੇ ਨਾਅਰੇ ਲਗਾਕੇ ਹੁਲੜਬਾਜ਼ੀ ਕਰਦੇ ਰਹੇ। ਇਸ ਦੌਰਾਨ ਸ਼ਿਵ ਸੈਨਿਕ ਨੇਤਾ ਨੇ ਸਿੱਖਾਂ ਦੀ ਨਸਲਕੁਸ਼ੀ ਦੀ ਧਮਕੀ ਦੇਂਦਿਆਂ ਕਿਹਾ ਕਿ ਪੰਜਾਬ ਵਿਚੋਂ ਸਰਦਾਰ ਅਸੀਂ ਹੁਣ ਕੱਢ ਕੱਢ ਕੇ ਮਾਰਾਂਗੇ। ਬਾਅਦ ਵਿਚ ਭਾਵੇਂ ਉਹ ਮਾਫੀ ਮੰਗ ਗਿਆ ਪਰ ਪ੍ਰਸ਼ਾਸ਼ਨ ਨੇ ਉਸ ਉਪਰ ਕੋਈ ਕਾਰਵਾਈ ਨਹੀਂ ਕੀਤੀ। ਸਿਟੀ ਸਕੈਨ ਦੀ ਰਿਪੋਰਟ ਮੁਤਾਬਕ ਸੂਰੀ ਨੂੰ ਚਾਰ ਗੋਲ਼ੀਆਂ ਲੱਗੀਆਂ ਸਨ। ਦੋ ਗੋਲ਼ੀਆਂ ਛਾਤੀ ਨੇੜੇ ਲੱਗੀਆਂ। ਇਕ ਗੋਲ਼ੀ ਪੇਟ ਨੇੜੇ ਤੇ ਇਕ ਮੋਢੇ ਨੂੰ ਛੂਹ ਕੇ ਲੰਘ ਗਈ।ਦੂਜੇ ਪਾਸੇ ਪ੍ਰਤੱਖ ਦਰਸ਼ੀ ਸ਼ਿਵ ਸੈਨਿਕ ਰਾਹੁਲ ਨੇ ਦਾਅਵਾ ਕੀਤਾ ਕਿ ਜਿਸ ਵੇਲੇ ਕਤਲ ਹੋਇਆ ਉਸ ਵੇਲੇ ਧਰਨੇ 'ਚ ਵੱਡੀ ਗਿਣਤੀ ਵਿਚ ਪੁਲਿਸ ਤਾਇਨਾਤ ਸੀ ਅਤੇ ਏ.ਸੀ.ਪੀ. ਵਰਿੰਦਰ ਸਿੰਘ ਖੋਸਾ, ਥਾਣਾ ਸਦਰ ਦੇ ਮੁਖੀ ਮੋਹਿਤ ਕੁਮਾਰ ਤੋਂ ਇਲਾਵਾ ਸੁਧੀਰ ਸੂਰੀ ਨੂੰ ਸੁਰੱਖਿਆ ਲਈ ਮਿਲੇ ਪੰਜਾਬ ਪੁਲਿਸ ਦੇ ਗੰਨਮੈਨ ਵੀ ਉਥੇ ਹੀ ਹਾਜ਼ਰ ਸਨ। ਪਰ ਉਹ ਸੂਰੀ ਦੀ ਰਖਿਆ ਨਾ ਕਰ ਸਕੇ। ਦੂਜੇ ਪਾਸੇ ਪੁਲਿਸ ਅਧਿਕਾਰੀਆਂ ਦਾ ਦਾਅਵਾ ਹੈ ਕਿ ਉਨ੍ਹਾਂ ਵਲੋਂ ਗੋਲੀਆਂ ਮਾਰਨ ਵਾਲੇ ਸਿੱਖ ਨੌਜਵਾਨ ਸੰਦੀਪ ਸਿੰਘ ਸੰਨੀ ਨੂੰ ਮੌਕੇ 'ਤੋਂ ਕਾਬੂ ਕਰਕੇ ਉਸ ਦਾ ਪਿਸਤੌਲ ਵੀ ਬਰਾਮਦ ਕਰ ਲਿਆ ਗਿਆ। ਹੁਣੇ ਜਿਹੇ ਸੁਧੀਰ ਸੂਰੀ ਦੇ ਲੜਕੇ ਮਾਨਿਕ ਸੂਰੀ ਨੂੰ ਫੋਨ ਰਾਹੀਂ ਜਾਨੋਂ ਮਾਰਨ ਦੀ ਧਮਕੀ ਮਿਲਣ ਤੋਂ ਬਾਅਦ ਪੁਲਿਸ ਫੋਨ ਨੰਬਰ ਦੀ ਜਾਂਚ ਕਰ ਰਹੀ ਹੈ। ਇਸਦੇ ਨਾਲ ਸ਼ਿਵ ਸੈਨਾ ਟਕਸਾਲੀ ਦੇ ਰਾਸ਼ਟਰੀ

(ਬਾਕੀ ਸਫ਼ਾ 29 'ਤੇ)



## ਸੁਧੀਰ ਸੂਰੀ ਕੌਣ ਸੀ ?

ਪੇਸ਼ੇ ਤੋਂ ਟਰਾਂਸਪੋਰਟਰ ਸੁਧੀਰ ਸੂਰੀ ਅੰਮ੍ਰਿਤਸਰ ਨਾਲ ਸਬੰਧਿਤ ਸੀ। ਉਹ ਅੰਮ੍ਰਿਤਸਰ ਤੋਂ ਸ਼ਿਵ ਸੈਨਾ (ਟਕਸਾਲੀ) ਦੇ ਪ੍ਰਧਾਨ ਵੀ ਸੀ ਅਤੇ ਉਸ ਵਿਰੁੱਧ ਸਿੱਖਾਂ ਵਿਰੁਧ ਨਫਰਤੀ ਪ੍ਰਚਾਰ ਕਾਰਨ ਧਾਰਾ 195 ਤਹਿਤ ਦੋ ਕੇਸ ਵੀ ਚੱਲ ਰਿਹਾ ਸੀ। ਵੱਖ-ਵੱਖ ਥਾਣਿਆਂ ਵਿਚ ਕਈ ਮਾਮਲੇ ਦਰਜ ਸਨ ਅਤੇ ਉਹ ਕਈ ਵਾਰ ਜੇਲ੍ਹ ਦੀ ਹਵਾ ਵੀ ਖਾ ਚੁੱਕਾ ਸੀ। ਉਹ ਅੱਧੀ ਦਰਜਨ ਦੇ ਕਰੀਬ ਅਦਾਲਤੀ ਮਾਮਲਿਆਂ ਦਾ ਸਾਹਮਣਾ ਕਰ ਰਿਹਾ ਸੀ। ਆਪਣੇ ਵਿਵਾਦਤ ਬਿਆਨਾਂ ਦੇ ਬਾਵਜੂਦ ਚਰਚਾ ਵਿਚ ਰਹਿਣ ਵਾਲੇ ਸੂਰੀ ਨੂੰ ਵਾਈ ਕੈਟੇਗਰੀ ਵਿੱਚ ਸੁਰੱਖਿਆ ਮਿਲੀ ਹੋਈ ਸੀ ਤੇ

(ਬਾਕੀ ਸਫ਼ਾ 29 'ਤੇ)

## ਸੂਰੀ ਦਾ ਸੋਧਾ ਲਗਾਉਣ ਵਾਲਾ ਕੌਣ ਏ ਸਿੱਖ ਨੌਜਵਾਨ

### ਸੰਦੀਪ ਸਿੰਘ ਨੇ ਕਬੂਲਿਆ ਜੁਰਮ, ਕਿਹਾ- ਕੋਈ ਪਛਤਾਵਾ ਨਹੀਂ

### ਸੂਰੀ ਦੇ ਕਤਲ ਸਬੰਧੀ ਉਸ ਦਾ ਅੰਮ੍ਰਿਤਪਾਲ ਸਿੰਘ ਨਾਲ ਕੋਈ ਸਬੰਧ ਨਹੀਂ

ਅੰਮ੍ਰਿਤਸਰ :- ਦੋਸ਼ੀ ਸੰਦੀਪ ਸਿੰਘ ਨੇ ਆਪਣਾ ਜੁਰਮ ਕਬੂਲ ਕਰ ਲਿਆ ਹੈ। ਪੁਲਿਸ ਸੂਤਰਾਂ ਅਨੁਸਾਰ ਸੰਦੀਪ ਸਿੰਘ ਨੇ ਪੰਜਾਬ ਪੁਲਿਸ ਅਤੇ ਕੇਂਦਰੀ ਏਜੰਸੀਆਂ ਦੀ ਪੁੱਛਗਿੱਛ ਦੌਰਾਨ ਕਬੂਲ ਕੀਤਾ ਹੈ ਕਿ ਉਸਨੂੰ ਆਪਣੇ ਕੀਤੇ ਦਾ ਕੋਈ ਪਛਤਾਵਾ ਨਹੀਂ ਹੈ। ਸੰਦੀਪ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਉਹ ਅੰਮ੍ਰਿਤਪਾਲ ਨੂੰ ਮਿਲਿਆ ਸੀ ਪਰ ਸੁਧੀਰ ਸੂਰੀ ਦੇ ਕਤਲ ਸਬੰਧੀ ਉਸ ਦਾ ਅੰਮ੍ਰਿਤਪਾਲ ਸਿੰਘ ਨਾਲ ਕੋਈ ਸਬੰਧ ਨਹੀਂ ਸੀ। ਮਿਲੇ ਵੇਰਵਿਆਂ ਅਨੁਸਾਰ ਸੰਦੀਪ ਸਿੰਘ ਸੋਨੀ ਦੀ ਕਸ਼ਮੀਰ ਐਵਨਿਊ ਵਿਚ ਰੈਡੀਮੇਡ ਕੱਪੜਿਆਂ ਦੀ ਦੁਕਾਨ ਵੀ ਹੈ। ਗ੍ਰਿਫਤਾਰ ਕੀਤੇ ਸੰਦੀਪ ਸਿੰਘ ਸੰਨੀ ਦੀ ਚਿੱਟੇ ਰੰਗ ਦੀ ਸਵਿਫ਼ਟ ਕਾਰ 'ਤੇ ਵਾਰਸ ਪੰਜਾਬ ਦੇ ਜਥੇਬੰਦੀ ਦਾ ਸਟਿੱਕਰ ਲੱਗਿਆ ਮਿਲਿਆ ਹੈ। ਕੁਝ ਫਿਰਕੂ ਮੀਡੀਆ ਨੇ ਅਫਵਾਹ ਫੈਲਾਈ ਕਿ ਉਸਦੀ ਕਾਰ ਵਿਚੋਂ ਫ਼ੋਟੋ ਸਟੇਟ ਹੋਈ ਗਰਮ ਖ਼ਿਆਲੀ ਵਿਚਾਰਧਾਰਾ ਦੀ ਇਤਰਾਜ਼ਯੋਗ ਸਮੱਗਰੀ ਵੀ ਮਿਲੀ ਹੈ। ਜਦ ਕਿ ਪੰਜਾਬ ਪੁਲਿਸ ਨੇ ਅਜਿਹੀ ਸਮੱਗਰੀ ਤੋਂ ਇਨਕਾਰ ਕੀਤਾ ਹੈ। ਪੁਲਿਸ ਅਨੁਸਾਰ ਇਸ ਦੌਰਾਨ ਨਿਊ ਪ੍ਰਤਾਪ ਨਗਰ ਸਥਿਤ ਸੰਦੀਪ ਦੇ ਘਰ 'ਤੇ ਵੀ ਪੁਲਿਸ ਦੀ ਰੇਡ ਕੀਤੀ ਗਈ ਸੀ ਪਰ ਉਨ੍ਹਾਂ ਦੇ ਘਰੋਂ ਕੁਝ ਵੀ ਸ਼ੱਕੀ ਨਹੀਂ ਮਿਲਿਆ ਸੀ। ਕੁਝ ਇਲੈਕਟ੍ਰਾਨਿਕ ਗੈਜ਼ੈਟਸ ਨੂੰ ਪੁਲਿਸ ਨੇ ਜ਼ਬਤ ਕੀਤਾ ਹੈ, ਜਿਸ ਨੂੰ ਜਾਂਚ ਲਈ ਭੇਜਿਆ ਗਿਆ ਹੈ। ਇਸ ਵਿਚ ਸੰਦੀਪ ਸਿੰਘ ਖਾਲਿਸਤਾਨ ਸਮਰਥਕ ਅੰਮ੍ਰਿਤਪਾਲ ਸਿੰਘ ਨੂੰ ਮਿਲ ਰਿਹਾ ਹੈ। ਸੰਦੀਪ ਸਿੰਘ ਉਸ ਵੀਡੀਓ ਵਿਚ ਆਪਣੇ ਛੋਟੇ ਬੇਟੇ ਨੂੰ ਅੰਮ੍ਰਿਤਪਾਲ ਸਿੰਘ ਨੂੰ ਮਿਲਵਾਉਣ ਲਈ ਲੈ ਗਿਆ ਸੀ। ਪੁਲਿਸ ਨੇ ਕਤਲ ਕੇਸ ਦੀ ਸਾਰੀ ਸਾਜ਼ਿਸ਼ ਦਾ ਪਤਾ ਲਾਉਣ ਲਈ ਮੁਲਜ਼ਮ ਸੰਦੀਪ ਕੋਲੋਂ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ।



(ਬਾਕੀ ਸਫ਼ਾ 29 'ਤੇ)


## ਅੰਦਰ ਪੜ੍ਹੋ



13

ਨਵੰਬਰ 1984




10

ਅਮਰੀਕਾ ਨੇ H-1B ਵੀਜ਼ਾ ਨੀਤੀ 'ਚ ਕੀਤਾ ਬਦਲਾਅ


# ਬੀਬੀ ਜਗੀਰ ਕੌਰ ਨੂੰ ਹਰਾ ਕੇ ਧਾਮੀ ਦੂਜੀ ਵਾਰ ਬਣੇ ਪ੍ਰਧਾਨ

☛ ਬੀਬੀ ਜਗੀਰ ਕੌਰ 42 ਵੋਟਾਂ ਲੈ ਕੇ ਹਾਰੇ ☛ ਐਡਵੋਕੇਟ ਧਾਮੀ ਦਾ ਨਾਂ ਸਾਬਕਾ ਪ੍ਰਧਾਨ ਪੱਖੋਕੇ ਨੇ ਪੇਸ਼ ਕੀਤਾ ਤੇ ਬੀਬੀ ਦਾ ਨਾਂ ਅਮਰੀਕ ਸਿੰਘ ਸ਼ਾਹਪੁਰ ਨੇ ☛ਹੁਣ ਤਕ 46 ਪ੍ਰਧਾਨ ਸੰਭਾਲ ਚੁੱਕੇ ਨੇ ਅਹੁਦਾ, ਮਾਸਟਰ ਤਾਰਾ ਸਿੰਘ ਸਭ ਤੋਂ ਜ਼ਿਆਦਾ ਵਾਰ ਬਣੇ

ਅੰਮ੍ਰਿਤਸਰ : ਚੁਫੇਰਿਓਂ ਘਿਰੇ ਅਕਾਲੀ ਦਲ ਨੇ ਇਕ ਵਾਰ ਫਿਰ ਐੱਸ. ਜੀ. ਪੀ. ਸੀ. ਦੇ ਪ੍ਰਧਾਨ ਦੀ ਚੋਣ ਵਿਚ ਫਤਿਹ ਹਾਸਲ ਕਰ ਲਈ ਹੈ। ਅਕਾਲੀ ਦਲ ਵਲੋਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਆਪਣਾ ਉਮੀਦਵਾਰ ਐਲਾਨਿਆ ਗਿਆ ਜਦਕਿ ਉਨ੍ਹਾਂ ਦੇ ਖ਼ਿਲਾਫ਼ ਅਕਾਲੀ ਦਲ 'ਚੋਂ ਬਾਹਰ ਕੀਤੀ ਗਈ ਅਤੇ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਮੈਦਾਨ ਵਿਚ ਸਨ। ਮਿਲੀ ਜਾਣਕਾਰੀ ਮੁਤਾਬਕ ਅਕਾਲੀ ਦਲ ਦੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਹੱਕ ਵਿਚ 104 ਵੋਟਾਂ ਪਈਆਂ ਜਦਕਿ ਬੀਬੀ ਜਗੀਰ ਕੌਰ ਨੂੰ 42 ਵੋਟਾਂ ਹੀ ਹਾਸਲ ਹੋ ਸਕੀਆਂ।




ਇਜਲਾਸ ਵਿਚ ਕੁੱਲ 146 ਮੈਂਬਰ ਹਾਜ਼ਰ ਸਨ। ਹਰਜਿੰਦਰ ਸਿੰਘ ਧਾਮੀ ਮੁੜ ਐੱਸ.ਜੀ.ਪੀ.ਸੀ. ਦੇ ਪ੍ਰਧਾਨ ਚੁਣੇ ਗਏ ਹਨ। ਇਸ ਦੇ ਨਾਲ ਹੀ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਿਆਮਪੁਰ, ਜੂਨੀਅਰ ਮੀਤ ਪ੍ਰਧਾਨ ਅਵਤਾਰ ਸਿੰਘ ਰਿਆ, ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਨੂੰ ਨਿਯੁਕਤ ਕੀਤਾ ਗਿਆ ਹੈ।ਬੀਬੀ ਜਗੀਰ ਕੌਰ ਧੜੇ ਦੇ ਤਿੰਨ ਮੈਂਬਰ ਅੰਤਰਿੰਗ ਕਮੇਟੀ ਵਿੱਚ ਸ਼ਾਮਲ ਕੀਤੇ ਗਏ ਹਨ।

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਆਰੰਭਤਾ ਦੀ ਅਰਦਾਸ ਕੀਤੀ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਹੁਕਮਨਾਮਾ ਲਿਆ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੀ ਮੌਜੂਦ ਹਨ। ਇਜਲਾਸ ਸ਼ੁਰੂ ਹੋਣ 'ਤੇ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਸ਼ੋਕ ਮਤੇ ਪੜ੍ਹੇ।ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੇ ਉਮੀਦਵਾਰ ਲਈ ਬੀਬੀ ਜਗੀਰ ਕੌਰ ਦਾ ਨਾਂ ਅਮਰੀਕ ਸਿੰਘ ਸ਼ਾਹਪੁਰ ਨੇ ਪੇਸ਼ ਕੀਤਾ ਜਿਸ ਦੀ ਤਾਈਦ ਮਿੱਠੂ ਸਿੰਘ ਕਾਹਨੇਕੇ ਤੇ ਜਸਵੰਤ ਸਿੰਘ ਪੁਡੈਣ ਨੇ ਤਾਈਦ ਮਜੀਦ ਕੀਤੀ। ਇਸੇ ਤਰ੍ਹਾਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਨਾਂ ਸਾਬਕਾ ਪ੍ਰਧਾਨ ਅਲਵਿੰਦਰਪਾਲ ਸਿੰਘ ਪੱਖੋਕੇ ਨੇ ਪੇਸ਼ ਕੀਤਾ ਜਿਸ ਦੀ ਤਾਈਦ ਭਗਵੰਤ ਸਿੰਘ ਸਿਆਲਕਾ ਨੇ ਕੀਤੀ ਅਤੇ ਨਵਤੇਜ ਸਿੰਘ ਕਾਉਣੀ ਨੇ ਤਾਈਦ ਮਜੀਦ ਕੀਤੀ। ਪੋਲਿੰਗ ਏਜੰਟ ਨਿਯੁਕਤ ਕਰ ਕੇ ਬੈਲਟ ਪੇਪਰਾਂ ਰਾਹੀਂ ਵੋਟ ਪ੍ਰਕਿਰਿਆ ਸ਼ੁਰੂ ਕੀਤੀ ਗਈ। 157 ਵਿਚੋਂ 151 ਮੈਂਬਰ ਹਾਜ਼ਰ ਦੱਸੇ ਜਾ ਰਹੇ ਹਨ।

(ਬਾਕੀ ਸਫ਼ਾ30 'ਤੇ)

ਸਰਬੱਤ ਦਾ ਭਲਾ
SCOPE
Sikh Community Organized for Political Engagement
ELECTION 2022

SCOPE Endorses the Following Candidates for 2022 Elections

| | |
|---|---|
| Governor | Gavin Newsom |
| Lt Governor | Eleni Newsom |
| Secretary of State | Shirley Weber |
| Controller | Malia Cohen |
| Treasurer | Fiona Ma |
| Rob Bonta | Attorney General |
| Ricardo Lara | Insurance Commissioner |
| State Board of Equalization | Alex Padilla |
| 14th Congressional District | Eric Swalwell |
| 10th State Senate District | Lily Mei |
| BART Director District 6 | Lance Nishihira |
| State Superintendent of Public Instruction | Tony Thurmond |
| District Attorney | Terry Wiley |
| Chief Justice | Patricia Guerero |
| Associate Justice | Goodwin Liu |
| Associate Justice | Joshua Groban |
| Court of Appeal | Therese Stewart |
| Appeal - First District | Alison Tucher |
| Appeal - First District | Victor Rodriguez |
| Appeal - First Distric | Ioana Petrou |
| Appeal - First District | Carin Fujusaki |
| Appeal - First District | Tracie Brown |
| Appeal - First District | Jeremy Goldman |
| Appeal - First District | Teri Jackdon |
| Appeal - First District | Cordan Burns |

| | |
|---|---|
| Union City Council District 4 | Vipan Bajwa |
| Union City Council District 3 | Lee Guio |
| Newark City Council | Taranjit "Singh" Gujral |
| Tracy School Distt | Navi Kahlon |
| Hayward City Mayor | Mark Salinas - |
| Hayward City Council | Julie Rich |
| Hayward City Council | Dan Goldstein |
| Hayward City school Distt | Tom Wong |
| Hayward City school Distt | Joe Ramos |

Propositions:

| | |
|---|---|
| Measure Z Union City | YES |
| Proposition 26 | NO |
| Proposition 27 | NO |
| Proposition 28 | NO |
| Proposition 29 | YES |
| Proposition 30 | NO |
| Proposition 31 | YES |
| Measure D Alameda County | YES |

bayareascope@gmail.com


# ਪੰਜਾਬ ਤੇ ਕੇਂਦਰ ਸਰਕਾਰ ਵਲੋਂ ਸੂਬੇ ਦੇ ਸਿਆਸੀ ਮਾਹੌਲ ਨੂੰ ਫਿਰਕੂ ਰੰਗ ਦੇਣ ਦੀ ਕੋਸ਼ਿਸ਼

- ➢ ਸਿੱਖ ਨੌਜਵਾਨਾਂ ਨੂੰ ਧਾਰਮਿਕ ਸਮਾਗਮਾਂ ਵਿਚ ਸ਼ਾਮਿਲ ਹੋਣ ਤੋਂ ਰੋਕਣਾ ਸਰਾਸਰ ਗਲਤ ਕਾਰਵਾਈ
- ➢ ਸੰਘਰਸ਼ ਨੂੰ ਸਮਰਪਿਤ ਜੁਝਾਰੂ ਸ਼ਖਸੀਅਤਾਂ ਨੇ ਜਾਰੀ ਕੀਤਾ ਸਾਂਝਾ ਬਿਆਨ ਜਾਰੀ

ਅੰਮ੍ਰਿਤਸਰ/ਏ.ਟੀ.ਨਿਊਜ਼ :- ਸਿੱਖ ਸੰਘਰਸ਼ ਨੂੰ ਸਮਰਪਿਤ ਸ਼ਖਸੀਅਤਾਂ ਦੇ ਜਥੇ ਵਲੋਂ ਸਾਂਝਾ ਬਿਆਨ ਜਾਰੀ ਕਰਦਿਆਂ ਉਨ੍ਹਾਂ ਨੇ ਕਿਹਾ, ਕਿ 'ਪਿਛਲੇ ਸਮੇਂ ਦੌਰਾਨ ਇਹ ਵੇਖਿਆ ਗਿਆ ਹੈ ਕਿ ਜਦੋਂ ਵੀ ਪੰਜਾਬ ਵਿੱਚ ਕੋਈ ਘਟਨਾ ਵਾਪਰਦੀ ਹੈ ਤਾਂ ਪੁਲਿਸ ਪ੍ਰਸ਼ਾਸ਼ਨ ਸਰਕਾਰੀ ਸ਼ਹਿ 'ਤੇ ਸਿੱਖ ਨੌਜੁਆਨਾਂ ਨੂੰ ਸਿੱਖ ਹੋਣ ਕਰਕੇ ਹੀ ਤੰਗ ਪ੍ਰੇਸ਼ਾਨ ਕਰਦਾ ਤੇ ਉਨ੍ਹਾਂ 'ਤੇ ਤਸ਼ੱਦਦ ਦਾ ਦੌਰ ਚਲਾਉਂਦਾ ਹੈ।

ਸ੍ਰੀ ਅੰਮ੍ਰਿਤਸਰ ਵਿੱਚ ਵਾਪਰੀ ਹਾਲੀਆ ਘਟਨਾ ਦੇ ਮੱਦੇਨਜ਼ਰ ਅਜਿਹਾ ਹੋਣ ਤੋਂ ਰੋਕਣ ਲਈ ਇਸ ਮਾਮਲੇ ਵਿੱਚ ਗ੍ਰਿਫਤਾਰ ਕੀਤੇ ਗਏ ਸਿੱਖ ਨੌਜਵਾਨ ਦੀ ਬਣਦੀ ਕਾਨੂੰਨੀ ਪੈਰਵਾਈ ਕੀਤੀ ਜਾਵੇਗੀ'।



ਉੱਪਰੋਂ ਪਹਿਲੀ ਕਤਾਰ 'ਚ (ਖੱਬਿਓਂ ਸੱਜੇ ਵੱਲ) - ਭਾਈ ਦਲਜੀਤ ਸਿੰਘ ਬਿੱਟੂ, ਭਾਈ ਨਰਾਇਣ ਸਿੰਘ ਚੌੜਾ, ਭਾਈ ਰਜਿੰਦਰ ਸਿੰਘ ਮੁਗਲਵਾਲ, ਭਾਈ ਭੁਪਿੰਦਰ ਸਿੰਘ ਭਲਵਾਨ, ਭਾਈ ਲਾਲ ਸਿੰਘ ਅਕਾਲਗੜ੍ਹ । ਉੱਪਰੋਂ ਦੂਜੀ ਕਤਾਰ 'ਚ (ਖੱਬਿਓਂ ਸੱਜੇ ਵੱਲ) - ਭਾਈ ਸਤਨਾਮ ਸਿੰਘ ਖੰਡੇਵਾਲਾ, ਭਾਈ ਸੁਖਦੇਵ ਸਿੰਘ ਡੋਡ, ਭਾਈ ਹਰਦੀਪ ਸਿੰਘ ਮਹਿਰਾਜ, ਭਾਈ ਸਤਨਾਮ ਸਿੰਘ ਖੰਡੇਵਾਲਾ, ਭਾਈ ਅਮਰੀਕ ਸਿੰਘ ਈਸੜੂ ਅਤੇ ਭਾਈ ਮਨਜੀਤ ਸਿੰਘ ਫਗਵਾੜਾ

ਭਾਈ ਦਲਜੀਤ ਸਿੰਘ ਬਿੱਟੂ, ਭਾਈ ਰਜਿੰਦਰ ਸਿੰਘ ਮੁਗਲਵਾਲ, ਭਾਈ ਲਾਲ ਸਿੰਘ ਅਕਾਲਗੜ੍ਹ, ਭਾਈ ਭੁਪਿੰਦਰ ਸਿੰਘ ਭਲਵਾਲ, ਭਾਈ ਨਰਾਇਣ ਸਿੰਘ ਚੌੜਾ, ਭਾਈ ਸਤਨਾਮ ਸਿੰਘ ਖੰਡੇਵਾਲਾ, ਭਾਈ ਸਤਨਾਮ ਸਿੰਘ ਝੰਜੀਆ, ਭਾਈ ਹਰਦੀਪ ਸਿੰਘ ਮਹਿਰਾਜ, ਭਾਈ ਅਮਰੀਕ ਸਿੰਘ ਈਸੜੂ ਅਤੇ ਭਾਈ ਮਨਜੀਤ ਸਿੰਘ ਫਗਵਾੜਾ ਵਲੋਂ ਜਾਰੀ ਇਸ ਸਾਂਝੇ ਬਿਆਨ ਵਿਚ ਕਿਹਾ ਗਿਆ ਹੈ ਕਿ 'ਸੋਸ਼ਲ ਮੀਡੀਆ ਤੋਂ ਅਜਿਹੀ ਜਾਣਕਾਰੀ ਮਿਲ ਰਹੀ ਹੈ ਕਿ ਉਸ ਨੌਜਵਾਨ ਦਾ ਪਰਿਵਾਰ ਘਰੋਂ ਬੇਘਰ ਹੈ ਤੇ ਘਰ ਨੂੰ ਜਿੰਦਰਾ ਵੱਜਾ ਹੋਇਆ ਹੈ। ਸਰਕਾਰ ਤੇ ਪੁਲਿਸ ਪ੍ਰਸ਼ਾਸਨ ਦਾ ਇਹ ਫਰਜ਼ ਬਣਦਾ ਹੈ ਕਿ ਉਹ ਪਰਿਵਾਰ ਦੀ ਘਰ ਵਾਪਸੀ ਦਾ ਪ੍ਰਬੰਧ ਕਰੇ ਤੇ ਉਨ੍ਹਾਂ ਦੀ ਸੁਰਖਿਆ ਯਕੀਨੀ ਬਣਾਏ ਅਤੇ ਪਰਿਵਾਰ ਭੈਅ ਮੁਕਤ ਹੋ ਕੇ ਆਪਣੇ ਘਰ ਵਾਪਸ ਪਰਤ ਸਕੇ ਤੇ ਪੁਲਿਸ ਵਲੋਂ ਇਸ ਕੇਸ ਵਿਚ ਗ੍ਰਿਫਤਾਰ ਕੀਤੇ ਗਏ ਨੌਜਵਾਨ ਦੀ ਕਾਨੂੰਨੀ ਪੈਰਵੀ ਕਰਨ ਦੇ ਆਪਣੇ ਕੁਦਰਤੀ ਅਧਿਕਾਰ ਦੀ ਵਰਤੋਂ ਕਰ ਸਕਣ। ਇਸ ਸੰਬੰਧ ਵਿਚ ਅਸੀਂ ਪਰਿਵਾਰ ਨੂੰ ਇਹ ਯਕੀਨ ਦਿਵਾਉਂਦੇ ਹਾਂ ਕਿ ਉਨ੍ਹਾਂ ਨਾਲ ਕਿਸੇ ਵੀ ਤਰ੍ਹਾਂ ਦੀ ਵਧੀਕੀ ਨਹੀਂ ਹੋਣ ਦਿੱਤੀ ਜਾਵੇਗੀ, ਉਹ ਭੈਅ ਮੁਕਤ ਹੋ ਕੇ ਘਰ ਪਰਤ ਆਵੇ'। ਬਿਆਨ ਵਿਚ ਅੱਗੇ ਇਹ ਕਿਹਾ ਗਿਆ ਹੈ ਕਿ 'ਇੰਡੀਆ' ਵਿੱਚ ਧਾਰਮਿਕ ਘੱਟਗਿਣਤੀ ਭਾਈਚਾਰਿਆਂ ਅਤੇ ਦਲਿਤਾਂ ਖਿਲਾਫ ਧਾਰਮਿਕ ਅਤੇ ਸਮਾਜਿਕ ਪੱਧਰ 'ਤੇ ਲਗਾਤਾਰ ਫਿਰਕੂ ਅਤੇ ਨਫਰਤ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਇਸ ਤਹਿਤ ਗੁਰੂ ਗ੍ਰੰਥ ਸਾਹਿਬ ਸਮੇਤ ਹੋਰ ਧਾਰਮਿਕ ਗ੍ਰੰਥਾਂ ਦੀ ਬੇਅਦਬੀ

(ਬਾਕੀ ਸਫ਼ਾ 29 'ਤੇ)


Certificate Course in
DATA ANALYTICS

- Eligibility : B.Tech, M.Tech, BCA, MCA, BSc, MSc, MBA
- Mentors are industry expert from USA and India
- 100% Placement assistance for high growth tech jobs
- 100% fee waiver / scholarship from Sikh Education Council and Startup Farms IT Limited.
- Support and mentorship for projects and case siudy solutions
- Training experience certificate by Startup Farms It Ltd
- Total Seats : 50
- Course Duration : 6 Months
- Selection criteria : Interview

EXPERTS FROM USA & INDIA



SRI GURU GRANTH SAHIB WORLD UNIVERSITY
FATEHGARH SAHIB, PUNJAB

Admission Helpline
70096-48231, 62805-38113

# ਯੂਬਾ ਸਿਟੀ, ਕੈਲੀਫੋਰਨੀਆ 'ਚ ਵਿਸ਼ਾਲ ਨਗਰ ਕੀਰਤਨ

## ਸਵਾ ਲੱਖ ਤੋਂ ਵੱਧ ਸੰਗਤਾਂ ਨੇ ਦੂਰੋਂ ਨੇੜਿਓਂ ਸ਼ਮੂਲੀਅਤ ਕੀਤੀ







ਸੈਕਰਾਮੈਂਟੋ, ਕੈਲੀਫੋਰਨੀਆ/ਹੁਸਨ ਲੜੋਆ ਬੰਗਾ :- ਮਿੰਨੀ ਪੰਜਾਬ ਵਜੋਂ ਜਾਣੇ ਜਾਂਦੇ ਸੈਕਰਾਮੈਂਟੋ ਲਾਗੇ ਯੂਬਾ ਸਿਟੀ ਵਿੱਚ ਕੱਢੇ ਗਏ 43ਵੇਂ ਨਗਰ ਕੀਰਤਨ ਤੇ ਕਈ ਹਫਤਿਆਂ ਤੋਂ ਚੱਲ ਰਹੇ ਧਾਰਮਿਕ ਸਮਾਗਮਾਂ ਦੌਰਾਨ ਕਰੀਬ ਸਵਾ ਲੱਖ ਤੋਂ ਵੱਧ ਸੰਗਤਾਂ ਨੇ ਸ਼ਮੂਲੀਅਤ ਕੀਤੀ। ਗੁਰਤਾਗੱਦੀ ਨੂੰ ਸਮਰਪਤ ਯੂਬਾ ਸਿਟੀ ਵਿੱਚ ਹੋਣ ਵਾਲੇ ਇਸ ਨਗਰ ਕੀਰਤਨ ਦੀਆਂ ਤਿਆਰੀਆਂ ਕਰੀਬ ਇੱਕ ਮਹੀਨੇ ਤੋਂ ਸ਼ੁਰੂ ਸਨ ਤੇ ਇਸ ਧਾਰਮਿਕ ਕਾਰਜ ਦੌਰਾਨ ਹਰ ਰੋਜ ਕੀਰਤਨ ਦਰਬਾਰ ਹੁੰਦਾ ਸੀ ਤੇ ਇਨ੍ਹਾਂ ਧਾਰਮਿਕ ਕਾਰਜਾਂ ਨੂੰ ਨੇਪੜੇ ਚਾੜ੍ਹਨ ਲਈ ਸੰਗਤ ਨੇ ਭਾਰੀ ਉਤਸ਼ਾਹ ਨਾਲ ਵੱਖ-ਵੱਖ ਤਰਾਂ ਦੀ ਸੇਵਾ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੂਰਬ ਨੂੰ ਸਮਰਪਿਤ ਸਮਾਗਮ ਅਖ਼ੀਰਲੇ ਦਿਨ ਨਗਰ ਕੀਰਤਨ ਸਜਾਏ ਗਏ। ਇਸ ਵਿਚ ਅਮਰੀਕਾ ਦੀ ਸੰਗਤ ਤੋਂ ਇਲਾਵਾ ਵਿਸ਼ਵ ਭਰ ਤੋਂ ਸੰਗਤਾਂ ਨੇ ਹਾਜਰੀ ਭਰੀ। ਪਿਛਲੇ ਹਫਤੋਂ ਤੋਂ ਚੱਲ ਰਹੇ ਵੱਖ-ਵੱਖ ਪ੍ਰੋਗਰਾਮਾਂ 'ਚ ਆਤਿਸ਼ਬਾਜੀ ਹੋਈ, ਸ੍ਰੀ ਨਿਸ਼ਾਨ ਸਾਹਿਬ ਦਾ ਚੋਲ਼ਾ ਬਦਲਿਆ ਗਿਆ, ਸੈਮੀਨਾਰ ਕਰਵਾਇਆ ਗਿਆ, ਢਾਡੀ ਦਰਬਾਰ ਕਰਵਾਇਆ ਗਿਆ, ਰੈਣ ਸੁਬਾਈ ਕੀਰਤਨ ਹੋਇਆ। ਇਸ ਵਾਰ ਬੱਚਿਆਂ ਦਾ ਕੀਰਤਨ ਦਰਬਾਰ ਵੀ ਕਰਵਾਇਆ ਗਿਆ। ਇਸ ਤੋਂ ਇਲਾਵਾ ਅੰਮ੍ਰਿਤ ਸੰਚਾਰ ਵੀ ਹੋਇਆ। ਇਸ ਨਗਰ ਕੀਰਤਨ ਵਿੱਚ ਵੱਖ-ਵੱਖ ਤਰ੍ਹਾਂ ਦੇ ਫਲੋਟ ਸਜਾਏ ਗਏ ਸਨ ਜਿਨ੍ਹਾਂ ਦੀ ਕਈ ਦਿਨਾਂ ਤੋਂ ਤਿਆਰੀ ਚੱਲ ਰਹੀ ਸੀ। ਇਸ ਨਗਰ ਦੌਰਾਨ ਇਸ ਵਾਰ ਵੀ ਅਮਰੀਕਾ ਦੇ ਸਿਆਸੀ ਲੀਡਰ ਪਹੁੰਚੇ ਤੇ ਜਿਨ੍ਹਾਂ ਨੂੰ ਪ੍ਰਬੰਧਕ ਕਮੇਟੀ ਵਲੋਂ ਸਨਮਾਨਿਤ ਕੀਤਾ ਗਿਆ।

### ਅਮਰੀਕਨ ਤੇ ਦੇਸੀ ਆਗੂਆਂ ਨੇ ਵੀ ਭਰੀ ਹਾਜ਼ਰੀ

ਅੱਜ ਕੱਲ੍ਹ ਕੈਲੀਫੋਰਨੀਆ ਵਿੱਚ ਚੋਣਾਂ ਦਾ ਮੌਸਮ ਹੋਣ ਕਰਕੇ ਵੱਖ-ਵੱਖ ਅਹੁਦਿਆਂ 'ਤੇ ਖੜੇ ਅਮਰੀਕਨ ਉਮੀਦਵਾਰ ਆਪਣਾ ਸਮਰਥਨ ਲੈਣ ਵੀ ਆਏ ਤੇ ਬਾਹਰ ਸੰਗਤਾਂ 'ਚੋਂ ਸਮਰਥਨ ਵੀ ਲੈਂਦੇ ਦੇਖੇ ਗਏ। ਇਨ੍ਹਾਂ ਤੋਂ ਇਲਾਵਾ ਅਮਰੀਕਾ ਦੀਆਂ ਵੱਖ-ਵੱਖ ਸਟੇਟਾਂ ਤੋਂ ਸੀਨੀਅਰ ਸਿੱਖ ਲੀਡਰਸ਼ਿਪ ਨੇ ਰਾਤ ਦੇ ਦੀਵਾਨਾਂ ਵਿੱਚ ਹਾਜਰੀ ਲੁਆਈ। ਸੰਗਤ ਨੂੰ ਉਸ ਵੇਲੇ ਹੈਰਾਨੀ ਹੋਈ ਜਦੋਂ ਹੋਰ ਅਮਰੀਕਨ ਲੀਡਰਾਂ ਨੂੰ ਤਾਂ ਸਟੇਜ ਤੋਂ ਬੋਲਣ ਅਤੇ ਸਨਮਾਨ ਦਿੱਤਾ ਗਿਆ ਪਰ ਧੜੇਬੰਦੀ ਕਰਕੇ ਇਸ ਗੁਰਦੁਆਰਾ ਸਾਹਿਬ ਦੇ ਮੋਢੀ ਪ੍ਰਬੰਧਕ ਤੇ ਸਵਰਗੀ ਸ. ਦਿਦਾਰ ਸਿੰਘ ਬੈਂਸ ਦੇ ਲੜਕੇ ਕਰਮਦੀਪ ਸਿੰਘ ਬੈਂਸ ਜੋ ਕਾਊਂਟੀ ਸੁਪਰਵਾਈਜਰ ਵੀ ਹੈ ਨੂੰ ਬੋਲਣ ਹੀ ਨਾ ਦਿੱਤਾ ਗਿਆ ਤੇ ਨਾ ਹੀ ਉਸਨੂੰ ਸਨਮਾਨ ਦਿੱਤਾ ਗਿਆ। ਇਸ ਉਪਰੰਤ ਬੈਂਸ ਦੀਵਾਨ 'ਚੋਂ ਉੱਠ ਕੇ ਬਾਹਰ ਚਲਾ ਗਿਆ। ਇਸ ਨਗਰ ਕੀਰਤਨ 'ਚ ਵੱਖ-ਵੱਖ ਗੁਰੂਘਰਾਂ ਦੀ ਸੰਗਤ ਤੇ ਪ੍ਰਬੰਧਕ ਫਲੋਟ ਲੈ ਕੇ ਪਹੁੰਚੇ। ਮੁੱਖ ਫਲੋਟ ਤੋਂ ਇਲਾਵਾ ਅਮਰੀਕਨ ਸਿੱਖ ਕੌਂਸਲ, ਬਾਬਾ ਦੀਪ ਸਿੰਘ, ਸਰਬਤ ਖਾਲਸਾ ਦਸਤਾਰ ਕੱਲਬ, ਵਰਲਡ ਸਿੱਖ ਫੈਡਰੇਸ਼ਨ, ਸ਼ੇਰੇ ਪੰਜਾਬ, ਗੁਰਦੁਆਰਾ ਬਰਾਡਸ਼ਾਅ ਰੋਡ ਵਲੋਂ ਫਲੋਟ, ਸਿੱਖ ਯੂਥ ਆਫ ਅਮਰੀਕਾ, ਸ਼੍ਰੋਮਣੀ ਅਕਾਲੀ ਦਲ ਅਮਰੀਕਾ ਵੈਸਟ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਯੂਥ ਅਕਾਲੀ ਦਲ ਅੰਮ੍ਰਿਤਸਰ ਦੇ ਫਲੋਟ ਸ਼ਾਮਲ ਸਨ।

ਇਸ ਨਗਰ ਕੀਰਤਨ ਵਿੱਚ ਲੱਗੇ ਵੱਡੇ ਬਜਾਰ ਵਿਚੋਂ ਲੋਕਾਂ ਨੇ ਭਾਰੀ ਖਰੀਦੋ ਫਰੋਖਤ ਕੀਤੀ। ਇਸ ਨਗਰ ਕੀਰਤਨ 'ਚ ਅਮਰੀਕਨ, ਕਾਲੇ, ਮੈਕਸੀਕਨ ਤੇ ਹੋਰ ਕੌਮਾਂ ਦੇ ਲੋਕਾਂ ਨੇ ਹਾਜਰੀ ਭਰੀ। ਇਸ ਗੁਰੂਘਰ ਦਾ ਨਾਂ ਪ੍ਰਬੰਧਕਾਂ ਨੇ ਸਿੱਖ ਟੈਂਪਲ ਯੂਬਾ ਸਿਟੀ ਤੋਂ ਬਦਲ ਕੇ ਗੁਰਦੁਆਰਾ ਸਾਹਿਬ ਯੂਬਾ ਸਿਟੀ ਰੱਖ ਦਿੱਤਾ ਪਰ ਕਈਆਂ ਨੇ ਇਸ ਦਾ ਵੀ ਇਤਰਾਜ ਵੀ ਕੀਤਾ ਕਿ ਸਿੱਖ ਸ਼ਬਦ ਵਿੱਚੋਂ ਨਹੀਂ ਸੀ ਹਟਾਇਆ ਜਾਣਾ ਚਾਹੀਦਾ। ਇਸ ਵਾਰ ਪ੍ਰਬੰਧਕਾਂ ਵਲੋਂ ਸੰਗਤਾਂ ਦੀ ਸਹੂਲਤ ਲਈ ਵੱਡੀਆਂ ਸਕਰੀਨਾਂ ਲਾਈਆਂ ਗਈਆਂ ਸਨ।

# ਸਿੱਖ ਯੂਥ ਆਫ਼ ਅਮਰੀਕਾ ਤੇ ਸਿੱਖ ਫੈਡਰੇਸ਼ਨ ਵਲੋਂ ਕੌਮੀ ਕਾਰਜ ਲਈ ਸਾਂਝੇ ਤੌਰ 'ਤੇ ਬੂਥ ਲਗਾਇਆ

## ਜੱਗੀ ਜੌਹਲ ਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਜ਼ੋਰਦਾਰ ਪ੍ਰਚਾਰ












ਕੈਲੀਫੋਰਨੀਆ: ਯੂਬਾ ਸਿਟੀ, ਕੈਲੀਫੋਰਨੀਆ ਵਿਖੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾ ਗੱਦੀ ਦੇ ਨਗਰ ਕੀਰਤਨ ਅਤੇ ਸਮਾਗਮ ਮੌਕੇ ਸਿੱਖ ਯੂਥ ਆਫ ਅਮਰੀਕਾ ਅਤੇ ਸਿੱਖ ਫੇਡਰੇਸ਼ਨ ਅਮਰੀਕਾ ਵਲੋਂ ਸਾਂਝੇ ਤੋਰ ਤੇ ਬੂਥ ਲਗਾਇਆ ਗਿਆ ਜਿਸ ਵਿਚ ਖਾਲਿਸਤਾਨ ਲਈ ਸ਼ਹਾਦਤਾਂ ਦੇਣ ਵਾਲੇ ਸ਼ਹੀਦ ਸਿੰਘਾਂ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਲਾਈ ਗਈ। ਬੰਦੀ ਸਿੰਘਾਂ ਦੀ ਰਿਹਾਈ ਅਤੇ ਜਗਤਾਰ ਸਿੰਘ ਜੱਗੀ ਜੌਹਲ ਨੂੰ ਗੈਰ ਕਾਨੂੰਨੀ ਹਿਰਾਸਤ ਵਿੱਚ ਰੱਖਣ ਅਤੇ ਝੂਠੇ ਕੇਸਾਂ ਵਿੱਚ ਫਸਾ ਕੇ ਉਮਰ ਕੈਦ ਵਰਗੀਆਂ ਸਜ਼ਾਵਾਂ ਦੇ ਵਿਰੁੱਧ ਯੂਬਾ ਸਿਟੀ ਨਗਰ ਕੀਰਤਨ ਵਿੱਚ ਸਿੱਖ ਯੂਥ ਆਫ ਅਮਰੀਕਾ ਅਤੇ ਸਿੱਖ ਫੈਡਰੇਸ਼ਨ ਅਮਰੀਕਾ ਵੱਲੋ ਜ਼ੋਰਦਾਰ ਪ੍ਰਚਾਰ ਕੀਤਾ ਗਿਆ। ਸੰਗਤਾਂ ਨੂੰ ਜਾਣਕਾਰੀ ਦਿੰਦਿਆਂ ਜੱਗੀ ਜੌਹਲ ਦੇ ਹੱਕ ਵਿੱਚ ਬਰਤਾਨੀਆਂ ਦੇ ਪ੍ਰਧਾਨ ਮੰਤਰੀ ਨੂੰ ਦਸਤਖ ਮੁਹਿੰਮ ਦੁਆਰਾ ਹਜ਼ਾਰਾਂ ਸੰਗਤਾਂ ਨੇ ਸ਼ਮੂਲੀਅਤ ਕੀਤੀ ਅਤੇ ਸੰਗਤਾਂ ਨੇ ਪਟੀਸ਼ਨ 'ਤੇ ਸਾਈਨ ਵੀ ਕੀਤੇ।ਪੰਥਕ ਵਕੀਲ ਭਾਈ ਜਸਪਾਲ ਸਿੰਘ ਮੰਝਪੁਰ ਨੇ ਜੱਗੀ ਜੌਹਲ ਦੀ ਗ੍ਰਿਫਤਾਰੀ ਤੋਂ ਸ਼ੁਰੂ ਹੋ ਕੇ ਅੱਜ ਤੱਕ ਦੀ ਸਥਿਤੀ ਬਾਰੇ ਵੀਡੀਓ ਰਾਹੀਂ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ, ਜਿਸ ਨੂੰ ਸਾਰਾ ਦਿਨ ਸੰਗਤਾਂ ਸੁਣਦੀਆਂ ਰਹੀਆਂ। ਇਨ੍ਹਾਂ ਸਾਰੇ ਕਾਰਜਾਂ ਵਿਚ ਨੌਜਵਾਨ ਪੀੜ੍ਹੀ ਵਿਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਇੱਥੇ ਇਹ ਵੀ ਦੱਸਣਾ ਜਰੂਰੀ ਹੈ ਕਿ ਨਗਰ ਕੀਰਤਨ ਤੋਂ ਇਕ ਦਿਨ ਪਹਿਲਾਂ 5 ਅਕਤੂਬਰ ਨੂੰ ਯੂਬਾ ਸਿਟੀ ਦੇ ਸਿੱਖ ਕਮਿਊਨਿਟੀ ਸੈਂਟਰ ਵਿਚ ਸਿੱਖ ਯੂਥ ਆਫ ਅਮਰੀਕਾ ਦੀ ਇਕ ਖਾਸ ਇਕੱਤਰਤਾ ਹੋਈ ਜਿਸ ਵਿਚ ਨਿਊਯਾਰਕ, ਨਿਊਜਰਸੀ, ਪੈਨਸਿਲਵੇਨੀਆ, ਇੰਡੀਆਨਾ ਅਤੇ ਕੈਲੀਫੋਰਨੀਆ ਤੋਂ ਤਕਰੀਬਨ 60 ਕੁ ਨੌਜਵਾਨ ਸਿੰਘ ਸਿੰਘਣੀਆਂ ਨੇ ਹਿਸਾ ਲਿਆ,

# ਬ੍ਰਿਟਿਸ਼ ਸਿੱਖ ਸਕੂਲ ਦੇ ਬੱਚਿਆਂ ਵਲੋਂ ਗੁਰੂ ਨਾਨਕ ਪਾਤਿਸ਼ਾਹ ਜੀ ਦੇ ਆਗਮਨ ਪੁਰਬ ਮੌਕੇ ਵਿਸ਼ੇਸ ਨਗਰ ਕੀਰਤਨ ਸਜਾਇਆ

## ਬੱਚਿਆਂ ਵਲੋਂ ਗਤਕਾ ਪ੍ਰਦਰਸ਼ਨ ਵੀ ਕੀਤਾ ਗਿਆ





ਜਲੰਧਰ/ਏ.ਟੀ.ਨਿਊਜ਼ :- ਗੁਰੂ ਨਾਨਕ ਪਾਤਸ਼ਾਹ ਦੇ ਪਵਿੱਤਰ ਅਵਤਾਰ ਗੁਰਪੁਰਬ ਸਾਰੀ ਦੁਨੀਆ ਵਿੱਚ ਮਨਾਏ ਜਾ ਰਹੇ ਹਨ। ਬ੍ਰਿਟਿਸ਼ ਸਿੱਖ ਸਕੂਲ ਨੇੜੇ ਸਾਇੰਸ ਸਿਟੀ ਦੇ ਬੱਚਿਆਂ ਨੇ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਗਮਨ ਪੁਰਬ ਬਹੁਤ ਹੀ ਸ਼ਰਧਾ ਨਾਲ ਮਨਾਇਆ। ਡੀ ਸੀ ਚੌਕ ਕਪੂਰਥਲਾ ਤੋਂ ਬੱਚੇ ਨੇ ਨਗਰ ਕੀਰਤਨ ਦੇ ਰੂਪ ਵਿੱਚ ਸਟੇਟ ਗੁਰਦੁਆਰਾ ਸਾਹਿਬ ਦਰਸ਼ਨ ਕਰਨ ਪੁੱਜੇ। ਗੁਰਦੁਆਰਾ ਸਾਹਿਬ ਤੋਂ ਬੱਚਿਆਂ ਨੇ ਵਿਸ਼ੇਸ਼ ਤੌਰ 'ਤੇ ਸਟੇਜ ਤੋਂ ਕੀਰਤਨ ਨਾਲ ਸੰਗਤਾਂ ਨੂੰ ਗੁਰੂ ਨਾਨਕ ਦੇਵ ਜੀ ਦੀ ਪਵਿੱਤਰ ਗੁਰਬਾਣੀ ਨਾਲ ਜੋੜਿਆ। ਬੱਚਿਆਂ ਦੇ ਉਤਸ਼ਾਹ ਨੂੰ ਦੇਖਦੇ ਹੋਏ ਜਥੇਦਾਰ ਡੋਗਰਾ ਵਾਲ ਨੇ ਸਕੂਲ ਪ੍ਰਿੰਸੀਪਲ ਦਾ ਸਿਰੋਪਾਉ ਦੇ ਸਨਮਾਨ ਕੀਤਾ। ਉਪਰੰਤ ਬੱਚੇ ਨਗਰ ਕੀਰਤਨ ਦੇ ਰੂਪ ਵਿੱਚ




ਪਿੰਡ ਖੋਜੇਵਾਲ ਦੇ ਨਗਰ ਕੀਰਤਨ ਵਿੱਚ ਸ਼ਾਮਲ ਹੋਏ। ਬ੍ਰਿਟਿਸ਼ ਸਿੱਖ ਸਕੂਲ ਦੇ ਬੱਚਿਆਂ ਨੇ ਜੈਕਾਰਿਆਂ ਨਾਲ ਸੰਗਤਾਂ ਵਿੱਚ ਉਤਸ਼ਾਹ ਭਰ ਦਿੱਤਾ। ਬੱਚਿਆਂ ਨੇ ਗਤਕਾ ਦੇ ਜੌਹਰ ਵੀ ਵਿਖਾਏ। ਬੱਚਿਆਂ ਦਾ ਗਤਕਾ ਪ੍ਰਦਰਸ਼ਨ ਦੇਖਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਕੂਲ ਦੀ ਪ੍ਰਿੰਸੀਪਲ ਹਰਦੀਪ ਕੌਰ ਦਾ ਸਿਰੋਪਾਉ ਨਾਲ ਸਤਿਕਾਰ ਕੀਤਾ ਗਿਆ। ਬ੍ਰਿਟਿਸ਼ ਸਿੱਖ ਸਕੂਲ ਜਿੱਥੇ ਅਧੁਨਿਕ ਪੜ੍ਹਾਈ ਵੱਲ ਵਿਸ਼ੇਸ਼ ਧਿਆਨ ਦੇ ਰਿਹਾ ਹੈ, ਉੱਥੇ ਬੱਚਿਆਂ ਨੂੰ ਸਿੱਖ ਇਤਿਹਾਸ ਅਤੇ ਗੁਰਬਾਣੀ ਨਾਲ ਜੋੜਨ ਦੇ ਵਿਸ਼ੇਸ਼ ਉਪਰਾਲੇ ਕਰ ਰਿਹਾ ਹੈ। ਸਕੂਲ ਦੇ ਐਮ ਡੀ ਸ੍ਰ. ਤਰਸੇਮ ਸਿੰਘ ਦਿਉਲ ਯੂ ਕੇ ਨੇ ਸਿੱਖ ਪੰਥ ਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਤੇ ਮੁਬਾਰਕਬਾਦ ਦਿੰਦੇ ਆਖਿਆ ਕਿ ਗੁਰਪੁਰਬ ਮਨਾਉਣੇ ਤਾਂ ਹੀ ਸੁਹਾਵਣੇ ਹੋ ਸਕਦੇ ਹਨ ਜੇਕਰ ਅਸੀਂ ਗੁਰੂ ਸਾਹਿਬ ਦੇ ਸਿਧਾਂਤ, ਗੁਰੂ ਸਾਹਿਬ ਦੀ ਬਾਣੀ ਨੂੰ ਆਪ ਮੰਨਾਂਗੇ ਅਤੇ ਘਰ ਘਰ ਪਹੁੰਚਾਵਾਂਗੇ।

# ਸਿੱਖ ਫੈਡਰੇਸ਼ਨ ਅਮਰੀਕਾ ਨੇ ਜੱਗੀ ਜੌਹਲ ਦੀ ਰਿਹਾਈ ਲਈ ਇੰਗਲੈਂਡ ਦੇ ਸਫ਼ਾਰਤਖ਼ਾਨਿਆਂ ਨੂੰ ਮੰਗ ਪੱਤਰ ਸੌਂਪੇ

## ਜੌਹਲ ਦੀ ਰਿਹਾਈ ਲਈ ਸਿੱਖ ਫੈਡਰੇਸ਼ਨ ਵਲੋਂ ਅਮਰੀਕਾ 'ਚ ਰੋਸ ਮੁਜ਼ਾਹਰੇ







ਫਰੀਮਾਂਟ/ਏ.ਟੀ.ਨਿਊਜ਼ :- ਅਮਰੀਕਾ ਦੇ ਨਿਊ ਯਾਰਕ, ਸੈਨ ਫਰਾਂਸਿਸਕੋ ਅਤੇ ਸ਼ਿਕਾਗੋ ਵਿੱਚ ਇੰਗਲੈਂਡ ਦੇ ਸਫ਼ਾਰਤਖ਼ਾਨਿਆਂ ਨੂੰ ਜਗਤਾਰ ਸਿੰਘ ਜੱਗੀ ਜੋ ਨਜਾਇਜ਼ ਭਾਰਤ ਵੱਲੋਂ ਜੇਲ੍ਹ ਵਿੱਚ ਬੰਦ ਕੀਤਾ ਗਿਆ ਹੈ, ਦੀ ਰਿਹਾਈ ਲਈ ਸਿੱਖ ਫੈਡਰੇਸ਼ਨ ਵੱਲੋਂ ਰੋਸ ਮੁਜ਼ਾਹਰੇ ਕਰਕੇ ਇੰਗਲੈਂਡ ਦੀ ਸਰਕਾਰ ਨੂੰ ਮੰਗ ਪੱਤਰ ਸੌਂਪੇ ਗਏ।

ਦੱਸਣਯੋਗ ਹੈ ਕਿ ਸ਼ੁੱਕਰਵਾਰ 04 ਨਵੰਬਰ 2022 ਨੂੰ ਬ੍ਰਿਟਿਸ਼ ਵਿੱਚ ਜਨਮੇ ਜਗਤਾਰ ਸਿੰਘ ਜੌਹਲ ਨੂੰ ਬ੍ਰਿਟਿਸ਼ ਖੁਫੀਆ ਏਜੰਸੀਆਂ ਦੀ ਮਦਦ ਨਾਲ ਪੰਜਾਬ ਪੁਲਿਸ ਵੱਲੋਂ ਟਾਰਗੇਟ ਕਿਲਿੰਗ ਕੇਸਾਂ ਵਿੱਚ ਗ੍ਰਿਫ਼ਤਾਰ ਕੀਤੇ ਪੰਜ ਸਾਲ ਬੀਤ ਚੁੱਕੇ ਹਨ, ਪਰ ਅਜੇ ਤੱਕ ਉਸ ਦੀ ਸੁਣਵਾਈ ਸ਼ੁਰੂ ਨਹੀਂ ਹੋਈ। ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐਨਆਈਏ) ਦੀ ਇੱਕ ਅਦਾਲਤ ਨੇ ਵੀ ਛੇ ਨਿਸ਼ਾਨਾ ਕਤਲ ਕੇਸਾਂ ਵਿੱਚ ਗੈਰਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ (ਯੂਏਪੀਏ) ਦੇ ਤਹਿਤ ਸੱਤ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਹੈ। ਉਨ੍ਹਾਂ ਦੇ ਮੁਕੱਦਮੇ ਨੇ ਵੀ ਦਿਨ ਦੀ ਰੌਸ਼ਨੀ ਨਹੀਂ ਵੇਖੀ ਹੈ ਤੇ ਬਿਨਾਂ ਕਿਸੇ ਜੁਰਮ ਦਾ ਦੋਸ਼ੀ ਠਹਿਰਾਏ ਜੇਲ੍ਹ ਵਿੱਚ ਸੜਨ ਲਈ ਛੱਡ ਦਿੱਤਾ ਗਿਆ ਹੈ।

ਬ੍ਰਿਟੇਨ ਦੇ ਸਾਬਕਾ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੇ 2017 ਵਿੱਚ ਪੰਜਾਬ ਪੁਲਿਸ ਵੱਲੋਂ ਜੌਹਲ ਦੀ ਗ੍ਰਿਫਤਾਰੀ ਨੂੰ 'ਮਨਮਾਨੇ' ਕਰਾਰ ਦਿੱਤਾ ਸੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਵਿੱਚ ਉਸ ਦੀ ਜੇਲ੍ਹ ਤੋਂ ਰਿਹਾਈ ਦੀ ਮੰਗ ਵੀ ਉਠਾਈ ਸੀ, ਪਰ ਅਜੇ ਤੱਕ ਕਿਸੇ ਤਰ੍ਹਾਂ ਦੀ ਕੋਈ ਸੁਣਵਾਈ ਨਹੀਂ ਹੋਈ ਤੇ ਲਗਾਤਾਰ ਜੱਗੀ ਜੌਹਲ 'ਤੇ ਭਾਰਤੀ ਪੁਲਿਸ ਵੱਲੋਂ ਤਸ਼ੱਦਦ ਕੀਤਾ ਜਾ ਰਿਹਾ ਹੈ।






# ਅਮਰੀਕਾ ਦੀ ਸਮੁੰਦਰੀ ਫੌਜ 'ਚ ਤਿੰਨ ਸਿੱਖ, ਸਿੱਖੀ ਸਰੂਪ ਨੂੰ ਕਾਇਮ ਰੱਖਣ ਲਈ ਅਦਾਲਤੀ ਲੜਾਈ ਲੜ ਰਹੇ ਹਨ

- ਅਮਰੀਕੀ ਮਰੀਨ ਵਲੋਂ ਮੁਢਲੀ ਸਿਖਲਾਈ ਵਿੱਚ ਸ਼ਾਮਲ ਹੋਣ ਲਈ ਵਾਲ ਕੱਟਣ ਅਤੇ ਦਾੜ੍ਹੀ ਕੱਟਣ ਦੇ ਦਿੱਤੇ ਸੀ ਹੁਕਮ
- ਅਮਰੀਕੀ ਵੈਟਸ, ਮੁਸਲਿਮ ਅਤੇ ਯਹੂਦੀ ਸਮੂਹ ਸਮੁੰਦਰੀ ਸਿਖਲਾਈ ਦੌਰਾਨ 'ਕੇਸ' ਰੱਖਣ ਤੇ ਸਿੱਖਾਂ ਦੀ ਬੋਲੀ ਦਾ ਸਮਰਥਨ ਕਰ ਰਹੇ ਹਨ

ਫਰੀਮਾਂਟ/ਏ.ਟੀ.ਨਿਊਜ਼ :- ਯੂਐਸ ਮਰੀਨ ਕੋਰ ਲਈ ਸਿਖਲਾਈ ਦੌਰਾਨ ਆਪਣੇ ਲੰਬੇ ਵਾਲ ਅਤੇ ਦਾੜ੍ਹੀ ਰੱਖਣ ਲਈ ਕਾਨੂੰਨੀ ਲੜਾਈ ਵਿੱਚ ਉਲਝੇ ਤਿੰਨ ਸਿੱਖ ਵਿਅਕਤੀਆਂ ਨੂੰ ਮੁਸਲਿਮ ਅਤੇ ਯਹੂਦੀ ਹਿੱਤ ਸਮੂਹਾਂ ਤੋਂ ਇਲਾਵਾ ਉੱਚ ਦਰਜੇ ਦੇ ਅਮਰੀਕੀ ਫੌਜੀ ਬਜ਼ੁਰਗਾਂ ਵਿੱਚ ਸਮਰਥਨ ਮਿਲਿਆ ਹੈ।



ਅਦਾਲਤ ਵਿੱਚ ਤਿੰਨ ਸਿੱਖਾਂ ਦੀ ਅਪੀਲ ਦਾ ਸਮਰਥਨ ਕਰਦੇ ਹੋਏ ਇੱਕ ਲਿਖਤੀ ਸੰਖੇਪ ਵਿੱਚ, ਪੈਂਟਾਗਨ ਦੇ ਚਾਰ ਸਾਬਕਾ ਸੈਨਿਕਾਂ ਨੇ ਦੱਸਿਆ ਕਿ ਮਰੀਨ ਕੋਰ ਤੋਂ ਇਲਾਵਾ, ਫੌਜ ਦੀ ਹਰ ਸ਼ਾਖਾ ਨੇ ਸਿੱਖਾਂ ਨੂੰ ਧਾਰਮਿਕ ਅਜ਼ਾਦੀ ਦੀ ਪੇਸ਼ਕਸ਼ ਕੀਤੀ ਹੈ।

ਇਸ ਸਾਲ ਸਤੰਬਰ ਵਿੱਚ, ਜਸਕੀਰਤ ਸਿੰਘ, ਅਕਾਸ਼ ਸਿੰਘ ਅਤੇ ਮਿਲਾਪ ਸਿੰਘ ਚਾਹਲ – ਤਿੰਨ ਸਿੱਖਾਂ ਨੇ ਮਰੀਨ ਰੰਗਰੂਟ ਡੀਸੀ ਸਰਕਟ ਕੋਰਟ ਆਫ ਅਪੀਲਜ਼ ਵਿੱਚ ਅਪੀਲ ਕੀਤੀ ਸੀ ਕਿਉਂਕਿ ਹੇਠਲੀ ਅਦਾਲਤ ਦੇ ਜੱਜ ਦੁਆਰਾ ਉਨ੍ਹਾਂ ਦੇ ਅਮਰੀਕੀ ਮਰੀਨ ਦੀ ਮੁੱਢਲੀ ਸਿਖਲਾਈ ਵਿੱਚ ਸਿੱਖੀ ਸਰੂਪ ਵਿਚ ਸ਼ਾਮਲ ਹੋਣ ਦੀ ਉਨ੍ਹਾਂ ਦੀ ਬੇਨਤੀ ਨੂੰ ਠੁਕਰਾ ਦਿੱਤਾ ਗਿਆ ਸੀ। ਸਿੱਖ ਧਰਮ ਵਿੱਚ ਵਾਲ ਅਤੇ ਦਾੜ੍ਹੀ ਨੂੰ ਨਾ ਕੱਟਣਾ ਇੱਕ ਜ਼ਰੂਰੀ ਸਿਧਾਂਤ ਮੰਨਿਆ ਜਾਂਦਾ ਹੈ।

ਯੂਐਸ ਮਰੀਨ ਨੇ ਕਿਹਾ ਹੈ ਕਿ ਤਿੰਨ ਸਿੱਖ ਵਿਅਕਤੀ ਸਿਖਲਾਈ ਵਿੱਚ ਸ਼ਾਮਲ ਹੋਣ ਤੋਂ ਬਾਅਦ ਹੀ ਧਾਰਮਿਕ ਛੋਟਾਂ ਦੇ ਹੱਕਦਾਰ ਹਨ, ਪਰ ਤਿੰਨਾਂ ਦੀ ਕਾਨੂੰਨੀ ਟੀਮ ਨੇ ਕਿਹਾ ਹੈ ਕਿ ਅਜਿਹੀ ਸ਼ਰਤ ਪੁਰਸ਼ਾਂ ਦੀ ਧਾਰਮਿਕ ਅਜ਼ਾਦੀ 'ਤੇ ਪ੍ਰਭਾਵ ਪਾਵੇਗੀ ਅਤੇ ਡੂੰਘੇ ਵਿਸ਼ਵਾਸਾਂ ਦੀ ਉਲੰਘਣਾ ਹੋਵੇਗੀ।

ਇਨ੍ਹਾਂ ਸਿੱਖਾਂ ਦੀ ਨੁਮਾਇੰਦਗੀ ਕਰਨ ਵਾਲੇ ਵਕੀਲਾਂ ਨੇ ਹੁਣ ਇੱਕ ਸੰਖੇਪ ਅਪੀਲ ਦਾਇਰ ਕੀਤੀ ਹੈ ਅਤੇ ਅਦਾਲਤ ਦੇ ਫੈਸਲੇ ਦੀ ਉਡੀਕ ਕਰ ਰਹੇ ਹਨ। ਫੈਸਲਾ ਇਹ ਤੈਅ ਕਰੇਗਾ ਕਿ ਇਨ੍ਹਾਂ ਤਿੰਨਾਂ ਸਿੱਖਾਂ ਨੂੰ ਆਪਣੇ ਵਾਲ ਕੱਟੇ ਅਤੇ ਦਾੜ੍ਹੀ ਕਟਾਏ ਬਿਨਾਂ ਮਰੀਨ ਵਜੋਂ ਸਿਖਲਾਈ ਦੇਣ ਦੀ ਇਜਾਜ਼ਤ ਦਿੱਤੀ ਜਾਵੇਗੀ। ਮੀਡੀਆ ਰਿਪੋਰਟਾਂ ਅਨੁਸਾਰ, ਇਨ੍ਹਾਂ ਸਿੱਖ ਯੋਧਿਆਂ ਦੀ (ਬਾਕੀ ਸਫ਼ਾ 29 'ਤੇ)

# ਫਰਾਂਸਿਸ ਵਲੋਂ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਪੁਰਬ ਸੰਬੰਧੀ ਜਥੇਦਾਰ ਤੇ ਸਿੱਖ ਕੌਮ ਨੂੰ ਮੁਬਾਰਕਾਂ



ਅੰਮ੍ਰਿਤਸਰ/ਏ.ਟੀ. ਨਿਊਜ਼ :- ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਈਸਾਈ ਭਾਈਚਾਰੇ ਦੇ ਰੋਮਨ ਕੈਥੋਲਿਕ ਚਰਚ ਦੇ ਪੋਪ ਫਰਾਂਸਿਸ ਵਲੋਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸਿੱਖ ਕੌਮ ਦੇ ਨਾਂ ਵਧਾਈ ਤੇ ਸ਼ੁਭਕਾਮਨਾਵਾਂ ਦਾ ਸੰਦੇਸ਼ ਭੇਜਿਆ ਗਿਆ। ਇਸ ਸੰਬੰਧੀ ਇਹ ਵਧਾਈ ਪੱਤਰ ਈਸਾਈ ਭਾਈਚਾਰੇ ਦੇ ਆਗੂਆਂ ਫਾਦਰ ਜੋਹਨ ਗਰੇਵਾਲ ਤੇ ਹੋਰਨਾਂ ਈਸਾਈ ਆਗੂਆਂ ਵਲੋਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ ਭੇਟ ਕੀਤਾ ਗਿਆ। ਫਾਦਰ ਜੋਹਨ ਗਰੇਵਾਲ ਨੇ ਕਿਹਾ ਕਿ ਰੋਮਨ ਕੈਥੋਲਿਕ ਚਰਚ ਵਲੋਂ ਸਿੱਖ ਭਾਈਚਾਰੇ ਸਮੇਤ ਅੰਤਰ ਧਾਰਮਿਕ ਏਕਤਾ ਨੂੰ ਉਤਸ਼ਾਹਿਤ ਕਰਨ ਤੇ ਦੂਜੇ ਧਰਮਾਂ ਨਾਲ ਸਾਂਝ ਬਣਾਉਣ ਤੇ ਧਰਮਾਂ ਦੀਆਂ ਕਦਰਾਂ ਕੀਮਤਾਂ ਨੂੰ ਸਾਂਝੀਆਂ ਕਰਨ ਹਿਤ ਦੀਵਾਲੀ, ਈਦ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਵਧਾਈ ਸੰਦੇਸ਼ ਭੇਜੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੇ ਈਸਾਈ ਭਾਈਚਾਰੇ ਵਲੋਂ ਮਿਲ ਕੇ ਪੰਜਾਬ ਮਹਾਂ ਸਭਾ ਕਮੇਟੀ ਤਿਆਰ ਕੀਤੀ ਗਈ ਹੈ, ਜਿਸ ਵਿਚ ਦੁਵੱਲੇ ਮਾਮਲੇ ਕਮੇਟੀ ਮੈਂਬਰਾਂ ਵਲੋਂ ਮਿਲ ਕੇ ਵਿਚਾਰੇ ਜਾਣਗੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Asst. Editor: Balwinderpal Singh, Sarbjeet Kaur Sarb Online Interview Host: Balraj Pannu

Proof Editor: Prabhjot KaurDesigner: Anil Kumar Content Composer: Amritpal Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਬੀਬੀ ਜਗੀਰ ਕੌਰ ਨੂੰ ਪ੍ਰਧਾਨ ਨਾ ਬਣਾ ਸਕੀ ਸਿਆਸੀ ਹਮਾਇਤ

## ➢ ਲਿਫ਼ਾਫ਼ਾ ਕਲਚਰ ਦਾ ਅੰਤ ➢ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਹੱਥ ਆਈ ਸ਼੍ਰੋਮਣੀ ਕਮੇਟੀ ਦੀ ਵਾਗਡੋਰ



ਸਰਬਜੀਤ ਕੌਰ ਸਰਬ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਪ੍ਰਧਾਨਗੀ ਚੋਣਾਂ ਵਿੱਚ ਬੀਬੀ ਜਗੀਰ ਕੌਰ ਪਹਿਲੀ ਵਾਰ ਵੱਡੇ ਵਿਰੋਧੀ ਧਿਰ ਵਜੋਂ ਸਥਾਪਤ ਹੋਈ ।ਤਿੰਨ ਵਾਰੀ ਸ਼੍ਰੋਮਣੀ ਕਮੇਟੀ ਪ੍ਰਧਾਨ ਤੇ ਸੀਨੀਅਰ ਆਗੂ ਬੀਬੀ ਜਗੀਰ ਕੌਰ ਦੀ ਬਗਾਵਤ ਤੋਂ ਦੁਖੀ ਸ਼੍ਰੋਮਣੀ ਅਕਾਲੀ ਦਲ ਨੇ ਮੌਜੂਦਾ ਹਰਜਿੰਦਰ ਸਿੰਘ ਧਾਮੀ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) ਦੇ ਪ੍ਰਧਾਨ ਵਜੋਂ ਦੂਜੀ ਵਾਰ ਆਪਣਾ ਉਮੀਦਵਾਰ ਐਲਾਨ ਦਿੱਤਾ ਸੀ।ਜਿਸ ਬਾਰੇ ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਦਲਜੀਤ ਸਿੰਘ ਚੀਮਾ ਨੇ ਟਵਿੱਟਰ 'ਤੇ ਵੀ ਐਲਾਨ ਕੀਤਾ ਸੀ ਕਿ "ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸ਼੍ਰੋਮਣੀ ਕਮੇਟੀ ਮੈਂਬਰਾਂ ਅਤੇ ਪਾਰਟੀ ਦੇ ਸੀਨੀਅਰ ਆਗੂਆਂ ਨਾਲ ਵਿਆਪਕ ਵਿਚਾਰ-ਵਟਾਂਦਰੇ ਤੋਂ ਬਾਅਦ ਐਲਾਨ ਕੀਤਾ ਸੀ ਤੇ 9 ਨਵੰਬਰ, 2022 ਐਡਵੋਕੇਟ ਹਰਜਿੰਦਰ ਸਿੰਘ ਧਾਮੀ ਮੁੜ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਚੁਣੇ ਗਏ।

ਉਨ੍ਹਾਂ ਵਿਰੋਧੀ ਉਮੀਦਵਾਰ ਬੀਬੀ ਜਗੀਰ ਕੌਰ ਨੂੰ ਹਰਾਇਆ।

ਧਾਮੀ ਨੂੰ 104 ਵੋਟਾਂ ਮਿਲੀਆਂ ਜਦਕਿ ਬੀਬੀ ਜਗੀਰ ਕੌਰ ਨੂੰ 42 ਵੋਟਾਂ ਮਿਲੀਆਂ

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਕਾਰਗੁਜ਼ਾਰੀ

ਹਰਜਿੰਦਰ ਸਿੰਘ ਧਾਮੀ 1996 ਤੋਂ ਹੁਸ਼ਿਆਰਪੁਰ ਦੇ ਐਸਜੀਪੀਸੀ ਮੈਂਬਰ ਰਹੇ ਹਨ ਅਤੇ 2019 ਵਿੱਚ ਜਨਰਲ ਸਕੱਤਰ ਵਜੋਂ ਵੀ ਸੇਵਾ ਨਿਭਾਈ ਸੀ । ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਪਿੱਪਲਾਂ ਵਾਲਾ ਦੇ ਰਹਿਣ ਵਾਲੇ ਹਰਜਿੰਦਰ ਸਿੰਘ ਧਾਮੀ ਆਪਣੀ ਸਾਫ਼-ਸੁਥਰੀ ਅਕਸ, ਚੰਗੇ ਪ੍ਰਸ਼ਾਸਨਿਕ ਹੁਨਰ ਅਤੇ ਪ੍ਰਤਿਭਾ ਲਈ ਜਾਣੇ ਜਾਂਦੇ ਹਨ। ਬਾਦਲਾਂ ਦੀ ਇਕ ਸਮੇਂ ਦੀ ਵਿਸ਼ਵਾਸਪਾਤਰ ਬੀਬੀ ਜਗੀਰ ਕੌਰ ਨੂੰ 2 ਨਵੰਬਰ ਨੂੰ ਹੀ ਪਾਰਟੀ ਤੋਂ ਮੁਅੱਤਲ ਕਰ ਦਿੱਤਾ ਗਿਆ ਸੀ ਕਿਉਂਕਿ ਉਨ੍ਹਾਂ ਨੇ ਪਾਰਟੀ ਲਾਈਨ ਨੂੰ ਤੋੜਨ ਅਤੇ ਚੋਣਾਂ ਤੋਂ ਹੱਟਣ ਲਈ ਇਨਕਾਰ ਕਰ ਦਿੱਤਾ ਸੀ।





ਐਸਜੀਪੀਸੀ, ਜਿਸ ਨੂੰ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਵੀ ਕਿਹਾ ਜਾਂਦਾ ਹੈ, ਦਾ ਸਾਲਾਨਾ ਬਜਟ 1,000 ਕਰੋੜ ਰੁਪਏ ਨੂੰ ਛੂਹਦਾ ਹੈ ਜੋ ਦੋ ਮੈਡੀਕਲ ਕਾਲਜਾਂ, ਤਿੰਨ ਹਸਪਤਾਲਾਂ ਅਤੇ ਵੱਡੀ ਗਿਣਤੀ ਵਿੱਚ ਸਕੂਲ ਅਤੇ ਕਾਲਜਾਂ ਤੋਂ ਇਲਾਵਾ ਖੇਤਰ ਵਿੱਚ 80 ਇਤਿਹਾਸਕ ਗੁਰਦੁਆਰਿਆਂ ਦੀ ਸਾਂਭ-ਸੰਭਾਲ ਲਈ ਕੰਮ ਕਰਦਾ ਹੈ।ਪੰਜਾਬ ਵਿੱਚ ਧਰਮ ਰਾਜਨੀਤੀ ਦਾ ਇੱਕ ਮੁੱਖ ਪਹਿਲੂ ਹੋਣ ਦੇ ਨਾਲ, ਐਸਜੀਪੀਸੀ ਨੂੰ ਨਿਯੰਤਰਿਤ ਕਰਨ ਵਾਲੇ ਵਿਅਕਤੀ ਨੂੰ ਰਾਜ ਵਿੱਚ ਵਿਧਾਨ ਸਭਾ ਚੋਣਾਂ ਵਿੱਚ ਸ਼ਕਤੀ ਦਾ ਇਸਤੇਮਾਲ ਕਰਨਾ ਵੀ ਮੰਨਿਆ ਜਾਂਦਾ ਹੈ।

**'ਲਿਫਾਫਾ ਕਲਚਰ' ਦਾ ਅੰਤ**

ਬੀਬੀ ਜਾਗੀਰ ਕੌਰ ਦੀ ਇਸ ਚੋਣ ਲੜਨ ਦੀ ਬਗ਼ਾਵਤ ਨੇ ਲਿਫ਼ਾਫ਼ਾ ਬੰਦ ਕਲਚਰ ਨੂੰ ਖਤਮ ਕਰ ਦਿਤਾ ਹੈ । "ਇੱਕ ਸੀਨੀਅਰ ਅਕਾਲੀ ਆਗੂ ਨੇ ਨਾਮ ਗੁਪਤ ਰੱਖਣ ਦੀ ਬੇਨਤੀ ਕਰਦਿਆਂ ਕਿਹਾ, "ਬੀਬੀ (ਜਗੀਰ ਕੌਰ) ਭੰਬਲਭੂਸਾ ਪੈਦਾ ਕਰ ਰਹੀ ਹੈ ਅਤੇ ਦਾਅਵਾ ਕਰ ਰਹੀ ਹੈ ਕਿ ਉਸ ਨੂੰ ਪਾਰਟੀ ਦੇ ਉਬਚ ਅਧਿਕਾਰੀਆਂ ਨੇ ਅਜਿਹੇ ਢੰਗ ਨਾਲ ਚੋਣ ਲੜਨ ਲਈ ਕਿਹਾ ਸੀ। ਅਨਿਸ਼ਚਿਤਤਾ ਨੂੰ ਖਤਮ ਕਰਨ ਲਈ, ਅਸੀਂ ਪਹਿਲਾਂ ਹੀ ਆਪਣੇ ਉਮੀਦਵਾਰ ਧਾਮੀ ਦਾ ਨਾਮ ਦੇਣ ਦਾ ਫੈਸਲਾ ਕੀਤਾ ਹੈ।

ਸਤੰਬਰ ਵਿੱਚ, ਬੀਬੀ ਨੇ ਸੁਖਬੀਰ ਨਾਲ ਮੁਲਾਕਾਤ ਕੀਤੀ ਸੀ, ਤੇ ਆਪਣੀ ਪਿਛਲੀ ਕਾਰਗੁਜ਼ਾਰੀ ਦਾ ਹਵਾਲਾ ਦਿੰਦੇ ਹੋਏ, ਐਸਜੀਪੀਸੀ ਪ੍ਰਧਾਨ ਦੀ ਚੋਣ ਲੜਨ ਵਿੱਚ ਦਿਲਚਸਪੀ ਜ਼ਾਹਰ ਕੀਤੀ ਸੀ।ਸੁਖਬੀਰ ਵੱਲੋਂ ਜਵਾਬ ਨਾ ਮਿਲਣ 'ਤੇ ਉਸ ਨੇ ਦੌੜ 'ਚ ਬਣੇ ਰਹਿਣ ਦਾ ਫੈਸਲਾ ਕੀਤਾ ਅਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਨਾਲ ਸੰਪਰਕ ਕਰਨਾ ਸ਼ੁਰੂ ਕਰ ਦਿੱਤਾ। ਇੱਕ ਹਫ਼ਤਾ ਪਹਿਲਾਂ, ਬੀਬੀ ਨੇ ਮੀਡੀਆ ਨੂੰ ਦੱਸਿਆ ਸੀ ਕਿ ਵੋਟਿੰਗ ਤੋਂ ਘੰਟੇ ਪਹਿਲਾਂ ਉਮੀਦਵਾਰ ਦਾ ਨਾਮ ਦੇਣ ਵਾਲੇ ਅਕਾਲੀ ਦਲ ਦੇ ਪ੍ਰਧਾਨ ਦੇ 'ਲਿਫਾਫਾ ਕਲਚਰ' ਨੇ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੀ ਭਰੋਸੇਯੋਗਤਾ ਨੂੰ ਸੱਟ ਮਾਰੀ ਹੈ।

9 ਨਵੰਬਰ ਦੀਆਂ ਇਨ੍ਹਾਂ ਚੋਣਾਂ ਵਿਚ .......ਬਹੁਮਤ ਹਾਸਲ ਕਰਨ ਦੀ ਉਮੀਦ ਰੱਖਣ ਵਾਲੀ ਬੀਬੀ ਨੇ ਕਿਹਾ, "ਮੇਰੇ ਵੱਲੋਂ ਆਵਾਜ਼ ਉਠਾਉਣ ਲਈ ਧੰਨਵਾਦ, ਅਕਾਲੀ ਦਲ ਨੇ ਆਪਣੇ ਉਮੀਦਵਾਰ ਦਾ ਪਹਿਲਾਂ ਤੋਂ ਐਲਾਨ ਕਰਕੇ ਲਿਫਾਫਾ ਕਲਚਰ ਨਹੀਂ ਅਪਣਾਇਆ। ਉਸਨੇ ਦਾਅਵਾ ਕੀਤਾ ਕਿ ਉਸਨੇ ਇੱਕ ਲੋਕਤੰਤਰੀ ਪ੍ਰਣਾਲੀ ਦੀ ਮੰਗ ਕੀਤੀ ਸੀ ਜਿਸ ਨੂੰ ਪਾਰਟੀ ਪ੍ਰਧਾਨ ਨੇ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਪਰ ਚੋਣਾਂ ਦੇ ਨਤੀਜਿਆਂ ਨੇ ਦੱਸ ਦਿੱਤਾ ਹੈ ਕਿ ਬੀਜੇਪੀ ਤੇ ਕਾਂਗਰਸ ਰਾਜਸੀ ਪਾਰਟੀਆਂ ਵੀ ਬੀਬੀ ਜਗੀਰ ਕੌਰ ਦੀ ਹਮਾਇਤ ਕਰਨ ਵਿੱਚ ਅਸਫਲ ਰਹੀਆਂ।

**ਢੀਂਡਸਾ ਵਲੋਂ ਬੀਬੀ ਜਗੀਰ ਕੌਰ ਦੀ ਹਮਾਇਤ**

ਬੀਬੀ ਦੀ ਹਮਾਇਤ ਸਾਬਕਾ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਅਤੇ ਉਨ੍ਹਾਂ ਦੇ ਪੁੱਤਰ ਅਤੇ ਪੰਜਾਬ ਦੇ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਵੱਲੋਂ ਕੀਤੀ ਜਾ ਰਹੀ ਹੈ, ਜੋ ਉਨ੍ਹਾਂ ਦੇ ਸਮਰਥਨ ਲਈ ਅਕਾਲੀ ਦਲ ਦੇ ਉਮੀਦਵਾਰ ਧਾਮੀ ਸਮੇਤ ਸਾਰੇ ਮੈਂਬਰਾਂ ਨੂੰ ਮਿਲ ਰਹੇ ਹਨ। ਉਹ 157 ਵਿੱਚੋਂ 90 ਤੋਂ ਵੱਧ ਮੈਂਬਰਾਂ ਦੇ ਸਮਰਥਨ ਦਾ ਦਾਅਵਾ ਕਰ ਰਹੇ ਸਨ। ਢੀਂਡਸਾ ਸੀਨੀਅਰ ਨੇ ਕਿਹਾ, "ਅਸੀਂ ਬੀਬੀ ਜੀ ਦਾ ਸਮਰਥਨ ਕਰ ਰਹੇ ਹਾਂ ਕਿਉਂਕਿ ਲੋਕ ਤਬਦੀਲੀ ਚਾਹੁੰਦੇ ਹਨ," ਢੀਂਡਸਾ ਨੇ ਕਿਹਾ, "ਲੋਕ ਕਈ ਸਾਲਾਂ ਤੋਂ ਚੱਲੀ ਆ ਰਹੀ ਵਿਵਸਥਾ ਤੋਂ ਤੰਗ ਆ ਚੁੱਕੇ ਹਨ।ਸੁਖਬੀਰ ਘੋੜਿਆਂ ਦਾ ਵਪਾਰ ਕਰ ਰਿਹਾ ਹੈ, ਜਿਸ ਨਾਲ ਉਸ ਦਾ ਕੋਈ ਫਾਇਦਾ ਨਹੀਂ ਹੋਵੇਗਾ।

ਪਰ ਇਨ੍ਹਾਂ ਚੋਣ ਨਤੀਜਿਆਂ ਨੇ ਦੱਸ ਦਿੱਤਾ ਹੈ ਕੀ ਪੰਥਕ ਕਮੇਟੀ ਦੀ ਚੋਣ ਵਿੱਚ ਮੌਜੂਦਾ ਰਾਜਸੀ ਪਾਰਟੀਆਂ ਨੂੰ ਦਰ ਕਿਨਾਰ ਕਰਕੇ ਇੱਕ ਵਾਰ ਫੇਰ ਹਰਜਿੰਦਰ ਸਿੰਘ ਧਾਮੀ ਨੂੰ ਪੰਥ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ ।ਬੀਬੀ ਜਗੀਰ ਕੌਰ ਦੀ ਬਗ਼ਾਵਤ ਆਉਣ ਵਾਲੇ ਸਮੇਂ ਵਿੱਚ ਇਕ ਨਵੇਂ ਧੜੇ ਨੂੰ ਜਨਮ ਦੇ ਸਕਦੀ ਹੈ ।



# ਸਿੱਖ ਕਤਲੇਆਮ ਲਈ ਸੰਯੁਕਤ ਰਾਸ਼ਟਰ ਭਾਰਤ ਨੂੰ ਦੁਨੀਆਂ ਦੇ ਕਟਹਿਰੇ ਵਿੱਚ ਖੜਾ ਕਰੇ : ਹਰਪਾਲ ਸਿੰਘ ਚੀਮਾ










ਕਪੂਰਥਲਾ/ਏ.ਟੀ.ਨਿਊਜ਼ :- ਨਵੰਬਰ 1984 ਵਿੱਚ ਦਿੱਲੀ ਅਤੇ ਭਾਰਤ ਦੇ ਹੋਰਨਾਂ ਸ਼ਹਿਰਾਂ ਵਿੱਚ ਕੱਟੜਪੰਥੀਆਂ ਦੀ ਹੈਵਾਨਗੀ ਦੇ ਸ਼ਿਕਾਰ ਹੋਏ 8000 ਤੋਂ ਵੱਧ ਨਿਰਦੋਸ਼ ਸਿੱਖਾਂ ਜਿਨ੍ਹਾਂ ਵਿੱਚ ਮਰਦ, ਔਰਤਾਂ, ਬੱਚੇ ਅਤੇ ਬਜ਼ੁਰਗ ਵੀ ਸ਼ਾਮਿਲ ਸਨ ਦੇ ਕਤਲੇਆਮ ਨੂੰ ਸਿੱਖਾਂ ਦੀ ਨਸਲਕੁਸ਼ੀ ਕਰਾਰ ਦਿੰਦਿਆਂ ਦਲ ਖ਼ਾਲਸਾ ਵਲੋਂ ਕਪੂਰਥਲਾ ਸਟੇਟ ਗੁਰਦੁਆਰਾ ਸਾਹਿਬ ਤੋਂ ਡੀ.ਸੀ. ਚੌਕ ਤੱਕ ਮਾਰਚ ਕੀਤਾ ਗਿਆ। ਇਸ ਮਾਰਚ ਦੌਰਾਨ ਪਾਰਟੀ ਕਾਰਕੁਨਾਂ ਨੇ ਹੱਥਾਂ ਵਿਚ ਉਸ ਦਰਦਨਾਕ ਅਤੇ ਹੌਲਨਾਕ ਮੰਜ਼ਰ ਨੂੰ ਦਰਸਾਉਂਦੀਆਂ ਤਸਵੀਰਾਂ ਅਤੇ ਬੋਰਡ ਫੜੇ ਹੋਏ ਸਨ ਜਿਨ੍ਹਾਂ 'ਤੇ ਲਿਖੇ ਸ਼ਬਦਾਂ ਅਨੁਸਾਰ ਇਸ ਕਲਤੇਆਮ ਲਈ ਭਾਰਤ ਨੂੰ ਦੋਸ਼ੀ ਕਰਾਰ ਦਿੱਤਾ ਹੋਇਆ ਸੀ।

ਮਾਰਚ ਤੋਂ ਪਹਿਲਾਂ ਪੀੜਤਾਂ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਵਿਖੇ ਅਰਦਾਸ ਕੀਤੀ ਗਈ।

ਪਾਰਟੀ ਦੇ ਬੁਲਾਰੇ ਪਰਮਜੀਤ ਸਿੰਘ ਮੰਡ ਦੀ ਅਗਵਾਈ ਵਿੱਚ ਮਾਰਚ ਕਰ ਰਹੇ ਸੈਂਕੜੇ ਨੌਜਵਾਨਾਂ ਨੇ ਪੰਜਾਬ ਦੀ ਆਜ਼ਾਦੀ ਦੀ ਲੋਅ ਅਤੇ ਜਜ਼ਬੇ ਨੂੰ ਮਘਦਾ ਰੱਖਣ ਲਈ ਨਾਅਰੇਬਾਜੀ ਕੀਤੀ। ਮਾਰਚ ਕਰਨ ਵਾਲੇ ਪ੍ਰਬੰਧਕਾਂ ਦਾ ਕਹਿਣਾ ਸੀ ਕਿ ਨਵੰਬਰ 1984 ਦੇ ਕਤਲੇਆਮ ਨੂੰ ਮੁੜ ਵਾਪਰਨ ਤੋਂ ਰੋਕਣ ਲਈ 'ਭਾਰਤ ਤੋਂ ਅਜ਼ਾਦੀ' ਹੀ ਇੱਕੋ ਇੱਕ ਹੱਲ ਹੈ। ਇਸ ਸਬੰਧੀ ਉਨ੍ਹਾਂ ਹੱਥਾਂ ਵਿੱਚ ਤਖ਼ਤੀਆਂ ਫੜੀਆਂ ਹੋਈਆਂ ਸਨ ਤਾਂ ਜੋ ਸ਼ਾਂਤਮਈ ਤਰੀਕੇ ਨਾਲ ਲੋਕਾਂ ਤੱਕ ਆਪਣਾ ਸੰਦੇਸ਼ ਪਹੁੰਚਾਇਆ ਜਾ ਸਕੇ।

ਦਲ ਖ਼ਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਅਤੇ ਸੀਨੀਅਰ ਆਗੂ ਕੰਵਰਪਾਲ ਸਿੰਘ ਨੇ ਕਿਹਾ ਕਿ ਅੱਜ ਜਦੋਂ ਅੰਤਰਰਾਸ਼ਟਰੀ ਭਾਈਚਾਰਾ ਦੁਨੀਆ ਭਰ ਵਿੱਚ ਕਈ ਅਣ-ਐਲਾਨੀਆਂ ਜੰਗਾਂ ਵਿੱਚ ਰੁੱਝਿਆ ਹੋਇਆ ਹੈ, ਉੱਥੇ ਭਾਰਤ ਅੰਦਰ ਨਵੰਬਰ 1984 ਤੋਂ ਸ਼ੁਰੂ ਹੋਏ ਘੱਟ ਗਿਣਤੀਆਂ 'ਤੇ ਨਸਲਕੁਸ਼ੀ ਹਮਲਿਆਂ ਲਈ ਭਾਰਤ ਨੂੰ ਜਵਾਬਦੇਹ ਠਹਿਰਾਉਣ ਦਾ ਸਮਾਂ ਆ ਗਿਆ ਹੈ।

ਨਵੰਬਰ 84 ਕਤਲੇਆਮ ਨੂੰ ਭਾਰਤ ਦੀ ਜਮਹੂਰੀਅਤ 'ਤੇ ਕਲੰਕ ਦੱਸਦਿਆਂ ਮਾਰਚ ਦੇ ਪ੍ਰਬੰਧਕਾਂ ਨੇ ਕਿਹਾ ਕਿ ਸਿੱਖ 38 ਸਾਲਾਂ ਤੋਂ ਸਿੱਖ ਇਨਸਾਫ਼ ਦੀ ਤਲਾਸ਼ ਕਰ ਰਹੇ ਹਨ, ਪਰ ਇਸ ਮੁਲਕ ਦਾ ਰਾਜਸੀ ਅਤੇ ਜਸਟਿਸ ਸਿਸਟਮ ਖੋਖ਼ਲਾ ਅਤੇ ਨਿਪੁਸੰਕ ਸਾਬਿਤ ਹੋਇਆ ਹੈ।

ਉਨ੍ਹਾਂ ਕਿਹਾ ਕਿ ਸੰਯੁਕਤ ਰਾਸ਼ਟਰ ਦੀ ਚੁੱਪ ਵੀ ਹੈਰਾਨ ਕਰਨ ਵਾਲੀ ਹੈ। 38 ਸਾਲ ਬੀਤਣ ਤੋਂ ਬਾਅਦ ਵੀ ਸੰਯੁਕਤ ਰਾਸ਼ਟਰ ਉਸ ਸਮੇਂ ਦੀ ਭਾਰਤੀ ਸਿਆਸੀ ਲੀਡਰਸ਼ਿਪ ਨੂੰ ਮਨੁੱਖਤਾ ਵਿਰੁੱਧ ਅਪਰਾਧਾਂ ਲਈ ਜਵਾਬਦੇਹ ਠਹਿਰਾਉਣ ਵਿੱਚ ਅਸਫਲ ਰਿਹਾ ਹੈ।

ਸਿੱਖ ਕਤਲੇਆਮ ਲਈ ਦੇਸ਼ ਦੇ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅਤੇ ਉਨ੍ਹਾਂ ਦੀ ਕੈਬਨਿਟ ਸਮੇਤ ਪੂਰੇ ਭਾਰਤ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਅਜ਼ਾਦੀ ਪੱਖੀ ਸਿੱਖ ਜੱਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਭਾਰਤ ਅੰਦਰ ਜਦੋਂ ਵੀ ਘੱਟ-ਗਿਣਤੀ ਕੌਮਾਂ ਨਾਲ ਬੇਇਨਸਾਫ਼ੀ ਹੋਈ ਹੈ, ਅਪਰਾਧੀਆਂ ਨੂੰ ਮੰਤਰੀ ਮੰਡਲ ਦੇ ਅਹੁਦਿਆਂ ਨਾਲ ਨਿਵਾਜਿਆ ਗਿਆ ਤਾਂ ਜੋ ਨਫ਼ਰਤ ਦਾ ਸ਼ਿਕਾਰ ਹੋਈ ਘੱਟਗਿਣਤੀ ਨੂੰ ਚਿੜਾਇਆ ਅਤੇ ਬਹੁ-ਗਿਣਤੀ ਨੂੰ ਖੁਸ਼ ਕੀਤਾ ਜਾ ਸਕੇ।

ਉਨ੍ਹਾਂ ਕਿਹਾ ਕਿ ਜੇਕਰ 1984 ਦੇ ਕਤਲੇਆਮ ਦੇ ਦੋਸ਼ੀਆਂ ਨੂੰ ਸਮੇਂ ਅਨੁਸਾਰ ਸਜ਼ਾਵਾਂ ਦਿੱਤੀਆਂ ਹੁੰਦੀਆਂ ਤਾਂ 2002 ਵਿਚ ਗੁਜਰਾਤ, 2008 ਵਿਚ ਉੜੀਸਾ, 2019 ਵਿੱਚ ਕਸ਼ਮੀਰ ਅਤੇ 2020 ਵਿਚ ਦਿੱਲੀ ਵਿਚ ਘੱਟ-ਗਿਣਤੀ ਕੌਮਾਂ ਦਾ ਕਤਲੇਆਮ ਨਾ ਹੁੰਦਾ। ਉਨ੍ਹਾਂ ਕਿਹਾ ਕਿ 38 ਸਾਲ ਬੀਤ ਜਾਣ ਤੋਂ ਬਾਅਦ ਵੀ ਦੋਸ਼ੀ ਆਜ਼ਾਦ ਘੁੰਮ ਰਹੇ ਹਨ। ਸਿਰਫ਼ ਛੋਟੀਆਂ ਮੱਛੀਆਂ ਨੂੰ ਫੜ ਕੇ ਕੈਦ ਕੀਤਾ ਗਿਆ, ਪਰ ਮਗਰਮੱਛ ਸਮੇਂ-ਸਮੇਂ 'ਤੇ ਭਾਰਤ ਅੰਦਰ ਬਦਲਦੀਆਂ ਸਰਕਾਰਾਂ ਦੀ ਪੁਸ਼ਤਪਨਾਹੀ ਹੇਠ ਕਾਨੂੰਨ ਦੀ ਅਖੌਤੀ ਲੰਬੀ ਬਾਂਹ ਤੋਂ ਬਚੇ ਬੈਠੇ ਹਨ।

ਦਲ ਖਾਲਸਾ ਦੇ ਸਕੱਤਰ ਪਰਮਜੀਤ ਸਿੰਘ ਟਾਂਡਾ ਨੇ ਕਿਹਾ ਕਿ ਸਿੱਖਾਂ ਦੀ ਮੌਜੂਦਾ ਸਥਿਤੀ ਅਤੇ ਪੰਜਾਬ ਵਿੱਚ ਸਿੱਖ ਕੌਮ ਦੀ ਮੁੱਖ ਧਾਰਾ ਦੀ ਸਿਆਸੀ ਲੀਡਰਸ਼ਿਪ ਦੀ ਸਥਿਤੀ ਭਾਵੇਂ ਕੁਝ ਵੀ ਹੋਵੇ, ਪਰ ਦਿੱਲੀ ਵੱਲੋਂ ਸਿੱਖਾਂ ਨਾਲ ਕੀਤੀਆਂ ਜਾ ਰਹੀਆਂ ਬੇਇਨਸਾਫ਼ੀਆਂ ਅਤੇ ਵਤੀਰਿਆਂ ਕਾਰਨ ਪੰਜਾਬ ਦੇ ਲੋਕਾਂ ਅੰਦਰ ਬੇਚੈਨੀ, ਰੋਹ ਅਤੇ ਗੁਸੇ ਦਾ ਆਲਮ ਪਣਪ ਰਿਹਾ ਹੈ।

ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਕਰਨੈਲ ਸਿੰਘ ਪੰਜੋਲੀ ਨੇ ਕਿਹਾ ਕਿ ਦਮਨਕਾਰੀ ਸਟੇਟ ਵੱਲੋਂ ਕੀਤੇ ਗਏ ਸਿੱਖ ਕਤਲੇਆਮ ਤੋਂ ਬਾਅਦ ਦੁਨੀਆਂ ਦੀਆ ਸ਼ਕਤੀਆਂ ਨੇ ਸਿੱਖ ਕੌਮ ਦੇ ਹੱਕ ਵਿੱਚ ਹਾਅ ਦਾ ਨਾਹਰਾ ਨਹੀਂ ਮਾਰਿਆ ਜਿਸ ਨੇ ਅੰਤਰਰਾਸ਼ਟਰੀ ਸੰਸਥਾਵਾਂ ਦੀ ਭਰੋਸੇਯੋਗਤਾ ਤੇ ਸਵਾਲ ਖੜ੍ਹੇ ਕੀਤੇ ਹਨ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਬਾਬਾ ਹਰਦੀਪ ਸਿੰਘ ਮਹਿਰਾਜ, ਸੁਰਜੀਤ ਸਿੰਘ ਖਾਲਿਸਤਾਨੀ, ਕੁਲਦੀਪ ਸਿੰਘ, ਪ੍ਰਭਜੀਤ ਸਿੰਘ, ਜਗਜੀਤ ਸਿੰਘ ਖੋਸਾ, ਗੁਰਪ੍ਰੀਤ ਸਿੰਘ ਖੁੱਡਾ, ਗੁਰਨਾਮ ਸਿੰਘ ਮੂਨਕਾਂ, ਜਸਬੀਰ ਸਿੰਘ ਖੰਡੂਰ ਆਦਿ ਹਾਜ਼ਰ ਸਨ।

## ਸ਼ਹੀਦ ਭਾਈ ਨਿਰਮਲ ਸਿੰਘ ਅਤੇ ਨਵੰਬਰ 1984 ਦੇ ਸਮੂਹ ਸ਼ਹੀਦਾਂ ਦੀ ਯਾਦ 'ਚ ਹੋਏ ਅਖੰਡ ਕੀਰਤਨੀ ਸਮਾਗਮ

### ਬੰਦੀ ਸਿੰਘਾਂ ਦੀ ਰਿਹਾਈ ਲਈ ਉਚੇਚੇ ਤੌਰ 'ਤੇ ਹੋਈ ਅਰਦਾਸ



ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ :- ਦਿੱਲੀ ਵਿਖੇ ਹੋਏ ਨਵੰਬਰ 1984 ਵਿਚ ਸਿੱਖ ਕਤਲੇਆਮ ਦੇ ਸ਼ਹੀਦ ਭਾਈ ਨਿਰਮਲ ਸਿੰਘ ਪਿਤਾ ਬੀਬੀ ਨਿਰਪ੍ਰੀਤ ਕੌਰ (ਸੱਜਣ ਕੁਮਾਰ ਖਿਲਾਫ ਗਵਾਹ) ਅਤੇ ਸਮੂਹ ਸਿੰਘ-ਸਿੰਘਣੀਆਂ, ਬੱਚਿਆਂ ਅਤੇ ਬਜ਼ੁਰਗਾਂ ਦੀ ਯਾਦ ਵਿਚ ਅਖੰਡ ਕੀਰਤਨੀ ਜੱਥਾ ਦਿੱਲੀ ਵਲੋਂ ਵਿਸ਼ੇਸ਼ ਤੌਰ 'ਤੇ ਅਖੰਡ ਕੀਰਤਨੀ ਸਮਾਗਮ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਸਜਾਏ ਗਏ ਸਨ। ਜ਼ਿਕਰਯੋਗ ਹੈ ਕਿ ਦੇਸ਼ ਦੀ ਰਾਜਧਾਨੀ ਦਿੱਲੀ ਅਤੇ ਕਈ ਹੋਰ ਰਾਜਾਂ ਅੰਦਰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਜਿਨ੍ਹਾਂ ਨੇ ਸ੍ਰੀ ਦਰਬਾਰ ਸਾਹਿਬ ਅਤੇ ਅਕਾਲ ਤਖਤ ਸਾਹਿਬ ਤੇ ਫੌਜ ਚੜ੍ਹਾ ਕੇ ਬੇਹੁਰਮਤੀ ਕੀਤੀ ਸੀ, ਨੂੰ ਭਾਈ ਬੇਅੰਤ ਸਿੰਘ ਭਾਈ ਸਤਵੰਤ ਸਿੰਘ ਅਤੇ ਭਾਈ ਕੇਹਰ ਸਿੰਘ ਨੇ ਇਨਸਾਫ ਕਰਦਿਆਂ ਉਨ੍ਹਾਂ ਦੇ ਘਰ ਵਿਚ ਹੀ ਗੋਲੀਆਂ ਨਾਲ ਵਿਨ ਕੇ ਗੱਡੀ ਚੜ੍ਹਾ ਦਿੱਤਾ ਸੀ ਜਿਸ ਉਪਰੰਤ ਗਿਣੀ ਮਿੱਥੀ ਸਾਜ਼ਿਸ਼ ਤਹਿਤ ਲਗਾਤਾਰ ਤਿੰਨ ਦਿਨ ਤੱਕ ਸਿੱਖ ਪਰਿਵਾਰਾਂ ਦੀ ਨਿਸ਼ਾਨਦੇਹੀ ਕਰਕੇ ਕਤਲੇਆਮ, ਬੀਬੀਆਂ ਨਾਲ ਜ਼ਬਰ ਜਿਨਾਹ ਕੀਤਾ ਗਿਆ ਸੀ ਤੇ ਉਨ੍ਹਾਂ ਦੀ ਅਰਬਾਂ ਖਰਬਾਂ ਦੀ ਜਾਇਦਾਦ ਲੁੱਟਣ ਦੇ ਨਾਲ ਨਾਲ ਖੁਰਦ ਬੁਰਦ ਕਰ ਦਿੱਤੀ ਗਈ ਸੀ। ਅਖੰਡ ਕੀਰਤਨੀ ਜੱਥਾ (ਦਿੱਲੀ) ਹਰ ਸਾਲ ਇਨ੍ਹਾਂ ਸ਼ਹੀਦਾਂ ਦੀ ਯਾਦਗਾਰ ਮਨਾਉਂਦਾ ਹੈ। ਇਸ ਸਮਾਗਮ ਵਿਚ ਭਾਈ ਦਵਿੰਦਰ ਸਿੰਘ ਧਾਰੀਵਾਲ (ਗੁਰਦਾਸਪੁਰੀ) ਨੇ ਉਚੇਚੇ ਤੌਰ 'ਤੇ ਕੀਰਤਨੀ ਹਾਜ਼ਰੀ ਭਰੀ ਸੀ।

ਜਥੇ ਦੇ ਸਾਬਕਾ ਆਗੂ ਭਾਈ ਅਰਵਿੰਦਰ ਸਿੰਘ ਰਾਜਾ ਨੇ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ 1984 ਸਿੱਖ ਕਤਲੇਆਮ ਦੇ ਦੋਸ਼ੀ ਜੋ ਕਿ ਹਾਲੇ ਵੀ ਕਾਨੂੰਨ ਦੇ ਹੱਥਾਂ ਤੋਂ ਬਾਹਰ ਘੁੰਮ ਰਹੇ ਹਨ, ਲਈ ਸਜ਼ਾ ਯਕੀਨੀ ਬਨਾਉਣ ਦੇ ਨਾਲ ਉਨ੍ਹਾਂ ਨੂੰ ਜਲਦ ਤੋਂ ਜਲਦ ਸਲਾਖਾਂ ਪਿੱਛੇ ਭੇਜਿਆ ਜਾਏ ਤਾਂ ਜੋ ਪੀੜਤਾਂ ਨੂੰ ਇਨਸਾਫ਼ ਮਿਲ ਸਕੇ। ਇਸਦੇ ਨਾਲ ਹੀ ਉਨ੍ਹਾਂ ਨੇ ਪਿਛਲੇ ਲੰਮੇ ਸਾਲਾਂ ਤੋਂ ਵੱਖ-ਵੱਖ ਜੇਲ੍ਹਾਂ ਅੰਦਰ ਬੰਦ ਸਿੱਖ ਬੰਦੀ ਸਿੰਘਾਂ ਦੀ ਰਿਹਾਈ ਦੀ ਵੀ ਮੰਗ ਕੀਤੀ। ਸਮਾਗਮ ਦੀ ਸਮਾਪਤੀ ਤੇ ਸਮੂਹ ਬੰਦੀ ਸਿੰਘਾਂ ਦੀ ਬੰਦ ਖਲਾਸੀ ਅਤੇ ਦੇਹ ਅਰੋਗਤਾ ਦੇ ਨਾਲ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ। ਉਪਰੰਤ ਕੜਾਹ ਪ੍ਰਸਾਦਿ ਦੀ ਦੇਗ ਅਤੇ ਗੁਰੂ ਕਾ ਲੰਗਰ ਅਟੁੱਟ ਵਰਤਾਇਆ ਗਿਆ।

*ਮਾਮਲਾ ਬੰਦੀ ਸਿੰਘਾਂ ਦੀ ਰਿਹਾਈ ਦਾ*

## ਮਨੁੱਖੀ ਅਧਿਕਾਰ ਸੰਗਠਨ ਵਲੋਂ ਜੰਤਰ ਮੰਤਰ ਵਿਖੇ ਧਰਨਾ




ਦਿੱਲੀ/ਏ.ਟੀ.ਨਿਊਜ਼ :- ਬੰਦੀ ਸਿੰਘਾਂ ਦੀ ਰਿਹਾਈ ਦੇ ਮੁੱਦੇ ਨੂੰ ਲੈ ਕੇ ਮਨੁੱਖੀ ਅਧਿਕਾਰ ਸੰਗਠਨ ਵਲੋਂ ਜੰਤਰ ਮੰਤਰ ਵਿਖੇ ਧਰਨਾ ਦਿੱਤਾ ਗਿਆ। ਬੀਬੀ ਜਸਵਿੰਦਰ ਕੌਰ ਸੋਹਲ ਦੀ ਅਗਵਾਈ ਵਿਚ ਧਰਨੇ ਦੌਰਾਨ ਮੋਦੀ ਸਰਕਾਰ ਨੂੰ ਚੇਤਾ ਕਰਵਾਇਆ ਗਿਆ ਕਿ ਕੇਂਦਰ ਵਲੋਂ 3 ਸਾਲ ਪਹਿਲਾਂ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਬੰਦੀ ਸਿੰਘਾਂ ਦੀ ਰਿਹਾਈ ਬਾਰੇ ਜੋ ਵਾਅਦਾ ਕੀਤਾ ਗਿਆ ਸੀ, ਉਸ 'ਤੇ ਹਾਲੇ ਤੱਕ ਅਮਲ ਨਹੀਂ ਹੋਇਆ ਹੈ। ਧਰਨੇ ਵਿਚ ਪੰਥਕ ਸਮਾਜ ਤੇ ਸਿੱਖ ਸਟੂਡੈਂਟ ਫੈਡਰੇਸ਼ਨ ਗਰੇਵਾਲ ਦੇ ਆਗੂਆਂ ਤੇ ਹੋਰ ਪੰਥਕ ਸ਼ਖਸੀਅਤਾਂ ਨੇ ਵੀ ਹਾਜ਼ਰੀ ਭਰੀ। ਇਸ ਮੌਕੇ ਬੀਬੀ ਸੋਹਲ ਨੇ ਕਿਹਾ ਕਿ ਸਜ਼ਾਵਾਂ ਪੂਰੀ ਕਰ ਚੁੱਕੇ ਬੰਦੀ ਸਿੰਘਾ ਦੀ ਰਿਹਾਈ ਨਾ ਕਰਨਾ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਹੈ। ਫੈਡਰੇਸ਼ਨ ਗਰੇਵਾਲ ਦੇ ਮੁੱਖ ਸੇਵਾਦਾਰ ਤੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਅਜ਼ਾਦੀ ਤੇ ਦੇਸ਼ ਦੀ ਤਰੱਕੀ 'ਚ ਸਿੱਖਾਂ ਦੇ ਮਹੱਤਵਪੂਰਨ ਯੋਗਦਾਨ ਨੂੰ ਪਾਸੇ ਕਰਕੇ ਮੋਦੀ ਤੇ ਕੇਜਰੀਵਾਲ ਸਰਕਾਰ ਵਲੋਂ ਸਿੱਖਾਂ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ। ਇਸ ਮੌਕੇ ਦਿੱਲੀ ਕਮੇਟੀ ਮੈਂਬਰ ਬੀਬੀ ਰਣਜੀਤ ਕੌਰ, ਸੁਖਵਿੰਦਰ ਸਿੰਘ ਬੱਬਰ, ਬਲਿਹਾਰ ਸਿੰਘ, ਮਨਜੀਤ ਸਿੰਘ ਭੰਮਰਾ, ਰਵਿੰਦਰ ਸਿੰਘ ਸ਼ਿੱਬੂ, ਸੁਰਿੰਦਰ ਸਿੰਘ, ਹਰਲੀਨ ਕੌਰ, ਕੰਵਲਜੀਤ ਕੌਰ, ਗੁਰਨਾਮ ਸਿੰਘ ਪਟਿਆਲਾ, ਸੁਬੀਰ ਕੌਰ, ਹਰਦੀਪ ਕੌਰ, ਮਨਜੀਤ ਕੌਰ ਜੱਗੀ ਤੇ ਹੋਰ ਹਾਜ਼ਰ ਸਨ।

## ਸਚੋ ਸੱਚ ਦਸ ਵੇ ਜੋਗੀਆ

# ਸੋਸ਼ਲ ਮੀਡੀਆ ’ਤੇ ਸਿੱਖਾਂ ਨੂੰ ਨਸਲਕੁਸ਼ੀ ਦੀ ਧਮਕੀ

**☛ ਜਥੇਦਾਰ ਅਕਾਲ ਤਖਤ ਸਾਹਿਬ ਨੇ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਕਰੇ ਸਖਤ ਕਾਰਵਾਈ ☛ ਭਾਈ ਦਲਜੀਤ ਸਿੰਘ ਬਿੱਟੂ ਤੇ ਭਾਈ ਅੰਮ੍ਰਿਤ ਪਾਲ ਸਿੰਘ ਨੇ ਕਿਹਾ ਕਿ ਸੰਦੀਪ ਸਿੰਘ ਦੇ ਪਰਿਵਾਰ ਦੀ ਸੰਭਾਲ ਪੰਥ ਕਰੇਗਾ, ਧਮਕੀਆਂ ਬਰਦਾਸ਼ਤ ਨਹੀਂ ਹੋਣਗੀਆਂ**



ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸੋਸ਼ਲ ਮੀਡੀਆ ’ਤੇ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਤੇ ਨਸਲਕੁਸ਼ੀ ਦੀਆਂ ਧਮਕੀਆਂ ਦੇਣ ਵਾਲੇ ਫਿਰਕਾਪ੍ਰਸਤਾਂ ’ਤੇ ਕੇਂਦਰ ਤੇ ਪੰਜਾਬ ਸਰਕਾਰ ਸਖ਼ਤ ਕਾਨੂੰਨੀ ਕਾਰਵਾਈ ਕਰੇ ਤਾਂ ਜੋ ਪੰਜਾਬ ਦਾ ਮਾਹੌਲ ਸ਼ਾਂਤ ਰਹੇ ਤੇ ਪੰਜਾਬ ਅੰਦਰ ਕੋਈ ਵੀ ਅਣਹੋਣੀ ਘਟਨਾ ਨਾ ਵਾਪਰੇ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਦਿਨਾਂ ਤੋਂ ਪੰਜਾਬ ਅੰਦਰ ਸੋਸ਼ਲ ਮੀਡੀਆ ’ਤੇ ਬੜੇ ਜ਼ੋਰਾਂ-ਸ਼ੋਰਾਂ ਨਾਲ ਸਿੱਖਾਂ ਖਿਲਾਫ਼ ਨਫ਼ਰਤ ਭਰਿਆ ਪ੍ਰਚਾਰ ਚੱਲ ਰਿਹਾ ਹੈ ਤੇ ਸਿੱਖਾਂ ਖਿਲਾਫ਼ ਜ਼ਹਿਰੀਲਾ ਪ੍ਰਚਾਰ ਕਰਕੇ 2 ਪ੍ਰਤੀਸ਼ਤ ਸਿੱਖ ਦੱਸ ਕੇ ਉਨ੍ਹਾਂ ਨੂੰ ਮਾਰਨ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ। ਅੰਮ੍ਰਿਤਸਰ ’ਚ ਹੋਏ ਕਤਲ ਕੇਸ ’ਚ ਫੜੇ ਗਏ ਸੰਦੀਪ ਸਿੰਘ ਦੀ ਮਾਤਾ, ਉਸ ਦੀ ਪਤਨੀ ਤੇ ਪਰਿਵਾਰ ਬਾਰੇ ਬਹੁਤ ਹੀ ਘਟੀਆ ਸ਼ਬਦਾਵਲੀ ਵਰਤੀ ਜਾ ਰਹੀ ਹੈ। ਇਸ ਘਟੀਆ ਵਰਤਾਰੇ ਨੂੰ ਪੰਜਾਬ ਅੰਦਰੋਂ ਤੁਰੰਤ ਰੋਕਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰਾਂ ਸਿੱਖਾਂ ਖਿਲਾਫ਼ ਨਫ਼ਰਤੀ ਵਰਤਾਰੇ ਨੂੰ ਰੋਕਣ ਵਿਚ ਨਾਕਾਮਯਾਬ ਰਹਿੰਦੀਆਂ ਹਨ ਤੇ ਘਟੀਆ ਸ਼ਬਦਾਵਲੀ ਵਰਤਣ ਵਾਲੇ ਲੋਕਾਂ ’ਤੇ ਲਗਾਮ ਨਹੀਂ ਕੱਸਦੀਆਂ ਤਾਂ ਆਉਣ ਵਾਲੇ ਦਿਨਾਂ ਵਿਚ ਇਸ ਦੇ ਨਤੀਜੇ ਬਹੁਤ ਭਿਆਨਕ ਨਿਕਲ ਸਕਦੇ ਹਨ ਤੇ ਪੰਜਾਬ ਦਾ ਮਾਹੌਲ ਫਿਰ ਤੋਂ ਖਰਾਬ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਸਿੱਖ ਕਦੇ ਵੀ ਕਿਸੇ ਕਿਸਮ ਦਾ ਨਫ਼ਰਤੀ ਪ੍ਰਚਾਰ-ਪ੍ਰਸਾਰ ਨਹੀਂ ਕਰਦਾ ਤੇ ਨਾ ਹੀ ਕਿਸੇ ਧਰਮ ਜਾਂ ਕਿਸੇ ਗ੍ਰੰਥ ਦਾ ਨਿਰਾਦਰ ਕਰਦਾ ਹੈ। ਹਾਂ, ਜਦੋਂ ਉਨ੍ਹਾਂ ਦੇ ਧਾਰਮਿਕ ਗ੍ਰੰਥ ਦੀ ਬੇਅਦਬੀ ਹੁੰਦੀ ਹੈ ਜਾਂ ਮਾੜਾ ਬੋਲਿਆ ਜਾਂਦਾ ਹੈ ਜਾਂ ਮਜ਼ਾਕ ਉਡਾਇਆ ਜਾਂਦਾ ਹੈ ਜਾਂ ਜਦੋਂ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਦਾ ਯਤਨ ਕੀਤਾ ਜਾਂਦਾ ਹੈ ਤਾਂ ਉਦੋਂ ਜ਼ਰੂਰ ਅਗਰੈਸਿਵ ਹੁੰਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਦਾ ਮਾਹੌਲ ਸ਼ਾਂਤ ਰੱਖਣਾ ਹੈ ਤਾਂ ਸਰਕਾਰਾਂ ਸਿੱਖਾਂ ਖਿਲਾਫ਼ ਜਾਣਬੁੱਝ ਕੇ ਨਫ਼ਰਤ ਫੈਲਾਉਣ ਤੇ ਮਾਹੌਲ ਖਰਾਬ ਕਰਨ ਵਾਲਿਆਂ ’ਤੇ ਸਖ਼ਤ ਕਾਰਵਾਈ ਕਰਨ। ਯਾਦ ਰਹੇ ਭਾਈ ਅੰਮ੍ਰਿਤ ਪਾਲ ਸਿੰਘ ਨੇ ਸਰਕਾਰ ਨੂੰ ਤਾੜਨਾ ਕੀਤੀ ਸੀ ਕਿ ਜੇਕਰ ਸੰਦੀਪ ਸਿੰਘ ਦੇ ਪਰਿਵਾਰ ਨਾਲ ਕੁਝ ਵੀ ਵਾਪਰਿਆ ਸਰਕਾਰ ਜਿੰਮੇਵਾਰ ਹੋਵੇਗੀ। ਉਨ੍ਹਾਂ ਕਿ ਖਾਲਸਾ ਪੰਥ ਸੰਦੀਪ ਸਿੰਘ ਦੇ ਪਰਿਵਾਰ ਦੀ ਸੰਭਾਲ ਕਰੇਗਾ।ਭਾਈ ਦਲਜੀਤ ਸਿੰਘ ਬਿਟੂ ਨੇ ਕਿਹਾ ਕਿ ਸੰਦੀਪ ਸਿੰਘ ਦਾ ਪਰਿਵਾਰ ਪੰਥਕ ਪਰਿਵਾਰ ਹੈ, ਇਸ ਦੀ ਸੰਭਾਲ ਪੰਥ ਕਰੇਗਾ। ਦਮਦਮੀ ਟਕਸਾਲ ਦੇ ਸਿੰਘਾਂ ਨੇ ਕਿਹਾ ਕਿ ਸੰਦੀਪ ਸਿੰਘ ਦੇ ਘਰ ਅੱਗੇ ਸਿੰਘਾਂ ਦਾ ਪਹਿਰਾ ਹੋਵੇਗਾ।

### ਪੰਜਾਬ ਦੇ ਪੁਲਸ ਥਾਣਿਆਂ ਵਿਚ ਤਮੀਜ਼ ਨਾਲ ਵਿਹਾਰ ਹੋਵੇਗਾ

ਪੰਜਾਬ ਦੇ ਪੁਲਸ ਥਾਣਿਆਂ ਵਿਚ ਹੁਣ ਲੋਕਾਂ ਨਾਲ ਤੂੰ-ਤੜਾਕ ਨਹੀਂ ਕੀਤੀ ਜਾਵੇਗੀ, ਸਗੋਂ ਪੁਲਸ ਮੁਲਾਜਮਾਂ ਵੱਲੋਂ ਉਨ੍ਹਾਂ ਨੂੰ ‘ਜੀ ਆਇਆਂ ਨੂੰ’ ਕਿਹਾ ਜਾਵੇਗਾ। ਦੱਸਿਆ ਜਾ ਰਿਹਾ ਹੈ ਕਿ ਇਸ ਦੇ ਲਈ ਪੰਜਾਬ ਪੁਲਿਸ ਦੇ ਮੁਲਾਜਮਾਂ ਅਤੇ ਅਧਿਕਾਰੀਆਂ ਨੂੰ ਵਿਸ਼ੇਸ਼ ਟ੍ਰੇਨਿੰਗ ਦਿੱਤੀ ਜਾ ਰਹੀ ਹੈ। ਸਿਰਫ ਇੰਨਾ ਹੀ ਨਹੀਂ, ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿਚ 400 ਤੋਂ ਜਿਆਦਾ ਦੇ ਕਰੀਬ ਥਾਣਿਆਂ ਅਤੇ ਚੌਂਕੀਆਂ ’ਚ ਫਰੰਟ ਡੈਸਕ ਵੀ ਬਣਾਏ ਜਾਣਗੇ। ਇਸ ਨਾਲ ਲੋਕਾਂ ਦੀ ਇਹ ਸ਼ਿਕਾਇਤ ਦੂਰ ਹੋਵੇਗੀ ਕਿ ਪੁਲਿਸ ਮੁਲਾਜਮ ਅਤੇ ਅਧਿਕਾਰੀ ਉਨ੍ਹਾਂ ਨੂੰ ਸਨਮਾਨ ਨਹੀਂ ਦਿੰਦੇ। ਲੋਕਾਂ ਦਾ ਕਹਿਣਾ ਹੈ ਕਿ ਜਦੋਂ ਵੀ ਕੋਈ ਸ਼ਿਕਾਇਤਕਰਤਾ ਪੁਲਿਸ ਥਾਣੇ ਜਾਂ ਚੌਂਕੀ ਜਾਂਦੀ ਹੈ ਤਾਂ ਪੁਲਿਸ ਮੁਲਾਜਮ ਉਸ ਨਾਲ ਤੂੰ-ਤੜਾਕ ਕਰਕੇ ਗੱਲ ਕਰਦੇ ਹਨ, ਜਿਸ ਕਾਰਨ ਲੋਕ ਪ੍ਰੇਸ਼ਾਨ ਹਨ। ਇਸ ਸਬੰਧੀ ਸਰਕਾਰ ਕੋਲ ਲਗਾਤਾਰ ਸ਼ਿਕਾਇਤਾਂ ਪੁੱਜ ਰਹੀਆਂ ਸਨ। ਦੱਸਿਆ ਜਾ ਰਿਹਾ ਹੈ ਕਿ ਪੰਜਾਬ ਸਰਕਾਰ ਨੇ ਪੰਜਾਬ ਪੁਲਿਸ ਨੂੰ ਹੁਕਮ ਦਿੱਤੇ ਹਨ ਕਿ ਪੁਲਿਸ ਥਾਣੇ, ਚੌਂਕੀਆਂ ਅਤੇ ਮੁੱਖ ਦਫਤਰਾਂ ’ਚ ਆਉਣ ਵਾਲੇ ਲੋਕਾਂ ਨਾਲ ਸਨਮਾਨਜਨਕ ਢੰਗ ਨਾਲ ਗੱਲ ਕੀਤੀ ਜਾਵੇ ਅਤੇ ਫਰੰਟ ਡੈਸਕ ਬਣਾਏ ਜਾਣ। ਫਰੰਟ ਡੈਸਕ ਰਾਹੀਂ ਲੋਕਾਂ ਨੂੰ ਉਨ੍ਹਾਂ ਦੀ ਸ਼ਿਕਾਇਤ ਦਾ ਫਾਲੋਅਪ ਵੀ ਮਿਲ ਸਕੇਗਾ। ਸ਼ਿਕਾਇਤ ਦਰਜ ਕੀਤੇ ਜਾਣ ਤੋਂ ਬਾਅਦ ਮੇਲ ’ਤੇ ਇਸ ਦੀ ਕਾਪੀ ਜਾਂ ਆਈ. ਡੀ. ਦਿੱਤੀ ਜਾਵੇਗੀ। ਇਸ ਤਰ੍ਹਾਂ ਨਾਲ ਲੋਕਾਂ ਵਿਚਕਾਰ ਪੁਲਿਸ ਦਾ ਅਕਸ ਵੀ ਬਦਲੇਗਾ।

### ਦੱਖਣ ਦੇ ਤਿੰਨ ਸੂਬਿਆਂ ਵਿਚ ਇਕੱਲਿਆਂ ਚੋਣਾਂ ਲੜੇਗੀ ਕਾਂਗਰਸ

ਕਾਂਗਰਸ ਦੀ ਭਾਰਤ ਜੋੜੋ ਯਾਤਰਾ ਦਾ ਇਕ ਵੱਡਾ ਸੰਕੇਤ ਇਹ ਹੈ ਕਿ ਦੱਖਣੀ ਭਾਰਤ ਦੇ ਤਿੰਨ ਸੂਬਿਆਂ ’ਚ ਪਾਰਟੀ ਇਕੱਲਿਆਂ ਚੋਣਾਂ ਲੜੇਗੀ। ਦੱਖਣੀ ਭਾਰਤ ਦੇ ਪੰਜ ਸੂਬਿਆਂ ਅਤੇ ਇਕ ਕੇਂਦਰ ਸ਼ਾਸਿਤ ਸੂਬਿਆਂ ਵਿਚੋਂ ਤਿੰਨ ਥਾਵਾਂ ’ਤੇ ਪਹਿਲਾਂ ਤੋਂ ਹੀ ਕਾਂਗਰਸ ਦਾ ਗੱਠਜੋੜ ਹੈ। ਤਾਮਿਲਨਾਡੂ ਅਤੇ ਕੇਂਦਰ ਸ਼ਾਸਿਤ ਪੁਡੂਚੇਰੀ ਵਿਚ ਉਸ ਦਾ ਡੀ.ਐਮ.ਕੇ. ਨਾਲ ਗੱਠਜੋੜ ਹੈ ਅਤੇ ਅਗਲੀਆਂ ਚੋਣਾਂ ’ਚ ਵੀ ਦੋਵੇਂ ਪਾਰਟੀਆਂ ਇਕੱਠੀਆਂ ਰਹਿਣਗੀਆਂ। ਇਸੇ ਤਰ੍ਹਾਂ ਕੇਰਲ ਵਿਚ ਦਹਾਕਿਆਂ ਤੋਂ ਕਾਂਗਰਸ ਦੀ ਅਗਵਾਈ ਵਾਲਾ ‘ਯੂਨਾਈਟਿਡ ਡੈਮੋਕ੍ਰੇਟਿਕ ਫਰੰਟ’ (ਸਾਂਝਾ ਜਮਹੂਰੀ ਫਰੰਟ) ਹੈ। ਇਸ ਲਈ ਇਨ੍ਹਾਂ ਤਿੰਨ ਸੂਬਿਆਂ ’ਚ ਇਹੋ ਸਥਿਤੀ ਰਹੇਗੀ, ਪਰ ਆਂਧਰਾ ਪ੍ਰਦੇਸ਼, ਤੇਲੰਗਾਨਾ ਅਤੇ ਕਰਨਾਟਕਾ ’ਚ ਕਾਂਗਰਸ ਇਕੱਲਿਆਂ ਲੜੇਗੀ। ਰਾਹੁਲ ਗਾਂਧੀ ਦੀ ਅਗਵਾਈ ਵਿਚ ਕਾਂਗਰਸ ਦੀ ਯਾਤਰਾ ਇਸ ਸਮੇਂ ਤੇਲੰਗਾਨਾ ’ਚ ਚੱਲ ਰਹੀ ਹੈ ਅਤੇ ਲੰਘੇ ਸੋਮਵਾਰ ਨੂੰ ਰੰਗਾਰੈੱਡੀ ਜ਼ਿਲ੍ਹੇ ਵਿਚ ਰਾਹੁਲ ਗਾਂਧੀ ਨੇ ਇਕ ਪ੍ਰੈੱਸ ਕਾਨਫਰੰਸ ਦੌ ਟੁੱਕ ਅੰਦਾਜ਼ ਵਿਚ ਕਿਹਾ ਕਿ ਤੇਲੰਗਾਨਾ ’ਚ ਸੱਤਾਧਾਰੀ ਤੇਲੰਗਾਨਾ ਰਾਸ਼ਟਰ ਸਮਿਤੀ, ਜਿਸ ਦਾ ਨਾਂ ਹੁਣ ਭਾਰਤ ਰਾਸ਼ਟਰ ਸਮਿਤੀ ਹੋ ਗਿਆ ਹੈ, ਦੇ ਨਾਲ ਕਾਂਗਰਸ ਦਾ ਕੋਈ ਸੰਬੰਧ ਨਹੀਂ ਹੈ। ਕਾਂਗਰਸ ਨੇ ਆਂਧਰਾ ਪ੍ਰਦੇਸ਼ ਤੋਂ ਵੱਖ ਤੇਲੰਗਾਨਾ ਸੂਬੇ ਦਾ ਗਠਨ ਕਰਵਾਇਆ ਅਤੇ ਕਾਇਦੇ ਨਾਲ ਉਸ ਨੂੰ ਇਸ ਦਾ ਫਾਇਦਾ ਮਿਲਣਾ ਚਾਹੀਦਾ ਸੀ, ਪਰ ਵੱਖਰਾ ਸੂਬਾ ਬਣਨ ਤੋਂ ਬਾਅਦ ਹੋਈਆਂ ਦੋਵਾਂ ਚੋਣਾਂ ਵਿਚ ਕਾਂਗਰਸ ਦਾ ਪ੍ਰਦਰਸ਼ਨ ਬਹੁਤ ਖ਼ਰਾਬ ਰਿਹਾ। ਇਸ ਵਾਰ ਕਾਂਗਰਸ ਉਮੀਦ ਕਰ ਰਹੀ ਹੈ ਕਿ ਉਸ ਦਾ ਪ੍ਰਦਰਸ਼ਨ ਸੁਧਰੇਗਾ। ਕਾਂਗਰਸ ਨੂੰ ਪਤਾ ਹੈ ਕਿ ਕੇ. ਚੰਦਰ ਸ਼ੇਖਰ ਰਾਓ ਦੀ ਪਾਰਟੀ ਦੇ ਨਾਲ ਤਾਲਮੇਲ ਕਰਕੇ ਕਾਂਗਰਸ ਨਹੀਂ ਬਚ ਸਕੇਗੀ, ਉਸ ਨਾਲ ਲੜ ਕੇ ਕਾਂਗਰਸ ਨੂੰ ਬਚਾਇਆ ਜਾ ਸਕਦਾ ਹੈ।



### ਸਿੰਗਾਪੁਰ ਵਿਚ ਸਿੱਖ ਧਰਮ ਦੇ ਖੋਜੀ ਅਮਰਦੀਪ ਸਿੰਘ ਮਿਲਿਆ ਗੁਰੂ ਨਾਨਕ ਇੰਟਰਫੇਥ ਇਨਾਮ

ਸਿੰਗਾਪੁਰ ਵਿਚ ਸਿੱਖਾਂ ਦੇ ਮੁੱਦੇ ’ਤੇ ਖੋਜ ਕਰਨ ਵਾਲੇ ਤੇ ਡਾਕੂਮੈਂਟਰੀ ਨਿਰਮਾਤਾ ਅਮਰਦੀਪ ਸਿੰਘ ਨੂੰ ਸਾਲ 2022 ਲਈ ‘ਗੁਰੂ ਨਾਨਕ ਇੰਟਰਫੇਥ ਪੁਰਸਕਾਰ’ ਨਾਲ ਸਨਮਾਨਿਤ ਕੀਤਾ ਗਿਆ ਹੈ। ਉੱਤਰ ਪ੍ਰਦੇਸ਼ ਦੇ ਗੋਰਖਪੁਰ ਵਿਚ ਪੈਦਾ ਹੋਏ ਅਮਰਦੀਪ ਸਿੰਘ ਤੇ ਉਨ੍ਹਾਂ ਦੀ ਪਤਨੀ ਵਿਨਿੰਦਰ ਕੌਰ ਸਿੰਗਾਪੁਰ ਵਿਚ ਵਿਜ਼ੁਅਲ ਮੀਡੀਆ ਪ੍ਰੋਡਕਸ਼ਨ ਹਾਊਸ ਲਾਸਟ ਹੈਰੀਟੇਜ ਪ੍ਰੋਡਕਸ਼ਨਜ਼ ਚਲਾ ਰਹੇ ਹਨ। ਨਿਊਯਾਰਕ ਦੀ ਹਾਫਸਟ੍ਰਾ ਯੂਨੀਵਰਸਿਟੀ ਵੱਲੋਂ ਦਿੱਤਾ ਜਾਂਦਾ 50 ਹਜ਼ਾਰ ਡਾਲਰ ਦਾ ਪੁਰਸਕਾਰ ਹਰ ਦੋ ਸਾਲਾਂ ਬਾਅਦ ਦਿੱਤਾ ਜਾਂਦਾ ਹੈ। ਇਹ ਪੁਰਸਕਾਰ ਅੰਤਰ ਧਾਰਮਿਕ ਵਿਸ਼ਵਾਸ ਨੂੰ ਉਤਸ਼ਾਹਤ ਕਰਨ ’ਚ ਅਹਿਮ ਕਾਰਜਾਂ ਨੂੰ ਮਾਨਤਾ ਦਿੰਦਾ ਹੈ। ਨਿਊਯਾਰਕ ਦੇ ਬਰੁਕਵਿਲੇ ’ਚ ਈਸ਼ਰ ਬਿੰਦਰਾ ਪਰਿਵਾਰ ਵੱਲੋਂ 2006 ’ਚ ਇਸ ਪੁਰਕਸਾਰ ਦੀ ਸਥਾਪਨਾ ਕੀਤੀ ਗਈ ਸੀ। ਅਮਰਦੀਪ ਦਾ ਪ੍ਰੋਡਕਸ਼ਨ ਹਾਊਸ ਭੁੱਲੀਆਂ ਵਿਸਰੀਆਂ ਵਿਰਾਸਤਾਂ ਦੇ ਖੋਜ ਤੇ ਰਿਕਾਰਡ ਤਿਆਰ ਕਰਨ ’ਤੇ ਕੇਂਦਰਤ ਹੈ। ਉਨ੍ਹਾਂ ਨੇ ਦੋ ਪੁਸਤਕਾਂ ‘ਲਾਸਟ ਹੈਰੀਟੇਜ’, ‘ਦਿ ਸਿੱਖ ਲਿਗੈਸੀ ਇਨ ਪਾਕਿਸਤਾਨ’ ਤੇ ‘ਦਿ ਕੁਐਸਟ ਕੰਟੀਨਿਊ : ਲਾਸਟ ਹੈਰੀਟੇਜ’, ‘ਦਿ ਸਿੱਖ ਲਿਗੈਸੀ ਇਨ ਪਾਕਿਸਤਾਨ’ ਲਿਖੀਆਂ ਹਨ ।

### ਮਮਤਾ ਨੇ ਕੇਂਦਰ ਅੱਗੇ ਗੋਡੇ ਟੇਕੇ



ਪਿਛਲੇ ਕੁਝ ਸਮੇਂ ਤੋਂ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਰਾਜਨੀਤੀ ਕਰਨ ਦਾ ਅੰਦਾਜ਼ ਬਹੁਤ ਬਦਲਿਆ ਹੋਇਆ ਜਿਹਾ ਪ੍ਰਤੀਤ ਹੁੰਦਾ ਹੈ। ਆਪਣੇ ਸੂਬੇ ਦੇ ਪਿਛਲੇ ਰਾਜਪਾਲ ਜਗਦੀਪ ਧਨਖੜ ਦੇ ਨਾਲ ਉਨ੍ਹਾਂ ਦਾ ਜਿਸ ਤਰ੍ਹਾਂ ਤਜਰਬਾ ਰਿਹਾ, ਉਸ ਨੂੰ ਦੇਖਦਿਆਂ ਉਨ੍ਹਾਂ ਨੇ ਸੂਬੇ ਦੇ ਕਾਰਜਕਾਰੀ ਰਾਜਪਾਲ ਲਾ. ਗਣੇਸ਼ ਦੇ ਨਾਲ ਸੁਖਾਵੇਂ ਸੰਬੰਧ ਬਣਾਉਣੇ ਸ਼ੁਰੂ ਕਰ ਦਿੱਤੇ ਹਨ। ਉਵੇਂ ਗਣੇਸ਼ ਵੀ ਪੂਰਨਕਾਲਿਕ ਰਾਜਪਾਲ ਨਾ ਹੋਣ ਦੇ ਕਾਰਨ ਪੱਛਮੀ ਬੰਗਾਲ ਵਿਚ ਜ਼ਿਆਦਾ ਸਰਗਰਮ ਨਹੀਂ ਹਨ। ਉਨ੍ਹਾਂ ਨੇ ਮਣੀਪੁਰ ਅਤੇ ਪੱਛਮੀ ਬੰਗਾਲ ਦੋਵੇਂ ਨਾਲ-ਨਾਲ ਦੇਖਣੇ ਹਨ। ਸੋ, ਜੁਲਾਈ ਵਿਚ ਉਨ੍ਹਾਂ ਦੇ ਕਾਰਜਕਾਰੀ ਰਾਜਪਾਲ ਬਣਨ ਤੋਂ ਬਾਅਦ ਸਰਕਾਰ ਅਤੇ ਰਾਜਭਵਨ ਵਿਚਾਲੇ ਸਦਭਾਵਨਾ ਦਿਖਾਈ ਦੇ ਰਹੀ ਹੈ। ਇਹ ਸਦਭਾਵਨਾ ਏਨੀ ਹੈ ਕਿ ਮਮਤਾ ਬੈਨਰਜੀ, ਜੋ ਕੇਂਦਰ ਸਰਕਾਰ ਦੇ ਪ੍ਰੋਗਰਾਮਾਂ ਲਈ ਦਿੱਲੀ ਆਉਣ ਤੋਂ ਵੀ ਪਰਹੇਜ਼ ਕਰਦੀ ਹੈ, ਉਹ ਰਾਜਪਾਲ ਗਣੇਸ਼ ਦੇ ਵੱਡੇ ਭਰਾ ਦੇ ਜਨਮ ਦਿਨ ਦੇ ਪ੍ਰੋਗਰਾਮ ’ਚ ਸ਼ਾਮਿਲ ਹੋਣ ਚੇਨੱਈ ਚਲੀ ਗਈ। ਸਵਾਲ ਹੈ ਕਿ ਇਸ ਨਾਲ ਉਹ ਕੀ ਸੰਦੇਸ਼ ਦੇਣਾ ਚਾਹੁੰਦੀ ਹੈ ? ਕੀ ਕਾਰਜਕਾਰੀ ਰਾਜਪਾਲ ਦੇ ਨਾਲ ਚੰਗੇ ਸੰਬੰਧ ਰੱਖਣ ਨਾਲ ਉਨ੍ਹਾਂ ਦੀ ਪਾਰਟੀ ਦੇ ਨੇਤਾਵਾਂ ਨੂੰ ਕੇਂਦਰੀ ਏਜੰਸੀਆਂ ਤੋਂ ਰਾਹਤ ਮਿਲ ਜਾਵੇਗੀ ? ਜਾਂ ਇਹ ਕਿਸੇ ਸੌਦੇਬਾਜ਼ੀ ਦਾ ਹਿੱਸਾ ਹੈ, ਜਿਸ ਦੇ ਦੋਸ਼ ਪਿਛਲੇ ਕੁਝ ਦਿਨਾਂ ਤੋਂ ਲੱਗ ਰਹੇ ਹਨ ? ਮਮਤਾ ਬੈਨਰਜੀ ਨੇ ਪਿਛਲੇ ਦਿਨੀਂ ਰਾਸ਼ਟਰੀ ਸੋਇਮ ਸੇਵਕ ਸੰਘ ਦੀ ਵੀ ਤਾਰੀਫ਼ ਕੀਤੀ ਸੀ ਅਤੇ ਇਨ੍ਹੀਂ ਦਿਨੀਂ ਉਨ੍ਹਾਂ ਨੇ ਵਿਰੋਧੀ ਪਾਰਟੀਆਂ ਤੋਂ ਵੀ ਦੂਰੀ ਬਣਾ ਰੱਖੀ ਹੈ। ਸੋ, ਅਜਿਹਾ ਲੱਗ ਰਿਹਾ ਹੈ ਕਿ ਉਹ ਆਪਣੇ ਸੂਬੇ ’ਚ ਹਿੰਦੂ ਵੋਟਰਾਂ ਨੂੰ ਪੂਰੀ ਤਰ੍ਹਾਂ ਨਾਲ ਆਪਣੇ ਖ਼ਿਲਾਫ਼ ਹੋਣ ਤੋਂ ਰੋਕਣ ਦੀ ਸਿਆਸਤ ਕਰ ਰਹੀ ਹੈ ਅਤੇ ਨਾਲ ਹੀ ਕੇਂਦਰੀ ਜਾਂਚ ਏਜੰਸੀਆਂ ਤੋਂ ਕੁਝ ਰਾਹਤ ਹਾਸਿਲ ਕਰਨ ਦੀ ਕੋਸ਼ਿਸ਼ ਵੀ ਕਰ ਰਹੀ ਹੈ।

# ਅੰਗਰੇਜ਼ੀ ਰਾਜ ਖ਼ਿਲਾਫ਼ ਲੜਾਈ ’ਚ ਪੰਜਾਬੀਆਂ ਤੇ ਬੰਗਾਲੀਆਂ ਨੇ ਮੋਹਰੀ ਭੂਮਿਕਾ ਨਿਭਾਈ : ਮਮਤਾ

**ਬੰਗਾਲੀਆਂ ਤੇ ਪੰਜਾਬੀਆਂ ਨੂੰ ਗੁਰੂ ਨਾਨਕ ਪ੍ਰਕਾਸ਼ ਪੁਰਬ ’ਤੇ ਮੁਬਾਰਕ ਦਿੱਤੀ, ਕਿਹਾ ਕਿ ਸਿੱਖਾਂ ਨੂੰ ਮੇਰਾ ਸਲਾਮ**

ਕੋਲਕਾਤਾ/ਏ.ਟੀ.ਨਿਊਜ਼ :- ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਕਿ ਅੰਗਰੇਜ਼ੀ ਰਾਜ ਖ਼ਿਲਾਫ਼ ਲੜਾਈ ਵਿਚ ਪੰਜਾਬ ਤੇ ਬੰਗਾਲ ਦੇ ਲੋਕਾਂ ਨੇ ਮੋਹਰੀ ਭੂਮਿਕਾ ਨਿਭਾਈ। ਸ਼ਹੀਦ ਮੀਨਾਰ ਗਰਾਊਂਡ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮ ਵਿਚ ਸ਼ਿਰਕਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਗੁਰੂ ਨਾਨਕ ਸਾਹਿਬ ਸਾਡਾ ਸਭਨਾਂ ਦਾ ਸਾਂਝਾ ਹੈ। ਬੰਗਾਲੀਆਂ ਨੂੰ ਗੁਰੂ ਨਾਨਕ ਦੀ ਵਿਚਾਰਧਾਰਾ ਉਪਰ ਮਾਣ ਹੈ। ਮੈਂ ਬੰਗਾਲੀਆਂ ਤੇ ਪੰਜਾਬੀਆਂ ਨੂੰ ਸਾਂਝੇ ਗੁਰੂ ਦੇ ਪ੍ਰਕਾਸ਼ ਉਤਸਵ ਦੀ ਵਧਾਈ ਦਿੰਦੀ ਹਾਂ।

ਉਨ੍ਹਾਂ ਕਿਹਾ ਕਿ ਪੰਜਾਬੀਆਂ ਤੇ ਬੰਗਾਲੀਆਂ ਦਾ ਆਪਸ ਵਿਚ ਡੂੰਘਾ ਰਿਸ਼ਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਤੁਸੀਂ ਅੰਡੇਮਾਨ ਸੈਲੂਲਰ ਜੇਲ੍ਹ ਜਾ ਕੇ ਅੰਗਰੇਜ਼ੀ ਰਾਜ ਖ਼ਿਲਾਫ਼ ਲੜਨ ਵਾਲਿਆਂ ਦੀ ਸੂਚੀ ਵੇਖੋ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਅੰਗਰੇਜ਼ੀ ਰਾਜ ਵਿਰੁੱਧ ਲੜਾਈ ’ਚ ਪੰਜਾਬੀ ਤੇ ਬੰਗਾਲੀ ਮੋਹਰੀ ਰਹੇ। ਪੰਜਾਬ ਵਿਚ ਸਿੱਖ ਧਰਮ ਦੇ ਬਹੁਤ ਸਾਰੇ ਪੈਰੋਕਾਰ ਹਨ। ਉਨ੍ਹਾਂ ਕਿਹਾ ਕਿ ਪੰਜਾਬ ਤੇ ਪੱਛਮੀ ਬੰਗਾਲ ’ਚ ਬਹੁਤ ਸਾਰੀਆਂ ਚੀਜ਼ਾਂ ਸਾਂਝੀਆਂ ਹਨ ਤੇ ਇਕ ਡੂੰਘਾ ਸਾਂਝਾ ਰਿਸ਼ਤਾ ਹੈ, ਪੰਜਾਬ ਦੇ ਲੋਕ ਦੇਸ਼ ਲਈ ਲੜਦੇ ਤੇ ਕੰਮ ਕਰਦੇ ਹਨ, ਮੈਂ ਪੰਜਾਬ ਰਾਜ ਤੇ ਸਿੱਖਾਂ ਨੂੰ ਸਲਾਮ ਕਰਦੀ ਹਾਂ।

# ਲੁਧਿਆਣਾ ਵਿਚ 5 ਹਿੰਦੂ ਨੇਤਾਵਾਂ ਨੂੰ ਮਿਲੀਆਂ ਬੁਲੇਟ ਪਰੂਫ ਜੈਕਟਾਂ

ਲੁਧਿਆਣਾ/ਏ.ਟੀ.ਨਿਊਜ਼ :- ਅੰਮ੍ਰਿਤਸਰ ਵਿੱਚ ਸੁਧੀਰ ਸੂਰੀ ਦੇ ਕਤਲ ਤੋਂ ਬਾਅਦ ਪੁਲਿਸ ਨੇ ਸੁਰੱਖਿਆ ਯਕੀਨੀ ਬਣਾਉਣ ਲਈ ਲੁਧਿਆਣਾ ਦੇ ਪੰਜ ਹਿੰਦੂ ਆਗੂਆਂ ਨੂੰ ਬੁਲੇਟ ਪਰੂਫ਼ ਜੈਕਟਾਂ ਦਿੱਤੀਆਂ ਹਨ। ਰਾਜੀਵ ਟੰਡਨ, ਯੋਗੇਸ਼ ਬਖਸ਼ੀ, ਅਮਿਤ ਅਰੋੜਾ, ਨੀਰਜ ਭਾਰਦਵਾਜ ਅਤੇ ਹਰਕੀਰਤ ਖੁਰਾਣਾ ਤੋਂ ਇਲਾਵਾ ਕਾਂਗਰਸੀ ਆਗੂ ਗੁਰਸਿਮਰਨ ਸਿੰਘ ਮੰਡ ਨੂੰ ਬੁਲੇਟ ਪਰੂਫ ਜੈਕਟ ਮਿਲਣ ਵਾਲਿਆਂ ਵਿਚ ਸ਼ਾਮਲ ਸਨ।

ਜਾਣਕਾਰੀ ਅਨੁਸਾਰ ਸੁਰੱਖਿਆ ਸਮੀਖਿਆ ਰਿਪੋਰਟ ਭੇਜੇ ਜਾਣ ਤੋਂ ਬਾਅਦ ਪੁਲਿਸ ਹੈੱਡਕੁਆਰਟਰ ਤੋਂ ਸੁਨੇਹਾ ਆਇਆ ਕਿ ਇਨ੍ਹਾਂ ਆਗੂਆਂ ਨੂੰ ਬੁਲੇਟ ਪਰੂਫ਼ ਜੈਕਟਾਂ ਦਿੱਤੀਆਂ ਜਾਣ। ਇਸ ਮਗਰੋਂ ਇਨ੍ਹਾਂ ਸਾਰੇ ਆਗੂਆਂ ਨੂੰ ਪੁਲਿਸ ਲਾਈਨਜ਼ ਵਿੱਚ ਬੁਲਾਇਆ ਗਿਆ ਅਤੇ ਪੁਲਿਸ ਅਧਿਕਾਰੀਆਂ ਵੱਲੋਂ ਉਨ੍ਹਾਂ ਨੂੰ ਜੈਕਟਾਂ ਮੁਹੱਈਆ ਕਰਵਾਈਆਂ ਗਈਆਂ।



# ਬੈਲਜੀਅਮ ਦੀ ਮੇਮ ਨੇ ਸਿੰਘਣੀ ਬਣ ਕੇ ਨਿਹੰਗ ਸਿੰਘ ਨਾਲ ਕਰਵਾਇਆ ਅਨੰਦ ਕਾਰਜ, ਫੇਸਬੁੱਕ 'ਤੇ ਹੋਈ ਸੀ ਦੋਸਤੀ

ਕਪੂਰਥਲਾ/ਏ.ਟੀ.ਨਿਊਜ਼ :- ਪਿਆਰ ਦੀ ਕੋਈ ਸੀਮਾ ਨਹੀਂ ਹੁੰਦੀ। ਇਹ ਗੱਲ ਇੱਕ ਵਾਰ ਫਿਰ ਤੋਂ ਬੈਲਜੀਅਮ ਦੀ ਇੱਕ ਕੁੜੀ ਨੇ ਸਾਬਤ ਕਰ ਦਿੱਤੀ ਹੈ। ਬੈਲਜੀਅਮ ਦੇ ਰਹਿਣ ਵਾਲੀ ਜਗਦੀਪ ਨੂੰ ਫੇਸਬੁੱਕ 'ਤੇ ਇਕ ਪੰਜਾਬੀ ਨੌਜਵਾਨ ਨਾਲ ਪਿਆਰ ਹੋ ਗਿਆ ਅਤੇ ਪਿਆਰ ਲੱਭਣ ਲਈ ਪੰਜਾਬ ਆ ਗਈ ਸੀ। ਫਿਰ ਸਿੱਖ ਰੀਤੀ ਰਿਵਾਜਾਂ ਅਨੁਸਾਰ ਨੌਜਵਾਨ ਨਾਲ ਵਿਆਹ ਕਰਵਾ ਲਿਆ। ਦਰਅਸਲ, ਜਗਦੀਪ ਨੂੰ ਪਹਿਲਾਂ ਫੇਸਬੁੱਕ 'ਤੇ ਕਪੂਰਥਲਾ ਦੇ ਪਿੰਡ ਸਿੰਧਵਾਂ ਦੋਨਾਂ ਦੇ ਨਿਹੰਗ ਨੌਜਵਾਨ ਜ਼ੈਲ ਸਿੰਘ ਨਾਲ ਪਿਆਰ ਹੋਇਆ ਸੀ। ਫਿਰ ਦੋਵਾਂ ਵਿਚਾਲੇ ਗੱਲਬਾਤ ਸ਼ੁਰੂ ਹੋ ਗਈ ਅਤੇ ਨੇੜਤਾ ਇੰਨੀ ਵਧ ਗਈ ਕਿ ਗੱਲ ਵਿਆਹ ਤੱਕ ਪਹੁੰਚ ਗਈ। ਜਗਦੀਪ 8 ਮਹੀਨੇ ਪਹਿਲਾਂ ਸਾਰੀਆਂ ਰੁਕਾਵਟਾਂ ਅਤੇ ਬੰਧਨ ਤੋੜ



ਕੇ ਕਪੂਰਥਲਾ ਪਹੁੰਚ ਗਈ ਸੀ। ਇਸ ਤੋਂ ਬਾਅਦ ਉਸਨੇ ਅਤੇ ਨਿਹੰਗ ਜ਼ੈਲ ਸਿੰਘ ਨੇ ਇੱਕ ਦੂਜੇ ਨਾਲ ਵਿਆਹ ਕਰਵਾ ਲਿਆ।

ਜਗਦੀਪ ਨੇ ਸਿਰਫ਼ ਵਿਆਹ ਹੀ ਨਹੀਂ ਕੀਤਾ, ਸਗੋਂ ਅੰਮ੍ਰਿਤ ਛਕ ਕੇ ਸਿੱਖ ਧਰਮ ਵੀ ਅਪਣਾ ਲਿਆ ਹੈ। ਮੰਗਲਵਾਰ ਨੂੰ ਜਦੋਂ ਦੋਵਾਂ ਨੇ ਸੁਲਤਾਨਪੁਰ ਲੋਧੀ ਦੇ ਗੁਰਦੁਆਰਾ ਬੇਰ ਸਾਹਿਬ ਵਿਖੇ ਮੱਥਾ ਟੇਕਿਆ ਤਾਂ ਸ਼ਰਧਾਲੂ ਉਨ੍ਹਾਂ ਨਾਲ ਸੈਲਫੀ ਲੈਂਦੇ ਵੀ ਨਜ਼ਰ ਆਏ। ਨਿਹੰਗ ਜ਼ੈਲ ਸਿੰਘ ਨੇ ਦੱਸਿਆ ਕਿ ਬੈਲਜੀਅਮ ਦੀ ਰਹਿਣ ਵਾਲੀ ਜਗਦੀਪ ਕੌਰ ਨਾਲ ਦੋਸਤੀ ਫੇਸਬੁੱਕ ਰਾਹੀਂ ਹੋਈ ਸੀ। ਪਰ ਜਗਦੀਪ ਪਹਿਲਾਂ ਪੰਜਾਬੀ ਭਾਸ਼ਾ ਨਹੀਂ ਸਮਝਦੀ ਸੀ, ਉਹ ਸਿਰਫ਼ ਅੰਗਰੇਜ਼ੀ ਹੀ ਸਮਝ ਸਕਦੀ ਸੀ। ਪਰ ਫੇਸਬੁੱਕ 'ਤੇ ਚੈਟਿੰਗ ਕਰਦੇ ਹੋਏ ਉਨ੍ਹਾਂ ਨੂੰ ਇਕ-ਦੂਜੇ ਨਾਲ ਪਿਆਰ ਹੋ ਗਿਆ। ਫਿਰ ਕਰੀਬ 8 ਮਹੀਨੇ ਪਹਿਲਾਂ ਜਗਦੀਪ ਬੈਲਜੀਅਮ ਤੋਂ ਕਪੂਰਥਲਾ ਆਈ ਸੀ। ਇਸ ਤੋਂ ਬਾਅਦ ਉਨ੍ਹਾਂ ਦਾ ਆਨੰਦ ਕਾਰਜ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਹੋਇਆ ਅਤੇ ਹੁਣ ਉਹ ਇੱਕ ਦੂਜੇ ਦੇ ਜੀਵਨ ਸਾਥੀ ਬਣ ਕੇ ਜ਼ਿੰਦਗੀ ਦਾ ਆਨੰਦ ਮਾਣ ਰਹੇ ਹਨ।

# ਗੁਰੂ ਨਾਨਕ ਦੇਵ ਜੀ ਨੇ ਸਾਨੂੰ ਜੀਵਨ ਜਿਊਣ ਦਾ ਰਾਹ ਵਿਖਾਇਆ : ਮੋਦੀ

**ਕੌਮੀ ਘੱਟਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਦੀ ਦਿੱਲੀ ਰਿਹਾਇਸ਼ ਵਿਖੇ ਕਰਵਾਇਆ ਸਮਾਗਮ**



ਨਵੀਂ ਦਿੱਲੀ/ਏ.ਟੀ.ਨਿਊਜ਼ :- ਸ੍ਰੀ ਗੁਰੂ ਨਾਨਕ ਦੇਵ ਜੀ ਦੇ 553ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਕੌਮੀ ਘੱਟਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਦੀ ਦਿੱਲੀ ਦੇ ਲੋਧੀ ਅਸਟੇਟ ਸਥਿਤ ਸਰਕਾਰੀ ਰਿਹਾਇਸ਼ ਵਿਖੇ ਕਰਵਾਇਆ ਗਿਆ, ਜਿਸ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਤੋਂ ਇਲਾਵਾ ਹੋਰ ਸ਼ਖਸੀਅਤਾਂ ਨੇ ਹਾਜ਼ਰੀ ਭਰੀ।

ਇਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਵਾਸੀਆਂ ਨੂੰ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਕਿਹਾ ਕਿ 3 ਸਾਲ ਪਹਿਲਾਂ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਦੇਸ਼-ਵਿਦੇਸ਼ ਵਿਚ ਵੱਡੀ ਪੱਧਰ 'ਤੇ ਮਨਾਇਆ ਗਿਆ ਸੀ। ਅਜਿਹੇ ਵਿਸ਼ੇਸ਼ ਮੌਕਿਆਂ 'ਤੇ ਦੇਸ਼ ਨੂੰ ਗੁਰੂਆਂ ਦਾ ਆਸ਼ੀਰਵਾਦ ਤੇ ਪ੍ਰੇਰਣਾ ਮਿਲੀ ਹੈ, ਜੋ ਨਵੇਂ ਭਾਰਤ ਦੇ ਨਿਰਮਾਣ ਦੀ ਊਰਜਾ ਵਧਾ ਰਹੀ ਹੈ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਸਾਨੂੰ ਜੀਵਨ ਜਿਊਣ ਦਾ ਰਾਹ ਵਿਖਾਇਆ ਹੈ। ਉਨ੍ਹਾਂ ਦੇ ਵਿਚਾਰਾਂ ਤੋਂ ਪ੍ਰੇਰਿਤ ਹੋ ਕੇ ਦੇਸ਼ 130 ਕਰੋੜ ਭਾਰਤੀਆਂ ਦੀ ਭਲਾਈ ਦੀ ਭਾਵਨਾ ਨਾਲ ਅੱਗੇ ਵਧ ਰਿਹਾ ਹੈ। ਉਨ੍ਹਾਂ ਕਿਹਾ ਕਿ ਸਦੀਆਂ ਪਹਿਲਾਂ ਗੁਰਬਾਣੀ ਤੋਂ ਦੇਸ਼ ਨੂੰ ਜੋ ਮਾਰਗ ਦਰਸ਼ਨ ਮਿਲਿਆ ਸੀ, ਦੇਸ਼ ਅੱਜ ਵੀ ਉਸ ਤੋਂ ਪ੍ਰੇਰਣਾ ਲੈ ਰਿਹਾ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਨੇ ਕਿਰਤ ਕਰੋ, ਵੰਡ ਛਕੋ ਤੇ ਨਾਮ ਜਪੋ ਦਾ ਉਪਦੇਸ਼ ਦਿੱਤਾ ਸੀ ਤੇ ਇਸ ਇਕ ਵਾਕ ਵਿਚ ਅਧਿਆਤਮਿਕ ਚਿੰਤਨ ਵੀ ਹੈ ਤੇ ਸਮਾਜਿਕ ਸਦਭਾਵਨਾ ਦੀ ਪ੍ਰੇਰਣਾ ਵੀ। ਅਫਗਾਨਿਸਤਾਨ ਦੇ ਖਰਾਬ ਮਾਹੌਲ ਦਾ ਜ਼ਿਕਰ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਕਿਹਾ ਕਿ ਅਸੁਰੱਖਿਅਤ ਮਾਹੌਲ ਵਿਚ ਉੱਥੇ ਰਹਿਣ ਵਾਲੇ ਹਿੰਦੂ-ਸਿੱਖ ਪਰਿਵਾਰਾਂ ਨੂੰ ਵਾਪਸ ਲਿਆਉਣ ਲਈ ਮੁਹਿੰਮ ਚਲਾਈ ਗਈ ਤੇ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਨੂੰ ਸੁਰੱਖਿਅਤ ਵਾਪਸ ਲਿਆਂਦਾ ਗਿਆ।

# ਅਮਰੀਕਾ ਵਿਚ ਮੱਧ ਕਾਲੀ ਚੋਣਾਂ ਦੌਰਾਨ ਹਜ਼ਾਰਾਂ 'ਟਰਾਂਸਜੈਂਡਰ' ਵੋਟਰਾਂ ਦੁਆਰਾ ਵੋਟ ਪਾਉਣ ਦੇ ਰਾਹ 'ਚ ਪਛਾਣ ਪੱਤਰ ਬਣੇ ਅੜਿੱਕਾ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਮੱਧ ਕਾਲੀ ਚੋਣਾਂ ਦੌਰਾਨ ਅਮਰੀਕਾ ਦੇ ਕੁਝ ਰਾਜਾਂ ਵਿਚ ਵੋਟਰਾਂ ਦੀ ਪਛਾਣ ਸਬੰਧੀ ਕਾਨੂੰਨ ਹੋਣ ਕਾਰਨ ਹਜਾਰਾਂ ਯੋਗ ਟਰਾਂਸਜੈਂਡਰ ਮੱਤਦਾਤਾਵਾਂ ਵੱਲੋਂ ਵੋਟ ਪਾਏ ਜਾਣ ਸਮੇਂ ਰੁਕਾਵਟਾਂ ਖੜੀਆਂ ਹੋ ਸਕਦੀਆਂ ਹਨ। ਵਿਲੀਅਮਜ ਇੰਸਟੀਚਿਊਟ ਯੂਨੀਵਰਸਿਟੀ ਆਫ ਕੈਲੀਫੋਰਨੀਆ, ਲਾਸ ਏਂਜਲਜ ਸਕੂਲ ਆਫ ਲਾਅ ਦੀ ਇਕ ਤਾਜ਼ਾ ਰਿਪੋਰਟ ਅਨੁਸਾਰ 43% ਯੋਗ ਟਰਾਂਸਜੈਂਡਰ ਮਤਦਾਤਾ ਉਨ੍ਹਾਂ ਰਾਜਾਂ ਵਿਚ ਰਹਿੰਦੇ ਹਨ ਜਿੱਥੇ ਦਰੁਸਤ ਪਛਾਣ ਦਸਤਾਵੇਜਾਂ ਦੀ ਅਣਹੋਂਦ ਹੈ। ਇਨ੍ਹਾਂ ਰਾਜਾਂ ਵਿਚ ਨਿੱਜੀ ਤੌਰ 'ਤੇ ਵੋਟਾਂ ਪਾਈਆਂ ਜਾਂਦੀਆਂ ਹਨ ਪ੍ਰੰਤੂ ਦਸਤਾਵੇਜਾਂ ਵਿਚ ਟਰਾਂਸਜੈਂਡਰ ਵੋਟਰਾਂ ਦੇ ਲਿੰਗ ਦਾ ਸਪੱਸ਼ਟ ਵੇਰਵਾ ਨਹੀਂ ਹੈ ਜਿਸ ਕਾਰਨ ਹੋ ਸਕਦਾ ਹੈ ਕਿ ਟਰਾਂਸਜੈਂਡਰ ਲੋਕ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਨਾ ਕਰ ਸਕਣ।

ਰਿਪੋਰਟ ਅਨੁਸਾਰ 8,78,300 ਟਰਾਂਸਜੈਂਡਰ ਬਾਲਗ ਮੱਧਕਾਲੀ ਚੋਣਾਂ ਵਿਚ ਵੋਟ ਪਾਉਣ ਦੇ ਯੋਗ ਹਨ ਤੇ ਇਨ੍ਹਾਂ ਵਿਚੋਂ 4,14,000 ਉਨ੍ਹਾਂ 31 ਰਾਜਾਂ ਵਿਚ ਰਹਿੰਦੇ ਹਨ ਜੋ ਨਿੱਜੀ ਤੌਰ 'ਤੇ ਵੋਟਾਂ ਪਾਉਣ ਦਾ ਕੰਮ ਨੇਪਰੇ ਚਾੜ੍ਹਦੇ ਹਨ, ਜਿਸ ਲਈ ਵੋਟਰ ਪਛਾਣ ਪੱਤਰ ਹੋਣਾ ਜਰੂਰੀ ਹੈ। ਰਿਪੋਰਟ ਅਨੁਸਾਰ ਯੋਗ ਟਰਾਂਸਜੈਂਡਰ ਵੋਟਰਾਂ ਵਿਚੋਂ 2,03,700 ਕੋਲ ਅਜਿਹਾ ਕੋਈ ਪਛਾਣ ਪੱਤਰ ਨਹੀਂ ਹੈ ਜਿਨ੍ਹਾਂ ਵਿਚ ਉਨ੍ਹਾਂ ਦੇ ਨਾਂ ਜਾਂ ਲਿੰਗ ਦਾ ਸਪੱਸ਼ਟ ਤੌਰ 'ਤੇ ਵਰਣਨ ਕੀਤਾ ਗਿਆ ਹੋਵੇ। ਇਕ ਟਰਾਂਸਜੈਂਡਰ ਵਕੀਲ ਵਾਈਨੇ ਨੌਲੈਂਡ ਨੇ ਇਸ ਬਾਰੇ ਟਿੱਪਣੀ ਕਰਦਿਆਂ ਕਿਹਾ ਹੈ ਕਿ ਟਰਾਂਸਜੈਂਡਰਾਂ ਨੂੰ ਵੋਟ ਪਾਉਣ ਦੀ ਪ੍ਰਕ੍ਰਿਆ ਵਿਚੋਂ ਬਾਹਰ ਹੋ ਜਾਣ ਦਾ ਡਰ ਸਤਾ ਰਿਹਾ ਹੈ। ਉਨ੍ਹਾਂ ਨਾਲ ਵਿਤਕਰਾ ਹੋ ਰਿਹਾ ਹੈ। ਟਰਾਂਸਜੈਂਡਰ ਮੱਤਦਾਤਾ ਨਹੀਂ ਚਾਹੁੰਦੇ ਕਿ ਉਨ੍ਹਾਂ ਕੋਲੋਂ ਤਰ੍ਹਾਂ-ਤਰ੍ਹਾਂ ਦੇ ਸਵਾਲ ਪੁੱਛੇ ਜਾਣ ਤੇ ਉਨ੍ਹਾਂ ਦਾ ਮਜ਼ਾਕ ਬਣਾਇਆ ਜਾਵੇ।

# ਇਮਰਾਨ ਖ਼ਾਨ ਦੇ ਠੀਕ ਹੋਣ ਤੱਕ ਕੁਰੈਸ਼ੀ ਕਰਨਗੇ 'ਅਜ਼ਾਦੀ ਮਾਰਚ' ਦੀ ਅਗਵਾਈ, ਲਾਹੌਰ ਦੇ ਨਿੱਜੀ ਹਸਪਤਾਲ ਵਿੱਚੋਂ ਕੀਤਾ ਐਲਾਨ

**➢ ਸੁਰੱਖਿਆ ਏਜੰਸੀਆਂ ਨੇ ਇਮਰਾਨ ਖਾਨ ਦੇ 'ਕਤਲ ਦੀ ਕੋਸ਼ਿਸ਼' ਮਾਮਲੇ 'ਚ ਇੱਕੋ ਪਰਿਵਾਰ ਦੇ ਚਾਰ ਮੈਂਬਰਾਂ ਨੂੰ ਕੀਤਾ ਗ੍ਰਿਫ਼ਤਾਰ ➢ ਇਮਰਾਨ ਖਾਨ ਨੇ ਲਗਾਏ ਦੋਸ਼ ਕਿ ਉਨ੍ਹਾਂ 'ਤੇ ਹਮਲਾ, ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਅਤੇ ਆਈਐਸਆਈ ਦੇ ਇਕ ਚੋਟੀ ਦੇ ਜਨਰਲ ਸਮੇਤ ਤਿੰਨ ਲੋਕਾਂ ਦੇ ਇਸ਼ਾਰੇ 'ਤੇ ਹੋਇਆ ➢ ਪਾਕਿਸਤਾਨ ਸਿਆਸੀ ਸੰਕਟ ਵਿਚ ਫਸਿਆ**





ਫ਼ੌਜ ਭਾਵੇਂ ਦਾਅਵਾ ਕਰ ਰਹੀ ਹੈ ਕਿ ਉਹ ਖ਼ੁਦ ਨੂੰ ਸੰਵਿਧਾਨਕ ਭੂਮਿਕਾ 'ਚ ਹੀ ਸੀਮਤ ਰੱਖੇਗੀ ਪਰ ਉਹ ਆਪਣੀ ਸਿਆਸੀ ਪਕੜ ਨਹੀਂ ਛੱਡਣਾ ਚਾਹੇਗੀ। ਉਹ ਰਣਨੀਤਕ ਤੇ ਸੁਰੱਖਿਆ ਨੀਤੀਆਂ 'ਤੇ ਨੇਤਾਵਾਂ ਨੂੰ ਆਖ਼ਰੀ ਫ਼ੈਸਲੇ ਕਰਨ ਦੀ ਗੁੰਜਾਇਸ਼ ਨਹੀਂ ਦੇਵੇਗੀ। ਪਾਕਿਸਤਾਨ ਲਈ ਇਹ ਬੜੀ ਮੁਸ਼ਕਲ ਸਥਿਤੀ ਹੈ ਕਿਉਂਕਿ ਇਸ ਸਿਆਸੀ ਸੰਕਟ ਨੇ ਉਦੋਂ ਦਸਤਕ ਦਿੱਤੀ ਹੈ, ਜਦੋਂ ਉਸ ਦਾ ਅਰਥਚਾਰਾ ਨਾਜ਼ੁਕ ਦੌਰ 'ਚੋਂ ਗੁਜ਼ਰ ਰਿਹਾ ਹੈ। ਆਈਐੱਮਐੱਫ ਤੇ ਹੋਰ ਦਾਤਿਆਂ ਦੀ ਮਦਦ ਨਾਲ ਤਤਕਾਲੀ ਸਥਿਤੀ ਸੰਭਲੀ ਹੈ ਪਰ ਸ਼ਰੀਫ਼ ਸਰਕਾਰ ਨੂੰ ਇਸ ਮਦਦ ਦੀ ਵੱਡੀ ਸਿਆਸੀ ਕੀਮਤ ਅਦਾ ਕਰਨੀ ਪੈ ਰਹੀ ਹੈ, ਕਿਉਂਕਿ ਉਸ ਨੂੰ ਬਿਜਲੀ ਤੇ ਪੈਟਰੋਲੀਅਮ ਉਤਪਾਦਾਂ ਦੀਆਂ ਦਰਾਂ ਵਧਾਉਣੀਆਂ ਪਈਆਂ ਹਨ। ਇਸ ਵਿਚ ਇਮਰਾਨ ਨੂੰ ਸਿਆਸੀ ਲਾਭ ਦੀ ਸਥਿਤੀ ਦਿਸ ਰਹੀ ਹੈ, ਜਿਸ ਦਾ ਸਵਾਦ ਉਨ੍ਹਾਂ ਨੇ ਜ਼ਿਮਨੀ ਚੋਣਾਂ ਵਿਚ ਜਿੱਤ ਨਾਲ ਚੱਖ ਵੀ ਲਿਆ ਹੈ। ਲੋਕਾਂ ਨੇ ਵਧੀਆਂ ਹੋਈਆਂ ਕੀਮਤਾਂ ਲਈ ਮੌਜੂਦਾ ਸਰਕਾਰ ਨੂੰ ਦੋਸ਼ ਦੇਣਾ ਸ਼ੁਰੂ ਕਰ ਦਿੱਤਾ ਹੈ ਜਦਕਿ ਅਜਿਹੇ ਹਾਲਾਤ ਇਮਰਾਨ ਦੀਆਂ ਹੀ ਕੁਝ ਨੀਤੀਆਂ ਕਾਰਨ ਬਣੇ ਸਨ। ਖ਼ੁਦ 'ਤੇ ਹਮਲੇ ਦੇ ਬਾਵਜੂਦ ਇਮਰਾਨ ਭਲੀਭਾਂਤ ਜਾਣਦੇ ਹਨ ਕਿ ਜੇ ਉਨ੍ਹਾਂ ਦੀ ਸਿਆਸੀ ਮੁਹਿੰਮ ਢਿੱਲੀ ਪਈ ਤੇ ਉਹ ਸਰਕਾਰ ਨੂੰ ਛੇਤੀ ਚੋਣਾਂ ਲਈ ਮਜਬੂਰ ਨਾ ਕਰ ਸਕੇ ਤਾਂ ਪੀਡੀਐੱਮ ਨੂੰ ਆਪਣੀ ਗੁਆਈ ਜ਼ਮੀਨ ਹਾਸਲ ਕਰਨ ਦਾ ਸਮਾਂ ਮਿਲ ਜਾਵੇਗਾ। ਇਮਰਾਨ ਖ਼ਾਨ ਅਜਿਹਾ ਨਹੀਂ ਚਾਹੁਣਗੇ। ਇਸ ਲਈ ਅਗਲੇ ਕੁਝ ਦਿਨ ਅਸਥਿਰ ਰਹਿਣ ਵਾਲੇ ਹਨ ਅਤੇ ਪਾਕਿਸਤਾਨ ਦਾ ਭਵਿੱਖ ਅੱਧ ਵਿਚਾਲੇ ਲਟਕਿਆ ਦਿਖਾਈ ਦਿੰਦਾ ਹੈ।

ਲਾਹੌਰ/ਏ.ਟੀ.ਨਿਊਜ਼ :- ਪਿਛਲੇ ਦਿਨੀਂ ਕਾਤਲਾਨਾ ਹਮਲੇ 'ਚ ਜ਼ਖ਼ਮੀ ਹੋਏ ਮੁਲਕ ਦੇ ਸਾਬਕਾ ਵਜ਼ੀਰੇ ਆਜ਼ਮ ਤੇ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ ਦੇ ਮੁਖੀ ਇਮਰਾਨ ਖ਼ਾਨ ਦੇ ਪੂਰੀ ਤਰ੍ਹਾਂ ਸਿਹਤਯਾਬ ਹੋਣ ਤੱਕ ਪਾਕਿਸਤਾਨ ਦੇ ਸਾਬਕਾ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਇਸਲਾਮਾਬਾਦ ਤੱਕ ਕੱਢੇ ਜਾਣ ਵਾਲੇ 'ਅਜ਼ਾਦੀ ਮਾਰਚ' ਦੀ ਅਗਵਾਈ ਕਰਨਗੇ। ਖ਼ਾਨ, ਜਿਨ੍ਹਾਂ ਦੀ ਸੱਜੀ ਲੱਤ 'ਤੇ ਗੋਲੀ ਲੱਗੀ ਸੀ, ਨੇ ਐਲਾਨ ਕੀਤਾ ਸੀ ਕਿ ਜਿਸ ਥਾਂ ਉਪਰ ਉਨ੍ਹਾਂ ਉੱਤੇ ਹਮਲਾ ਹੋਇਆ, ਉਸੇ ਥਾਂ ਤੋਂ ਅਜ਼ਾਦੀ ਮਾਰਚ ਸ਼ੁਰੂ ਕੀਤਾ ਜਾਵੇਗਾ। ਇਮਰਾਨ ਇਸ ਵੇਲੇ ਲਾਹੌਰ ਦੇ ਨਿੱਜੀ ਹਸਪਤਾਲ ਵਿੱਚ ਜ਼ੇਰੇ ਇਲਾਜ ਹਨ।

**ਇਮਰਾਨ ਖਾਨ ਦੇ 'ਕਤਲ ਦੀ ਕੋਸ਼ਿਸ਼' ਦੇ ਮਾਮਲੇ ਵਿਚ ਇੱਕੋ ਪਰਿਵਾਰ ਦੇ ਚਾਰ ਮੈਂਬਰ ਗ੍ਰਿਫ਼ਤਾਰ**

ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ 'ਤੇ ਕਾਤਲਾਨਾ ਹਮਲੇ ਦੇ ਸਬੰਧ ਵਿੱਚ ਵਜ਼ੀਰਾਬਾਦ ਪੁਲਿਸ ਅਤੇ ਹੋਰ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ ਇੱਕ ਪਰਿਵਾਰ ਦੇ ਚਾਰ ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਸਾਂਝੇ ਆਪ੍ਰੇਸ਼ਨ ਵਿਚ ਖਾਲਿਦ ਨਾਂ ਦੇ ਵਿਅਕਤੀ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ, ਜਿਸ ਦੇ ਨਾਂ 'ਤੇ ਮੌਕੇ ਤੋਂ ਬਰਾਮਦ ਬੰਦੂਕ ਦਾ ਮਾਮਲਾ ਦਰਜ ਕੀਤਾ ਗਿਆ ਸੀ।

ਪੁਲਿਸ ਨੇ ਕਿਹਾ, 'ਇਮਰਾਨ ਖ਼ਾਨ 'ਤੇ ਕਾਤਲਾਨਾ ਹਮਲੇ ਵਿੱਚ ਵਰਤੀ ਗਈ ਪਿਸਤੌਲ ਚੱਕ 82-ਜੂਨਬੀ ਦੇ ਵਸਨੀਕ ਦੀ ਹੈ।' ਪੁਲਿਸ ਨੇ ਕਿਹਾ, 'ਸੰਯੁਕਤ ਛਾਪੇਮਾਰੀ ਵਿੱਚ ਇੱਕ ਔਰਤ ਸਮੇਤ ਚਾਰ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।' ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਵਿੱਚ ਖਾਲਿਦ, ਉਸਦੇ ਦੋ ਪੁੱਤਰ ਅਤੇ ਉਸਦੀ ਪਤਨੀ ਸ਼ਾਮਲ ਹਨ।

ਪੁਲਿਸ ਨੇ ਕਿਹਾ, 'ਮੌਕੇ ਤੋਂ ਬਰਾਮਦ ਪਿਸਤੌਲ ਦਾ ਲਾਇਸੈਂਸ ਗ੍ਰਿਫਤਾਰ ਵਿਅਕਤੀ ਖਾਲਿਦ ਦੇ ਨਾਮ 'ਤੇ ਸੀ।' ਇਮਰਾਨ ਖਾਨ 'ਤੇ ਲੰਘੇ ਵੀਰਵਾਰ ਨੂੰ ਵਜ਼ੀਰਾਬਾਦ ਵਿੱਚ ਉਨ੍ਹਾਂ ਦੇ ਲੰਬੇ ਮਾਰਚ ਦੌਰਾਨ ਪੰਜਾਬ ਸੂਬੇ ਵਿੱਚ ਉਨ੍ਹਾਂ ਦੇ ਕੰਟੇਨਰ ਦੇ ਨੇੜੇ ਹਮਲਾ ਕੀਤਾ ਗਿਆ ਸੀ। ਉਸ ਦੀ ਲੱਤ 'ਤੇ ਸੱਟਾਂ ਲੱਗੀਆਂ ਹਨ ਅਤੇ ਉਸ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ ਹੈ।

ਪਾਕਿਸਤਾਨ ਤਹਿਰੀਕ-ਏ-ਇਨਸਾਫ ਦੇ ਸੀਨੀਅਰ ਨੇਤਾਵਾਂ ਨੇ ਕਿਹਾ ਕਿ ਇਮਰਾਨ ਖਾਨ ਦਾ ਮੰਨਣਾ ਹੈ ਕਿ ਉਨ੍ਹਾਂ 'ਤੇ ਹਮਲਾ, ਜਿਸ ਵਿਚ ਗੋਲ਼ੀਆਂ ਚਲਾਈਆਂ ਗਈਆਂ ਸਨ, ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ, ਦੇਸ਼ ਦੇ ਗ੍ਰਹਿ ਮੰਤਰੀ ਅਤੇ ਆਈਐਸਆਈ ਦੇ ਇਕ ਚੋਟੀ ਦੇ ਜਨਰਲ ਸਮੇਤ ਤਿੰਨ ਲੋਕਾਂ ਦੇ ਇਸ਼ਾਰੇ 'ਤੇ ਹੋਇਆ ਸੀ।

ਹਕੀਕੀ ਮਾਰਚ ਦੌਰਾਨ ਹੋਈ ਗੋਲੀਬਾਰੀ ਦੀ ਘਟਨਾ ਵਿੱਚ ਸੱਤ ਲੋਕ ਜ਼ਖ਼ਮੀ ਹੋ ਗਏ ਅਤੇ ਇੱਕ ਵਿਅਕਤੀ ਦੀ ਮੌਤ ਹੋ ਗਈ। ਰੈਲੀ ਦੌਰਾਨ ਗੋਲੀ ਚਲਾਉਣ ਵਾਲੇ ਸ਼ੱਕੀ ਸ਼ੂਟਰ ਨੂੰ ਪੁਲਿਸ ਨੇ ਫੜ ਲਿਆ ਜਿੱਥੇ ਉਸਨੇ ਮੰਨਿਆ ਕਿ ਉਹ ਇਮਰਾਨ ਖਾਨ ਨੂੰ ਮਾਰਨਾ ਚਾਹੁੰਦਾ ਸੀ ਕਿਉਂਕਿ 'ਉਹ ਜਨਤਾ ਨੂੰ ਗੁੰਮਰਾਹ ਕਰ ਰਿਹਾ ਸੀ।'

ਪਿਛਲੇ ਹਫਤੇ, ਇਮਰਾਨ ਖਾਨ ਨੇ ਇਸਲਾਮਾਬਾਦ ਵੱਲ ਲੰਮਾ ਮਾਰਚ ਸ਼ੁਰੂ ਕੀਤਾ, ਦੇਸ਼ ਦੇ ਜਾਸੂਸ ਮੁਖੀ ਨੂੰ ਨਿਸ਼ਾਨਾ ਬਣਾਉਂਦੇ ਹੋਏ, ਉਸ 'ਤੇ 'ਸਿਆਸੀ ਦਬਾਅ' ਦਾ ਦੋਸ਼ ਲਗਾਇਆ। ਪਾਕਿਸਤਾਨ ਇਲੈਕਟ੍ਰਾਨਿਕ ਮੀਡੀਆ ਰੈਗੂਲੇਟਰੀ ਐਂਡ ਅਥਾਰਟੀ (ਪੇਮਰਾ) ਵੱਲੋਂ ਇਮਰਾਨ ਖਾਨ ਦੇ ਭਾਸ਼ਣਾਂ ਅਤੇ ਕਾਨਫਰੰਸਾਂ ਦੇ ਟੀਵੀ ਪ੍ਰਸਾਰਣ 'ਤੇ ਪਾਬੰਦੀ ਦੇ ਐਲਾਨ ਤੋਂ ਬਾਅਦ, ਪਾਕਿਸਤਾਨ ਸਰਕਾਰ ਨੇ ਲੋਕਤੰਤਰੀ ਸਿਧਾਂਤਾਂ ਨੂੰ ਕਾਇਮ ਰੱਖਣ ਦਾ (ਬਾਕੀ ਸਫ਼ਾ 29 'ਤੇ)

**ਦਰਪਣ ਝੂਠ ਨਹੀਂ ਬੋਲਦਾ**

# ਸੁਧੀਰ ਸੂਰੀ ਸਿੱਖਾਂ ਦੀ ਨਸਲਕੁਸ਼ੀ ਅਤੇ ਸਿੱਖ ਬੀਬੀਆਂ ਨਾਲ ਬਲਾਤਕਾਰ ਦੀ ਦਿੰਦਾ ਸੀ ਧਮਕੀਆਂ



- ➢ ਪੰਜਾਬ ਸਰਕਾਰ ਨੇ ਉਸ ਨੂੰ ਤਾੜਨਾ ਕਰਨ ਦੀ ਥਾਂ ਦਿੱਤੀ ਸੀ ਵਾਈ ਕੈਟੇਗਰੀ ਦੀ ਸੁਰੱਖਿਆ
- ➢ ਤਬਲੀਗੀ ਭਾਈਚਾਰੇ ਦੇ ਵਿਰੁੱਧ ਸੋਸ਼ਲ ਮੀਡੀਆ 'ਤੇ ਘਟੀਆ ਟਿੱਪਣੀਆਂ ਲਈ ਗ੍ਰਿਫ਼ਤਾਰ ਹੋਇਆ ਸੀ

ਆਪਣੇ ਵਿਵਾਦਤ ਬਿਆਨਾਂ ਕਰਕੇ ਚਰਚਾ ਵਿਚ ਰਹਿਣ ਵਾਲੇ ਅੰਮ੍ਰਿਤਸਰ ਤੋਂ ਸ਼ਿਵ ਸੈਨਾ (ਟਕਸਾਲੀ) ਦੇ ਪ੍ਰਧਾਨ ਸੁਧੀਰ ਸੂਰੀ ਨੂੰ ਸਰਕਾਰ ਵਲੋਂ ਵਾਈ ਕੈਟੇਗਰੀ ਵਿੱਚ ਸੁਰੱਖਿਆ ਮੁਹੱਈਆ ਕੀਤੀ ਗਈ ਸੀ। ਉਸ ਨੂੰ ਅਪ੍ਰੈਲ 2020 ਵਿੱਚ ਅੰਮ੍ਰਿਤਸਰ ਦਿਹਾਤੀ ਪੁਲਿਸ ਵੱਲੋਂ ਤਬਲੀਗੀ ਜਮਾਤ ਭਾਈਚਾਰੇ ਦੇ ਵਿਰੁੱਧ ਸੋਸ਼ਲ ਮੀਡੀਆ 'ਤੇ ਇਤਰਾਜ਼ਯੋਗ ਟਿੱਪਣੀਆਂ ਕਾਰਣ ਗ੍ਰਿਫ਼ਤਾਰ ਵੀ ਕੀਤਾ ਗਿਆ ਸੀ।ਸੂਰੀ ਨੂੰ ਜੁਲਾਈ 2020 ਵਿੱਚ ਅੰਮ੍ਰਿਤਸਰ ਪੁਲਿਸ ਨੇ ਮੱਧ ਪ੍ਰਦੇਸ਼ ਦੇ ਇੰਦੌਰ ਤੋਂ ਇੱਕ ਵਾਰ ਫ਼ਿਰ ਗ੍ਰਿਫਤਾਰ ਕੀਤਾ ਸੀ ਕਿਉਂਕਿ ਉਸ ਦੀ ਇੱਕ ਵੀਡੀਓ ਕਲਿੱਪ ਵਾਇਰਲ ਹੋਈ ਸੀ, ਜਿਸ ਵਿੱਚ ਉਸਨੇ ਸਿੱਖ ਔਰਤਾਂ ਨੂੰ ਬਲਾਤਕਾਰ ਕਰਨ ਦੀ ਧਮਕੀ ਦਿੱਤੀ ਸੀ ਤੇ ਸਿੱਖਾਂ ਵਿਰੁਧ ਨਫਰਤ ਭੜਕਾਈ ਸੀ।ਉਸ ਨੂੰ ਜੁਲਾਈ 2021 ਵਿੱਚ ਵੀ ਅੰਮ੍ਰਿਤਸਰ ਪੁਲਿਸ ਵੱਲੋਂ ਸੂਰੀ ਨੂੰ ਸੋਸ਼ਲ ਮੀਡੀਆ 'ਤੇ ਕਥਿਤ ਤੌਰ ਉੱਤੇ ਇੱਕ ਵੀਡੀਓ ਜਿਸ ਵਿੱਚ ਸੂਰੀ ਨੇ ਸਿੱਖ ਗੁਰੂਆਂ ਤੇ ਸਿੱਖ ਸ਼ਖਸੀਅਤਾਂ ਵਿਰੁੱਧ ਇਤਰਾਜ਼ਯੋਗ ਸ਼ਬਦਾਂ ਦੀ ਵਰਤੋਂ ਕੀਤੀ ਸੀ, ਕਰਨ ਬਦਲੇ ਗ੍ਰਿਫ਼ਤਾਰ ਕੀਤਾ ਗਿਆ ਸੀ। ਸਿਆਸੀ ਮਾਹਿਰਾਂ ਅਨੁਸਾਰ ਜੇਕਰ ਸਰਕਾਰ ਉਸਨੂੰ ਅਜਿਹਾ ਕਰਨ ਤੋਂ ਰੋਕਦੀ ਤੇ ਸੁਰਖਿਆ ਨਾ ਦਿੰਦੀ ਤਾਂ ਉਸ ਨਾਲ ਅਜਿਹਾ ਕਾਂਡ ਨਹੀਂ ਵਾਪਰਨਾ ਸੀ। ਸਰਕਾਰੀ ਸੁਰਖਿਆ ਨੇ ਉਸਦਾ ਹੌਸਲਾ ਵਧਾਇਆ ਕਿ ਉਹ ਦੂਸਰੇ ਭਾਈਚਾਰਿਆਂ ਵਿਰੁਧ ਸ਼ਬਦੀ ਅੱਤਵਾਦ ਫੈਲਾਵੇ। ਉਸ ਤੋਂ ਹਿੰਦੂ ਭਾਈਚਾਰੇ ਦੇ ਲੋਕ ਦੁਖੀ ਸਨ। ਲੁਧਿਆਣਾ ਵਿਚ ਸੂਰੀ ਮਰਨ ਉਪਰ ਲੱਡੂ ਵੀ ਵੰਡੇ ਗਏ।

# ਡੇਰਾ ਬਿਆਸ ਮੁਖੀ ਨਾਲ ਮੋਦੀ ਵੱਲੋਂ ਬੰਦ ਕਮਰਾ ਮੀਟਿੰਗ



ਚੋਣਾਂ ਜਿੱਤਣ ਲਈ ਅੱਜ ਕੱਲ੍ਹ ਭਾਜਪਾ ਪੰਜਾਬ ਦੇ ਵਡੇ ਡੇਰਿਆਂ ਉਪਰ ਟੇਕ ਰੱਖੀ ਬੈਠੀ ਹੈ। ਇਨ੍ਹਾਂ ਡੇਰਿਆਂ ਵਿਚ ਸੌਦਾ ਸਾਧ ਤੇ ਡੇਰਾ ਬਿਆਸ ਸ਼ਾਮਲ ਹਨ। ਬੀਤੇ ਦਿਨੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਡੇਰਾ ਰਾਧਾ ਸੁਆਮੀ ਬਿਆਸ ਪੁੱਜ ਕੇ ਡੇਰਾ ਮੁਖੀ ਗੁਰਿੰਦਰ ਸਿੰਘ ਢਿੱਲੋਂ ਨਾਲ ਕਰੀਬ ਅੱਧੇ ਘੰਟੇ ਤੱਕ ਬੰਦ ਕਮਰਾ ਮੀਟਿੰਗ ਕੀਤੀ।

ਦੋਹਾਂ ਵਿਚਕਾਰ ਮੀਟਿੰਗ ਦੌਰਾਨ ਹੋਈ ਗੱਲਬਾਤ ਦੇ ਵੇਰਵੇ ਪ੍ਰਾਪਤ ਨਹੀਂ ਹੋ ਸਕੇ ਪਰ ਇਸ ਮੁਲਾਕਾਤ ਨੂੰ ਪੰਜਾਬ ਵਿਚ ਭਾਜਪਾ ਦੀਆਂ ਜੜ੍ਹਾਂ ਲਗਾਉਣ ਤੇ ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਚੋਣਾਂ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਬੰਦ ਕਮਰਾ ਮੀਟਿੰਗ ਉਪਰੰਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਪਹਿਰ ਦੌਰਾਨ ਡੇਰਾ ਬਿਆਸ ਦੇ ਏਅਰ ਬੇਸ ਤੋਂ ਹਿਮਾਚਲ ਲਈ ਰਵਾਨਾ ਹੋ ਗਏ।

ਮੋਦੀ ਡੇਰੇ ਅੰਦਰ ਬਣੀ ਲਾਇਬਰੇਰੀ ਅਤੇ ਲੰਗਰ ਹਾਲ 'ਚ ਵੀ ਗਏ ਜਿਥੇ ਉਨ੍ਹਾਂ ਲੰਗਰ ਬਣਾਉਣ ਦੇ ਤਰੀਕਿਆਂ ਅਤੇ ਪ੍ਰਬੰਧਾਂ ਬਾਰੇ ਜਾਣਕਾਰੀ ਹਾਸਲ ਕੀਤੀ। ਡੇਰੇ ਦੇ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਸਮੇਤ ਦੇਸ਼-ਵਿਦੇਸ਼ ਵਿਚ ਕਈ ਸ਼ਰਧਾਲੂ ਹਨ।

# ਮਮਤਾ ਨੇ ਕੇਂਦਰ ਅਗੇ ਗੋਡੇ ਟੇਕੇ



ਪਿਛਲੇ ਕੁਝ ਸਮੇਂ ਤੋਂ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਰਾਜਨੀਤੀ ਕਰਨ ਦਾ ਅੰਦਾਜ਼ ਬਹੁਤ ਬਦਲਿਆ ਹੋਇਆ ਜਿਹਾ ਪ੍ਰਤੀਤ ਹੁੰਦਾ ਹੈ। ਆਪਣੇ ਸੂਬੇ ਦੇ ਪਿਛਲੇ ਰਾਜਪਾਲ ਜਗਦੀਪ ਧਨਖੜ ਦੇ ਨਾਲ ਉਨ੍ਹਾਂ ਦਾ ਜਿਸ ਤਰ੍ਹਾਂ ਤਜਰਬਾ ਰਿਹਾ, ਉਸ ਨੂੰ ਦੇਖਦਿਆਂ ਉਨ੍ਹਾਂ ਨੇ ਸੂਬੇ ਦੇ ਕਾਰਜਕਾਰੀ ਰਾਜਪਾਲ ਲਾ ਗਣੇਸ਼ ਦੇ ਨਾਲ ਸੁਖਾਵੇਂ ਸੰਬੰਧ ਬਣਾਉਣੇ ਸ਼ੁਰੂ ਕਰ ਦਿੱਤੇ ਹਨ। ਉਵੇਂ ਗਣੇਸ਼ ਵੀ ਪੂਰਨਕਾਲਿਕ ਰਾਜਪਾਲ ਨਾ ਹੋਣ ਦੇ ਕਾਰਨ ਪੱਛਮੀ ਬੰਗਾਲ ਵਿਚ ਜ਼ਿਆਦਾ ਸਰਗਰਮ ਨਹੀਂ ਹਨ। ਉਨ੍ਹਾਂ ਨੇ ਮਣੀਪੁਰ ਅਤੇ ਪੱਛਮੀ ਬੰਗਾਲ ਦੋਵੇਂ ਨਾਲ-ਨਾਲ ਦੇਖਣੇ ਹਨ।

ਸੋ, ਜੁਲਾਈ 'ਵਿਚ ਉਨ੍ਹਾਂ ਦੇ ਕਾਰਜਕਾਰੀ ਰਾਜਪਾਲ ਬਣਨ ਤੋਂ ਬਾਅਦ ਸਰਕਾਰ ਅਤੇ ਰਾਜਭਵਨ ਵਿਚਾਲੇ ਸਦਭਾਵਨਾ ਦਿਖਾਈ ਦੇ ਰਹੀ ਹੈ। ਇਹ ਸਦਭਾਵਨਾ ਏਨੀ ਹੈ ਕਿ ਮਮਤਾ ਬੈਨਰਜੀ, ਜੋ ਕੇਂਦਰ ਸਰਕਾਰ ਦੇ ਪ੍ਰੋਗਰਾਮਾਂ ਲਈ ਦਿੱਲੀ ਆਉਣ ਤੋਂ ਵੀ ਪਰਹੇਜ਼ ਕਰਦੀ ਹੈ, ਉਹ ਰਾਜਪਾਲ ਗਣੇਸ਼ ਦੇ ਵੱਡੇ ਭਰਾ ਦੇ ਜਨਮ ਦਿਨ ਦੇ ਪ੍ਰੋਗਰਾਮ 'ਚ ਸ਼ਾਮਿਲ ਹੋਣ ਚੇਨਈ ਚਲੀ ਗਈ। ਸਵਾਲ ਹੈ ਕਿ ਇਸ ਨਾਲ ਉਹ ਕੀ ਸੰਦੇਸ਼ ਦੇਣਾ ਚਾਹੁੰਦੀ ਹੈ ? ਕੀ ਕਾਰਜਕਾਰੀ ਰਾਜਪਾਲ ਦੇ ਨਾਲ ਚੰਗੇ ਸੰਬੰਧ ਰੱਖਣ ਨਾਲ ਉਨ੍ਹਾਂ ਦੀ ਪਾਰਟੀ ਦੇ ਨੇਤਾਵਾਂ ਨੂੰ ਕੇਂਦਰੀ ਏਜੰਸੀਆਂ ਤੋਂ ਰਾਹਤ ਮਿਲ ਜਾਵੇਗੀ ? ਜਾਂ ਇਹ ਕਿਸੇ ਸੌਦੇਬਾਜ਼ੀ ਦਾ ਹਿੱਸਾ ਹੈ, ਜਿਸ ਦੇ ਦੋਸ਼ ਪਿਛਲੇ ਕੁਝ ਦਿਨਾਂ ਤੋਂ ਲੱਗ ਰਹੇ ਹਨ ? ਮਮਤਾ ਬੈਨਰਜੀ ਨੇ ਪਿਛਲੇ ਦਿਨੀਂ ਰਾਸ਼ਟਰੀ ਸੋਇਮ ਸੇਵਕ ਸੰਘ ਦੀ ਵੀ ਤਾਰੀਫ਼ ਕੀਤੀ ਸੀ ਅਤੇ ਇਨ੍ਹੀਂ ਦਿਨੀਂ ਉਨ੍ਹਾਂ ਨੇ ਵਿਰੋਧੀ ਪਾਰਟੀਆਂ ਤੋਂ ਵੀ ਦੂਰੀ ਬਣਾ ਰੱਖੀ ਹੈ। ਸੋ, ਅਜਿਹਾ ਲੱਗ ਰਿਹਾ ਹੈ ਕਿ ਉਹ ਆਪਣੇ ਸੂਬੇ 'ਚ ਹਿੰਦੂ ਵੋਟਰਾਂ ਨੂੰ ਪੂਰੀ ਤਰ੍ਹਾਂ ਨਾਲ ਆਪਣੇ ਖ਼ਿਲਾਫ਼ ਹੋਣ ਤੋਂ ਰੋਕਣ ਦੀ ਸਿਆਸਤ ਕਰ ਰਹੀ ਹੈ ਅਤੇ ਨਾਲ ਹੀ ਕੇਂਦਰੀ ਜਾਂਚ ਏਜੰਸੀਆਂ ਤੋਂ ਕੁਝ ਰਾਹਤ ਹਾਸਿਲ ਕਰਨ ਦੀ ਕੋਸ਼ਿਸ਼ ਵੀ ਕਰ ਰਹੀ ਹੈ।

# ਬਾਦਲ ਦਲ 'ਚੋਂ ਟਕਸਾਲੀ ਬੀਬੀਆਂ ਗਾਇਬ ਹੋਣ ਲੱਗੀਆਂ



ਸ਼੍ਰੋਮਣੀ ਅਕਾਲੀ ਦਲ ਵਿੱਚ ਹੁਣ ਟਕਸਾਲੀ ਬੀਬੀਆਂ 'ਤੇ ਸੰਕਟ ਦੇ ਬੱਦਲ ਛਾਏ ਹੋਏ ਹਨ। ਅਨੁਸ਼ਾਸਨੀ ਕਮੇਟੀ ਵੱਲੋਂ ਬੀਬੀ ਜਗੀਰ ਕੌਰ ਨੂੰ ਪਾਰਟੀ ਵਿੱਚੋਂ ਕੱਢੇ ਜਾਣਾ ਹੁਣ ਤੈਅ ਹੈ। ਬੀਬੀ ਜਗੀਰ ਕੌਰ ਦੀ ਸ਼੍ਰੋਮਣੀ ਅਕਾਲੀ ਦਲ ਅਤੇ ਬਤੌਰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਭੂਮਿਕਾ ਤੇ ਕਾਰਗੁਜ਼ਾਰੀ ਕਿਹੋ ਜਿਹੀ ਵੀ ਰਹੀ ਹੋਵੇ ਪਰ ਉਨ੍ਹਾਂ ਦਾ ਪਿਛੋਕੜ ਟਕਸਾਲੀ ਹੈ। ਉਨ੍ਹਾਂ ਦੇ ਸਹੁਰਾ ਸਾਹਿਬ ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਦੇ ਮੈਂਬਰ ਸਨ। ਸਾਬਕਾ ਸੰਸਦ ਮੈਂਬਰ ਪਰਮਜੀਤ ਕੌਰ ਗੁਲਸ਼ਨ ਵੀ ਹੁਣ ਸ਼੍ਰੋਮਣੀ ਅਕਾਲੀ ਦਲ ਵਿੱਚ ਨਹੀਂ ਰਹੇ ਜਦੋਂਕਿ ਉਹ ਅਕਾਲੀ ਦਲ ਦੀ ਟਿਕਟ 'ਤੇ ਲੋਕ ਸਭਾ ਮੈਂਬਰ ਰਹਿ ਚੁੱਕੇ ਹਨ। ਉਹ ਵੀ ਟਕਸਾਲੀ ਪਰਿਵਾਰ ਵਿੱਚੋਂ ਸਨ। ਬੀਬੀ ਗੁਲਸ਼ਨ ਦੇ ਪਿਤਾ ਧੰਨਾ ਸਿੰਘ ਗੁਲਸ਼ਨ ਕੇਂਦਰੀ ਮੰਤਰੀ ਰਹੇ ਸਨ। ਬੀਬੀ ਮਹਿੰਦਰ ਕੌਰ ਜੋਸ਼ ਵੀ ਮੰਤਰੀ ਰਹਿ ਚੁੱਕੇ ਹਨ ਅਤੇ ਹੁਣ ਉਹ ਭਾਜਪਾ ਵਿੱਚ ਹਨ। ਮਰਹੂਮ ਆਤਮਾ ਸਿੰਘ ਵੱਡੇ ਅਕਾਲੀ ਆਗੂ ਸਨ ਜਿਨ੍ਹਾਂ ਦੀ ਧੀ ਬੀਬੀ ਉਪਿੰਦਰਜੀਤ ਕੌਰ ਨੂੰ ਵੀ ਅਕਾਲੀ ਦਲ ਨੇ ਟਿਕਟ ਤੋਂ ਨਾਂਹ ਕਰ ਦਿੱਤੀ ਸੀ। ਅਕਾਲੀ ਦਲ ਨੇ ਘਨੌਰ ਤੋਂ ਬੀਬੀ ਹਰਪ੍ਰੀਤ ਕੌਰ ਮੁਖਮੈਲਪੁਰ ਅਤੇ ਨਿਹਾਲ ਸਿੰਘ ਵਾਲਾ ਤੋਂ ਰਾਜਵਿੰਦਰ ਕੌਰ ਭਾਗੀਕੇ ਨੂੰ ਵੀ ਟਿਕਟ ਦੇਣ ਤੋਂ ਇਨਕਾਰ ਕਰ ਦਿੱਤਾ ਸੀ, ਜਿਨ੍ਹਾਂ ਦਾ ਪਿਛੋਕੜ ਟਕਸਾਲੀ ਪਰਿਵਾਰ ਨਾਲ ਜੁੜਦਾ ਰਿਹਾ ਹੈ। ਨਿਰਲੇਪ ਕੌਰ, ਬੀਬੀ ਰਾਜਿੰਦਰ ਕੌਰ, ਬਿਮਲ ਕੌਰ ਖ਼ਾਲਸਾ, ਸਤਵਿੰਦਰ ਕੌਰ ਧਾਲੀਵਾਲ ਅਤੇ ਸਤਵੰਤ ਕੌਰ ਸੰਧੂ ਵੀ ਅਕਾਲੀ ਦਲ ਦੀਆਂ ਅਗਲੇਰੀ ਸਫ਼ਾਂ ਵਿੱਚ ਰਹੀਆਂ ਹਨ। ਸ਼੍ਰੋਮਣੀ ਅਕਾਲੀ ਦਲ ਨੇ ਇਸਤਰੀ ਅਕਾਲੀ ਦਲ ਨੂੰ ਜ਼ਿਆਦਾਤਰ ਧਾਰਮਿਕ ਸਮਾਗਮਾਂ ਤੱਕ ਹੀ ਸੀਮਤ ਰੱਖਿਆ ਹੈ। ਸ਼੍ਰੋਮਣੀ ਅਕਾਲੀ ਦਲ ਵਿੱਚ ਹੁਣ ਬੀਬੀਆਂ ਵਿੱਚੋਂ ਸਿਰਫ਼ ਹਰਸਿਮਰਤ ਕੌਰ ਬਾਦਲ ਹੀ ਤਾਕਤਵਰ ਨੇਤਾ ਰਹਿ ਗਏ ਹਨ ਜੋ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਪਤਨੀ ਹਨ। ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੀਤ ਕੌਰ ਬੇਬਾਕ ਹਨ ਅਤੇ ਅਕਾਲੀ ਦਲ ਦੀਆਂ ਕਮੀਆਂ 'ਤੇ ਖੁੱਲ੍ਹ ਕੇ ਉਂਗਲ ਰੱਖਦੇ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਉਨ੍ਹਾਂ ਨੂੰ ਅੱਗੇ ਉਭਾਰ ਸਕਦਾ ਹੈ। ਅਕਾਲੀ ਹਲਕਿਆਂ ਵਿੱਚ ਚਰਚੇ ਹਨ ਕਿ ਜਦੋਂ ਗੁਰੂ ਸਾਹਿਬਾਨ ਨੇ ਔਰਤਾਂ ਨੂੰ ਬਰਾਬਰ ਦਾ ਦਰਜਾ ਦਿੱਤਾ ਹੈ ਤਾਂ ਸ਼੍ਰੋਮਣੀ ਅਕਾਲੀ ਦਲ ਇਨ੍ਹਾਂ ਬੋਲਾਂ 'ਤੇ ਪਹਿਰਾ ਦੇਣ ਤੋਂ ਕਿਉਂ ਪਿੱਛੇ ਹਟ ਰਿਹਾ ਹੈ।

# ਭਾਈ ਹਵਾਰਾ ਬੁੜੈਲ ਜੇਲ੍ਹ 'ਚ ਹੋ ਸਕਦੇ ਨੇ ਤਬਦੀਲ



ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਦੋਸ਼ ਵਿਚ ਤਿਹਾੜ ਜੇਲ੍ਹ 'ਚ ਬੰਦ ਜਗਤਾਰ ਸਿੰਘ ਹਵਾਰਾ ਨੂੰ ਚੰਡੀਗੜ੍ਹ ਦੀ ਬੁੜੈਲ ਜੇਲ੍ਹ ਵਿਚ ਸ਼ਿਫ਼ਟ ਕੀਤਾ ਜਾ ਸਕਦਾ ਹੈ। ਉਸ ਨੂੰ ਸੁਰੱਖਿਆ ਕਾਰਨਾਂ ਕਰਕੇ ਦਿੱਲੀ ਦੀ ਤਿਹਾੜ ਜੇਲ੍ਹ 'ਚ ਰੱਖਿਆ ਗਿਆ ਹੈ। ਜ਼ਿਲ੍ਹਾ ਅਧਿਕਾਰੀ ਨੇ ਹਵਾਰਾ ਨੂੰ 17 ਦਸੰਬਰ ਨੂੰ ਪੇਸ਼ ਕਰਨ ਦੇ ਆਰਡਰ ਦਿੱਤੇ ਹਨ। ਉਥੇ ਹੀ ਅਦਾਲਤ ਨੇ ਕਿਹਾ ਕਿ ਹੈ ਜੇ ਦਿੱਲੀ 'ਚ ਭਾਈ ਹਵਾਰਾ ਦਾ ਕੋਈ ਕੇਸ ਪੈਂਡਿੰਗ ਨਹੀਂ ਹੈ ਤਾਂ ਉਸ ਨੂੰ ਚੰਡੀਗੜ੍ਹ ਦੀ ਬੁੜੈਲ ਜੇਲ੍ਹ ਵਿਚ ਸ਼ਿਫਟ ਕੀਤਾ ਜਾ ਸਕਦਾ ਹੈ।ਜ਼ਿਕਰਯੋਗ ਹੈ ਕਿ 2004 'ਚ ਜਗਤਾਰ ਸਿੰਘ ਹਵਾਰਾ, ਜਗਤਾਰ ਸਿੰਘ ਤਾਰਾ, ਪਰਮਜੀਤ ਸਿੰਘ ਭੂਰਾ ਤੇ ਇਕ ਕਤਲ ਮਾਮਲੇ ਵਿਚ ਸਜ਼ਾ ਕੱਟ ਰਹੇ ਦੇਵੀ ਸਿੰਘ ਨਾਲ 104 ਫੁੱਟ ਡੂੰਘੀ ਸੁਰੰਗ ਬਣਾ ਕੇ ਫਰਾਰ ਹੋ ਗਏ ਸਨ। ਹਾਲਾਂਕਿ ਦੇਵੀ ਸਿੰਘ ਨੂੰ ਛੱਡ ਕੇ ਸਾਰਿਆਂ ਨੂੰ ਕਾਬੂ ਕਰ ਲਿਆ ਗਿਆ ਸੀ। ਉਸ 'ਤੇ ਸੈਕਟਰ 17 ਤੇ ਸੈਕਟਰ 34 ਥਾਣੇ 'ਚ ਮਾਮਲੇ ਦਰਜ ਹਨ।

# ਅਮਰੀਕਾ ਨੇ H-1B ਵੀਜ਼ਾ ਨੀਤੀ 'ਚ ਕੀਤਾ ਬਦਲਾਅ

## ਕੈਨੇਡਾ 'ਚ ਪ੍ਰਤਿਭਾਸ਼ਾਲੀ ਕਾਮਿਆਂ ਨੂੰ ਗੁਆਉਣ ਦੇ ਡਰ ਕਾਰਨ ਲਿਆ .ਫ਼ੈਸਲਾ

ਕੈਨੇਡਾ ਵਿਚ ਲਗਾਤਾਰ ਹੁਨਰਮੰਦ ਕਾਮਿਆਂ ਦੀ ਕਤਾਰ ਵੱਧਣ ਕਾਰਨ ਅਮਰੀਕਾ ਨੂੰ ਆਪਣੀ ਅਰਥਵਿਵਸਥਾ ਗਿਰਨ ਦਾ ਖ਼ਤਰਾ ਪੈ ਗਿਆ ਹੈ ਜਿਸ ਦੇ ਚੱਲਦੇ ਉਸ ਨੇ ਆਪਣੀ ਵੀਜ਼ਾ ਨੀਤੀ ਵਿੱਚ ਕੁਝ ਬਦਲਾਅ ਦਾ .ਫ਼ੈਸਲਾ ਕੀਤਾ ਹੈ। ਜਿਸ ਵਿੱਚ ਹੁਣ ਪਤੀ ਪਤਨੀ ਇਕੱਠੇ ਅਮਰੀਕਾ ਵਿਚ ਕੰਮ ਕਰ ਸਕਦੇ ਹਨ ਅਤੇ ਅਮਰੀਕਾ ਦੀ ਅਰਥਵਿਵਸਥਾ ਨੂੰ ਪ੍ਰਫੁੱਲਤ ਕਰਨ ਵਿੱਚ ਆਪਣਾ ਯੋਗਦਾਨ ਪਾ ਸਕਦੇ ਹਨ।

ਇੱਕ ਅਧਿਐਨ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਅਮਰੀਕੀ ਅਰਥਵਿਵਸਥਾ ਮਹੱਤਵਪੂਰਨ ਲਾਭ ਪ੍ਰਾਪਤ ਕਰ ਸਕਦੀ ਹੈ ਅਤੇ ਵਿਸ਼ਵ ਮੁਕਾਬਲੇ ਵਿੱਚ ਵਧੇਰੇ ਕਰਮਚਾਰੀਆਂ ਨੂੰ ਆਪਣੇ ਵੱਲ ਆਕਰਸ਼ਿਤ ਕਰ ਸਕਦੀ ਹੈ ਜੇਕਰ H-1B ਵੀਜ਼ਾ ਧਾਰਕਾਂ ਦੇ ਜੀਵਨ ਸਾਥੀ ਲਈ ਕੰਮ ਦੀ ਯੋਗਤਾ ਦੇ ਆਧਾਰ 'ਤੇ ਮੌਜੂਦਾ ਨਿਯਮਾਂ ਦਾ ਵਿਸਥਾਰ ਕਰਨਾ ਸ਼ੁਰੂ ਕਰ ਦੇਵੇ।




ਨੈਸ਼ਨਲ ਫਾਊਂਡੇਸ਼ਨ ਫਾਰ ਅਮੈਰੀਕਨ ਪਾਲਿਸੀ (ਐਨਐਫਏਪੀ) ਦੇ ਅਨੁਸਾਰ, ਯੂਐਸ ਦੇ ਐੱਚ-1ਬੀ ਵੀਜ਼ਾ ਨਿਯਮ ਗੁਆਂਢੀ ਕੈਨੇਡਾ ਨਾਲੋਂ ਜ਼ਿਆਦਾ ਪ੍ਰਤਿਬੰਧਿਤ ਹਨ। ਇਸ ਵਿਚ ਕਿਹਾ ਗਿਆ ਹੈ ਕਿ ਮੌਜੂਦਾ ਹਾਲਾਤਾਂ ਵਿਚ ਅਮਰੀਕਾ ਪ੍ਰਤਿਭਾਸ਼ਾਲੀ ਵਿਦੇਸ਼ੀਆਂ ਨੂੰ ਆਪਣੇ ਹੱਥੀਂ ਗੁਆਉਣਾ ਸ਼ੁਰੂ ਕਰ ਸਕਦਾ ਹੈ, ਜ਼ਰੂਰੀ ਤੌਰ 'ਤੇ ਜਿਹੜੇ ਹੁਨਰਮੰਦ ਕਾਮਿਆਂ ਨਾਲ ਕੈਨੇਡਾ ਵਿਚ ਵਿਆਹੇ ਹਨ, ਜੇਕਰ ਨੀਤੀਆਂ ਵਿਚ ਬਦਲਾਅ ਨਹੀਂ ਕੀਤਾ ਜਾਂਦਾ ਹੈ।

NFAP ਨੇ ਆਪਣੇ ਸੁਝਾਵਾਂ ਦਾ ਬਚਾਅ ਕਰਨ ਲਈ ਸੰਯੁਕਤ ਰਾਜ ਅਮਰੀਕਾ ਵਿੱਚ ਹੁਨਰਮੰਦ ਅਸਥਾਈ ਵਿਦੇਸ਼ੀ ਕਾਮਿਆਂ ਦੇ ਜੀਵਨ ਸਾਥੀ ਦੀ ਸੰਖਿਆ ਵਧਾਉਣ ਲਈ ਨਵੇਂ ਅਨੁਮਾਨ ਪੇਸ਼ ਕੀਤੇ। ਇਸ ਵਿਚ ਪਾਇਆ ਗਿਆ ਕਿ ਜ਼ਿਆਦਾਤਰ ਐਚ-1ਬੀ ਵੀਜ਼ਾ ਧਾਰਕਾਂ ਦਾ ਵਿਆਹ ਕਿਸੇ ਹੋਰ ਹੁਨਰਮੰਦ ਪੇਸ਼ੇਵਰ ਨਾਲ ਹੋਇਆ ਹੈ, ਪਰ ਉਨ੍ਹਾਂ ਦੇ ਜੀਵਨ ਸਾਥੀ ਅਮਰੀਕਾ ਵਿਚ ਕੰਮ ਨਹੀਂ ਕਰ ਸਕਦੇ। NFAP ਨੇ ਅੱਗੇ ਕਿਹਾ, 'ਹਾਲਾਂਕਿ ਇਸ ਨਿਯਮ ਨੇ ਬਹੁਤ ਸਾਰੇ ਜੀਵਨ ਸਾਥੀਆਂ, ਉਨ੍ਹਾਂ ਦੇ ਪਰਿਵਾਰਾਂ ਅਤੇ ਅਮਰੀਕੀ ਅਰਥਚਾਰੇ ਨੂੰ ਲਾਭ ਪਹੁੰਚਾਇਆ ਹੈ, ਇਹ ਕੈਨੇਡਾ ਦੇ ਨਿਯਮਾਂ ਨਾਲੋਂ ਬਹੁਤ ਜ਼ਿਆਦਾ ਪ੍ਰਤਿਬੰਧਿਤ ਹੈ, ਜੋ ਹੁਨਰਮੰਦ ਕਾਮਿਆਂ ਦੇ ਸਾਰੇ ਜੀਵਨ ਸਾਥੀਆਂ ਨੂੰ ਕੰਮ ਦਾ ਅਧਿਕਾਰ ਦਿੰਦਾ ਹੈ।'

ਮੌਜੂਦਾ ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ (DHS) ਦੇ ਨਿਯਮ ਦੇ ਤਹਿਤ, H1-B ਵੀਜ਼ਾ ਧਾਰਕਾਂ ਦੇ ਜੀਵਨ ਸਾਥੀ ਜੋ ਕਤਾਰ ਵਿੱਚ ਹਨ ਜਾਂ ਸਥਾਈ ਵੀਜ਼ਾ 'ਤੇ ਹਨ, ਕੰਮ ਕਰਨ ਲਈ ਅਰਜ਼ੀ ਦੇ ਸਕਦੇ ਹਨ ਜਦੋਂ ਤੱਕ ਉਨ੍ਹਾਂ ਦੇ ਗ੍ਰੀਨ ਕਾਰਡ ਨਹੀਂ ਮਿਲ ਜਾਂਦੇ। ਇਸ ਨੀਤੀ 'ਚ ਬਦਲਾਅ ਕਾਰਨ H-1B ਵੀਜ਼ਾ ਧਾਰਕਾਂ ਦੇ ਸਾਰੇ ਜੀਵਨ ਸਾਥੀਆਂ ਨੂੰ ਅਮਰੀਕਾ ਵਿਚ ਕੰਮ ਕਰਨ ਦੀ ਇਜਾਜ਼ਤ ਮਿਲ ਜਾਂਦੀ ਹੈ ਜਿਸ ਨਾਲ ਅਮਰੀਕਾ 'ਚ ਮਹੱਤਵਪੂਰਨ ਆਰਥਿਕ ਸਮਰੱਥਾ ਹੋਵੇਗੀ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ, ਬਿਨੈ-ਪੱਤਰ ਜਮ੍ਹਾਂ ਹੋਣ ਤੋਂ ਬਾਅਦ ਰੁਜ਼ਗਾਰ ਅਧਿਕਾਰ ਪ੍ਰਾਪਤ ਕਰਨ ਵਿੱਚ ਆਮ ਤੌਰ 'ਤੇ 6-8 ਮਹੀਨੇ ਲੱਗਦੇ ਹਨ। ਇਹ ਲੰਬਾ ਅਤੇ ਅਨਿਸ਼ਚਿਤ ਇੰਤਜ਼ਾਰ ਕੁਝ H-4 ਪਤੀ-ਪਤਨੀ ਨੂੰ ਰੋਜ਼ਗਾਰ ਲੱਭ ਕੇ ਉਨ੍ਹਾਂ ਨੂੰ ਆਪਣੇ ਕੰਮ ਦੇ ਵੀਜ਼ੇ ਲਈ ਸਪਾਂਸਰ ਕਰੇਗਾ।

ਅਧਿਐਨ ਲੇਖਕ ਮੈਡਲਿਨ ਜ਼ਵੋਡਨੀ ਨੇ ਸੁਝਾਅ ਦਿੱਤਾ ਕਿ ਐੱਚ-1ਬੀ ਵੀਜ਼ਾ ਧਾਰਕਾਂ ਦੇ ਸਾਰੇ ਜੀਵਨ ਸਾਥੀਆਂ ਨੂੰ ਕੰਮ ਕਰਨ ਦੀ ਇਜਾਜ਼ਤ ਦੇਣ ਨਾਲ ਉਹ ਵੀਜ਼ਾ ਕਈ ਹੋਰ ਸ਼੍ਰੇਣੀਆਂ ਦੇ ਹੁਨਰਮੰਦ ਅਸਥਾਈ ਵਰਕਰ ਵੀਜ਼ਿਆਂ ਦੇ ਅਨੁਕੂਲ ਹੋਵੇਗਾ।



ਕੈਨੇਡਾ ਹੁਨਰਮੰਦ ਅਸਥਾਈ ਵਰਕ ਵੀਜ਼ਾ ਧਾਰਕਾਂ ਦੇ ਜੀਵਨ ਸਾਥੀ ਨੂੰ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ, ਜਿਸ ਨਾਲ ਇਹ ਦੋਹਰੇ-ਪੇਸ਼ੇਵਰ ਜੋੜਿਆਂ ਲਈ ਇੱਕ ਆਕਰਸ਼ਕ ਮੰਜ਼ਿਲ ਬਣ ਜਾਂਦਾ ਹੈ। ਸੰਯੁਕਤ ਰਾਜ ਅਮਰੀਕਾ ਨੂੰ ਪ੍ਰਤਿਭਾਸ਼ਾਲੀ ਵਿਦੇਸ਼ੀ, ਖਾਸ ਤੌਰ 'ਤੇ ਜਿਹੜੇ ਹੋਰ ਹੁਨਰਮੰਦ ਪੇਸ਼ੇਵਰਾਂ ਨਾਲ ਵਿਆਹੇ ਹੋਏ ਹਨ, ਨੂੰ ਕੈਨੇਡਾ ਵਿੱਚ ਗੁਆਉਣ ਦਾ ਖਤਰਾ ਹੈ। ਇਹ ਪਹਿਲਾਂ ਹੀ ਹੋ ਸਕਦਾ ਹੈ : '2016, 2020 ਅਤੇ 2021 ਦਰਮਿਆਨ ਕੈਨੇਡਾ ਵਿੱਚ ਪੱਕੇ ਨਿਵਾਸੀ ਬਣਨ ਵਾਲੇ ਭਾਰਤੀਆਂ ਦੀ ਗਿਣਤੀ ਵਿੱਚ 115% ਤੋਂ ਵੱਧ ਦਾ ਵਾਧਾ ਹੋਇਆ ਹੈ'।

ਇਸ ਤੋਂ ਇਲਾਵਾ, ਕੈਨੇਡੀਅਨ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਸੰਖਿਆ ਵਿੱਚ 2016 ਅਤੇ 2019 ਦਰਮਿਆਨ 182% ਦਾ ਵਾਧਾ ਹੋਇਆ ਹੈ, ਜਦੋਂ ਕਿ ਅਮਰੀਕਾ ਦੀਆਂ ਯੂਨੀਵਰਸਿਟੀਆਂ ਵਿੱਚ ਵਿਗਿਆਨ ਅਤੇ ਇੰਜੀਨੀਅਰਿੰਗ ਵਿੱਚ ਗ੍ਰੈਜੂਏਟ-ਪੱਧਰ ਦੇ ਪ੍ਰੋਗਰਾਮਾਂ ਵਿੱਚ ਉਸੇ ਸਮੇਂ ਦੌਰਾਨ ਗਿਰਾਵਟ ਆਈ ਹੈ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 'ਐੱਚ-1ਬੀ ਵੀਜ਼ਾ ਧਾਰਕਾਂ ਦੇ ਸਾਰੇ ਜੀਵਨ ਸਾਥੀਆਂ ਨੂੰ ਰੁਜ਼ਗਾਰ ਅਧਿਕਾਰ ਦੇਣ ਨਾਲ ਵਧੇਰੇ ਹੁਨਰਮੰਦ ਪ੍ਰਵਾਸੀਆਂ ਨੂੰ ਸੰਯੁਕਤ ਰਾਜ ਚੁਣਨ ਲਈ ਉਤਸ਼ਾਹਿਤ ਕੀਤਾ ਜਾਵੇਗਾ। ਐੱਚ-1ਬੀ ਵੀਜ਼ਾ ਸ਼੍ਰੇਣੀ ਅਮਰੀਕੀ ਆਰਥਿਕ ਵਿਕਾਸ ਨੂੰ ਹੁਲਾਰਾ ਦਿੰਦੀ ਹੈ, ਅਮਰੀਕੀ ਕਾਮਿਆਂ ਲਈ ਨੌਕਰੀਆਂ ਪੈਦਾ ਕਰਦੀ ਹੈ ਅਤੇ ਉੱਚ-ਤਨਖ਼ਾਹ ਵਾਲੀਆਂ ਨੌਕਰੀਆਂ ਦੇ ਆਫਸ਼ੋਰਿੰਗ ਨੂੰ ਹੌਲੀ ਕਰਦਾ ਹੈ। H-1B ਵੀਜ਼ਾ ਧਾਰਕਾਂ ਦੇ ਜੀਵਨ ਸਾਥੀ ਲਈ ਕੰਮ ਦੀ ਯੋਗਤਾ ਵਧਾਉਣ ਨਾਲ ਸੰਯੁਕਤ ਰਾਜ ਅਮਰੀਕਾ ਨੂੰ ਹੁਨਰਮੰਦ ਵਿਦੇਸ਼ੀ ਕਾਮਿਆਂ ਦੁਆਰਾ ਪੈਦਾ ਹੋਣ ਵਾਲੇ ਆਰਥਿਕ ਲਾਭਾਂ ਦਾ ਵਧੇਰੇ ਲਾਭ ਪ੍ਰਾਪਤ ਕਰਨ ਵਿੱਚ ਮਦਦ ਕਰੇਗਾ।



# ਸੁਧੀਰ ਸੂਰੀ ਨੂੰ ਮਾਰਨ ਵਾਲਿਆਂ ਨਾਲ ਮੇਰਾ ਸੰਬੰਧ ਨਹੀਂ : ਭਾਈ ਅੰਮ੍ਰਿਤਪਾਲ ਸਿੰਘ

## ਮੋਗਾ ਪੁਲਿਸ ਵਲੋਂ ਭਾਈ ਅੰਮ੍ਰਿਤਪਾਲ ਸਿੰਘ ਨੂੰ ਪਿੰਡ ਸਿੰਘਾਂਵਾਲਾ ਵਿਚ ਨਜ਼ਰਬੰਦ ਕਰਨ ਤੋਂ ਬਾਅਦ ਛੱਡਿਆ, 51 ਨੌਜਵਾਨਾਂ ਨੇ ਅੰਮ੍ਰਿਤ ਛਕਿਆ

ਮੋਗਾ/ਏ.ਟੀ.ਨਿਊਜ਼ :- ਬੀਤੇ ਦਿਨੀਂ ਸ਼ਿਵ ਸੈਨਾ ਆਗੂ ਸੁਧੀਰ ਸੂਰੀ ਦੇ ਕਤਲ ਤੋਂ ਬਾਅਦ ਸੂਬੇ ਭਰ ਵਿਚ ਹੀ ਪੁਲਿਸ ਵਲੋਂ ਰੈੱਡ ਅਲਰਟ ਜਾਰੀ ਕਰ ਦਿੱਤਾ ਗਿਆ ਸੀ। ਸੂਰੀ 'ਤੇ ਗੋਲੀਆਂ ਚਲਾਉਣ ਵਾਲੇ ਸਿੱਖ ਨੌਜਵਾਨ ਦੀ ਸਵਿਫ਼ਟ ਕਾਰ ਜੋ ਕਿ ਮੌਕੇ 'ਤੇ ਉਸ ਨੂੰ ਗ੍ਰਿਫ਼ਤਾਰ ਕਰਨ ਵੇਲੇ ਕਬਜ਼ੇ ਵਿਚ ਲੈ ਲਈ ਗਈ ਸੀ, ਉੱਪਰ ਵਾਰਿਸ ਪੰਜਾਬ ਦੇ ਭਾਈ ਅੰਮ੍ਰਿਤਪਾਲ ਸਿੰਘ ਦਾ ਸਟਿੱਕਰ ਲੱਗਿਆ ਹੋਇਆ ਸੀ ।ਇਸ ਲਈ ਹਿੰਦੂ ਸੰਗਠਨਾਂ ਤੇ ਸ਼ਿਵ ਸੈਨਿਕਾਂ ਵਲੋਂ ਇਸ ਮਾਮਲੇ ਵਿਚ ਭਾਈ ਅੰਮ੍ਰਿਤਪਾਲ ਸਿੰਘ ਨੂੰ ਵੀ ਜਾਂਚ ਦੇ ਘੇਰੇ ਵਿਚ ਲਿਆਉਣ ਦੀ ਮੰਗ ਕੀਤੀ ਜਾ ਰਹੀ ਸੀ, ਜਿਸ ਦੇ ਚਲਦਿਆਂ ਅਮਨ ਕਾਨੂੰਨ ਦੀ ਵਿਵਸਥਾ ਨੂੰ ਲੈ ਕੇ ਬੀਤੇ ਦਿਨੀਂ ਮੋਗਾ ਪੁਲਿਸ ਵਲੋਂ



ਮੋਗਾ-ਬਾਘਾ ਪੁਰਾਣਾ ਰੋਡ 'ਤੇ ਪੈਂਦੇ ਪਿੰਡ ਸਿੰਘਾਂਵਾਲਾ ਵਿਖੇ ਭਾਈ ਅੰਮ੍ਰਿਤਪਾਲ ਸਿੰਘ ਨੂੰ ਮੋਗਾ ਪੁਲਿਸ ਵਲੋਂ ਇਕ ਘਰ ਵਿਚ ਨਜ਼ਰਬੰਦ ਕਰ ਲਿਆ ਗਿਆ ਸੀ। ਜ਼ਿਕਰਯੋਗ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਵਲੋਂ ਜ਼ਿਲ੍ਹੇ ਦੇ ਹੀ ਪਿੰਡ ਦੌਲੇਵਾਲਾ ਵਿਖੇ ਇਕ ਸਮਾਗਮ ਰੱਖਿਆ ਗਿਆ ਸੀ ਤੇ ਉਹ ਸਮਾਗਮ ਮੁਲਤਵੀ ਹੋਣ ਕਾਰਨ ਉਹ ਆਪਣੇ ਇਕ ਸਾਥੀ ਸਿੰਘਾਂਵਾਲਾ ਨਿਵਾਸੀ ਤਰਨਦੀਪ ਸਿੰਘ ਘਾਲੀ ਦੇ ਘਰ ਆਏ ਸਨ। ਜਿਉਂ ਹੀ ਇਸ ਦੀ ਭਿਣਕ ਮੋਗਾ ਪੁਲਿਸ ਨੂੰ ਲੱਗੀ ਤਾਂ ਭਾਈ ਅੰਮ੍ਰਿਤਪਾਲ ਸਿੰਘ ਨੂੰ ਉਸੇ ਘਰ ਵਿਚ ਹੀ ਪੁਲਿਸ ਵਲੋਂ ਨਜ਼ਰਬੰਦ ਕਰ ਲਿਆ ਗਿਆ ਤੇ ਦੇਖਦੇ ਹੀ ਦੇਖਦੇ ਪਿੰਡ ਸਿੰਘਾਂਵਾਲਾ ਪੁਲਿਸ ਛਾਉਣੀ ਵਿਚ ਤਬਦੀਲ ਹੋ ਗਿਆ। ਜ਼ਿਲ੍ਹਾ ਪੁਲਿਸ ਮੁਖੀ ਗੁਲਨੀਤ ਸਿੰਘ ਖੁਰਾਨਾ ਨੇ ਦੱਸਿਆ ਕਿ ਉਨ੍ਹਾਂ ਨੂੰ ਜਾਣਕਾਰੀ ਮਿਲੀ ਸੀ ਕਿ ਭਾਈ ਅੰਮ੍ਰਿਤਪਾਲ ਸਿੰਘ ਜਲੰਧਰ ਵਿਖੇ ਸਮਾਗਮ ਵਿਚ ਪੁੱਜਣਾ ਸੀ ਪਰ ਅਮਨ ਕਾਨੂੰਨ ਦੀ ਸਥਿਤੀ ਨੂੰ ਮੁੱਖ ਰੱਖਦੇ ਹੋਏ ਅੰਮ੍ਰਿਤਪਾਲ ਸਿੰਘ ਨੂੰ ਪਿੰਡ ਸਿੰਘਾਂਵਾਲਾ ਹੀ ਰੋਕ ਦਿੱਤਾ ਗਿਆ। ਇਸ ਸਬੰਧੀ ਭਾਈ ਅੰਮ੍ਰਿਤਪਾਲ ਸਿੰਘ ਕਿਹਾ ਕਿ ਉਨ੍ਹਾਂ ਦਾ ਇਸ ਮਾਮਲੇ ਨਾਲ ਬਿਲਕੁਲ ਹੀ ਕੋਈ ਲੈਣਾ ਦੇਣਾ ਨਹੀਂ। ਉਨ੍ਹਾਂ ਕਿਹਾ ਕਿ ਸਿੱਖਾਂ ਦੀ ਗ਼ੁਲਾਮੀ ਦਾ ਹੀ ਇਹ ਅੱਜ ਦਾ ਪਹਿਲੂ ਹੈ ਕਿ ਸ਼ਿਵ ਸੈਨਿਕ ਆਗੂ ਪੁਲਿਸ ਦੀ ਹਿਫ਼ਾਜ਼ਤ ਵਿਚ ਸਿੱਖਾਂ ਨੂੰ ਨਸਲਕੁਸ਼ੀ ਦੀਆਂ ਧਮਕੀਆਂ ਦੇ ਕੇ ਸ਼ਰੇਆਮ ਘੁੰਮਦੇ ਹਨ ਪਰ ਜੇਕਰ ਕੋਈ ਸਿੱਖ ਆਗੂ ਸਿੱਖ ਕੌਮ ਦੀ ਭਲਾਈ ਲਈ ਗੱਲ ਕਰਦਾ ਹੈ, ਅੰਮ੍ਰਿਤ ਛਕਾਉਣ ਦੀ ਗਲ ਕਰਦਾ ਹੈ ਤਾਂ ਉਨ੍ਹਾਂ ਨੂੰ ਨਜ਼ਰਬੰਦ ਕਰ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਅਗਰ ਸਰਕਾਰ ਨੂੰ ਮੇਰੇ ਉਪਰ ਕੇਸ ਕਰਨ ਦਾ ਚਾਅ ਹੈ ਤਾਂ ਉਹ ਕੇਸ ਦਰਜ ਕਰ ਕੇ ਚਾਅ ਲਾਹ ਲਵੇ।

ਇਸ ਦੌਰਾਨ 'ਵਾਰਿਸ ਪੰਜਾਬ ਸੰਸਥਾ' ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਹੇਠ ਪੰਜ ਪਿਆਰਿਆਂ ਵੱਲੋਂ ਅੰਮ੍ਰਿਤ ਸੰਚਾਰ ਕਰਵਾਇਆ ਗਿਆ, ਜਿਸ ਵਿੱਚ 51 ਨੌਜਵਾਨਾਂ ਨੇ ਅੰਮ੍ਰਿਤ ਛਕਿਆ।

# ਪਾਕਿਸਤਾਨੀ ਸਿੱਖ ਗੋਪਾਲ ਸਿੰਘ ਚਾਵਲਾ ਵਿਰੁੱਧ ਕੇਸ ਦਰਜ

## ਮਾਮਲਾ ਚਾਵਲਾ ਵਲੋਂ ਸੋਸ਼ਲ ਮੀਡੀਆ 'ਤੇ ਸੂਰੀ ਦੇ ਮਰਨ ਦੀ ਸਿੱਖ ਕੌਮ ਨੂੰ ਵਧਾਈ ਦੇਣ ਦਾ

### ਵੀਡੀਓ ਵਾਇਰਲ ਹੋਣ ਮਗਰੋਂ ਪੰਜਾਬ ਪੁਲਿਸ ਨੇ ਕੀਤੀ ਕਾਰਵਾਈ

ਚੰਡੀਗੜ੍ਹ/ਏ.ਟੀ.ਨਿਊਜ਼ :- ਪਾਕਿਸਤਾਨ ਵਿਚ ਰਹਿੰਦੇ ਸਿੱਖ ਆਗੂ ਗੋਪਾਲ ਸਿੰਘ ਚਾਵਲਾ ਵਿਰੁੱਧ ਪੰਜਾਬ ਪੁਲਿਸ ਨੇ ਕੇਸ ਦਰਜ ਕੀਤਾ ਹੈ। ਪੁਲਿਸ ਮੁਤਾਬਕ ਚਾਵਲਾ ਵਿਰੁੱਧ ਇਹ ਮਾਮਲਾ ਨਫ਼ਰਤ ਫੈਲਾਉਣ ਵਾਲੇ ਵੀਡੀਓ ਇੰਟਰਨੈੱਟ



ਮੀਡੀਆ 'ਤੇ ਅਪਲੋਡ ਕਰਨ ਪਿੱਛੋਂ ਦਰਜ ਕੀਤਾ ਗਿਆ ਹੈ। ਕਾਬਿਲੇਗ਼ੌਰ ਹੈ ਕਿ ਅੰਮ੍ਰਿਤਸਰ ਵਿਚ ਸ਼ਿਵ ਸੈਨਿਕ ਸੁਧੀਰ ਸੂਰੀ ਦੇ ਕਤਲ ਤੋਂ ਬਾਅਦ ਖ਼ਾਲਿਸਤਾਨ ਪੱਖੀ ਲੀਡਰ ਚਾਵਲਾ ਨੇ ਸੋਸ਼ਲ ਮੀਡੀਆ 'ਤੇ ਸੂਰੀ ਦੇ ਮਰਨ ਦੀ ਮੁਬਾਰਕਬਾਦ ਪੇਸ਼ ਕੀਤੀ ਸੀ। ਪੰਜਾਬ ਪੁਲਿਸ ਅਨੁਸਾਰ ਚਾਵਲਾ, ਗੈਂਗਸਟਰ ਤੋਂ ਖਾੜਕੂ ਬਣੇ ਲਖਬੀਰ ਲੰਡਾ ਹਰੀਕੇ ਦਾ ਖ਼ਾਸ ਸਾਥੀ ਹੈ। ਗੋਪਾਲ ਚਾਵਲੇ ਨੇ ਕਤਲ ਕਰਨ ਵਾਲੇ ਸਿੱਖ ਦੀ ਤਾਰੀਫ਼ ਵੀ ਕੀਤੀ ਸੀ। ਪੰਜਾਬ ਪੁਲਿਸ ਨੇ ਅਧਿਕਾਰੀਆਂ ਮੁਤਾਬਕ ਕੁਝ ਲੋਕ ਪੰਜਾਬ ਵਿਚ ਮਾਹੌਲ ਖ਼ਰਾਬ ਕਰਨ ਲਈ ਸਰਹੱਦ ਪਾਰ ਕੋਸ਼ਿਸ਼ਾਂ ਕਰ ਰਹੇ ਹਨ

# ਸੰਤ ਭਿੰਡਰਾਂਵਾਲਿਆਂ ਦੇ ਪੋਤਰੇ ਦੇ ਅਨੰਦ ਕਾਰਜ ਦੌਰਾਨ ਪੁੱਜੇ ਪੰਥਕ ਅਤੇ ਸਿਆਸੀ ਲੀਡਰ



ਚੌਕ ਮਹਿਤਾ/ਏ.ਟੀ.ਨਿਊਜ਼ :- ਦਮਦਮੀ ਟਕਸਾਲ ਦੇ ਕੇਂਦਰੀ ਅਸਥਾਨ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਦਮਦਮੀ ਟਕਸਾਲ ਦੇ 14ਵੇਂ ਮੁਖੀ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਪੋਤਰੇ ਅਤੇ ਭਾਈ ਈਸ਼ਰ ਸਿੰਘ ਦੇ ਸਪੁੱਤਰ ਭਾਈ ਗੁਰਕੰਵਰ ਸਿੰਘ ਅਤੇ ਬੀਬੀ ਹਰਪ੍ਰੀਤ ਕੌਰ ਦਾ ਅਨੰਦ ਕਾਰਜ ਗੁਰ ਮਰਿਯਾਦਾ ਅਨੁਸਾਰ ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਦੀ ਰਹਿਨੁਮਾਈ ਹੇਠ ਹੋਇਆ। ਸ੍ਰੀ ਦਰਬਾਰ ਸਾਹਿਬ ਦੇ ਹੈੱਡਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਸੁਭਾਗੀ ਜੋੜੀ ਨੂੰ ਵਧਾਈ ਦਿੱਤੀ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਾਦੇ ਢੰਗ ਨਾਲ ਕੀਤੇ ਅਨੰਦ ਕਾਰਜ ਨੂੰ ਮਿਸਾਲੀ ਕਰਾਰ ਦਿੰਦਿਆਂ ਦੂਜਿਆਂ ਲਈ ਪ੍ਰੇਰਣਾ ਸਰੋਤ ਦੱਸਿਆ। ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਇਸ ਮੌਕੇ ਸਾਰਾ ਪੰਥ ਇਕੱਠਾ ਹੋਣ 'ਤੇ ਵਧਾਈ ਦਿੱਤੀ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਖ਼ਾਲਸਾ ਨੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਜੀਵਨੀ 'ਤੇ ਰੌਸ਼ਨੀ ਪਾਈ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸੰਤ ਬਾਬਾ ਪ੍ਰਦੀਪ ਸਿੰਘ ਬੋਰੇਵਾਲ, ਬਾਬਾ ਸਰਬਜੋਤ ਸਿੰਘ ਬੇਦੀ, ਬੀਬਾ ਹਰਸਿਮਰਤ ਕੌਰ ਬਾਦਲ, ਮਨਜੀਤ ਸਿੰਘ ਜੀ. ਕੇ., ਭਾਈ ਮਨਜੀਤ ਸਿੰਘ, ਭਾਈ ਰਜਿੰਦਰ ਸਿੰਘ ਮਹਿਤਾ, ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਅਜੈਬ ਸਿੰਘ ਅਭਿਆਸੀ, ਭਾਈ ਜਗਤਾਰ ਸਿੰਘ ਰੋਡੇ, ਸੰਤ ਚਰਨਜੀਤ ਸਿੰਘ ਜੱਸੋਵਾਲ, ਵਿਰਸਾ ਸਿੰਘ ਵਲਟੋਹਾ, ਹਰਮਿੰਦਰ ਸਿੰਘ ਗਿੱਲ, ਰਮਨਜੀਤ ਸਿੰਘ ਸਿੱਕੀ ਆਦਿ ਮੌਜੂਦ ਸਨ।

# ਅੰਤਰਰਾਸ਼ਟਰੀ ਹਵਾਈ ਅੱਡਾ ਚੰਡੀਗੜ੍ਹ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਨਾਮ ਉਪਰ ਕਰਨ ਬਾਰੇ ਜਾਰੀ ਨੋਟੀਫਿਕੇਸ਼ਨ

ਨਵੀਂ ਦਿੱਲੀ/ਏ.ਟੀ.ਨਿਊਜ਼ :- ਸ਼ਹਿਰੀ ਹਵਾਬਾਜ਼ੀ ਬਾਰੇ ਮੰਤਰਾਲੇ ਨੇ ਚੰਡੀਗੜ੍ਹ ਅੰਤਰਰਾਸ਼ਟਰੀ ਹਵਾਈ ਅੱਡੇ ਦਾ ਨਾਂ ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡਾ ਦੇ ਨਾਂ ਵਿਚ ਬਦਲਣ ਨੂੰ ਲੈ ਕੇ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। 26 ਸਤੰਬਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਲਾਨ ਕੀਤਾ ਸੀ ਕਿ ਚੰਡੀਗੜ੍ਹ




ਹਵਾਈ ਅੱਡੇ ਦਾ ਨਾਂ ਬਦਲ ਕੇ ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡਾ ਕਰ ਦਿੱਤਾ ਜਾਵੇਗਾ। ਇਹ ਐਲਾਨ 28 ਸਤੰਬਰ ਨੂੰ ਸ਼ਹੀਦ ਭਗਤ ਸਿੰਘ ਦੀ 115ਵੀਂ ਜਨਮ ਵਰ੍ਹੇਗੰਢ ਮੌਕੇ ਕੀਤਾ ਗਿਆ ਸੀ। ਸ਼ਹਿਰੀ ਹਵਾਬਾਜ਼ੀ ਮੰਤਰਾਲੇ ਵਲੋਂ ਜਾਰੀ ਨੋਟੀਫਿਕੇਸ਼ਨ ਵਿਚ ਕਿਹਾ ਗਿਆ ਹੈ ਕਿ ਚੰਡੀਗੜ੍ਹ ਹਵਾਈ ਅੱਡੇ ਦਾ ਨਾਂ ਫੌਰੀ ਪ੍ਰਭਾਵ ਨਾਲ ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡਾ ਕੀਤਾ ਜਾਂਦਾ ਹੈ। ਹਵਾਈ ਅੱਡਿਆਂ ਦੇ ਨਾਂ ਤਬਦੀਲ ਕਰਨ ਦੇ ਲੰਮੇ ਅਮਲਾਂ 'ਚ ਕੇਂਦਰੀ ਮੰਤਰੀ ਮੰਡਲ ਵਲੋਂ ਅੰਤਿਮ ਪ੍ਰਵਾਨਗੀ ਦਿੱਤੀ ਗਈ ਹੈ। ਜ਼ਿਆਦਾਤਰ ਹਵਾਈ ਅੱਡਿਆਂ ਦਾ ਨਾਂ ਉਸੇ ਸ਼ਹਿਰ 'ਤੇ ਹੁੰਦਾ ਹੈ ਪਰ ਕੁਝ ਮਾਮਲਿਆਂ ਵਿਚ ਸੂਬੇ ਵਲੋਂ ਇਕ ਵਿਸ਼ੇਸ਼ ਨਾਂ ਦੀ ਤਜਵੀਜ਼ ਕੀਤੀ ਜਾਂਦੀ ਹੈ, ਜਿਸ ਤੋਂ ਬਾਅਦ ਪਹਿਲਾਂ ਉਸ ਨੂੰ ਵਿਧਾਨ ਸਭਾ 'ਚ ਇਕ ਵਿਸ਼ੇਸ਼ ਮਤੇ ਨਾਲ ਪਾਸ ਕੀਤਾ ਜਾਂਦਾ ਹੈ, ਜਿਸ ਤੋਂ ਬਾਅਦ ਉਹ ਅੰਤਿਮ ਪ੍ਰਵਾਨਗੀ ਲਈ ਕੇਂਦਰੀ ਮੰਤਰੀ ਮੰਡਲ ਕੋਲ ਭੇਜਿਆ ਜਾਂਦਾ ਹੈ।

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

**9 ਨਵੰਬਰ ਤੋਂ 15 ਨਵੰਬਰ, 2022**

## ਗੁਰੂ ਨਾਨਕ ਪਾਤਿਸ਼ਾਹ ਦੇ ਆਗਮਨ ਪੁਰਬ ’ਤੇ ਆਪਾ ਪੜਚੋਲਣ ਦੀ ਲੋੜ

ਗੁਰਮੁਖ ਦੀ ਭਾਲ ਕਰਦਿਆਂ ਗੁਰੂ ਨਾਨਕ ਸਾਹਿਬ ਪਾਤਿਸ਼ਾਹ ਜੀ ਨੇ ਦੂਰ ਦੁਰਾਡੇ ਗਏ, ਜਿਸ ਨੂੰ ਇਤਿਹਾਸ ਵਿਚ ਉਦਾਸੀ ਕਿਹਾ ਗਿਆ। ਇਸ ਵੇਲੇ ਉਨ੍ਹਾਂ ਨੇ ਜਮੀਨੀ ਪੱਧਰ ’ਤੇ ਵਿਚਰਦਿਆਂ ਜਿਸ ਵੀ ਸ਼ਖਸੀਅਤ ਬਾਰੇ ਸੁਣਿਆ, ਉਨ੍ਹਾਂ ਨੂੰ ਮਿਲਦੇ ਗਏ। ਗੋਸ਼ਟੀ ਸੰਵਾਦ ਕਰਦੇ ਰਹੇ। ਇਸੇ ਵੇਲੇ ਦੌਰਾਨ ਉਨ੍ਹਾਂ ਨੇ ਬਹੁਤ ਸਾਰੇ ਭਗਤ ਜਨਾਂ ਦੀ ਬਾਣੀ ਇਕੱਤਰ ਕੀਤੀ। ਖੁਦ ਵੀ ਉਨ੍ਹਾਂ ਨੂੰ ਬਹੁਤ ਸਾਰੀ ਬਾਣੀ ਧੁਰ ਦਰਗਾਹੋਂ ਆਈ। ਜਿਸ ਨੂੰ ਉਨ੍ਹਾਂ ਨੇ ਪੋਥੀਆਂ ਵਿਚ ਸਾਂਭਿਆ ਅਤੇ ਇਹ ਸਾਰਾ ਖਜ਼ਾਨਾ ਦੂਸਰੇ ਪਾਤਿਸ਼ਾਹ ਨੂੰ ਸੌਂਪ ਦਿੱਤਾ। ਉਹ ਗੁਰਮੁਖ ਦੀ ਭਾਲ ਵਿੱਚ ਰਹੇ ਅਤੇ ਫਿਰ ਭਾਈ ਲਹਿਣਾ ਜੀ ਗੁਰੂ ਨਾਨਕ ਪਾਤਿਸ਼ਾਹ ਦਾ ਰੂਪ ਹੋਏ।

ਭਾਈ ਲਹਿਣਾ ਜੀ ਗੁਰੂ ਦੀ ਓਟ ਨਾਲ ਧਾਰਨ ਕੀਤੇ ਗੁਣਾਂ ਨਾਲ ਜੀਅ ਰਹੇ ਸਨ, ਜਿਸ ਵਜ੍ਹਾ ਨਾਲ ਉਹ ਇਸ ਪਰਖ ਵਿਚੋਂ ਸਾਬਤ ਨਿਕਲੇ। ਗੁਰੂ ਦਾ ਹੁਕਮ ਮੰਨਣ ਦਾ ਗੁਣ ਉਨ੍ਹਾਂ ਦੇ ਅੰਦਰ ਵੱਸਿਆ ਸੀ। ਬਾਕੀ ਸਿੱਖ ਅਜੇ ਗੁਰੂ ਹੁਕਮ ਮੰਨਣ ਲਈ ਸ਼ਸੋਪੰਜ ਵਿਚ ਸਨ। ਸੱਤਵੇਂ ਪਾਤਸ਼ਾਹ ਵੇਲੇ ਵੀ ਸ੍ਰੀ ਹਰਿਕ੍ਰਿਸ਼ਨ ਜੀ ਅਤੇ ਬਾਬਾ ਰਾਮਰਾਏ ਜੀ ਦੀ ਸਮਾਧੀ ਭਾਵੇਂ ਉਪਰੋਂ ਇੱਕ ਵਿਖਾਈ ਦਿੰਦੀ ਸੀ ਪਰ ਬਾਬਾ ਰਾਮਰਾਏ ਜੀ ਦੀ ਉਹ ਅਵਸਥਾ ਨਹੀਂ ਸੀ ਅਤੇ ਸੂਈ ਦੇ ਚੁਭਣ ’ਤੇ ਉਨ੍ਹਾਂ ਹਿਲਜੁਲ ਕੀਤੀ ਪਰ ਬੜੀ ਛੋਟੀ ਉਮਰ ਵਿੱਚ ਵੀ ਸ੍ਰੀ ਹਰਕ੍ਰਿਸ਼ਨ ਜੀ ਅਡੋਲ ਅਵਸਥਾ ਵਾਲੇ ਸਨ। ਸੰਗਤ ਗੁਰੂ ਦੇ ਥਾਂ ਹੈ, ਗੁਰੂ ਨੇ ਸੰਗਤ ਨੂੰ ਵੱਡਾ ਰੁਤਬਾ ਦਿੱਤਾ ਹੈ, ਸੋ ਹੁਣ ਦੇ ਸਮੇਂ ਸਾਨੂੰ ਆਪਣੇ ਫੈਸਲੇ ਸੰਗਤੀ ਰੂਪ ਵਿੱਚ ਆਪਣੀ ਰਵਾਇਤ ਅਨੁਸਾਰ ਹੀ ਲੈਣੇ ਚਾਹੀਦੇ ਹਨ। ਗੁਰਦੁਆਰਾ ਸਾਹਿਬ ਦੀ ਸੇਵਾ ਸੰਭਾਲ ਜਾਂ ਕੋਈ ਵੀ ਹੋਰ ਪੰਥਕ ਜ਼ੁੰਮੇਵਾਰੀ ਵਾਲੀ ਸੇਵਾ ਸੌਂਪਣ ਲਈ ਗੁਣਾਂ ਨੂੰ ਅਹਿਮੀਅਤ ਦੇਣੀ ਚਾਹੀਦੀ ਹੈ ਨਾ ਕਿ ਕਿਸੇ ਹੋਰ ਸਭਿਆਚਾਰ ਦੇ ਬਹੁ-ਗਿਣਤੀ ਦੇ ਤਰੀਕੇ ਰਾਹੀਂ ਚੁਣ ਕੇ ਗੁਰੂ ਰਵਾਇਤ ਤੋਂ ਉਲਟ ਖੜ੍ਹਨਾ ਚਾਹੀਦਾ ਹੈ।

ਗੁਰੂ ਨਾਨਕ ਸਾਹਿਬ ਉਦਾਸੀਆਂ ਕਰਦਿਆਂ ਜਿਥੇ ਅੱਤ ਨੀਚ ਅਤੇ ਅਪਰਾਧ ਕਰਨ ਵਾਲੇ ਮਨੁੱਖਾਂ ਨੂੰ ਮਿਲੇ ਤੇ ਉਨ੍ਹਾਂ ਨੂੰ ਸੱਚ ਦਾ ਰਾਹ ਵਿਖਾ ਕੇ ਪ੍ਰਮਾਤਮਾ ਦੀ ਬੰਦਗੀ ਤੇ ਹੁਕਮ ਵਿਚ ਜਿੰਦਗੀ ਬਸਰ ਕਰਨ ਦੀ ਰਾਹ ਵਿਖਾਲੀ। ਸੇਵਾ ਲਈ ਤੋਰਨ ਤੋਂ ਪਹਿਲਾਂ ਮਨੁੱਖਾਂ ਨੂੰ ਬੰਦਗੀ, ਸੰਗਤ ਅਤੇ ਸੰਗਤ ਦੀ ਸੇਵਾ ’ਤੇ ਲਾਇਆ। ਜੋ ਪਹਿਲਾਂ ਹੀ ਬੰਦਗੀ ਵਾਲੇ ਸਨ, ਉਨ੍ਹਾਂ ਨੂੰ ਲੋਕਾਂ ਦੇ ਭਲੇ ਵਾਸਤੇ ਤੋਰਿਆ। ਦੁਨੀਆਂ ਦੇ ਵੱਖਰੇ ਧਰਮਾਂ ਦੇ ਵੱਡੇ ਮਨੁੱਖਾਂ ਨੂੰ ਮਿਲ ਕੇ ਉਨ੍ਹਾਂ ਨਾਲ ਸਾਂਝ ਪਾਈ ਤੇ ਦੁਨੀਆਂ ਨੂੰ ਸਪੱਸ਼ਟ ਕੀਤਾ ਕਿ ਸਿੱਖ ਦੀ ਸਾਂਝ ਦੁਨੀਆਂ ਦੇ ਹਰ ਵੰਨਗੀ ਦੇ ਸੱਚੇ ਮਨੁੱਖਾਂ ਨਾਲ ਰਹੇਗੀ। ਦੁਨੀਆਂ ਸਰਬ ਸਾਂਝੀ ਹੈ ਤੇ ਸਾਰੀ ਲੋਕਾਈ ਇੱਕ ਹੈ ਤੇ ਸਾਰੀ ਰਚਨਾ ਦਾ ਕਰਤਾ ਇੱਕ ਹੋਣ ਕਰਕੇ ਹਰ ਮਨੁੱਖ ਦੀ ਦੂਜੇ ਮਨੁੱਖ ਨਾਲ ਨੇੜਤਾ ਤੇ ਸਾਂਝ ਹੋਣੀ ਚਾਹੀਦੀ ਹੈ। ਇਹੋ ਸਾਂਝੀਵਾਲਤਾ ਵਿਚ ਹੀ ਗੁਰੂ ਨਾਨਕ ਸਿੱਖੀ ਦੀ ਮਹਿਕ ਹੈ।

ਗੁਰੂ ਨਾਨਕ ਸਾਹਿਬ ਪਾਤਸ਼ਾਹ ਜੀ ਨੇ ਜਿਥੇ ਵੀ ਕੋਈ ਸਿੱਖੀ ਧਾਰਦਾ ਸੀ, ਉਨ੍ਹਾਂ ਨੂੰ ਸੰਗਤ ਸਥਾਪਿਤ ਕਰਨ ਲਈ ਉਪਦੇਸ਼ ਦਿੰਦੇ ਅਤੇ ਨਾਮ-ਸਿਮਰਨ, ਕੀਰਤਨ ਅਤੇ ਬਾਣੀ ਪੜਨ ਅਤੇ ਸੰਗਤ ਦੀ ਸੇਵਾ ਦੇ ਪਵਿੱਤਰ ਕਾਰਜ ਤੇ ਲਾਇਆ। ਇਸੇ ਸੰਗਤ ਤੋਂ ਹੀ ਫੇਰ ਅੱਗੇ ਪੰਜ ਪਿਆਰੇ ਅਤੇ ਗੁਰੂ ਖਾਲਸਾ ਪੰਥ ਦਾ ਸਰੂਪ ਬਣਿਆ ਜਿਸਨੂੰ ਦਸਮ ਪਾਤਸਾਹ ਅਖੀਰ ‘ਬਾਣੀ ਗੁਰੂ’ ‘ਗੁਰੂ ਗਰੰਥ ਸਾਹਿਬ’ ਜੀ ਦੇ ਲੜ ਲਾ ਕੇ ਜਾਂਦੇ ਹਨ। ਸੰਗਤ ਦੇ ਉਦਮ, ਘਾਲ ਕਮਾਈ ਦੇ ਸਦਕਾ ਹੀ ਪਹਿਲਾਂ ਧਰਮਸਾਲ ਅਤੇ ਫੇਰ ਗੁਰਦੁਆਰੇ ਹੋਂਦ ਵਿਚ ਆਏ। ਸਿੱਖੀ ਦਾ ਇਹ ਸਾਰਾ ਪਸਾਰਾ ਸੰਗਤ ਦੇ ਗੁਰੂ ਨਾਨਕ ਸਾਹਿਬ ਨਾਲ ਪ੍ਰੇਮ ਕਰਕੇ ਹੀ ਸੰਭਵ ਹੋ ਸਕਿਆ। ਅੱਜ ਦੇ ਸਮੇਂ ਜੇਕਰ ਗੁਰਦੁਆਰਾ ਪ੍ਰਬੰਧ ਵਿਚ ਆ ਰਹੇ ਵਿਗਾੜ ਅਤੇ ਪਵਿੱਤਰ ਰਵਾਇਤਾਂ ਦਾ ਹੁੰਦਾ ਘਾਣ ਮਹਿਸੂਸ ਕਰ ਰਹੇ ਹਾਂ, ਤਾਂ ਸੰਗਤ ਦਾ ਰਵਾਇਤ ਪ੍ਰਤੀ ਢਿੱਲਾ ਪਹਿਰਾ, ਗੁਰੂ ਨਾਨਕ ਸਾਹਿਬ ਦੀ ਯਾਦ ਤੋਂ ਵਿਛੜਨਾ ਅਤੇ ਉਨ੍ਹਾਂ ਦੇ ਸਤਿਕਾਰ ਪ੍ਰਤੀ ਪਵਿੱਤਰ ਭਾਵਨਾ ਦਾ ਫਿੱਕਾ ਪੈਣਾ ਹੀ ਸਾਰੀ ਕੌਮ ਵਜੋਂ ਸਾਡੀ ਭੁੱਲ ਹੈ, ਜੋ ਗੁਰੂ ਨਾਨਕ ਸਾਹਿਬ ਦੀ ਨਦਰ ਤੋਂ ਦੂਰ ਲੈ ਗਈ ਹੈ। ਨਗਰ ਕੀਰਤਨ ਜਾਂ ਗੁਰਮਤਿ ਸਮਾਗਮ ਕਿਸੇ ਵੇਲੇ ਬੜੀ ਪ੍ਰੇਮ ਭਾਵਨਾ ਨਾਲ ਸ਼ੁਰੂ ਕੀਤੇ ਗਏ ਸੀ, ਪਰ ਅੱਜ ਗੁਰੂ ਭੈਅ ਤੋਂ ਵਿਰਵੇ ਹੋਣ ਕਰਕੇ ਅਸੀਂ ਆਮ ਮਨੁੱਖਾਂ ਨੂੰ ਖੁਸ਼ ਕਰਨਾ ਹੀ ਮੁਖ ਰੱਖ ਲਿਆ ਹੈ, ਗੁਰੂ ਦੀ ਖੁਸ਼ੀ ਦੋਇਮ ਦਰਜੇ ਤੇ ਆ ਗਈ ਹੈ। ਇਸਦੇ ਹੱਲ ਲਈ ਦੁਨਿਆਵੀ ਦਿਖਾਵੇਬਾਜ਼ੀਆਂ ਨੂੰ ਤਿਆਗ ਕੇ ਗੁਰੂ ਦੇ ਨੇੜੇ ਸੰਗਤ ਰੂਪ ਵਿਚ ਹੀ ਬੈਠਣਾ ਪਏਗਾ ਤੇ ਵਿਚਾਰ ਵਿੱਚੋਂ ਰਾਹ ਤਲਾਸ਼ਣੇ ਪੈਣਗੇ। ਇਸ ਅਮਲ ਵਿਚ ਨਾ ਪੈਣ ਦੇ ਨਤੀਜੇ ਵਜੋਂ ਗੁਰੂ ਨਾਨਕ ਸਾਹਿਬ ਦੀਆਂ ਬਖਸ਼ਿਸ਼ਾਂ ਨੂੰ ਦੁਨੀਆ ਨੂੰ ਤੱਕ ਪਹੁੰਚਾਣ ਤੋਂ ਖੁੰਝ ਰਹੇ ਹਾਂ।

ਪ੍ਰੋ. ਪੂਰਨ ਸਿੰਘ ਨੇ ਜੋ ਇੱਕ ਦਫ਼ਾ ਲਿਖਿਆ ਸੀ, ਅੱਜ ਇਸ ਸਥਿਤੀ ’ਤੇ ਉਹ ਬਿਲਕੁਲ ਢੁੱਕਦਾ ਹੈ, ‘ਇਸ ਵੇਲੇ ਕੋਝੇ ਲਾਲਚ ਨੂੰ ਛੱਡਣਾ ਪਏਗਾ। ਸਿੱਖੀ ਦਾ ਉਹ ਪੈਗਾਮ ਜਿਸਦੇ ਵਾਸਤੇ ਸੰਸਾਰ ਤੜਪ ਰਿਹਾ ਹੈ ਤੇ ਪੁਕਾਰ ਕੇ ਕਹਿ ਰਿਹਾ ਹੈ ਕਿ ਖ਼ਾਲਸਾ ਜੀ, ਗੁਰੂ ਬਾਬੇ ਦੇ ਦਰਸ਼ਨ ਕਦ ਕਰਾਉਗੇ? ਗੁਰੂ ਅਰਜਨ ਦੇਵ ਜੀ ਦੇ ਖ਼ਾਲਸਾ ਜੀ! ਕਲਗੀਆਂ ਵਾਲੇ ਦੇ ਸ਼ਬਦ ਤੋਂ ਪੈਦਾ ਕੀਤੇ ਪੰਥ! ਹੇ ਬਾਜ਼ਾਂ ਵਾਲੇ ਦੇ ਸ਼ਬਦ ਤੋਂ ਪੈਦਾ ਕੀਤੇ ਪੰਥ! ਹੇ ਬਾਜ਼ਾਂ ਵਾਲੇ ਦੇ ਰਚੇ ਆਦਰਸ਼ਕ ਖ਼ਾਲਸਾ ਜੀ! ਦੁਨੀਆ ਵਿਲਕ ਰਹੀ ਹੈ।’

ਗੁਰੂ ਨਾਨਕ ਸਾਹਿਬ ਜੀ ਨੇ ਜਿੰਦਗੀ ਦੇ ਬੜੇ ਥੋੜੇ ਚਿਰ ਆਪਣੇ ਘਰ ਬਿਤਾਏ ਹੋਣਗੇ। ਉਨ੍ਹਾਂ ਦੀ ਘਾਲ ਕਮਾਈ ਤੋਂ ਸਾਨੂੰ ਸਿੱਖਣ ਦੀ ਲੋੜ ਹੈ। ਜਦੋਂ ਉਨ੍ਹਾਂ ਦੀ ਘਾਲਣਾ ਕਮਾਈ ਨੂੰ ਦੇਖਦੇ ਹਾਂ ਤਾਂ ਮਹਿਸੂਸ ਹੁੰਦਾ ਹੈ ਕਿ ਉਨ੍ਹਾਂ ਅੰਦਰ ਕੋਈ ਜੋਤ ਲੱਟ ਲੱਟ ਬਲ ਰਹੀ ਹੈ। ਜੋ ਉਨ੍ਹਾਂ ਨੇ ਘਰ ਪਰਿਵਾਰ ਤਿਆਗ ਕੇ ਸਿਰਫ ਲੋਕਾਈ ਦੇ ਲੇਖੇ ਆਪਣੀ ਜ਼ਿੰਦਗੀ ਲਾਈ। ਜਿਨ੍ਹਾਂ ਸਤਿਕਾਰ ਬਾਣੀ ਦਾ ਉਨ੍ਹਾਂ ਕਰਨਾ ਸਿਖਾਇਆ, ਉਸ ਨੂੰ ਮਹਿਸੂਸ ਕਰਨਾ ਪਏਗਾ। ਪਾਤਿਸ਼ਾਹ ਜੀ ਅੱਗੇ ਅਰਦਾਸ ਕਰੀਏ ਕਿ ਜਿਸ ਗੁਰਮੁਖ ਦੀ ਗੱਲ ਪਾਤਿਸ਼ਾਹ ਨੇ ਕੀਤੀ, ਜਿਨ੍ਹਾਂ ਰਾਹਵਾਂ ’ਤੇ ਚੱਲਣ ਲਈ ਸਾਨੂੰ ਤਾਕੀਦ ਕੀਤੀ, ਅਸੀਂ ਉਸ ਪਾਸੇ ਵੱਲ ਕੋਈ ਤਿਲ ਫੁਲ ਕਦਮ ਚੱਲ ਸਕੀਏ। ਸਾਡੇ ਮੁਖ ਤੋਂ, ਸਾਡੇ ਅਮਲਾਂ ’ਚੋਂ ਗੁਰੂ ਦੀ ਝਲਕ ਪਵੇ ਅਤੇ ਅਸੀਂ ਰੂਹ ਤੋਂ ਗੁਰੂ ਪਾਤਿਸ਼ਾਹ ਨੂੰ ਮਹਿਸੂਸ ਕਰ ਸਕੀਏ।

**-ਸੰਪਾਦਕ**

# 2024 ਦੀਆਂ ਚੋਣਾਂ ਲਈ ਭਗਵੀਂ ਧਰੁਵੀਕਰਨ ਦੀ ਰਣਨੀਤੀ



ਰਣਜੀਤ ਸਿੰਘ ਕੁਕੀ

2024 ਦੀਆਂ ਆਮ ਚੋਣਾਂ ਤੋਂ ਪਹਿਲਾਂ ਭਗਵਾਂ ਧਰੁਵੀਕਰਨ ਹੋਰ ਵੀ ਜਿਆਦਾ ਤਿੱਖਾ ਹੋ ਸਕਦਾ ਹੈ। ਇਹ ਪਹਿਲਾਂ ਹੀ ਪਰਤੀ ਹੋਈ ਰਣਨੀਤੀ ਹੈ ਜਿਸ ਨੇ ਭਾਰਤੀ ਜਨਤਾ ਪਾਰਟੀ ਨੂੰ ਕਾਫੀ ਫਾਇਦਾ ਪਹੁੰਚਾਇਆ ਹੈ। ਪਿਛਲੇ ਅੱਠ ਸਾਲਾਂ ਵਿਚ ਭਾਰਤੀ ਜਨਤਾ ਪਾਰਟੀ ਨੇ ਗੇਮ ਦੇ ਨਿਯਮ ਹੀ ਬਦਲ ਦਿੱਤੇ ਹਨ ਕਿ ਹੁਣ ਇਹ ਵਿਰੋਧੀ ਧਿਰ ਵਿਚ ਨਹੀਂ ਬੈਠ ਸਕਦੀ। 2014 ਤੋਂ ਬਾਅਦ ਜਦੋਂ ਤੋਂ ਪਾਰਟੀ ਨੇ ਆਪਣੀ ਰਾਜਨੀਤਿਕ ਭਾਸ਼ਾ ਬਦਲੀ ਹੈ ਇਸ ਨੇ ਵਿਰੋਧੀ ਧਿਰ ਨੂੰ ਦੁਸ਼ਮਣ ਵਿਚ ਬਦਲ ਦਿੱਤਾ ਹੈ।ਇਸ ਦੀ ਪੂਰੀ ਰਣਨੀਤੀ ਹੀ ਆਪਣੇ ਦੁਸ਼ਮਣ ਨੂੰ ਪੂਰੀ ਤਰਾਂ ਖਤਮ ਕਰਨ ਦੀ ਹੈ।ਅੱਜ ਦੇ ਸਮੇਂ ਵਿਚ ਵਿਰੋਧੀ ਧਿਰ ਵਿਚ ਵੀ ਕੋਈ ਏਕਤਾ ਨਹੀਂ ਹੈ। ਸੌੜਾ ਦ੍ਰਿਸ਼ਟੀਕੋਣ ਅਤੇ ਵਿਅਕਤੀਗਤ ਅਹਿਮ ਜਿਆਦਾ ਮਹੱਤਵਪੂਰਨ ਹੋ ਗਿਆ ਹੈ। 2024 ਦੀਆਂ ਚੋਣਾਂ ਵੱਲ ਭਾਰਤੀ ਜਨਤਾ ਪਾਰਟੀ ਦਾ ਰਾਹ ਸਿੱਧਾ ਨਹੀਂ ਹੋ ਸਕਦਾ ਕਿਉਂ ਕਿ ਪਿਛਲ਼ੇ ਦਸ ਸਾਲਾਂ ਵਿਚ ਪਾਰਟੀ ਨੂੰ ਮਹਿੰਗਾਈ ਦੀ ਮਾਰ ਅਤੇ ਵਧਦੀ ਬੇਰੁਜ਼ਗਾਰੀ ਕਰਕੇ ਸੱਤਾ ਵਿਰੋਧੀ ਲਹਿਰ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਇਹ ਸਿਰਫ ਪਾਰਟੀ ਦੇ ਅੰਦਰ ਦੀ ਹੀ ਗੜਗੜਾਹਟ ਨਹੀਂ ਹੈ, ਰਾਸ਼ਟਰੀ ਸਵੈ ਸੇਵਕ ਸੰਘ ਦੁਆਰਾ ਵੀ ਨਰਿੰਦਰ ਮੋਦੀ ਨੂੰ ਇਕ ਜ਼ਿੰਮੇਵਾਰੀ ਦੇ ਰੂਪ ਵਿਚ ਦੇਖਿਆ ਜਾ ਸਕਦਾ ਹੈ।ਅਗਰ ਗੁਜਰਾਤ ਭਾਰਤੀ ਜਨਤਾ ਪਾਰਟੀ ਦੇ ਹੱਥਾਂ ਵਿਚੋਂ ਨਿਕਲ ਜਾਂਦਾ ਹੈ ਤਾਂ ਇਸ ਦੀਆਂ 2024 ਦੀਆਂ ਚੋਣਾਂ ਲਈ ਵੀ ਵੱਡੇ ਸਿੱਟੇ ਨਿਕਲਣਗੇ।ਇਸ ਦਾ ਇਕੋ ਇਕ ਟਰੰਪ ਕਾਰਡ ਧਾਰਮਿਕ ਧਰੁਵੀਕਰਨ ਹੀ ਹੋਵੇਗਾ। 23 ਅਕਤੂਬਰ ਨੂੰ ਅਯੋਧਿਆ ਵਿਚ ਦੀਪਉਤਸਵ ਵਿਚ ਭਾਗ ਲੈਂਦੇ ਹੋਏ ਪ੍ਰਧਾਨ ਮੰਤਰੀ ਨੇ ਇਹ ਦਿਖਾਇਆ ਹੈ ਕਿ ਸਭ ਤੋਂ ਵੱਡੇ ਲੋਕਤੰਤਰ ਨੂੰ ਧਾਰਮਿਕ ਜੋਸ਼ ਅਤੇ ਵਿਕਾਸ ਦੇ ਮਿਲਗੋਭੇ ਨਾਲ ਹੀ ਚਲਾਇਆ ਜਾ ਸਕਦਾ ਹੈ ਜਿਸ ਵਿਚ ਸਮਾਵੇਸ਼ ਵੀ ਸ਼ਾਮਿਲ ਹੈ। ਮੋਦੀ ਜਿਹਾ ਨੇਤਾ ਜੋ ਕਿ ਧਰਮ ਨੂੰ ਆਪਣੇ ਨਾਲ ਲੈ ਕੇ ਚੱਲਦਾ ਹੈ, ਇਸ ਦਾ ਅਰਥ ਇਹ ਨਹੀਂ ਹੈ ਕਿ ਉਹ ਧਰਮ ਨਿਰਪੱਖ ਨਹੀਂ ਹੈ ਕਿਉਂਕਿ ਹਾਸ਼ੀਆਗ੍ਰਸਤ ਲੋਕਾਂ ਲਈ ਪੂਜਾ ਦੇ ਅਸਥਾਨ ਬਣਾਉਣ ਦੇ ਨਾਲ-ਨਾਲ ਪੱਕੇ ਘਰ ਬਣਾਉਣ ਉੱਪਰ ਜ਼ੋਰ ਦਿੰਦਾ ਹੈ। ਇਸ ਨਾਲ ਵਿਕਾਸ ਦਾ ਬਹੁ-ਪੱਖੀ ਮਾਡਲ ਸਾਹਮਣੇ ਆਉਂਦਾ ਹੈ।ਆਉਣ ਵਾਲੀਆਂ ਲੋਕ ਸਭਾ ਚੋਣਾਂ ਲਈ ਮੋਦੀ ਅਤੇ ਸ਼ਾਹ ਦੀ ਰਣਨੀਤੀ ਸਾਫ ਹੋ ਰਹੀ ਹੈ।

ਉਨ੍ਹਾਂ ਦੀ ਰਣਨੀਤੀ ਚਾਰ ਮੁੱਖ ਮੁੱਦਿਆਂ ਦਾ ਮਿਸ਼ਰਣ ਹੈ ਜੋ ਕਿ 2024 ਵਿਚ ਆਪਸ ਵਿਚ ਮਿਲ ਜਾਣਗੇ। ਇਸ ਵਿਚ 2024 ਤੱਕ ਅਯੋਧਿਆ ਮੰਦਰ ਨੂੰ ਪੂਰਾ ਕਰਨਾ, ਸਮਾਜਿਕ ਭਲਾਈ ਦੇ ਅੱਸੀ ਪ੍ਰਤੀਸ਼ਤ ਕੰਮਾਂ ਨੂੰ ਪੂਰਾ ਕਰਨਾ, ਅਤੇ ਪਾਈਪਲਾਈਨ ਦੇ ਬੁਨਿਆਦੀ ਢਾਂਚਿਆਂ ਨੂੰ ਪੂਰਾ ਕਰਨਾ ਸ਼ਾਮਿਲ ਹੈ। ਅਜ਼ਾਦੀ ਤੋਂ ਬਾਅਦ ਮੋਦੀ ਨੇ ਆਪਣੇ ਆਪ ਨੂੰ ਸਭ ਤੋਂ ਮਜਬੂਤ ਨੇਤਾ ਦੇ ਰੂਪ ਵਿਚ ਸਥਾਪਿਤ ਕਰ ਲਿਆ ਹੈ।ਮੋਦੀ ਅਤੇ ਉਸ ਦਾ ਵਿਚਾਰਧਾਰਕ ਝੁਕਾਅ ਬਹੁਗਿਣਤੀ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਦਰਸਾਉਂਦਾ ਹੈ ਜੋ ਕਿ 134 ਕਰੋੜ ਅਬਾਦੀ ਦਾ ਅੱਸੀ ਪ੍ਰਤੀਸ਼ਤ ਹੈ। ਹਾਲਾਂਕਿ ਸਾਰੀ ਅੱਸੀ ਪ੍ਰਤੀਸ਼ਤ ਅਬਾਦੀ ਬੀਜੇਪੀ ਪੱਖੀ ਨਹੀਂ ਹੈ, ਪਰ ਦਿਲੋਂ ਉਹ ਹਿੰਦੂ ਹਨ ਜੋ ਇਸ ਤਰਾਂ ਦੀ ਰਾਜਨੀਤੀ ਤੋਂ ਅਭਿੱਗ ਨਹੀਂ ਰਹਿ ਸਕਦੇ।ਮੋਦੀਤਵ+ਹਿੰਦੂਤਵ+ਸਮਾਜ ਭਲਾਈ ਦੀਆਂ ਸਕੀਮਾਂ ਨੂੰ ਨਿਸ਼ਾਨਾ ਬਣਾਉਣਾ ਭਾਰਤੀ ਜਨਤਾ ਪਾਰਟੀ ਦਾ ਜਿੱਤਣ ਦਾ ਫਾਰਮੂਲਾ ਹੈ। ਆਪਣਾ ਸਮਾਜਿਕ ਅਧਾਰ ਵਧਾਉਣ ਲਈ ਡਿਜੀਟਲ ਟੂਲਜ਼ ਉਨ੍ਹਾਂ ਨੂੰ ਜਾਤੀ ਸਮੀਕਰਨ ਠੀਕ ਬੈਠਾਉਣ ਵਿਚ ਮਦਦ ਕਰਦੀਆਂ ਹਨ ਤਾਂ ਕਿ ਉਹ ਨਵੇਂ ਵੋਟਰਾਂ ਤੱਕ ਪਹੁੰਚ ਕਰ ਸਕਣ। ਨਵੇਂ ਵੋਟਰਾਂ ਵਿਚ ਹੋਰ ਪਿੱਛੜੀਆਂ ਜਾਤੀਆਂ, ਅਨੁਸੂਚਿਤ ਜਾਤੀਆਂ ਅਤੇ ਪੇਂਡੂ ਔਰਤਾਂ ਸ਼ਾਮਿਲ ਹਨ ਜੋ ਕਿ ਸਰਕਾਰ ਦੀਆਂ ਸਕੀਮਾਂ ਦਾ ਲਾਭ ਉਠਾ ਰਹੇ ਹਨ। ਨਵੇਂ ਵੋਟਰ ਨੂੰ ਆਪਣੇ ਆਪ ਨਾਲ ਸ਼ਾਮਿਲ ਕਰਨਾ ਹੀ ਹਿੰਦੀ ਪੱਟੀ ਵਿਚ ਆਧਾਰ ਬਣ ਰਿਹਾ ਹੈ ਜਿੱਥੇ ਬੀਜੇਪੀ ਦੀ ਰਾਜਨੀਤਿਕ ਪ੍ਰਧਾਨਤਾ ਹੈ ਕਿਉਂ ਕਿ ਉਨ੍ਹਾਂ ਨੂੰ 303 ਵਿਚੋਂ ਸੱਠ ਪ੍ਰਤੀਸ਼ਤ ਵੋਟਾਂ ਪ੍ਰਾਪਤ ਹੋਈਆਂ ਹਨ। ਅਯੋਧਿਆ ਵਿਚ ਦੀਪ ਉਤਸਵ ਨੂੰ ਧੂਮਧਾਮ ਨਾਲ ਮਨਾਉਣਾ ਜਾਂ ਉਜੈਨ ਕੋਰੀਡੋਰ ਦਾ ਕੰਮ ਪੂਰਾ ਹੋਣਾ ਹਿੰਦੂ ਗੌਰਵ ਦਾ ਹੀ ਚਿੰਨ੍ਹ ਹੈ ਅਤੇ ਹਿੰਦੂਆਂ ਦੀ ਮਾਨਸਿਕਤਾ ਵਿਚ ਲੰਮੇ ਸਮੇਂ ਤੋਂ ਦੱਬੀ ਹੋਈ ਸਮਾਜਿਕ-ਧਾਰਮਿਕ ਅਤੇ ਸੱਭਿਆਚਾਰਲ ਵਿਰਾਸਤ ਦਾ ਪੁਨਰ-ਉਥਾਨ ਹੈ। ਰਾਜ ਦਾ ਮੁਖੀ ਬਹੁਤ ਹੀ ਅਸਾਨੀ ਨਾਲ ਸਲੋਕਾਂ ਦਾ ਉਚਾਰਨ ਕਰਦਾ ਹੈ ਅਤੇ ਭਗਵਾਨ ਰਾਮ ਦੇ ਆਦਰਸ਼ਾਂ ਉੱਪਰ ਚੱਲਣ ਦਾ ਭਾਸ਼ਣ ਦਿੰਦਾ ਹੈ। ਪ੍ਰਧਾਨ ਮੰਤਰੀ ਮੋਦੀ ਨੂੰ ਲੈ ਕੇ ਵਿਚਾਰਾਂ ਵਿਚ ਹੁਣ ਬਦਲਾਅ ਆਉਣ ਲੱਗਿਆ ਹੈ ਕਿਉਂਕਿ ਹਿੰਦੂ ਪਛਾਣ ਉੱਪਰ ਜਿਆਦਾ ਜੋਰ ਦੇਣਾ ਧਰੁਵੀਕਰਨ ਅਤੇ ਵਿਰੋਧ ਨੂੰ ਵਧਾਉਣ ਲੱਗਿਆ ਹੈ।ਲੋਕਤੰਤਰ ਵਿਚ ਜਿਹੜੇ ਬਿਰਤਾਂਤ ਇਕ ਪਾਰਟੀ ਦੀ ਮਦਦ ਕਰਦੇ ਹਨ, ਉਹ ਚੋਣਾਂ ਸਮੇਂ ਉਸ ਦੇ ਵਿਰੁੱਧ ਵੀ ਜਾ ਸਕਦੇ ਹਨ। 2024 ਦੀਆਂ ਆਉਣ ਵਾਲੀਆਂ ਚੋਣਾਂ ਲਈ ਵੀ ਇਹ ਬਿਰਤਾਂਤ ਸਹੀ ਜਾਪ ਰਿਹਾ ਹੈ। ਭਾਰਤੀ ਜਨਤਾ ਪਾਰਟੀ ਦੀ ਲੋਕਪ੍ਰਿਯਤਾ ਜਿਆਦਾਤਰ ਪ੍ਰਧਾਨ ਮੰਤਰੀ ਮੋਦੀ ਦੀ ਸ਼ਖਸੀਅਤ ਦੇ ਆਲੇ-ਦੁਆਲੇ ਹੀ ਘੁੰਮਦੀ ਹੈ।ਉਸ ਦੀ ਵੱਡੀ ਤਸਵੀਰ ਪੇਸ਼ ਕਰਨ ਨਾਲ ਪਾਰਟੀ ਕਾਫੀ ਤਾਨਾਸ਼ਾਹ ਪ੍ਰਤੀਤ ਹੁੰਦੀ ਹੈ। ਜਦੋਂ ਮੋਦੀ ਪ੍ਰਧਾਨ ਮੰਤਰੀ ਬਣਿਆ ਸੀ ਤਾਂ ਉਹ ਅਜਿਹਾ ਨੇਤਾ ਜਾਪਦਾ ਸੀ ਜੋ ਲੀਕ ਤੋਂ ਹਟ ਕੇ ਸੋਚਦਾ ਹੈ।ਉਸ ਦੀ ਪ੍ਰਭਾਵਸ਼ਾਲੀ ਸ਼ਖਸੀਅਤ ਕਰਕੇ ਹੀ ਉਸ ਪਾਸੋਂ ਜਲਦ ਨਤੀਜਿਆਂ ਦੀ ਉਮੀਦ ਕੀਤੀ ਗਈ ਸੀ। ਪਰ 2024 ਵਿਚ ਵੀ ਅਗਰ ਅਸੀ ਅਜਿਹਾ ਹੀ ਸੋਚ ਕੇ ਵੋਟ ਕਰਦੇ ਹਾਂ ਤਾਂ ਅਸੀ ਬਹੁਤ ਵੱਡੇ ਭੁਲੇਖੇ ਵਿਚ ਹੋਵਾਂਗੇ। ਕਿਉਂਕਿ ਕੋਈ ਵੀ ਜਾਦੂਮਈ ਤਬਦੀਲੀ ਨਹੀਂ ਆਈ ਹੈ: ਜਿਸ ਤਰ੍ਹਾਂ ਕਿ ਵਾਅਦਾ ਕੀਤਾ ਗਿਆ ਸੀ, ਮੌਕਿਆਂ ਦੀ ਗਿਣਤੀ ਵਿਚ ਵਾਧਾ ਨਹੀਂ ਹੋਇਆ ਹੈ ਅਤੇ ਲੋਕਾਂ ਦੀਆਂ ਉਮੀਦਾਂ ਪੂਰੀਆਂ ਨਹੀਂ ਹੋਈਆਂ ਹਨ। ਪ੍ਰਧਾਨ ਮੰਤਰੀ ਦੀ ਤਾਨਾਸ਼ਾਹ ਵਜੋਂ ਲੋਕਾਂ ਵਿਚ ਬਣੀ ਛਵੀ ਅਸਲ ਵਿਚ ਤਾਨਾਸ਼ਾਹ ਦੀ ਧਾਰਣਾ ਵਿਚ ਬਦਲ ਸਕਦੀ ਹੈ। ਇਹ ਧਾਰਣਾ ਹੀ ਕਈ ਵਾਰੀ ਘਮੰਡ ਵਜੋਂ ਸਾਹਮਣੇ ਆਉਂਦੀ ਹੈ ਜੋ ਕਿ ਲੋਕਾਂ ਨੂੰ ਨਾਲ ਲੈ ਕੇ ਚੱਲਣ ਦੀ ਅਸਮਰੱਥਾ ਹੈ। ਇਹ ਸਹਿਕਾਰੀ ਸੰਘਵਾਦ ਦੀ ਅਸਫਲਤਾ ਵਿਚੋਂ ਵੀ ਝਲਕਦਾ ਹੈ ਅਤੇ ਗੈਰ-ਭਾਜਪਾਈ ਮੁੱਖ ਮੰਤਰੀਆਂ ਨੂੰ ਨਾਲ ਨਾ ਲੈ ਕੇ ਚੱਲਣ ਵਿਚੋਂ ਵੀ। ਕਈ ਲੋਕ ਇਹ ਮਹਿਸੂਸ ਕਰ ਸਕਦੇ ਹਨ ਕਿ ਉਨ੍ਹਾਂ ਨੇ ਪ੍ਰਧਾਨ ਮੰਤਰੀ ਦਾ ਮੁਲਾਂਕਣ ਕਰਨ ਵਿਚ ਗਲਤੀ ਕੀਤੀ ਹੈ ਅਤੇ ਉਸ ਦੀ ਹੋਰ ਨੇਤਾਵਾਂ ਨਾਲ ਤੁਲਨਾ ਕਰਨੀ ਸ਼ੁਰੂ ਕਰ ਦਿੰਦੇ ਹਨ। ਬਹੁਗਿਣਤੀ ਲੋਕ ਇਹ ਕਹਿ ਸਕਦੇ ਹਨ ਕਿ ਉਹ ਇਕ ਸੁਲਝਿਆ ਹੋਇਆ ਨੇਤਾ ਹੈ ਪਰ ਉਹ ਏਨਾ ਕਾਬਲ ਨਹੀਂ ਹੈ ਜਿੰਨਾ ਉਨ੍ਹਾਂ ਨੇ ਸੋਚਿਆ ਸੀ, ਪਰ ਉਹ ਕੁਝ ਚੰਗਾ ਕਰਨਾ ਲੋਚਦਾ ਹੈ ਜਦੋਂ ਕਿ ਉਸ ਦੇ ਆਲੇ-ਦੁਆਲੇ ਦੇ ਲੋਕ ਉਸ ਨੂੰ ਅਜਿਹਾ ਨਹੀ ਕਰਨ ਦਿੰਦੇ। ਇਸ ਲਈ ਪ੍ਰਧਾਨ ਮੰਤਰੀ ਮੋਦੀ ਨਹੀਂ, ਉਸ ਦੇ ਨਾਲ ਵਾਲਿਆਂ ਨੂੰ ਸਜਾ ਦਿਓ।

ਜਿਸ ਤਰਾਂ ਇਕ ਨੇਤਾ ਦੇ ਆਲੇ ਦੁਆਲੇ ਦਾ ਬ੍ਰਿਤਾਂਤ ਬਦਲਦਾ ਹੈ, ਉਸੇ ਤਰਾਂ ਹਿੰਦੂ ਪਛਾਣ ਦੀ ਕਹਾਣੀ ਵਿਚ ਵੀ ਤਬਦੀਲੀਆਂ ਆਉਣੀਆਂ ਲਾਜ਼ਮੀ ਹਨ।ਬੀਜੇਪੀ ਸੱਤਾ ਵਿਚ ਹਿੰਦੂ ਹੋਣ ਦਾ ਮਤਲਬ ਘੱਟ-ਗਿਣਤੀਆਂ ਪ੍ਰਤੀ ਆਕਰਮਕ ਹੋਣਾ ਵੀ ਹੈ। ਇਸ ਸ਼ਾਸਨ ਨੇ ਜਾਤ ਦੇ ਪ੍ਰਸ਼ਨ ’ਤੇ ਲੋਕਾਂ ਨੂੰ ਇਕਮੁੱਠ ਕਰਨ ਅਤੇ ਨਾਬਰਾਬਤਾ ਨੂੰ ਵੈਧਾਨਿਕ ਕਰਨ ਵਿਚ ਮਹੱਤਵਪੂਰਨ ਰੋਲ ਅਦਾ ਕੀਤਾ ਹੈ। ਹੁਣ ਹਿੰਦੂ ਕਮਜ਼ੋਰ, ਸ਼ਕਤੀਹੀਣ ਅਤੇ ਲਾਚਾਰ ਹੋਣ ਦਾ ਦਾਅਵਾ ਨਹੀਂ ਕਰ ਸਕਦੇ ਕਿਉਂ ਕਿ ਪਿਛਲ਼ੇ ਦਸ ਸਾਲਾਂ ਤੋਂ ਉਹ ਸੱਤਾ ਵਿਚ ਹਨ।ਪਰ ਫਿਰ ਵੀ ਮੋਦੀ ਰਾਜ ਹਿੰਦੂਆਂ ਨੂੰ ਅਸੁਰੱਖਿਅਤ ਅਤੇ ਜੇਤੂ ਦੇ ਪੇਡੂਲਮ ਵਿਚ ਘੁਮਾ ਰਿਹਾ ਹੈ। 2014 ਵਿਚ ਬੀਜੇਪੀ ਨੇ ਕਸ਼ਮੀਰੀ ਪੰਡਿਤਾਂ ਨੂੰ ਆਪਣੇ ਪੁਰਖਿਆਂ ਦੀ ਧਰਤੀ ਉੱਪਰ ਵਾਪਿਸ ਭੇਜਣ ਦੀ ਵਕਾਲਤ ਕੀਤੀ ਸੀ ਅਤੇ 2019 ਦੇ ਚੋਣ ਮੈਨੀਫੈਸਟੋ ਵਿਚ ਵੀ ਇਹੀ ਵਾਅਦਾ ਦੁਹਰਾਇਆ ਸੀ। ਪਰ ਨੋਟਬੰਦੀ ਦੀ ਅਸਫਲਤਾ ਅਤੇ ਧਾਰਾ 370 ਦੇ ਮਨਸੂਖ਼ ਕੀਤੇ ਜਾਣ ਤੋਂ ਬਾਅਦ ਵੀ ਅਸੀ ਲਗਾਤਾਰ ਅੱਤਵਾਦੀ ਗਤੀਵਿਧੀਆਂ ਵਿਚ ਵਾਧਾ ਹੁੰਦਾ ਦੇਖ ਰਹੇ ਹਾਂ ਅਤੇ ਕਸ਼ਮੀਰੀ ਪੰਡਤ ਪਹਿਲਾਂ ਤੋਂ ਵੀ ਜਿਆਦਾ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ।

ਇਹ ਸੱਤਾ ਮੁਸਲਮਾਨਾਂ ਨੂੰ ਹਾਸ਼ੀਆਗ੍ਰਸਤ ਕਰਨ ਵਿਚ ਸਫਲ ਹੋਈ ਹੋ ਸਕਦੀ ਹੈ ਪਰ ਇਹ ਬਹੁਗਿਣਤੀ ਹਿੰਦੂਆਂ ਨੂੰ ਆਰਥਿਕ ਅਤੇ ਭੌਤਿਕ ਰੂਪ ਵਿਚ ਸੁਰੱਖਿਅਤ ਮਹਿਸੂਸ ਨਹੀਂ ਕਰਵਾ ਪਾਈ ਹੈ। ਇਸ ਤਰਾਂ ਦੇ ਹਾਲਾਤ ਵਿਚ ਹਿੰਦੂਆਂ ਨੂੰ ਅਹੰਕਾਰੀ ਅਤੇ ਆਕਾਰਮਕ ਕਹਿਣਾ ਕੰਮ ਨਹੀਂ ਕਰੇਗਾ।ਰਾਮ ਮੰਦਰ ਦਾ ਮੁੱਦਾ ਭਾਵਨਾਵਾਂ ਨੂੰ ਤਾਂ ਭੜਕਾ ਸਕਦਾ ਹੈ, ਪਰ ਅਸਲ ਜੋਸ਼ ਨੂੰ ਨਹੀਂ।ਬੀਜੇਪੀ ਦਾ ਪ੍ਰਚਾਰ ਉਦੋਂ ਹੀ ਕੰਮ ਕਰਦਾ ਹੈ ਜਦੋਂ ਪਾਗਲਪਨ ਉੱਪਰ ਸਵਾਰ ਭਾਵਨਾਵਾਂ ਨੂੰ ਆਕਾਰਮਕ ਜੋਸ਼ ਵਿਚ ਬਦਲ ਦਿੱਤਾ ਜਾਂਦਾ ਹੈ। 2019 ਵਿਚ ਹੋਈ ਬਾਲਾਕੋਟ ਦੀ ਘਟਨਾ ਅਤੇ ਚੋਣਾਂ ਵਿਚ ਪਾਰਟੀ ਦੀ ਜਿੱਤ ਇਸ ਦੀ ਉਦਾਹਰਣ ਹੈ। ਸਮੂਹਿਕ ਜੋਸ਼ ਨੂੰ ਪਕੜਨ ਲਈ ਲੋਕਾਂ ਨੂੰ ਉਮੀਦ ਚਾਹੀਦੀ ਹੈ, ਪਰ ਨੇਤਾਵਾਂ ਦੇ ਪੁਰਜ਼ੋਰ ਪ੍ਰਚਾਰ ਤੋਂ ਬਾਅਦ ਵੀ ਅਜਿਹਾ ਕੁਝ ਨਹੀਂ ਹੋ ਰਿਹਾ।ਅਜਿਹਾ ਹੀ ਸਾਨੂੰ ਦਿੱਲੀ ਅਸੈਂਬਲੀ ਚੋਣਾਂ ਵਿਚ ਦੇਖਣ ਨੂੰ ਮਿਲਿਆ। ਚੋਣਾਂ ਦੇ ਆਖਰੀ ਗੇੜ ਵਿਚ ਬੀਜੇਪੀ ਨੇ ਨਾਗਰਿਕਤਾ ਸੋਧ ਬਿੱਲ ਦਾ ਵਿਰੋਧ ਕਰਨ ਵਾਲਿਆਂ ਨੂੰ ਦੇਸ਼ਧ੍ਰੋਹੀ ਕਰਾਰ ਦਿੱਤਾ ਅਤੇ ਉਨ੍ਹਾਂ ਉੱਪਰ ਗੋਲੀ ਚਲਾਉਣ ਦੀ ਵੀ ਮੰਗ ਕੀਤੀ। ਪਰ ਇਸ ਤਰ੍ਹਾਂ ਦੇ ਪਾਗਲਪਨ ਨੇ ਵੀ ਪਾਰਟੀ ਦਾ ਸਾਥ ਨਹੀਂ ਦਿੱਤਾ।ਅਸਲ ਵਿਚ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੋਟਾਂ ਤੋਂ ਬਾਅਦ ਕਿਹਾ ਕਿ ਇਸ ਤਰ੍ਹਾਂ ਦਾ ਪਾਗਲਪਨ ਪਾਰਟੀ ਦੇ ਵਿਰੁੱਧ ਭੁਗਤ ਸਕਦਾ ਹੈ। ਪੱਛਮੀ ਬੰਗਾਲ ਦੀ ਚੋਣਾਂ ਵਿਚ ਅਜਿਹਾ ਹੀ ਕੁਝ ਵਾਪਰਿਆ। ਬੀਜੇਪੀ ਕੋਲ ਇਸ ਸਮੇਂ ਮੌਕਾ ਸੀ ਕਿਉਂਕਿ ਮਮਤਾ ਬੈਨਰਜੀ ਸੱਤਾ ਵਿਰੋਧੀ ਲਹਿਰ ਦਾ ਸਾਹਮਣਾ ਕਰ ਰਹੀ ਸੀ।ਅੰਤ ਵਿਚ ਵਿਰੋਧੀ ਪਾਰਟੀਆਂ ਪੂਰੀ ਤਰ੍ਹਾਂ ਬੇਖਬਰ ਅਤੇ ਬਿਨਾਂ ਕਿਸੇ ਬਿਰਤਾਂਤ ਤੋਂ ਹਨ ਅਤੇ ਉਨ੍ਹਾਂ ਨੂੰ ਅਲੱਗ ਅਲੱਗ ਕੇਸਾਂ ਵਿਚ ਫਸਾਇਆ ਜਾ ਰਿਹਾ ਹੈ। ਜਦੋਂ ਸਰਕਾਰ ਵਿਚ ਲੋਕਾਂ ਦਾ ਵਿਸ਼ਵਾਸ ਬਣਿਆ ਹੋਇਆ ਹੈ ਤਾਂ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਸਾਰੀਆਂ ਗਤੀਵਿਧੀਆਂ ਇਕ ਉਦੇਸ਼ ਨਾਲ ਕੀਤੀਆਂ ਜਾ ਰਹੀਆਂ ਹਨ।ਵਿਰੋਧੀ ਪਾਰਟੀਆਂ ਦੇ ਨੇਤਾਵਾਂ ਦੀ ਕੀਮਤ ਉੱਪਰ ਲੋਕ ਹਾਸਾ ਹੱਸਦੇ ਹਨ ਅਤੇ ਉਨ੍ਹਾਂ ਦਾ ਸਮਾਜਿਕ ਕੁਲੀਨ ਦਾ ਮਜਾਕ ਉਡਾਉਣ ਦਾ ਇਹੀ ਤਰੀਕਾ ਹੈ।ਪਰ ਜਦੋਂ ਲੋਕ ਆਪਣੀ ਹੋਂਦ ਦੇ ਸੰਕਟ ਦਾ ਸਾਹਮਣਾ ਕਰਦੇ ਹਨ ਅਤੇ ਡਿੱਗਦੇ ਜੀਵਨ ਪੱਧਰ ਨੂੰ ਦੇਖਦੇ ਹਨ ਤਾਂ ਉਹ ਬਿਨਾਂ ਕਿਸੇ ਵਜ੍ਹਾ ਤੋਂ ਵਿਰੋਧੀ ਧਿਰ ਨੂੰ ਇਸ ਲਈ ਜ਼ਿੰਮੇਵਾਰ ਮੰਨਦੇ ਹਨ। ਉਹ ਇਹ ਮਹਿਸੂਸ ਕਰਦੇ ਹਨ

(ਬਾਕੀ ਸਫ਼ਾ 31 ’ਤੇ)

# ਨਵੰਬਰ 1984

## ਸ. ਸੁਰਜੀਤ ਸਿੰਘ ਸੋਖੀ ਦੁਆਰਾ ਚਸ਼ਮਦੀਦ ਗਵਾਹ ਵੱਜੋਂ ਇਕੱਤਰ ਕੀਤੀ ਜਾਣਕਾਰੀ ਦੇ ਆਧਾਰ 'ਤੇ

(ਇਹ ਜਾਣਕਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖਾਂ ਦਾ ਕਤਲ-ਏ-ਆਮ ਸਿਰਲੇਖ ਅਧੀਨ ਪੁਸਤਕ ਵਿਚ ਛਾਪੀ ਗਈ ਹੈ।)



**ਡਾ. ਪਰਮਵੀਰ ਸਿੰਘ**
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਦਿੱਲੀ ਅਤੇ ਭਾਰਤ ਦੇ ਹੋਰਨਾਂ ਹਿੱਸਿਆਂ ਵਿਚ ਹੋਏ ਕਤਲ-ਏ-ਆਮ ਦੇ ਤੱਥਾਂ ਦੀ ਜਾਣਕਾਰੀ ਇਕੱਤਰ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਨੇ ਸ. ਸੁਰਜੀਤ ਸਿੰਘ ਸੋਖੀ ਦੀ ਜ਼ਿੰਮੇਵਾਰੀ ਲਗਾਈ ਸੀ। ਇਹਨਾਂ ਦੁਆਰਾ ਇਕੱਤਰ ਕੀਤੇ ਗਏ ਤੱਥ ਚਾਰ ਭਾਗਾਂ ਵਿਚ ਛਾਪੇ ਗਏ ਸਨ। ਇਨ੍ਹਾਂ ਚਾਰ ਭਾਗਾਂ ਵਿਚ ਉੱਤਰ ਪ੍ਰਦੇਸ਼, ਉੜੀਸਾ, ਹਿਮਾਚਲ ਪ੍ਰਦੇਸ਼, ਕਲਕੱਤਾ, ਦਿੱਲੀ, ਪੱਛਮੀ ਬੰਗਾਲ, ਬਿਹਾਰ, ਮੱਧ ਪ੍ਰਦੇਸ਼ ਆਦਿ ਰਾਜਾਂ ਵਿਚ ਹੋਏ ਸਿੱਖ ਕਤਲ-ਏ-ਆਮ ਦੇ ਵੇਰਵੇ ਪ੍ਰਕਾਸ਼ਿਤ ਕੀਤੇ ਗਏ ਹਨ। ਇਨ੍ਹਾਂ ਘਟਨਾਵਾਂ ਬਾਰੇ ਜਾਣਕਾਰੀ ਪ੍ਰਦਾਨ ਕਰਨ ਵਾਲੇ ਚਸ਼ਮਦੀਦਾਂ ਦੇ ਬਿਆਨ, ਲੁਟੇਰਿਆਂ ਅਤੇ ਫ਼ਸਾਦੀਆਂ ਦੀ ਮਾਨਸਿਕਤਾ, ਰਾਜਨੀਤਿਕ ਅਤੇ ਸਮਾਜਿਕ ਸੰਸਥਾਵਾਂ ਦੇ ਨੁਮਾਇੰਦਿਆਂ ਦੁਆਰਾ ਦਿੱਤੇ ਗਏ ਬਿਆਨ ਅਤੇ ਯੋਗਦਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੀੜਤਾਂ ਦੀ ਸਹਾਇਤਾ, ਪੀੜਤਾਂ ਦੇ ਵੇਰਵੇ, ਪਰਿਵਾਰਾਂ ਦਾ ਹਾਲ ਅਤੇ ਕੁੱਝ ਸਾਹਿਤਕ ਲੇਖ ਇਸ ਪੁਸਤਕ ਵਿਚ ਸ਼ਾਮਲ ਕੀਤੇ ਗਏ ਹਨ।

ਭਾਵਨਾਤਮਿਕ ਤੌਰ 'ਤੇ ਤੱਥਾਂ ਨੂੰ ਬਿਆਨ ਕਰਨ ਵਾਲੀ ਇਹ ਪੁਸਤਕ ਇਤਿਹਾਸ ਦੀ ਦ੍ਰਿਸ਼ਟੀ ਤੋਂ ਬਹੁਤ ਹੀ ਮਹੱਤਵਪੂਰਨ ਹੈ। ਘਟਨਾ ਵਾਲੇ ਸਥਾਨਾਂ 'ਤੇ ਜਾ ਕੇ ਘਟਨਾਵਾਂ ਨੂੰ ਨੇੜਿਓਂ ਦੇਖਣਾ, ਪੀੜਤਾਂ ਦੇ ਹਮਦਰਦੀ ਪੂਰਵਕ ਬਿਆਨ ਇਕੱਤਰ ਕਰਨੇ, ਇਹਨਾਂ ਘਟਨਾਵਾਂ ਸਮੇਂ ਆਮ ਲੋਕਾਂ ਦੇ ਰਵੱਈਏ ਨੂੰ ਮਹਿਸੂਸ ਕਰਨਾ, ਸਾਹਿਤਕ ਅਤੇ ਰਾਜਨੀਤਿਕ ਸ਼ਖ਼ਸੀਅਤਾਂ ਦੁਆਰਾ ਸਮੁਚੇ ਘਟਨਾਕ੍ਰਮ ਸੰਬੰਧੀ ਲਿਖਤਾਂ ਅਤੇ ਬਿਆਨਾਂ ਨੂੰ ਸੰਭਾਲ ਲੈਣਾ ਆਦਿ ਅਜਿਹੀਆਂ ਵਿਧੀਆਂ ਹਨ ਜਿਹੜੀਆਂ ਲਿਖਤ ਨੂੰ ਪ੍ਰਮਾਣਿਕਤਾ ਪ੍ਰਦਾਨ ਕਰਦੀਆਂ ਹਨ।

ਇਸ ਪੁਸਤਕ ਦੇ ਆਧਾਰ 'ਤੇ ਸਮੁਚੇ ਘਟਨਾਕ੍ਰਮ ਦਾ ਵਿਸ਼ਲੇਸ਼ਣ ਕਰਦਿਆਂ ਮਹਿਸੂਸ ਹੁੰਦਾ ਹੈ ਕਿ ਇਸ ਕਤਲ-ਏ-ਆਮ ਨੇ ਨਾਮਧਾਰੀ, ਨੀਲਧਾਰੀ, ਸਹਿਜਧਾਰੀ, ਸਿੰਘ ਸਭੀਏ, ਨਿਰਮਲੇ, ਦੁਕਾਨਦਾਰ, ਵਿਦਿਆਰਥੀ, ਦੁੱਧ ਚੁੰਘਦੇ ਬੱਚੇ, ਕਾਰੋਬਾਰੀ, ਨੌਕਰੀ-ਪੇਸ਼ਾ, ਫ਼ੌਜੀ, ਗੁਰਦੁਆਰਾ ਸਾਹਿਬਾਨ ਦੇ ਸੇਵਾਦਾਰ, ਡਰਾਇਵਰ, ਮਾਲਕ, ਨੌਕਰ, ਡਾਕਟਰ, ਰਾਜਨੀਤੀਵਾਨ, ਪੱਤਰਕਾਰ, ਕਾਰੀਗਰ, ਦਸਤਕਾਰ, ਸ਼ਿਲਪਕਾਰ, ਮਜ਼ਦੂਰ, ਟਰਾਂਸਪੋਰਟਰ ਆਦਿ ਸਭ ਵਖਰੇਵੇਂ ਦੂਰ ਕਰ ਦਿੱਤੇ ਸਨ, ਸਭ ਸਿੱਖ ਨਜ਼ਰ ਆ ਰਹੇ ਸਨ। ਟੁੱਟੀਆਂ ਹੱਡੀਆਂ, ਜੁਦਾ ਹੋਏ ਅੰਗ, ਸਰੀਰ ਵਿਚੋਂ ਵੱਗ ਰਿਹਾ ਖ਼ੂਨ ਕਿਸੇ ਦੇ ਮਨ ਵਿਚ ਹਮਦਰਦੀ ਪੈਦਾ ਨਹੀਂ ਕਰ ਰਿਹਾ ਸੀ। ਦਵਾ-ਦਾਰੂ ਤਾਂ ਕਿਤੇ ਦੂਰ ਰਿਹਾ, ਬਚ ਨਿਕਲਣਾ ਵੀ ਔਖਾ ਹੋ ਗਿਆ ਸੀ। ਸਿੱਖਾਂ ਨੂੰ ਕਤਲ (ਸ਼ਹੀਦ) ਜਾਂ ਜ਼ਲੀਲ ਕਰਨ ਦਾ ਜਿਹੜਾ ਵੀ ਤਰੀਕਾ ਕਿਸੇ ਦੇ ਮਨ ਵਿਚ ਆ ਰਿਹਾ ਸੀ, ਉਸ ਦੀ ਖੁੱਲ੍ਹ ਕੇ ਵਰਤੋਂ ਹੋ ਰਹੀ ਸੀ।

ਸਿੱਖਾਂ ਦੇ ਨਾਲ-ਨਾਲ, ਇਨ੍ਹਾਂ ਘਟਨਾਵਾਂ ਦੌਰਾਨ, ਦੁਕਾਨ, ਮਕਾਨ, ਗੁਰਦੁਆਰੇ, ਦਫ਼ਤਰ, ਮੋਟਰ ਸਾਇਕਲ, ਕਾਰ, ਬੱਸ, ਸਕੂਟਰ, ਟਰੱਕ ਆਦਿ ਸਾੜ੍ਹਨ ਵਿਚ ਗੌਰਵ ਸਮਝਿਆ ਜਾਣ ਲੱਗਾ ਸੀ। ਟੀ.ਵੀ., ਵੀ.ਸੀ.ਆਰ., ਏ.ਸੀ., ਨਕਦੀ, ਗਹਿਣੇ ਅਤੇ ਘਰ ਦਾ ਹੋਰ ਸਮਾਨ ਲੁੱਟਣ ਵਿਚ ਬਹਾਦਰੀ ਦਿਖਾਈ ਜਾ ਰਹੀ ਸੀ।

ਕੁਆਰੀਆਂ, ਨਵ-ਵਿਆਹੀਆਂ, ਗਰਭਵਤੀ, ਅਧੇੜ-ਉਮਰ ਅਤੇ ਬਜ਼ੁਰਗ ਸਿੱਖ ਬੀਬੀਆਂ ਦੀ ਬੇਪਤੀ ਆਮ ਗੱਲ ਹੋ ਗਈ ਸੀ। ਇਸ ਕਤਲ-ਏ-ਆਮ ਦੌਰਾਨ ਸਿਰੋਂ ਚੁੰਨੀ ਉਡ ਚੁੱਕੀ ਸੀ, ਚੁਲ੍ਹਿਆਂ ਵਾਲੀ ਥਾਵੇਂ ਸਿਵੇ ਬਲ ਰਹੇ ਸਨ, ਔਲਾਦ ਦਾ ਕੋਈ ਨਾਮੋ-ਨਿਸ਼ਾਨ ਨਹੀਂ ਸੀ, ਸਰੀਰ ਅਪੰਗ ਹੋ ਗਏ ਸਨ, ਤੇੜ ਕਪੜਾ ਨਹੀਂ ਬਚਿਆ ਸੀ, ਅਕਾਸ਼ ਵੱਲ ਦੇਖਦਿਆਂ ਰਾਤ ਲੰਘ ਜਾਂਦੀ ਸੀ। ਅਜਿਹੇ ਸਮੇਂ ਇਕ ਵਿਧਵਾ, ਬਲਾਤਕਾਰ ਦਾ ਸ਼ਿਕਾਰ ਅਤੇ ਬੱਚਿਆਂ ਤੋਂ ਸੱਖਣੀ ਹੋ ਚੁੱਕੀ ਮਾਂ ਦੀ ਕੀ ਹਾਲਤ ਹੋ ਸਕਦੀ ਹੈ, ਕੋਈ ਮਨੋਵਿਗਿਆਨੀ ਵੀ ਨਹੀਂ ਦੱਸ ਸਕਦਾ। ਸਰਕਾਰ ਦਾ ਸਾਰਾ ਤਾਣਾ-ਬਾਣਾ ਸਿੱਖਾਂ ਦਾ ਬੀਜ ਨਾਸ ਕਰਨ 'ਤੇ ਲੱਗਿਆ ਹੋਇਆ ਸੀ, ਕਿਸੇ ਤੋਂ ਇਨਸਾਫ਼ ਦੀ ਕੀ ਉਮੀਦ ਕੀਤੀ ਜਾ ਸਕਦੀ ਹੈ।

ਨਵੰਬਰ 1984 ਵਿਚ ਸਿੱਖਾਂ ਦਾ ਕਤਲ-ਏ-ਆਮ ਇਸ ਦ੍ਰਿਸ਼ਟੀ ਤੋਂ ਅਰੰਭ ਕੀਤਾ ਗਿਆ ਸੀ ਕਿ ਇਨ੍ਹਾਂ ਦਾ ਬੀਜ ਨਾਸ ਕਰਨਾ ਹੈ। ਇਸ ਕਾਰਜ ਲਈ ਆਮ ਲੋਕਾਂ ਦੇ ਮਨਾਂ ਵਿਚ ਸਿੱਖਾਂ ਖ਼ਿਲਾਫ਼ ਨਫ਼ਰਤ ਪੈਦਾ ਕਰ ਕੇ ਉਨ੍ਹਾਂ ਨੂੰ ਸਮਾਜ ਨਾਲੋਂ ਨਿਖੇੜਨਾ ਜ਼ਰੂਰੀ ਸੀ ਤਾਂ ਕਿ ਚੁਣ-ਚੁਣ ਕੇ ਉਨ੍ਹਾਂ ਦਾ ਸ਼ਿਕਾਰ ਕੀਤਾ ਜਾ ਸਕੇ। ਭਾਰਤ ਦਾ ਅਮਨ-ਪਸੰਦ ਨਾਗਰਿਕ ਸਰਕਾਰ ਦੀ ਇਸ ਯੋਜਨਾ ਦਾ ਹਿੱਸਾ ਨਹੀਂ ਬਣ ਸਕਦਾ ਸੀ ਇਸ ਲਈ ਚੋਰਾਂ, ਲੁਟੇਰਿਆਂ, ਕਾਤਲਾਂ, ਬਦਮਾਸ਼ਾਂ, ਪਿੰਡਾਂ ਦੇ ਭੈੜੀ ਬਿਰਤੀ ਵਾਲੇ ਜ਼ਿਮੀਂਦਾਰਾਂ, ਭੰਗੀਆਂ ਅਤੇ ਝੁੱਗੀ-ਝੌਂਪੜੀ ਵਾਲਿਆਂ ਦਾ ਸਹਾਰਾ ਲਿਆ ਗਿਆ। ਇਨ੍ਹਾਂ ਭੈੜੀ ਬਿਰਤੀ ਵਾਲੇ ਲੋਕਾਂ ਨੂੰ ਸ਼ਰਾਬ, ਪੈਸਾ, ਹਥਿਆਰ, ਮਿੱਟੀ ਦਾ ਤੇਲ, ਪੈਟਰੋਲ, ਫ਼ਾਸਫੋਰਸ ਅਤੇ ਸਿੱਖਾਂ ਦੇ ਘਰਾਂ ਦੀਆਂ ਲਿਸਟਾਂ ਫੜਾ ਦਿੱਤੀਆਂ ਗਈਆਂ। ਇਹ ਲਿਸਟਾਂ ਰਾਸ਼ਨ ਕਾਰਡ ਵਾਲੀਆਂ ਦੁਕਾਨਾਂ ਅਤੇ ਵੋਟਰ ਸੂਚੀਆਂ ਤੋਂ ਪ੍ਰਾਪਤ ਕੀਤੀਆਂ ਗਈਆਂ ਸਨ।

ਹਾਕਮ ਧਿਰ ਦੇ ਆਗੂ ਨਫ਼ਰਤ ਭੜਕਾਉਣ ਅਤੇ ਕਤਲੋਗਾਰਤ ਕਰਨ ਲਈ ਉਕਸਾ ਰਹੇ ਸਨ। ਇਹਨਾਂ ਦੇ ਘਿਨਾਉਣੇ ਕੰਮ ਵਿਚ ਪੁਲਿਸ ਦਖ਼ਲ-ਅੰਦਾਜ਼ੀ ਨਾ ਕਰ ਸਕੇ ਇਸ ਲਈ ਵੱਡੇ ਨੇਤਾਵਾਂ ਵੱਲੋਂ ਪੁਲਿਸ



ਅਫ਼ਸਰਾਂ ਨੂੰ ਵਿਸ਼ੇਸ਼ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਸਨ। ਕਈ ਛੋਟੇ ਦਰਜੇ ਦੇ ਪੁਲਿਸ ਅਧਿਕਾਰੀ ਅਤੇ ਸਿਪਾਹੀ ਜਾਂ ਤਾਂ ਹਿੰਸਕ ਭੀੜਾਂ ਅਤੇ ਫ਼ਸਾਦੀਆਂ ਦਾ ਸਾਥ ਦੇਣ ਲੱਗੇ ਸਨ ਅਤੇ ਜਾਂ ਫਿਰ ਘਟਨਾ ਅਸਥਾਨ ਤੋਂ ਭੱਜ ਗਏ ਸਨ।

ਚੋਰਾਂ ਅਤੇ ਲੁਟੇਰਿਆਂ ਵਿਚ ਇੰਨੀ ਹਿੰਮਤ ਨਹੀਂ ਹੁੰਦੀ ਕਿ ਉਹ ਕੁੱਝ ਸਮਾਂ ਵੀ ਖੜੇ ਹੋ ਕੇ ਮੁਕਾਬਲਾ ਕਰ ਸਕਣ। ਜਿਥੇ ਕਿਤੇ ਵੀ ਥੋੜੇ-ਬਹੁਤ ਸਿੱਖ ਇਕੱਠੇ ਹੋ ਕੇ ਭੀੜਾਂ ਦਾ ਮੁਕਾਬਲਾ ਕਰ ਰਹੇ ਸਨ ਤਾਂ ਪੁਲਿਸ ਆਪਣਾ ਕੰਮ ਸ਼ੁਰੂ ਕਰ ਦਿੰਦੀ ਸੀ। ਸੁਰੱਖਿਆ ਦੇ ਨਾਂ 'ਤੇ ਪੁਲਿਸ ਸਿੱਖਾਂ ਕੋਲੋਂ ਕਿਰਪਾਨਾਂ ਆਦਿ ਲੈ ਜਾਂਦੀ ਸੀ ਅਤੇ ਫ਼ਸਾਦੀਆਂ ਨੂੰ ਉਨ੍ਹਾਂ ਦਾ ਪਤਾ ਦੱਸ ਦਿੰਦੀ ਸੀ। ਸਿੱਖਾਂ ਦਾ ਬੀਜ ਨਾਸ ਕਰਨ ਲਈ ਚੋਰ, ਪੁਲਿਸ, ਲੁਟੇਰੇ, ਕਾਤਲ, ਕਾਮੀ, ਕਮੀਨੇ ਅਤੇ ਕੱਟੜਪੰਥੀ ਆਪਸ ਵਿਚ ਰਲ ਗਏ ਸਨ।

ਦਿਮਾਗ ਦੀ ਵਰਤੋਂ ਬੰਦ ਕਰ ਕੇ ਕੇਵਲ ਆਪਣੇ ਮਿਥੇ ਹੋਏ ਨਿਸ਼ਾਨੇ 'ਤੇ ਕੇਂਦਰਿਤ ਕੀਤਾ ਜਾ ਰਿਹਾ ਸੀ। ਪੁਲਿਸ ਨੇਤਾਵਾਂ ਪ੍ਰਤੀ ਆਪਣੀ ਵਫ਼ਾਦਾਰੀ ਦਿਖਾਉਣ ਲਈ ਪੂਰਾ ਜ਼ੋਰ ਲਗਾ ਰਹੀ ਸੀ ਅਤੇ ਛੋਟੇ ਨੇਤਾ ਆਪਣੇ ਵੱਡੇ ਨੇਤਾਵਾਂ ਦੀ ਖ਼ੁਸ਼ੀ ਹਾਸਲ ਕਰਨ ਲਈ ਦਿਨ-ਰਾਤ ਇਕ ਕਰ ਰਹੇ ਸਨ। ਵੱਡੇ ਨੇਤਾ ਆਪਣੇ ਰੱਬ ਜੀ (ਰਾਜੀਵ ਗਾਂਧੀ) ਦਾ ਦੁੱਖ ਘਟਾਉਣ ਵਿਚ ਕੋਈ ਕਸਰ ਨਹੀਂ ਛੱਡਣਾ ਚਾਹੁੰਦੇ ਸਨ। ਇਕ ਦੂਜੇ ਤੋਂ ਵੱਧ ਕੇ ਬੇਰਹਿਮੀ ਅਤੇ ਅਣਮਨੁੱਖੀ ਤਰੀਕਿਆਂ ਨਾਲ ਸਿੱਖਾਂ ਦਾ ਕਤਲ ਕਰਨ ਨੂੰ ਇਹ ਨੇਤਾ ਧਰਮ ਦਾ ਕੰਮ ਸਮਝ ਰਹੇ ਸਨ। ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗ ਪਵੇ ਤਾਂ ਖੇਤ ਨੂੰ ਕੌਣ ਬਚਾ ਸਕਦਾ ਹੈ। ਸਿੱਖਾਂ ਦਾ ਸਭ ਤੋਂ ਵਧੇਰੇ ਨੁਕਸਾਨ ਉਨ੍ਹਾਂ ਰਾਜਾਂ ਵਿਚ ਹੋਇਆ ਸੀ ਜਿਥੇ ਕਾਂਗਰਸ ਦੀ ਸਰਕਾਰ ਸੀ। ਜਿਥੇ ਗ਼ੈਰ-ਕਾਂਗਰਸੀ ਸਰਕਾਰਾਂ ਸਨ ਉਥੇ ਫ਼ਸਾਦੀਆਂ ਨੂੰ ਸਖ਼ਤੀ ਨਾਲ ਰੋਕਿਆ ਗਿਆ ਸੀ।

ਦੂਜੇ ਪਾਸੇ, ਸਿੱਖਾਂ ਨੂੰ ਭਾਰਤੀ ਲੋਕਤੰਤਰ ਅਤੇ ਸਰਕਾਰੀ ਪ੍ਰਸ਼ਾਸਨ 'ਤੇ ਪੂਰਨ ਭਰੋਸਾ ਸੀ। ਉਹ ਸਮਝ ਰਹੇ ਸਨ ਕਿ ਭੈੜੀ ਬਿਰਤੀ ਵਾਲੇ ਕੁੱਝ ਲੋਕ ਉਨ੍ਹਾਂ ਦਾ ਨੁਕਸਾਨ ਕਰ ਰਹੇ ਹਨ ਅਤੇ ਉਹਨਾਂ ਤੋਂ ਬੱਚਣ ਲਈ ਉਹ ਸਥਾਨਕ ਨੇਤਾਵਾਂ ਜਾ ਪੁਲਿਸ ਵਾਲਿਆਂ ਨੂੰ ਰਿਪੋਰਟ ਕਰਨ ਲਈ ਯਤਨ ਕਰਨ ਲੱਗੇ ਸਨ। ਜਿਹੜਾ ਵੀ ਸਿੱਖ ਅਜਿਹਾ ਕਰਦਾ ਸੀ, ਉਹ ਪਛਾਣ ਵਿਚ ਆ ਜਾਂਦਾ ਸੀ ਅਤੇ ਉਸ ਨੂੰ ਆਪਣੀ ਜਾਨ ਤੋਂ ਹੱਥ ਧੋਣੇ ਪੈ ਜਾਂਦੇ ਸਨ। ਇਸ ਸਮੇਂ ਪੁਲਿਸ ਅਤੇ ਪ੍ਰਸ਼ਾਸਨ ਤੋਂ ਵਧੇਰੇ ਉਨ੍ਹਾਂ ਹਿੰਦੂਆਂ ਦੀ ਭੂਮਿਕਾ ਬਹੁਤ ਹੀ ਸਕਾਰਾਤਮਿਕ ਸੀ ਜਿਹੜੇ ਸਦੀਆਂ ਤੋਂ ਬਣੇ ਹੋਏ ਭਾਈਚਾਰੇ ਨੂੰ ਬਚਾਉਣ ਲਈ ਅੱਗੇ ਆਏ ਸਨ ਅਤੇ ਸਿੱਖਾਂ ਨੂੰ ਆਪਣੇ ਘਰਾਂ ਵਿਚ ਪਨਾਹ ਦੇ ਕੇ ਬਚਾਉਣ ਲਈ ਪੂਰੀ ਵਾਹ ਲਗਾ ਰਹੇ ਸਨ। ਆਪਣੀ ਜਾਨ ਦੀ ਪ੍ਰਵਾਹ ਕੀਤੇ ਬਗ਼ੈਰ ਉਨ੍ਹਾਂ ਨੇ ਆਪਣੇ ਸਿੱਖ ਭਰਾਵਾਂ ਦੀ ਮੱਦਦ ਕੀਤੀ ਸੀ।

ਭਾਰਤ ਦੀ ਰਾਜਧਾਨੀ ਦਿੱਲੀ ਵਿਖੇ ਸਿੱਖਾਂ ਦਾ ਕਤਲ-ਏ-ਆਮ ਅਰੰਭ ਹੋਇਆ ਤਾਂ ਉਹਨਾਂ ਨੂੰ ਇਹ ਸੋਚਣ ਦਾ ਮੌਕਾ ਹੀ ਨਹੀਂ ਮਿਲਿਆ ਕਿ ਉਨ੍ਹਾਂ ਦਾ ਕੀ ਕਸੂਰ ਸੀ। ਰੇਲ ਗੱਡੀਆਂ, ਬੱਸਾਂ, ਟੈਕਸੀਆਂ ਵਿਚ ਸਫ਼ਰ ਕਰ ਰਹੇ, ਟਰੱਕ, ਬੱਸ, ਆਟੋ, ਰੇਹੜੀ, ਰਿਕਸ਼ਾ ਚਲਾਉਣ ਵਾਲੇ, ਵਿਆਹਾਂ ਦੀ ਤਿਆਰੀ ਕਰ ਰਹੇ, ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸੰਬੰਧੀ ਤਿਆਰੀਆਂ ਵਿਚ ਰੁਝੇ ਹੋਏ; ਹਸਪਤਾਲਾਂ ਵਿਖੇ ਇਲਾਜ ਅਧੀਨ, ਦਿੱਲੀ ਦੀ ਸੈਰ ਕਰਨ ਗਏ ਹੋਏ, ਵਿਦੇਸ਼ਾਂ ਵੱਲ ਸਫ਼ਰ ਦੀ ਤਿਆਰੀ ਕਰ ਰਹੇ, ਬਜ਼ਾਰਾਂ ਵਿਚ ਲੋੜੀਂਦੇ ਘਰੇਲੂ ਸਮਾਨ ਦੀ ਖ਼ਰੀਦੋ-ਫ਼ਰੋਖਤ ਕਰਨ ਵਿਚ ਰੁੱਝੇ ਹੋਏ; ਦਫ਼ਤਰਾਂ ਅਤੇ ਦੁਕਾਨਾਂ ਵਿਚ ਕੰਮ ਕਰ ਰਹੇ ਸਿੱਖਾਂ ਨੂੰ ਇਹ ਚਿਤ-ਚੇਤਾ ਵੀ ਨਹੀਂ ਸੀ ਕਿ ਸਿੱਖ ਹੋਣਾ ਹੀ ਉਨ੍ਹਾਂ ਦਾ ਸਭ ਤੋਂ ਵੱਡਾ ਕਸੂਰ ਬਣ ਜਾਵੇਗਾ। ਕੇਸ ਅਤੇ ਦਸਤਾਰ ਹੀ ਉਨ੍ਹਾਂ ਦੀ ਮੌਤ ਦਾ ਵਾਰੰਟ ਬਣ ਜਾਣਗੇ।

ਜ਼ਕਰੀਆ ਖ਼ਾਨ ਦੇ ਸਮੇਂ ਵੀ ਸਿੱਖਾਂ ਦੇ ਸਿਰਾਂ ਦੇ ਮੁੱਲ ਪਏ ਸਨ ਜਿਨ੍ਹਾਂ ਦਾ ਉਨ੍ਹਾਂ ਨੇ ਡੱਟ ਕੇ ਮੁਕਾਬਲਾ ਕੀਤਾ ਸੀ। ਸਿੱਖਾਂ ਨੇ ਆਪਣੇ ਧਰਮ ਦੇ ਨਾਲ-ਨਾਲ ਦੂਜੇ ਧਰਮਾਂ ਵਾਲਿਆਂ ਦੀ ਵੀ ਰਾਖੀ ਕੀਤੀ ਸੀ। ਹਾਕਮ ਹਿੰਦੂਆਂ ਦੀਆਂ ਧੀਆਂ ਭੈਣਾਂ ਦੀ ਇੱਜ਼ਤ ਨੂੰ ਹੱਥ ਪਾਉਣ ਤੋਂ ਇਸ ਕਰ ਕੇ ਸੰਕੋਚ ਕਰ ਜਾਂਦੇ ਸਨ ਕਿਉਂਕਿ ਸਿੱਖ ਅਜਿਹਾ ਕਰਨ ਵਾਲਿਆਂ ਨੂੰ ਕਰੜੇ ਹੱਥੀਂ ਲੈਂਦੇ ਸਨ। ਦੁਸ਼ਮਣਾਂ ਅਤੇ ਹਮਲਾਵਰਾਂ ਲਈ ਤਾਂ ਸਿੱਖ ਇਕ ਜੰਗਜੂ ਕੌਮ ਹੈ ਜਿਨ੍ਹਾਂ ਦੇ ਹੁੰਦਿਆਂ ਭਾਰਤ ਵੱਲ ਕੋਈ ਅੱਖ ਚੁੱਕ ਕੇ ਨਹੀਂ ਦੇਖ ਸਕਦਾ ਪਰ ਹੁਣ ਤਾਂ ਇਹ ਉਨ੍ਹਾਂ ਦੇ ਆਪਣੇ ਸਨ ਜਿਨ੍ਹਾਂ ਤੋਂ ਕਦੇ ਵੀ ਇਹ ਉਮੀਦ ਨਹੀਂ ਕੀਤੀ ਜਾ ਸਕਦੀ ਸੀ। ਹਾਕਮਾਂ ਅਤੇ ਹਮਲਾਵਰਾਂ ਨਾਲ ਜੂਝਦਿਆਂ ਉਹ ਮਾਣ ਮਹਿਸੂਸ ਕਰਦੇ ਸਨ ਪਰ ਹੁਣ ਇਨ੍ਹਾਂ ਨੂੰ ਇਹ ਮੁਲਕ ਪਰਾਇਆ ਲੱਗਣ ਲੱਗ ਪਿਆ ਸੀ। ਜ਼ਿੰਦਗੀ ਦੇ ਇਹ ਦੋਵੇਂ ਦੌਰ ਦਿੱਲੀ ਦੀਆਂ ਖ਼ਬਰਾਂ ਪੜ੍ਹਨ, ਸੁਣਨ ਅਤੇ ਹੰਡਾਉਣ ਵਾਲੇ ਸਿੱਖਾਂ ਦੀਆਂ ਅੱਖਾਂ ਅੱਗੇ ਨਿਰੰਤਰ ਘੁੰਮਣ ਲੱਗੇ ਸਨ। ਜਿਸ ਗੁਰੂ ਗ੍ਰੰਥ ਸਾਹਿਬ ਜੀ ਤੋਂ ਸ਼ਕਤੀ ਪ੍ਰਾਪਤ ਕਰ ਕੇ ਸਿੱਖਾਂ ਨੇ ਇਸ ਦੇਸ਼ ਦੇ ਲੋਕਾਂ ਅਤੇ ਮਾਨਵਤਾ ਨੂੰ ਬਚਾਇਆ ਸੀ, ਉਸ ਨੂੰ ਹੀ ਅਗਨ-ਭੇਟ ਕਰਨ ਲੱਗਿਆਂ ਇਕ ਪਲ ਵੀ ਨਹੀਂ ਸੋਚਿਆ ਜਾ ਰਿਹਾ ਸੀ।

ਦਿੱਲੀ ਵਿਖੇ ਹੋਇਆ ਕਤਲ-ਏ-ਆਮ ਰਾਜਧਾਨੀ ਦੀ ਬਹੁਤ ਹੀ ਭਿਆਨਕ ਤਸਵੀਰ ਪੇਸ਼ ਕਰ ਰਿਹਾ ਸੀ। ਸੜੇ ਹੋਏ ਮਕਾਨਾਂ ਅਤੇ ਗੁਰਧਾਮਾਂ ਦੇ ਨਾਲ-ਨਾਲ ਥਾਂ-ਥਾਂ ਖਿੱਲਰੇ ਹੋਏ ਮਾਸ ਦੇ ਲੋਥੜੇ, ਖ਼ੂਨ ਦੇ ਛੱਪੜ, ਮਨੁੱਖੀ ਹੱਡੀਆਂ, ਲੰਮੇ ਵਾਲ, ਗਲੀਆਂ-ਬਜ਼ਾਰਾਂ ਵਿਚ ਸੜਿਹਾਂਦ ਮਾਰਦੀਆਂ ਅੱਧ-ਸੜੀਆਂ ਲਾਸ਼ਾਂ, ਖ਼ੂਨ ਦੇ ਅੱਥਰੂ ਵਹਾ ਰਹੀਆਂ ਬੱਚੀਆਂ ਅਤੇ ਵਿਧਵਾਵਾਂ ਆਦਿ ਅਜਿਹੇ ਭੈਅ-ਭੀਤ ਕਰਨ ਵਾਲੇ ਨਜ਼ਾਰੇ ਦਿੱਲੀ ਦੇ ਕੁਹਜ ਸ਼ਿੰਗਾਰ ਦਾ ਪ੍ਰਗਟਾਵਾ ਕਰ ਰਹੇ ਸਨ। ਘਰ-ਘਰ ਬਣੇ ਹੋਏ ਸ਼ਮਸ਼ਾਨਘਾਟ ਇਸ ਦੇਸ਼ ਦੇ ਮਨੁੱਖੀ ਅਧਿਕਾਰਾਂ ਅਤੇ 'ਹਿੰਦੀ ਹੈਂ ਹਮ' ਹੋਣ ਦਾ ਮੂੰਹ ਚਿੜਾ ਰਹੇ ਸਨ।

ਦਿੱਲੀ ਵਿਖੇ ਹੋਇਆ ਕਤਲ-ਏ-ਆਮ ਕੋਈ ਫ਼ਿਰਕੂ ਦੰਗੇ ਨਹੀਂ ਸਨ ਬਲਕਿ ਇਹ ਇਕ ਪਾਰਟੀ ਵੱਲੋਂ ਗੁੰਡਿਆਂ, ਬਦਮਾਸ਼ਾਂ ਅਤੇ ਪੁਲਿਸ ਦੀ ਸਹਾਇਤਾ ਨਾਲ ਸਿੱਖਾਂ ਦੀ ਨਸਲਕੁਸ਼ੀ ਲਈ ਚੁੱਕਿਆ ਗਿਆ ਯੋਜਨਾਬੱਧ ਕਦਮ ਸੀ। ਇਸ ਸੰਬੰਧੀ ਇਹ ਗੱਲ ਵੀ ਮਹੱਤਵਪੂਰਨ ਹੈ ਕਿ ਸਿੱਖਾਂ ਨੂੰ ਸ਼ਹੀਦ ਕਰਨ ਤੋਂ ਬਾਅਦ ਉਨ੍ਹਾਂ ਦਾ ਸਮਾਨ ਲੁੱਟਿਆ ਜਾਂਦਾ ਸੀ ਅਤੇ ਬਹੁਤ ਸਾਰੀਆਂ ਥਾਵਾਂ 'ਤੇ ਸਿੱਖ ਬੀਬੀਆਂ ਦੇ ਗਹਿਣਿਆਂ, ਨਕਦੀ ਅਤੇ ਹੋਰ ਕੀਮਤੀ ਸਮਾਨ ਵੱਲ ਧਿਆਨ ਵਧੇਰੇ ਦਿੱਤਾ ਜਾਂਦਾ ਸੀ।

ਬਹੁਤ ਸਾਰੀਆਂ ਥਾਵਾਂ 'ਤੇ ਸਿੱਖ ਬੀਬੀਆਂ ਦੀ ਹੋਈ ਬੇਪਤੀ ਅਤੇ ਬਲਾਤਕਾਰ ਇਹ ਸਿੱਧ ਕਰਦੇ ਹਨ ਕਿ ਲੋਕਾਂ ਦੇ ਮਨ 'ਤੇ ਵਿਕਾਰੀ ਬਿਰਤੀ ਭਾਰੂ ਸੀ ਜਿਹੜੀ ਕਿ ਫ਼ਸਾਦੀਆਂ ਦੀ ਕਮਜ਼ੋਰ ਮਾਨਸਿਕਤਾ ਅਤੇ ਸਰਕਾਰੀ ਸਰਪ੍ਰਸਤੀ ਦਾ ਪ੍ਰਗਟਾਵਾ ਕਰਦੀ ਹੈ। ਦੇਸ਼ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਜਿਸ ਤਰੀਕੇ ਨਾਲ ਪਾਰਟੀ ਵਰਕਰਾਂ ਅਤੇ ਫ਼ਸਾਦੀਆਂ ਨੂੰ ਭੜਕਾਇਆ ਗਿਆ ਸੀ ਉਸ ਤੋਂ ਇਹੀ ਜਾਪਦਾ ਹੈ ਕਿ ਸਿੱਖਾਂ ਅਤੇ ਹਿੰਦੂਆਂ ਦੇ ਆਪਸੀ ਟਕਰਾਉ ਨੂੰ ਹਰ ਪੱਧਰ 'ਤੇ ਫ਼ੈਲਾਉਣ ਲਈ ਗਹਿਰ-ਗੰਭੀਰ ਯਤਨ ਕੀਤੇ ਜਾ ਰਹੇ ਸਨ

(ਬਾਕੀ ਸਫ਼ਾ 31 'ਤੇ)



# ਭਗਵੰਤ ਮਾਨ ਵਲੋਂ ਆਨੰਦ ਕਾਰਜ ਐਕਟ ਇੰਨ-ਬਿੰਨ ਲਾਗੂ ਕਰਨ ਦਾ ਐਲਾਨ

**➢ ਹੁਣ ਤੱਕ 'ਹਿੰਦੂ ਮੈਰਿਜ ਐਕਟ' ਅਧੀਨ ਹੀ ਲਾਗੂ ਹੁੰਦੇ ਰਹੇ ਸਿੱਖ ਵਿਆਹ ➢ ਵਿਦੇਸ਼ 'ਚ ਰਹਿੰਦੇ ਸਿੱਖਾਂ ਨੂੰ ਇਸ ਦਾ ਲਾਭ ਹੋਵੇਗਾ : ਐਡਵੋਕੇਟ ਨਵਕਿਰਨ ਸਿੰਘ**

ਚੰਡੀਗੜ੍ਹ/ਏ.ਟੀ.ਨਿਊਜ਼ :- ਮੁੱਖ ਮੰਤਰੀ ਭਗਵੰਤ ਮਾਨ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਐਲਾਨ ਕੀਤਾ ਕਿ ਪੰਜਾਬ ਸਰਕਾਰ ਸੂਬੇ ਵਿੱਚ ਆਨੰਦ ਮੈਰਿਜ ਐਕਟ ਨੂੰ ਬਿਨਾਂ ਕਿਸੇ ਦੇਰੀ ਤੋਂ ਇੰਨ-ਬਿੰਨ ਲਾਗੂ ਕਰੇਗੀ। ਉਨ੍ਹਾਂ ਕਿਹਾ ਕਿ ਆਨੰਦ ਮੈਰਿਜ ਐਕਟ ਨੂੰ ਲਾਗੂ ਕਰਨ ਵਿੱਚ ਪੰਜਾਬ ਪਛੜਿਆ ਹੈ। ਇਸ ਦਾ ਨੋਟੀਫ਼ਿਕੇਸ਼ਨ ਕਈ ਵਰ੍ਹੇ ਪਹਿਲਾਂ ਹੋ ਗਿਆ ਸੀ ਪਰ ਇਸ ਨੂੰ ਪੰਜਾਬ ਵਿੱਚ ਪੂਰਨ ਰੂਪ ਵਿੱਚ ਅਮਲ ਵਿਚ ਨਹੀਂ ਲਿਆਂਦਾ ਗਿਆ। ਉਨ੍ਹਾਂ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਮੱਥਾ ਟੇਕਣ ਮਗਰੋਂ ਟਵੀਟ ਕਰ ਕੇ ਇਸ ਫ਼ੈਸਲੇ ਨੂੰ ਜਨਤਕ ਕੀਤਾ। ਗੁਰਪੁਰਬ ਮੌਕੇ ਭਗਵੰਤ ਮਾਨ ਅਤੇ ਉਨ੍ਹਾਂ ਦੀ ਪਤਨੀ ਡਾ. ਗੁਰਪ੍ਰੀਤ ਕੌਰ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਮੱਥਾ ਟੇਕਿਆ।

ਕੀ ਹੈ ਆਨੰਦ ਮੈਰਿਜ ਐਕਟ

ਸਿੱਖ ਭਾਈਚਾਰੇ ਦੇ ਵਿਆਹ ਪਹਿਲਾਂ ਹਿੰਦੂ ਮੈਰਿਜ ਐਕਟ ਤਹਿਤ ਰਜਿਸਟਰਡ ਹੁੰਦੇ ਸਨ ਪਰ ਹੁਣ ਆਨੰਦ ਮੈਰਿਜ ਐਕਟ ਪਾਸ ਹੋਣ ਮਗਰੋਂ ਸਿੱਖ ਭਾਈਚਾਰੇ ਦੇ ਵਿਆਹ ਇਸ ਨਵੇਂ ਐਕਟ ਤਹਿਤ ਰਜਿਸਟਰਡ ਕੀਤੇ ਜਾਣ ਦੀ ਖੁੱਲ੍ਹ ਮਿਲ ਗਈ ਹੈ। ਜਿਸ ਵਿਅਕਤੀ ਦਾ ਵਿਆਹ ਆਨੰਦ ਕਾਰਜ ਦੀ ਰਸਮ ਨਾਲ ਹੁੰਦਾ ਹੈ, ਉਸ ਦਾ ਵਿਆਹ ਆਨੰਦ ਮੈਰਿਜ ਐਕਟ ਤਹਿਤ ਰਜਿਸਟਰਡ ਹੋਣ ਦੀ ਵਿਵਸਥਾ ਹੈ। ਪੰਜਾਬ ਸਰਕਾਰ ਨੇ ਇਸ ਬਾਰੇ ਬਕਾਇਦਾ ਕਾਫ਼ੀ ਵਰ੍ਹੇ ਪਹਿਲਾਂ ਪ੍ਰੋਫਾਰਮਾ ਵੀ ਜਾਰੀ ਕਰ ਦਿੱਤਾ ਸੀ। ਆਨੰਦ ਮੈਰਿਜ ਐਕਟ ਆਜ਼ਾਦੀ ਤੋਂ ਪਹਿਲਾਂ ਵਰ੍ਹਾ 1909 ਵਿੱਚ ਬਣਿਆ ਸੀ ਅਤੇ ਬਟਵਾਰੇ ਮਗਰੋਂ ਸਿੱਖ ਭਾਈਚਾਰੇ ਦੇ ਵਿਆਹ 'ਹਿੰਦੂ ਮੈਰਿਜ ਐਕਟ' ਤਹਿਤ ਰਜਿਸਟਰਡ ਹੋਣ ਲੱਗੇ ਸਨ। ਤਤਕਾਲੀ ਰਾਜ ਸਭਾ ਮੈਂਬਰ ਅਤੇ ਕੌਮੀ ਘੱਟ ਗਿਣਤੀਆਂ ਕਮਿਸ਼ਨ ਦੇ ਚੇਅਰਮੈਨ ਤਰਲੋਚਨ ਸਿੰਘ ਨੇ ਵਰ੍ਹਾ 2004 ਵਿੱਚ ਪਾਰਲੀਮੈਂਟ ਵਿੱਚ ਇਸ ਬਾਰੇ ਪ੍ਰਾਈਵੇਟ ਮੈਂਬਰ ਬਿੱਲ ਵੀ ਲਿਆਂਦਾ ਸੀ ਅਤੇ ਇਸ ਮੁੱਦੇ ਨੂੰ ਉਨ੍ਹਾਂ ਨੇ ਜ਼ੋਰ ਸ਼ੋਰ ਨਾਲ ਚੁੱਕਿਆ ਸੀ।

ਇਸ ਮਗਰੋਂ ਲੰਮਾ ਸਮਾਂ ਇਹ ਮਾਮਲਾ ਲਟਕਿਆ ਰਿਹਾ। ਪਾਰਲੀਮੈਂਟ ਦੇ ਬਜਟ ਸੈਸ਼ਨ ਵਿੱਚ ਆਖਰ 7 ਜੂਨ 2012 'ਚ 'ਆਨੰਦ ਮੈਰਿਜ (ਸੋਧ) ਬਿੱਲ' ਪਾਸ ਹੋ ਗਿਆ ਸੀ ਅਤੇ ਤਤਕਾਲੀ ਰਾਸ਼ਟਰਪਤੀ ਪ੍ਰਤਿਭਾ ਦੇਵੀ ਪਾਟਿਲ ਨੇ ਇਸ ਬਿੱਲ ਨੂੰ ਪ੍ਰਵਾਨਗੀ ਦਿੱਤੀ ਸੀ।



ਕੇਂਦਰ ਸਰਕਾਰ ਨੇ ਉਦੋਂ ਸੂਬਾਈ ਸਰਕਾਰਾਂ ਨੂੰ ਹਦਾਇਤ ਕੀਤੀ ਸੀ ਕਿ ਉਹ ਆਪੋ ਆਪਣੇ ਸੂਬਿਆਂ ਵਿਚ ਨਿਯਮ ਬਣਾ ਕੇ ਆਨੰਦ ਮੈਰਿਜ ਐਕਟ ਨੂੰ ਲਾਗੂ ਕਰਨ। ਕਈ ਸੂਬਿਆਂ ਨੇ ਫ਼ੌਰੀ ਨਿਯਮ ਬਣਾ ਲਏ ਸਨ। ਪੰਜਾਬ ਸਰਕਾਰ ਨੇ ਉਦੋਂ ਵਿਆਹਾਂ ਦੀ ਰਜਿਸਟ੍ਰੇਸ਼ਨ ਲਾਜ਼ਮੀ ਕਰਾਰ ਦੇਣ ਬਾਰੇ 4 ਜਨਵਰੀ 2013 ਨੂੰ 'ਪੰਜਾਬ ਕੰਪਲਸਰੀ ਰਜਿਸਟ੍ਰੇਸ਼ਨ ਮੈਰਿਜ ਐਕਟ 2012' ਦਾ ਨੋਟੀਫ਼ਿਕੇਸ਼ਨ ਜਾਰੀ ਕਰ ਦਿੱਤਾ ਸੀ ਪਰ ਆਨੰਦ ਮੈਰਿਜ ਐਕਟ ਨੂੰ ਲਾਗੂ ਕਰਨ ਬਾਰੇ 'ਪੰਜਾਬ ਆਨੰਦ ਮੈਰਿਜ ਐਕਟ ਰੂਲਜ਼ 2016' ਕੁਝ ਅਰਸੇ ਮਗਰੋਂ ਬਣਾਏ ਸਨ। ਮੁੱਖ ਮੰਤਰੀ ਭਗਵੰਤ ਮਾਨ ਅਨੁਸਾਰ ਦੇਸ਼ ਦੇ 22 ਸੂਬਿਆਂ 'ਚ ਆਨੰਦ ਮੈਰਿਜ ਐਕਟ ਲਾਗੂ ਹੋ ਚੁੱਕਾ ਹੈ ਪਰ ਪੰਜਾਬ ਵਿੱਚ ਅਮਲੀ ਰੂਪ ਵਿੱਚ ਇਸ ਨੂੰ ਲਾਗੂ ਨਹੀਂ ਕੀਤਾ ਜਾ ਸਕਿਆ। ਸਿਆਸੀ ਨਜ਼ਰੀਏ ਨਾਲ ਦੇਖਿਆ ਜਾਵੇ ਤਾਂ ਇਸ ਵੇਲੇ ਜਦੋਂ ਭਾਜਪਾ ਵੱਲੋਂ ਸੂਬਾਈ ਚੋਣਾਂ ਵਾਲੇ ਰਾਜਾਂ ਵਿੱਚ ਇਕਸਾਰ ਸਿਵਲ ਕੋਡ ਦੀ ਗੱਲ ਕੀਤੀ ਜਾ ਰਹੀ ਹੈ ਤਾਂ ਉਸ ਵੇਲੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਨੰਦ ਮੈਰਿਜ ਐਕਟ ਦੀ ਗੱਲ ਛੇੜੀ ਹੈ। ਦੂਜੇ ਪਾਸੇ ਇਹ ਸੁਆਲ ਵੀ ਖੜ੍ਹਾ ਹੁੰਦਾ ਹੈ ਕਿ ਜਦੋਂ ਰੂਲਜ਼ ਬਣ ਚੁੱਕੇ ਸਨ ਤਾਂ ਲੰਘੇ ਛੇ ਵਰ੍ਹਿਆਂ ਦੌਰਾਨ ਆਨੰਦ ਮੈਰਿਜ ਐਕਟ ਨੂੰ ਅਮਲ ਵਿਚ ਕਿਉਂ ਨਹੀਂ ਲਿਆਂਦਾ ਗਿਆ।

ਹੁਣ ਤੱਕ ਸਿੱਖਾਂ ਦੇ ਜ਼ਿਆਦਾਤਰ ਵਿਆਹ ਵੀ 'ਆਨੰਦ ਮੈਰਿਜ ਐਕਟ' ਅਧੀਨ ਰਜਿਸਟਰਡ ਨਹੀਂ ਹੋ ਸਕੇ। ਜੇ ਕਿਸੇ ਸਿੱਖ ਜੋੜੇ ਦੇ ਵਿਆਹ ਦੀ ਫ਼ਾਈਲ 'ਆਨੰਦ ਮੈਰਿਜ ਐਕਟ' ਅਧੀਨ ਰਜਿਸਟ੍ਰੇਸ਼ਨ ਲਈ ਜਾਵੇਗੀ, ਤਦ ਹੀ 'ਸਿੱਖ ਮੈਰਿਜ ਐਕਟ' ਅਧੀਨ ਉਹ ਵਿਆਹ ਰਜਿਸਟਰਡ ਹੋ ਸਕੇਗਾ।

ਐਡਵੋਕੇਟ ਨਵਕਿਰਨ ਸਿੰਘ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਆਨੰਦ ਮੈਰਿਜ ਐਕਟ ਖ਼ਾਸ ਤੌਰ 'ਤੇ ਸਿੱਖਾਂ ਲਈ ਹੈ ਤੇ ਇਸ ਰਾਹੀਂ ਸਿੱਖ ਮੈਰਿਜ ਐਕਟ ਦਾ ਸਰਟੀਫ਼ਿਕੇਟ ਮਿਲਦਾ ਹੈ। 'ਹਾਲੇ ਤੱਕ ਸਿੱਖ ਹਿੰਦੂ ਮੈਰਿਜ ਐਕਟ ਦਾ ਹੀ ਸਰਟੀਫ਼ਿਕੇਟ ਲੈਂਦੇ ਰਹੇ ਹਨ। ਵਿਦੇਸ਼ ਵਿਚ ਰਹਿੰਦੇ ਸਿੱਖਾਂ ਨੂੰ ਇਸ ਦਾ ਲਾਭ ਹੋਵੇਗਾ।' ਉਨ੍ਹਾਂ ਦੱਸਿਆ ਕਿ ਪਾਸਪੋਰਟ 'ਤੇ ਉਨ੍ਹਾਂ ਦੀ ਪਛਾਣ ਇੱਕ ਸਿੱਖ ਵਜੋਂ ਦਰਜ ਹੁੰਦੀ ਹੈ ਪਰ ਉਨ੍ਹਾਂ ਦਾ ਮੈਰਿਜ ਸਰਟੀਫ਼ਿਕੇਟ ਹਿੰਦੂ ਮੈਰਿਜ ਐਕਟ ਅਧੀਨ ਬਣਿਆ ਹੁੰਦਾ ਹੈ। ਇਸ ਕਰਕੇ ਵੀ ਸਿੱਖਾਂ ਨੂੰ ਵਿਦੇਸ਼ ਵਿਚ ਹੁਣ ਤੱਕ ਅਨੇਕ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਹੈ। ਇੱਥੇ ਵਰਨਣਯੋਗ ਹੈ ਕਿ 1955 ਵਿਚ ਹਿੰਦੂ, ਸਿੱਖ, ਬੁੱਧ ਤੇ ਜੈਨ ਨੂੰ ਜੋੜਦਿਆਂ ਇੱਕ 'ਹਿੰਦੂ ਮੈਰਿਜ ਐਕਟ' ਤਿਆਰ ਕੀਤਾ ਗਿਆ ਸੀ ਪਰ ਹੁਣ ਪਿਛਲੇ ਛੇ ਸਾਲਾਂ ਤੋਂ 'ਅਨੰਦ ਮੈਰਿਜ ਐਕਟ' ਦੇ ਨਾਂਅ ਨਾਲ 'ਸਿੱਖ ਮੈਰਿਜ ਐਕਟ' ਵੀ ਲਾਗੂ ਹੈ।

# ਗੁਰਪੁਰਬ ਮੌਕੇ 'ਤੇ ਸਿੱਧੂ ਮੂਸੇਵਾਲਾ ਦਾ ਨਵਾਂ ਗੀਤ 'ਵਾਰ' ਰਿਲੀਜ਼

**➢ ਇਸ ਵਿੱਚ ਜਰਨੈਲ ਹਰੀ ਸਿੰਘ ਨਲਵਾ ਤੇ ਸਿੱਖ ਬਹਾਦਰੀ ਦੀ ਸ਼ਲਾਘਾ ਹੋਈ**
**➢ ਦੋ ਦਿਨਾਂ ਵਿੱਚ ਯੂ-ਟਿਊਬ 'ਤੇ 25 ਮਿਲੀਅਨ ਵਿਊਜ਼ ਮਿਲੇ**

ਜਲੰਧਰ/ਏ.ਟੀ.ਨਿਊਜ਼ :- ਗੁਰਪੁਰਬ ਮੌਕੇ ਸਿੱਧੂ ਮੂਸੇਵਾਲਾ ਦਾ ਨਵਾਂ ਗੀਤ ਵਾਰ ਰਿਲੀਜ਼ ਹੋਇਆ ਤੇ ਇਸ ਵਿੱਚ ਸਿੱਖ ਬਹਾਦਰੀ ਦੀ ਸ਼ਲਾਘਾ ਕੀਤੀ ਗਈ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਦਿਨ ਰਿਲੀਜ਼ ਹੋਣ ਵਾਲੇ ਇਸ ਗੀਤ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਜਰਨੈਲ ਹਰੀ ਸਿੰਘ ਨਲੂਆ ਦੀ ਵਾਰ ਗਾਈ ਗਈ ਹੈ। ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੀ ਮੌਤ ਤੋਂ ਬਾਅਦ ਰਿਲੀਜ਼ ਹੋਣ ਵਾਲਾ ਇਹ ਦੂਜਾ ਗੀਤ ਹੈ। ਗੀਤ ਰਿਲੀਜ਼ ਕਰਨ ਤੋਂ ਪਹਿਲਾਂ ਸਿੱਧੂ ਮੂਸੇਵਾਲਾ ਦੀ ਮਾਤਾ ਚਰਨ ਕੌਰ ਵਲੋਂ ਗਾਇਕ ਦੇ ਪ੍ਰਸ਼ੰਸਕਾਂ ਨੂੰ ਅਪੀਲ ਕੀਤੀ ਗਈ ਸੀ ਕਿ ਇਸ ਗੀਤ ਨੂੰ ਸੁਣਿਆ ਜਾਵੇ। ਉਸ ਦੀ ਮੌਤ ਤੋਂ ਬਾਅਦ, ਸਿੱਧੂ ਮੂਸੇਵਾਲਾ ਦਾ ਗੀਤ 'ਐਸਵਾਈਐਲ' ਰਿਲੀਜ਼ ਹੋਇਆ ਸੀ। ਇਸ ਨੂੰ ਸਿਰਫ਼ ਦੋ ਦਿਨਾਂ ਵਿੱਚ ਯੂ-ਟਿਊਬ 'ਤੇ 25 ਮਿਲੀਅਨ ਵਿਊਜ਼ ਮਿਲੇ। ਇਸ ਗੀਤ ਨੇ ਬਾਅਦ ਵਿੱਚ ਬਿਲਬੋਰਡ ਰਿਕਾਰਡ ਲਿਸਟ ਵਿੱਚ ਜਗ੍ਹਾ ਬਣਾਈ। ਹਾਲਾਂਕਿ, ਭਾਰਤ ਸਰਕਾਰ ਦੁਆਰਾ ਕਾਨੂੰਨੀ ਮੁੱਦਿਆਂ ਦੇ ਬਾਅਦ ਗੀਤ ਨੂੰ ਯੂ-ਟਿਊਬ ਤੋਂ ਹਟਾ ਦਿੱਤਾ ਗਿਆ ਸੀ। ਮੂਸੇਵਾਲਾ ਦਾ 29 ਮਈ ਨੂੰ ਮਾਨਸਾ ਵਿੱਚ ਉਨ੍ਹਾਂ ਦੇ ਪਿੰਡ ਵਿੱਚ ਕਤਲ ਕਰ ਦਿੱਤਾ ਗਿਆ ਸੀ। ਇਸ ਕਤਲ ਮਾਮਲੇ ਵਿੱਚ ਕੈਨੇਡਾ ਸਥਿਤ ਗੋਲਡੀ ਬਰਾੜ ਨੂੰ ਮਾਸਟਰ ਮਾਈਂਡ ਕਰਾਰ ਦਿੱਤਾ ਗਿਆ। ਕੁੱਲ ਛੇ ਸ਼ੂਟਰ ਸਨ ਜਿਨ੍ਹਾਂ ਵਿੱਚੋਂ 4 ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਦੋ ਦੀ ਮੌਤ ਪੁਲਿਸ ਮੁਕਾਬਲੇ ਵਿੱਚ ਹੋ ਗਈ ਸੀ।





ਮੂਸੇਵਾਲਾ ਦੇ ਪਰਿਵਾਰ ਤੇ ਪ੍ਰਸ਼ੰਸਕਾ ਵਲੋਂ 'ਜਸਟਿਸ ਫ਼ਾਰ ਮੂਸੇਵਾਲ' ਮੁਹਿੰਮ ਵੀ ਚਲਾਈ ਗਈ। ਉਸਨੇ 2016 ਵਿੱਚ ਗੀਤ ਲਿਖਣਾ ਸ਼ੁਰੂ ਕੀਤਾ। ਉਸਨੇ 'ਲਾਈਸੈਂਸ' ਨਾਲ ਸ਼ੁਰੂਆਤ ਕੀਤੀ ਅਤੇ ਇੱਕ ਗਾਇਕ ਵਜੋਂ ਉਸਨੇ ਆਪਣਾ ਸਫ਼ਰ 2017 ਵਿੱਚ ਇੱਕ ਡੁਏਟ ਗੀਤ 'ਜੀ ਵਾਗਨ' ਨਾਲ ਸ਼ੁਰੂ ਕੀਤਾ।

ਗੀਤ ਬਾਰੇ ਇੱਕ ਨਿੱਜੀ ਖ਼ਬਰ ਚੈਨਲ ਨਾਲ ਗੱਲ ਕਰਦਿਆਂ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਦੱਸਿਆ ਕਿ ਸ਼ੁਰੂ ਤੋਂ ਹੀ ਧਾਰਮਿਕ ਗੀਤ ਲਿਖਣ ਵੱਲ ਸਿੱਧੂ ਦਾ ਰੁਝਾਨ ਸੀ। ਉਹ ਕਹਿੰਦੇ ਹਨ, 'ਅਸੀਂ ਇਹ ਹਰੀ ਸਿੰਘ ਨਲੂਆ ਬਾਰੇ ਗਾਈ ਵਾਰ ਅਸੀਂ ਪਾਕਿਸਤਾਨ ਜਾ ਕੇ ਫ਼ਿਲਮਾਉਣਾ ਚਾਹੁੰਦੇ ਸੀ। ਪਰ ਸਿੱਧੂ ਦੀ ਮੌਤ ਕਾਰਨ ਇਹ ਸੁਫ਼ਨਾ ਹੀ ਰਹਿ ਗਿਆ। ਉਨ੍ਹਾਂ ਮੂਸੇਵਾਲਾ ਦੀ ਮੌਤ ਤੋਂ ਬਾਅਦ ਰਿਲੀਜ਼ ਹੋਏ ਗੀਤ ਬਾਰੇ ਕਿਹਾ, 'ਸੁਫ਼ਨਾ ਤਾਂ ਪੂਰਾ ਨਹੀਂ ਹੋਇਆ ਪਰ ਵੀਡੀਓ ਚੰਗੀ ਹੈ।'

**ਕੌਣ ਸਨ ਮਹਾਰਾਜਾ ਰਣਜੀਤ ਸਿੰਘ ਦੇ ਜਰਨੈਲ ਹਰੀ ਸਿੰਘ ਨਲੂਆ**

ਹਰੀ ਸਿੰਘ ਦਾ ਜਨਮ 1791 ਵਿਚ ਸਰਦਾਰ ਗੁਰਦਿਆਲ ਸਿੰਘ ਉੱਪਲ ਅਤੇ ਮਾਤਾ ਧਰਮ ਕੌਰ ਦੇ ਘਰ ਗੁਜਰਾਂਵਾਲਾ (ਪਾਕਿਸਤਾਨ) ਵਿਚ ਹੋਇਆ। ਹਰੀ ਸਿੰਘ ਦੇ ਪਿਤਾ ਅਤੇ ਦਾਦਾ ਹਰੀਦਾਸ ਨੂੰ ਵੀ ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਮਹਾਂ ਸਿੰਘ ਅਤੇ ਦਾਦਾ ਚੜ੍ਹਤ ਸਿੰਘ ਦੀ ਫ਼ੌਜ ਵਿਚ ਰਹਿਣ ਦਾ ਮਾਣ ਹਾਸਲ ਸੀ। ਆਪਣੇ ਪੁਰਖਿਆਂ ਤੋਂ ਬਹਾਦਰੀ ਦੀ ਗੁੜ੍ਹਤੀ ਦੇ ਨਾਲ-ਨਾਲ ਹਰੀ ਸਿੰਘ ਨੂੰ ਗੁਰਸਿੱਖੀ ਵੀ ਵਿਰਾਸਤ ਵਿਚ ਮਿਲੀ। ਮਹਿਜ਼ 15 ਸਾਲ ਦੀ ਉਮਰ ਵਿਚ ਹਰੀ ਸਿੰਘ ਨਲੂਆ ਦੁਆਰਾ ਲਾਹੌਰ ਦੇ ਇਕ ਮੈਦਾਨ ਵਿਚ ਵਿਖਾਏ ਜੰਗੀ ਕਰਤੱਬਾਂ ਤੋਂ ਮੁਤਾਸਿਰ ਹੋ ਕੇ ਸ਼ੇਰ-ਏ-ਪੰਜਾਬ ਨੇ ਉਸ ਨੂੰ ਆਪਣੀ ਫ਼ੌਜ ਵਿਚ ਭਰਤੀ ਕਰ ਲਿਆ।

ਇਕ ਦਿਨ ਹਰੀ ਸਿੰਘ ਨੂੰ ਨਾਲ ਲੈ ਕੇ ਮਹਾਰਾਜਾ ਰਣਜੀਤ ਸਿੰਘ ਸ਼ਿਕਾਰ ਖੇਡਣ ਜੰਗਲ ਵਿਚ ਗਏ ਤਾਂ ਅਚਾਨਕ ਇਕ ਆਦਮਖੋਰ ਸ਼ੇਰ ਨੇ ਹਰੀ ਸਿੰਘ 'ਤੇ ਹਮਲਾ ਕਰ ਦਿੱਤਾ। ਹਰੀ ਸਿੰਘ ਨੂੰ ਤਲਵਾਰ ਕੱਢਣ ਦਾ ਵੀ ਮੌਕਾ ਨਾ ਮਿਲਿਆ ਤਾਂ ਉਸ ਨੇ ਆਪਣੇ ਹੱਥਾਂ ਨਾਲ ਹੀ ਸ਼ੇਰ ਦੇ ਖੁੱਲ੍ਹੇ ਜਬਾੜੇ ਨੂੰ ਫੜ ਕੇ ਅਜਿਹਾ ਝਟਕਾ ਦਿੱਤਾ ਕਿ ਉਹ ਧਰਤੀ 'ਤੇ ਡਿੱਗ ਪਿਆ। ਬੜੀ ਫੁਰਤੀ ਨਾਲ ਕੀਤੇ ਤਲਵਾਰ ਦੇ ਇੱਕੋ ਵਾਰ ਨਾਲ ਸ਼ੇਰ ਦੀ ਗਰਦਨ ਧੜ ਨਾਲੋਂ ਜੁਦਾ ਹੋ ਗਈ। ਹਰੀ ਸਿੰਘ ਦੀ ਇਸ ਬਹਾਦਰੀ ਤੋਂ ਖ਼ੁਸ਼ ਹੋ ਕੇ ਮਹਾਰਾਜਾ ਨੇ ਹਰੀ ਸਿੰਘ ਨੂੰ 'ਨਲੂਆ' ਦਾ ਖਿਤਾਬ ਬਖਸ਼ਿਆ ਅਤੇ ਆਪਣੀ ਰੈਜੀਮੈਂਟ ਦਾ ਜਰਨੈਲ ਥਾਪ ਦਿੱਤਾ।

ਪਹਿਲਾਂ ਸਿਆਲਕੋਟ, ਫਿਰ ਮੁਲਤਾਨ, ਅਟਕ, ਕਸ਼ਮੀਰ ਅਤੇ ਪਿਸ਼ਾਵਰ ਇਕ ਤੋਂ ਬਾਅਦ ਇਕ ਇਲਾਕੇ ਫ਼ਤਹਿ ਕਰ ਕੇ ਹਰੀ ਸਿੰਘ ਨੇ ਖਾਲਸਾ ਰਾਜ ਦਾ ਝੰਡਾ ਅਫਗਾਨਿਸਤਾਨ ਤੱਕ ਲਹਿਰਾ ਦਿੱਤਾ। ਅਫਗਾਨਾਂ ਵਿਚ ਹਰੀ ਸਿੰਘ ਨਲੂਏ ਦਾ ਖੌਫ਼ ਇਸ ਕਦਰ ਵੱਧਦਾ ਗਿਆ ਕਿ ਅਫਗਾਨ ਲੋਕ ਕਥਾਵਾਂ ਵਿਚਵੀ ਹਰੀ ਸਿੰਘ ਨਲੂਏ ਦਾ ਜ਼ਿਕਰ ਹੋਣ ਲੱਗਿਆ। ਮਹਾਨ ਦਾਨੀ ਅਤੇ ਸੂਰਬੀਰ ਯੋਧਾ ਹੋਣ ਦੇ ਨਾਲ-ਨਾਲ ਹਰੀ ਸਿੰਘ ਵਿਚ ਪ੍ਰਸ਼ਾਸਕੀ ਖ਼ੂਬੀਆਂ ਵੀ ਮੌਜੂਦ ਸਨ, ਜਿਸ ਦੀ ਮਿਸਾਲ ਉਸ ਵੱਲੋਂ ਕਸ਼ਮੀਰ ਵਿਚ ਬਤੌਰ ਗਵਰਨਰ ਚਲਾਏ ਰਾਜ-ਪ੍ਰਬੰਧ ਨੂੰ ਵੇਖਦਿਆਂ ਮਿਲਦੀ ਹੈ। ਅਫਗਾਨੀ ਰਾਜ ਦੌਰਾਨ ਹਿੰਦੂਆਂ ਨੂੰ ਸਿਰ 'ਤੇ ਪਗੜੀ ਬੰਨ੍ਹਣ ਅਤੇ ਪੈਰੀਂ ਜੁੱਤੀ ਪਾਉਣ ਦੀ ਇਜਾਜ਼ਤ ਨਹੀਂ ਸੀ। ਹਰੀ ਸਿੰਘ ਨੇ ਆਉਂਦਿਆਂ ਹੀ ਅਜਿਹੇ ਵਿਤਕਰੇ ਖ਼ਤਮ ਕਰ ਦਿੱਤੇ ਅਤੇ ਆਪਣੇ ਰਾਜ ਵਿਚ ਹਰ ਧਰਮ ਦੇ ਲੋਕਾਂ ਨੂੰ ਇਕਸਾਰ ਸਹੂਲਤਾਂ ਦਿੱਤੀਆਂ। ਕਸ਼ਮੀਰ 'ਚੋਂ ਡਰ-ਭੈਅ ਕਾਰਨ ਹਿਜਰਤ ਕਰ ਚੁੱਕੇ ਕਈ ਕਸ਼ਮੀਰੀ ਪੰਡਿਤ ਉਸ ਦੇ ਸ਼ਾਸਨ ਦੌਰਾਨ ਵਾਪਸ ਕਸ਼ਮੀਰ ਆ ਵਸੇ। ਕਸ਼ਮੀਰੀ ਸ਼ਾਲਾਂ, ਪਸ਼ਮੀਨਾ ਅਤੇ ਰੇਸ਼ਮ ਆਦਿ ਦੀ ਦਸਤਕਾਰੀ ਜੋ ਅਫਗਾਨੀ ਰਾਜ ਦੌਰਾਨ ਖ਼ਤਮ ਹੋਣ ਕਿਨਾਰੇ ਪਹੁੰਚ ਚੁੱਕੀ ਸੀ, ਉਸ ਨੂੰ ਹਰੀ ਸਿੰਘ ਨੇ ਮੁੜ ਸੁਰਜੀਤ ਕੀਤਾ। ਪਹਿਲੇ ਪਾਤਸ਼ਾਹ ਨਾਲ ਸਬੰਧਤ ਗੁਰਦੁਆਰਾ ਪੰਜਾ ਸਾਹਿਬ ਦੀ ਸੇਵਾ ਵੀ ਹਰੀ ਸਿੰਘ ਦੇ ਹਿੱਸੇ ਆਈ। ਉਸ ਨੇ ਇਸ ਪਵਿੱਤਰ ਅਸਥਾਨ 'ਤੇ ਗੁਰਦੁਆਰਾ ਸਾਹਿਬ ਦੇ ਨਾਲ ਨਾਲ ਸਰੋਵਰ ਅਤੇ ਯਾਤਰੀਆਂ ਦੇ ਰਹਿਣ ਲਈ ਸਰਾਂ ਦੀ ਉਸਾਰੀ ਵੀ ਕਰਵਾਈ। ਕਸ਼ਮੀਰ ਵਿਚ ਉਸ ਨੇ ਮਹਾਰਾਜਾ ਦੇ ਕਹਿਣ 'ਤੇ ਆਪਣੇ ਨਾਂ ਦੇ ਚਾਂਦੀ ਅਤੇ ਤਾਂਬੇ ਦੇ ਦੋ ਸਿੱਕੇ ਵੀ ਚਲਾਏ, ਜਿਸ ਦੇ ਇਕ ਪਾਸੇ 'ਸ੍ਰੀ ਅਕਾਲ ਸਹਾਇ' ਅਤੇ ਦੂਜੇ ਪਾਸੇ ਹਰੀ ਸਿੰਘ ਦਾ ਨਾਂ ਅੰਕਿਤ ਸੀ।

ਹਰੀ ਸਿੰਘ ਨੇ ਦੱਰਾ ਖ਼ੈਬਰ 'ਤੇ

(ਬਾਕੀ ਸਫ਼ਾ 30 'ਤੇ)

*ਮਾਮਲਾ ਸੂਰੀ ਦੇ ਕਤਲ ਦਾ*

# ਸੰਦੀਪ ਸਿੰਘ ਦੇ ਇੰਸਟਾਗ੍ਰਾਮ ਅਤੇ ਫੇਸਬੁੱਕ ਤੋਂ 13 ਵੀਡੀਓਜ਼ ਮਾਰਕ ਕਰ ਕੇ ਖ਼ਾਲਿਸਤਾਨ ਲਿੰਕ ਦੀ ਜਾਂਚ ਕਰ ਰਹੀ ਪੁਲਿਸ

ਅੰਮ੍ਰਿਤਸਰ/ਏ.ਟੀ.ਨਿਊਜ਼ :- ਹਿੰਦੂ ਨੇਤਾ ਸੁਧੀਰ ਸੂਰੀ ਦੀ ਹੱਤਿਆ ਦੇ ਮਾਮਲੇ ਵਿਚ ਸੰਦੀਪ ਸਿੰਘ ਨੂੰ ਬੀਤੇ ਦਿਨੀਂ ਪੰਜਾਬ ਦੇ ਜੁਆਇੰਟ ਇੰਟਰੋਗੇਸ਼ਨ ਸੈਂਟਰ (ਜੇਆਈਸੀ) ਵਿਚ ਲਿਜਾਇਆ ਗਿਆ। ਪੁਲਿਸ ਨੇ ਮੁਲਜ਼ਮ ਦੇ ਇੰਸਟਾਗ੍ਰਾਮ ਅਕਾਊਂਟ ਅਤੇ ਫੇਸਬੁੱਕ ਅਕਾਊਂਟ 'ਤੇ ਪੋਸਟ ਕੀਤੀਆਂ 13 ਪੋਸਟਾਂ ਦੀ ਚੋਣ ਕੀਤੀ ਹੈ। ਪੁਲਿਸ ਨੇ ਸੰਦੀਪ ਸਿੰਘ ਤੋਂ ਖਾਲਿਸਤਾਨ ਪੱਖੀ ਅੰਮ੍ਰਿਤਪਾਲ ਸਿੰਘ ਅਤੇ ਹੋਰ ਗਰਮ ਖਿਆਲੀ ਜਥੇਬੰਦੀਆਂ ਦੇ ਮੈਂਬਰਾਂ ਬਾਰੇ ਪੁੱਛਗਿੱਛ ਕੀਤੀ ਗਈ। ਸੁਰੱਖਿਆ ਏਜੰਸੀਆਂ ਨੇ ਸੰਦੀਪ ਸਿੰਘ ਤੋਂ ਕਈ ਸਵਾਲ ਪੁੱਛੇ। ਪਤਾ ਲੱਗਾ ਹੈ ਕਿ ਖਾਲਿਸਤਾਨ ਸਮਰਥਕ ਅੰਮ੍ਰਿਤਪਾਲ ਸਿੰਘ ਨਾਲ ਬਣਾਈ ਗਈ ਵੀਡੀਓ ਨੂੰ ਲੈ ਕੇ ਸੁਰੱਖਿਆ ਏਜੰਸੀਆਂ ਵਿਚ ਭੰਬਲਭੂਸਾ ਬਣਿਆ ਹੋਇਆ ਹੈ, ਜਿਸ 'ਤੇ ਜਾਂਚ ਟਿਕੀ ਹੋਈ ਹੈ। ਦੂਜੇ ਪਾਸੇ ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਸੰਦੀਪ ਸਿੰਘ ਦੇ ਇਕਬਾਲੀਆ ਬਿਆਨ 'ਤੇ ਕਈ ਪੁਆਇੰਟਾਂ 'ਤੇ ਜਾਂਚ ਕੀਤੀ ਜਾ ਰਹੀ ਹੈ।



**ਗੈਂਗਸਟਰ ਲੰਡਾ ਨੇ ਖੌਫ ਬਣਾਉਣ ਲਈ ਪਾਈ ਸੀ ਪੋਸਟ**

ਐੱਸਆਈਟੀ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਹਿੰਦੂ ਨੇਤਾ ਸੂਰੀ ਦੇ ਕਤਲ ਤੋਂ ਬਾਅਦ ਕੈਨੇਡਾ ਸਥਿਤ ਗੈਂਗਸਟਰ ਲਖਬੀਰ ਸਿੰਘ ਲੰਡਾ ਨੇ ਫੇਸਬੁੱਕ 'ਤੇ ਪੋਸਟ ਪਾ ਕੇ ਇਸ ਕਤਲ ਦੀ ਜ਼ਿੰਮੇਵਾਰੀ ਲਈ ਸੀ। ਪਰ ਸੰਦੀਪ ਸਿੰਘ ਤੋਂ ਪੁੱਛਗਿੱਛ ਤੋਂ ਬਾਅਦ ਗੈਂਗਸਟਰ ਕੁਨੈਕਸ਼ਨ ਸਾਹਮਣੇ ਨਹੀਂ ਆਇਆ। (ਬਾਕੀ ਸਫ਼ਾ 31 'ਤੇ)

*ਮਾਮਲਾ ਟੋਲ ਪਲਾਜ਼ਾ 'ਤੇ ਲੱਗੇ ਸਾਈਨ ਬੋਰਡ ਤੋਂ ਅੰਗਰੇਜ਼ੀ ਮਿਟਾਉਣ ਦਾ*

# ਆਪ ਸਰਕਾਰ ਵਲੋਂ ਲੱਖਾ ਸਿਧਾਣਾ ਖ਼ਿਲਾਫ਼ ਹਾਸੋਹੀਣਾ ਮਾਮਲਾ ਦਰਜ

ਤਪਾ ਮੰਡੀ/ਏ.ਟੀ.ਨਿਊਜ਼ :- ਸਬ-ਡਵੀਜ਼ਨ ਤਪਾ ਮੰਡੀ ਦੇ ਪੁਲਸ ਥਾਣਾ ਸ਼ਹਿਣਾ ਵਿਖੇ ਲੱਖਾ ਸਿਧਾਣਾ ਅਤੇ ਭਾਨਾ ਸਿੱਧੂ 'ਤੇ ਮਾਮਲਾ ਦਰਜ ਕੀਤਾ ਗਿਆ ਹੈ। ਸਿਆਸੀ ਆਗੂ ਲਖਬੀਰ ਸਿੰਘ ਲੱਖਾ ਸਿਧਾਣਾ ਨੂੰ ਬੇਸ਼ੱਕ ਤਕਰੀਬਨ 2 ਮਹੀਨੇ ਪਹਿਲਾਂ ਤਰਨਤਾਰਨ ਦੇ ਥਾਣਾ ਹਰੀਕੇ ਵਿਖੇ ਦਰਜ ਕੇਸ ਵਿਚੋਂ ਸਰਕਾਰ ਦੀ ਕਾਫੀ ਕਿਰਕਿਰੀ ਹੋਣ ਤੋਂ ਬਾਅਦ ਬੇਗੁਨਾਹ ਕਰਾਰ ਦੇ ਦਿੱਤਾ ਗਿਆ ਸੀ, ਪ੍ਰੰਤੂ ਹੁਣ ਫਿਰ ਲੱਖਾ ਸਿਧਾਣਾ ਦੇ ਖ਼ਿਲਾਫ਼ ਬਰਨਾਲਾ ਜ਼ਿਲ੍ਹੇ ਦੇ ਥਾਣਾ ਸ਼ਹਿਣਾ ਵਿਖੇ ਇਕ ਹੋਰ ਐੱਫ. ਆਈ. ਆਰ. ਦਰਜ ਕੀਤੀ ਗਈ ਹੈ। ਥਾਣਾ ਸ਼ਹਿਣਾ ਵਿਖੇ ਏ. ਐੱਸ. ਆਈ. ਕਰਮਜੀਤ ਸਿੰਘ ਦੇ ਬਿਆਨ ਦੇ ਆਧਾਰ 'ਤੇ ਦਰਜ ਕੀਤਾ ਗਿਆ ਹੈ। ਐੱਫ. ਆਈ. ਆਰ. ਮੁਖ਼ਬਰ ਦੀ ਇਤਲਾਹ ਤੋਂ ਬਾਅਦ ਦਰਜ ਹੋਈ ਹੈ। ਏ.ਐੱਸ.ਆਈ. ਕਰਮਜੀਤ ਸਿੰਘ ਨੇ ਆਪਣੇ ਬਿਆਨ ਵਿਚ ਕਿਹਾ ਗਿਆ ਹੈ ਕਿ ਉਸ ਨੂੰ ਮੁਖਬਰ ਨੇ ਇਤਲਾਹ ਦਿੱਤੀ ਕਿ ਟੋਲ ਪਲਾਜ਼ਾ ਜਗਜੀਤਪੁਰਾ ਵਿਖੇ ਕਿਸਾਨ ਯੂਨੀਅਨ ਦਾ ਤਕਰੀਬਨ ਢਾਈ ਮਹੀਨੇ ਤੋਂ ਧਰਨਾ ਚੱਲ ਰਿਹਾ ਹੈ। 2 ਨਵੰਬਰ ਨੂੰ ਲਖਬੀਰ ਸਿੰਘ ਉਰਫ ਲੱਖਾ ਸਿਧਾਣਾ ਅਤੇ ਭਗਵਾਨ ਸਿੰਘ ਉਰਫ਼ ਭਾਨਾ ਸਿੱਧੂ ਵਾਸੀ ਕੋਟਦੂੰਨਾ ਨੇ ਆਪਣੇ 10/12 ਨਾਮਾਲੂਮ



(ਬਾਕੀ ਸਫ਼ਾ 30 'ਤੇ)

# ਪੰਜਾਬ ਨੂੰ ਹਾਕਮਾਂ ਨੇ ਬਣਾਇਆ ਸਿਆਸੀ ਖਿਡੌਣਾ




ਗੁਰਮੀਤ ਸਿੰਘ ਪਲਾਹੀ
ਮੋ. 9815802070


ਪੰਜਾਬ, ਹਿਮਾਚਲ ਹੋਇਆ ਪਿਆ ਹੈ। ਪੰਜਾਬ, ਗੁਜਰਾਤ ਹੋਇਆ ਪਿਆ ਹੈ। ਪੰਜਾਬ ਦੇ ਹਾਕਮ, ਵਹੀਰਾਂ ਘੱਤੀ ਹਿਮਾਚਲ, ਗੁਜਰਾਤ ਦਾ ਗੇੜੇ ਤੇ ਗੇੜਾ ਲਾ ਰਹੇ ਹਨ। ਕਈ ਤਾਂ ਹਿਮਾਚਲ, ਗੁਜਰਾਤ 'ਚ ਡੇਰੇ ਜਮਾਈ ਬੈਠੇ ਹਨ। ਪੰਜਾਬ ਦਾ 'ਆਪ', ਪੰਜਾਬ ਦੀ 'ਭਾਜਪਾ', ਪੰਜਾਬ ਦੀ 'ਕਾਂਗਰਸ' ਦੇ ਥੱਲਿਉਂ, ਉਪਰਲੇ ਨੇਤਾ ਹਿਮਾਚਲ, ਗੁਜਰਾਤ ਦੇ ਪਿੰਡਾਂ, ਸ਼ਹਿਰਾਂ, 'ਚ ਹਲਚਲੀ ਮਚਾਈ ਬੈਠੇ ਹਨ।

ਰਾਸ਼ਟਰੀ ਅਖ਼ਬਾਰ ਖ਼ਾਸ ਕਰਕੇ ਹਿਮਾਚਲ ਅਤੇ ਗੁਜਰਾਤ ਦੇ, ਪੰਜਾਬ ਦੇ ਇਸ਼ਤਿਹਾਰਾਂ ਨਾਲ ਭਰੇ ਪਏ ਹਨ। ਖਜ਼ਾਨਾ ਪੰਜਾਬ ਦਾ, ਵੋਟਾਂ ਹਾਕਮਾਂ ਦੀਆਂ, ਕਿਧਰ ਦਾ ਇਨਸਾਫ਼ ਹੈ ਇਹ ਪੰਜਾਬੀਆਂ ਨਾਲ ?

ਗੁਆਂਢੀ ਸੂਬੇ ਹਿਮਚਾਲ 'ਚ ਅਸਬੰਲੀ ਵੋਟਾਂ 12 ਨਵੰਬਰ 2022 ਤੋਂ 8 ਦਸੰਬਰ 2022 ਤੱਕ ਅਤੇ ਗੁਜਰਾਤ ਵਿੱਚ ਪਹਿਲੀ ਤੋਂ 5 ਦਸੰਬਰ 2022 ਨੂੰ ਹਨ, ਨਤੀਜੇ 8 ਦਸੰਬਰ 2022 ਨੂੰ ਹੋਣਗੇ। ਉਦੋਂ ਤੱਕ ਪੰਜਾਬ ਦੇ ਨੇਤਾਵਾਂ ਨੂੰ ਸਾਹ ਕਿਥੋਂ ?

ਪੰਜਾਬ 'ਚ ਕਤਲ ਹੋ ਰਹੇ ਹਨ, ਪੰਜਾਬ ਦਾ ਮਾਹੌਲ ਖ਼ਰਾਬ ਹੋ ਰਿਹਾ ਹੈ ਤਾਂ ਉਨ੍ਹਾਂ ਨੂੰ ਕੀ ? ਉਨ੍ਹਾਂ ਤਾਂ ਵੋਟਾਂ ਬਟੋਰਨੀਆਂ ਹਨ। ਵੇਖੋ, ਚੋਣ ਸਮੇਂ 'ਚ ਘਟਨਾਵਾਂ ਕਿਵੇਂ ਵਾਪਰ ਰਹੀਆਂ ਹਨ ? ਆਪ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਹਿਮਾਚਲ 'ਚ ਚੋਣ ਮੁਹਿੰਮ ਦੌਰਾਨ ਰੈਲੀ ਛੱਡਕੇ ਵਾਪਿਸ ਆਉਣਾ ਪਿਆ। ਪੰਜਾਬ ਦੇ ਬੇਰੁਜ਼ਗਾਰਾਂ ਨੇ ਉਨ੍ਹਾਂ ਦਾ ਤਿੱਖਾ ਵਿਰੋਧ ਕੀਤਾ।

ਅਸਲ 'ਚ ਦਿੱਲੀ ਤੋਂ ਬਾਅਦ ਪੰਜਾਬ ਨੂੰ ਆਪ ਦਾ ਆਦਰਸ਼ ਰਾਜ ਬਣਿਆ ਪੇਸ਼ ਕਰਕੇ ਕੇਜਰੀਵਾਲ ਦੀ 'ਆਪ' ਹਿਮਾਚਲ, ਗੁਜਰਾਤ, ਹਰਾਉਣ ਦੇ ਚੱਕਰ 'ਚ ਹੈ। ਉਥੇ ਪ੍ਰਚਾਰ ਹੋ ਰਿਹਾ ਹੈ ਕਿ ਪੰਜਾਬ 'ਚ ਬਿਜਲੀ ਮੁਫ਼ਤ ਹੈ, 20,000 ਨੌਕਰੀਆਂ ਨੌਜਵਾਨਾਂ ਨੂੰ ਦਿੱਤੀਆਂ ਗਈਆਂ ਹਨ, ਭ੍ਰਿਸ਼ਟਾਚਾਰ ਦਾ ਖ਼ਾਤਮਾ ਕਰ ਦਿੱਤਾ ਗਿਆ ਹੈ। ਸਾਸ਼ਨ ਚੁਸਤ-ਫੁਰਤ, ਦਰੁਸਤ ਕਰ ਦਿੱਤਾ ਗਿਆ ਹੈ।

ਪੰਜਾਬ 'ਚ ਜ਼ਮੀਨੀ ਹਕੀਕਤ ਕੁਝ ਹੋਰ ਹੈ, ਰਿਸ਼ਵਤ ਦੇ ਰੇਟ ਵਧੇ ਹਨ, ਮਾਫੀਆ ਤੇਜ਼ ਹੋਇਆ ਹੈ, ਰੇਤ ਦੇ ਭਾਅ ਅਸਮਾਨੀ ਚੜ੍ਹੇ ਹਨ, ਖੁਦਕੁਸ਼ੀਆਂ ਖ਼ਾਸ ਕਰਕੇ ਕਿਸਾਨਾਂ ਦੀਆਂ ਰੁਕੀਆਂ ਨਹੀਂ, ਮਹਿੰਗਾਈ 'ਚ ਕੋਈ ਘਾਟ ਨਹੀਂ। ਨੌਜਵਾਨ ਪੰਜਾਬ ਛੱਡਕੇ ਉਸੇ ਰਫ਼ਤਾਰ ਨਾਲ ਵਿਦੇਸ਼ਾਂ ਵੱਲ ਭੱਜ ਰਹੇ ਹਨ। ਪੰਜਾਬ 'ਚ ਕਾਨੂੰਨ ਵਿਵਸਥਾ ਕਾਬੂ ਵਿਚ ਨਹੀਂ। ਪੰਜਾਬ ਦੀ ਅਫ਼ਸਰਸ਼ਾਹੀ ਪੰਜਾਬ ਦਾ ਰਾਜ ਭਾਗ ਚਲਾਉਣ ਲਈ ਦੋਚਿਤੀ 'ਚ ਜਾਪਦੀ ਹੈ।

ਪੰਜਾਬ 'ਚ ਇੱਕ ਉੱਘੇ ਗਾਇਕ ਦਾ ਕਤਲ ਹੋਇਆ। ਪੰਜਾਬ ਦੇ ਨੌਜਵਾਨਾਂ ਦਾ ਕੁਝ ਹਿੱਸਾ ਬੁਰੀ ਤਰ੍ਹਾਂ ਝੁਜਲਾਇਆ। ਅੰਮ੍ਰਿਤਸਰ ਵਿਚ ਹੁਣੇ ਜਿਹੇ ਸ਼ਿਵ ਸੈਨਾ ਨੇਤਾ ਸੁਧੀਰ ਸੂਰੀ ਦਾ ਕਤਲ ਕਰ ਦਿੱਤਾ ਗਿਆ। ਪੰਜਾਬ ਬੰਦ ਦਾ ਸੱਦਾ ਦਿੱਤਾ ਗਿਆ ਹੈ। ਮਾਹੌਲ ਗਰਮਾਇਆ ਹੋਇਆ ਹੈ। ਪੰਜਾਬ ਦੇ ਲੋਕ ਪ੍ਰੇਸ਼ਾਨ ਹੋਏ ਬੈਠੇ ਹਨ। ਪੰਜਾਬ ਦੇ ਮਸਾਂ ਮਸਾਂ ਭਰੇ ਜਖ਼ਮ ਮੁੜ ਉੱਚੜਨ ਦਾ ਖਦਸ਼ਾ ਪੈਦਾ ਹੋਇਆ ਹੈ। ਪੰਜਾਬ ਦਾ ਮਾਹੌਲ ਉਤੇਜਿਤ ਕਰਨ ਲਈ ਪਹਿਲਾ ਈਸਾਈ ਭਾਈਚਾਰੇ ਨਾਲ ਟੱਕਰ ਦਾ ਯਤਨ ਹੋਇਆ ਹੈ, ਹੁਣ ਸ਼ਿਵ ਸੈਨਾ ਨਾਲ ਰਿਸ਼ਤੇ ਤਣਾਅ ਵਾਲੇ ਬਣ ਰਹੇ ਹਨ। ਇਸੇ ਵਿਚਕਾਰ ਇੱਕ ਘਟਨਾ ਦੁਆਬੇ ਦੇ ਇੱਕ ਪਿੰਡ ਵਿਚ ਵਾਪਰੀ ਹੈ, ਪ੍ਰਵਾਸੀ ਮਜ਼ਦੂਰਾਂ ਵਲੋਂ ਪੰਜਾਬ ਦੇ ਕਿਸਾਨ ਦੀ ਮਾਰ ਕੁਟਾਈ ਅਤੇ ਮੰਡੀ 'ਚ ਹੁਲੜਬਾਜੀ ਹੋਈ ਹੈ। ਜਿਸ ਨੇ ਵੱਡੇ ਸਵਾਲ ਖੜੇ ਕੀਤੇ ਹਨ। ਉਹ ਕਿਸਾਨ ਜਿਹੜੇ ਉਡੀਕਦੇ ਸਨ ਕਿ ਕਦੋਂ ਸਟੇਸ਼ਨਾਂ 'ਤੇ ਆਪਣੇ ਦੇਸੋਂ ਪ੍ਰਵਾਸੀ ਪੁੱਜਣ, ਉਹ ਉਨ੍ਹਾਂ ਤੋਂ ਖੇਤਾਂ 'ਚ ਕੰਮ ਕਰਵਾਉਣ ਲਈ ਲਿਆਉਣ। ਅਜੀਬ ਕਿਸਮ ਦੀ ਰਿਸ਼ਤਿਆਂ ਦੀ ਤੋੜ ਭੰਨ ਹੁਣ ਦਿਖਾਈ ਦੇਣ ਲੱਗ ਪਈ ਹੈ। ਪੰਜਾਬ ਦਾ ਵੱਡਾ ਹਿੱਸਾ ਪ੍ਰਵਾਸ ਦੇ ਰਾਹ 'ਤੇ ਹੈ ਤੇ ਉਹਨਾ ਦੀ ਥਾਂ ਦੇਸੀ ਪ੍ਰਵਾਸੀ ਮਜ਼ਦੂਰ ਆ ਰਹੇ ਹਨ, ਪੰਜਾਬ ਨੂੰ ਭਰ ਰਹੇ ਹਨ, ਪੰਜਾਬ ਦਾ ਕਾਰੋਬਾਰ, ਪੰਜਾਬ ਦੇ ਤਕਨੀਕੀ ਕੰਮਕਾਰ, ਮਜ਼ਦੂਰੀ ਉਨ੍ਹਾਂ ਦੇ ਕਾਬੂ 'ਚ ਹਨ। ਇਥੋਂ ਤੱਕ ਕਿ ਵਿਦਿਅਕ ਅਦਾਰਿਆਂ 'ਚ ਉਨ੍ਹਾਂ ਦੀ ਭਰਮਾਰ ਹੈ। ਪੰਜਾਬ 'ਚ ਸਭਿਆਚਾਰ ਸੰਕਟ ਵਧਦਾ ਜਾ ਰਿਹਾ ਹੈ। ਉਪਰੋਕਤ ਘਟਨਾਵਾਂ ਦੇ ਪਿੱਛੇ ਦਿੱਲੀ ਦੇ ਹਾਕਮਾਂ ਦਾ ਸਿੱਧਾ, ਅਸਿੱਧਾ ਦਖ਼ਲ ਹੈ, ਜਿਹੜੇ ਪੰਜਾਬ ਨੂੰ ਹਰ ਹੀਲੇ ਆਪਣੇ ਪੰਜੇ 'ਚ ਲੈਣਾ ਚਾਹੁੰਦੇ ਹਨ।

> **ਪੰਜਾਬ 'ਚ ਕਤਲ ਹੋ ਰਹੇ ਹਨ, ਪੰਜਾਬ ਦਾ ਮਾਹੌਲ ਖ਼ਰਾਬ ਹੋ ਰਿਹਾ ਹੈ ਤਾਂ ਉਨ੍ਹਾਂ ਨੂੰ ਕੀ? ਉਨ੍ਹਾਂ ਤਾਂ ਵੋਟਾਂ ਬਟੋਰਨੀਆਂ ਹਨ। ਵੇਖੋ, ਚੋਣ ਸਮੇਂ 'ਚ ਘਟਨਾਵਾਂ ਕਿਵੇਂ ਵਾਪਰ ਰਹੀਆਂ ਹਨ? ਆਪ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਹਿਮਾਚਲ 'ਚ ਚੋਣ ਮੁਹਿੰਮ ਦੌਰਾਨ ਰੈਲੀ ਛੱਡਕੇ ਵਾਪਿਸ ਆਉਣਾ ਪਿਆ। ਪੰਜਾਬ ਦੇ ਬੇਰੁਜ਼ਗਾਰਾਂ ਨੇ ਉਨ੍ਹਾਂ ਦਾ ਤਿੱਖਾ ਵਿਰੋਧ ਕੀਤਾ।**

ਪੰਜਾਬ 'ਚ ਬੀ.ਐਸ.ਐਫ. ਦਾ ਦਾਇਰਾ ਵਧਾਉਣਾ, ਗਵਰਨਰ ਪੰਜਾਬ ਵਲੋਂ ਯੂਨੀਵਰਸਿਟੀਆਂ ਦੇ ਮਾਮਲੇ ਵਿਚ ਸਿੱਧਾ ਦਖ਼ਲ ਦੇਣਾ ਅਤੇ ਗੈਰਜ਼ਰੂਰੀ ਤੌਰ 'ਤੇ ਸਰਹੱਦੀ ਜ਼ਿਲਿਆਂ ਦੇ ਦੌਰੇ ਕਰਨਾ, ਇਸੇ ਕੜੀ ਦਾ ਹਿੱਸਾ ਹੈ।

ਪੰਜਾਬ 'ਚ ਸਿੱਖ ਸੰਸਥਾਵਾਂ ਦੇ ਮਾਮਲਿਆਂ ਵਿਚ ਦਖ਼ਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਾਮਲਿਆਂ 'ਚ ਅਸਿੱਧਾ ਦਖ਼ਲ ਵੀ ਕੀ ਇਸੇ ਦਿਸ਼ਾ ਵਿਚ ਅਗਲਾ ਕਦਮ ਨਹੀਂ ਹੈ ? ਸੁਖਦੇਵ ਸਿੰਘ ਢੀਂਡਸਾ ਵਰਗੇ ਸੀਨੀਅਰ ਨੇਤਾਵਾਂ ਦਾ ਅਕਾਲੀ ਦਲ (ਬਾਦਲ) ਤੋਂ ਵੱਖ ਹੋਣਾ, ਬੀਬੀ ਜਗੀਰ ਕੌਰ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਲੜਨਾ ਅਤੇ ਪਿਛਿਓਂ ਉਪਰਲੇ, ਹੇਠਲੇ ਹਾਕਮਾਂ ਵਲੋਂ ਉਨ੍ਹਾਂ ਖਿਲਾਫ਼ ਲੜਨ ਲਈ ਸ਼ਹਿ ਦੇਣਾ, ਸ਼੍ਰੋਮਣੀ ਅਕਾਲੀ ਦਲ (ਬ), ਜਿਸ ਨਾਲ ਭਾਜਪਾ ਦੀ ਸਾਂਝ ਭਿਆਲੀ ਰਹੀ, ਪੰਜਾਬ 'ਚ ਇੱਕ ਹਫੜਾ-ਤਫੜੀ ਦਾ ਮਾਹੌਲ ਪੈਦਾ ਕਰਕੇ, 'ਆਪ' ਪੰਜਾਬ ਦੀ ਸੱਤਾ, ਸੰਭਾਲਣ ਲਈ, ਗਵਰਨਰੀ ਰਾਜ ਜਾਂ ਰਾਸ਼ਟਰਪਤੀ ਰਾਜ ਸਥਾਪਤ ਕਰਨ ਵਾਲੀਆਂ ਸਥਿਤੀਆਂ ਪੈਦਾ ਕਰਨ ਦਾ ਯਤਨ ਹੈ। ਪਿਛਲੇ ਸਮੇਂ ਵਿਚ ਵੱਖੋ-ਵੱਖਰੀਆਂ ਸਿਆਸੀ ਪਾਰਟੀਆਂ ਦੇ ਧੁਰੰਤਰ ਨੇਤਾਵਾਂ ਦੀ ਭਾਜਪਾ 'ਚ ਇੰਟਰੀ ਅਤੇ ਅਮਿਤ ਸ਼ਾਹ ਅਤੇ ਨਰੇਂਦਰ ਮੋਦੀ ਦੇ ਪੰਜਾਬ ਦੇ ਦੌਰੇ ਇਹੀ ਸੰਕੇਤ ਦਿੰਦੇ ਹਨ।

ਪਰ ਸਵਾਲ ਪੈਦਾ ਹੁੰਦਾ ਹੈ ਕਿ ਸਿਰਫ਼ ਤੇ ਸਿਰਫ਼ ਪੰਜਾਬ ਨੂੰ ਨਿਸ਼ਾਨਾ ਬਣਾਕੇ ਇਥੋਂ ਦਾ ਮਾਹੌਲ ਖਰਾਬ ਕਰਕੇ, ਇਥੋਂ '47, '84, ਸਿਰਜਨ ਦੀਆਂ ਕੋਸ਼ਿਸ਼ਾਂ ਕਿਉਂ ਹੋ ਰਹੀਆਂ ਹਨ। ਇਨ੍ਹਾਂ ਘਟਨਾਵਾਂ ਨੇ ਪੰਜਾਬੀਆਂ ਨੂੰ ਪਹਿਲਾਂ ਹੀ ਪਿੰਜ ਸੁੱਟਿਆ ਹੈ। ਜਦੋਂ ਵੀ ਪੰਜਾਬੀ ਥਾਂ ਸਿਰ ਹੋਣ ਲੱਗਦੇ ਹਨ, ਉਹਨਾ ਨੂੰ ਕਿਸੇ ਸਾਜਿਸ਼ ਅਧੀਨ ਨੀਵਾਂ ਵਿਖਾਉਣ ਦਾ ਯਤਨ ਹੁੰਦਾ ਹੈ।

1947 ਵਿਚ ਲੱਖਾਂ ਪੰਜਾਬੀ ਮਰੇ, 1984 'ਚ ਦਿੱਲੀ 'ਚ ਤਕਲੇਆਮ ਹੋਇਆ, ਇਨ੍ਹਾਂ ਸਾਲਾਂ 'ਚ ਹਜ਼ਾਰਾਂ ਨੌਜਵਾਨ ਪੁਲਿਸ ਤਸ਼ੱਦਦਾਂ ਦਾ ਸ਼ਿਕਾਰ ਹੋਏ। ਪ੍ਰਵਾਸ ਪੰਜਾਬੀ ਨੌਜਵਾਨ ਦੇ ਪੱਲੇ ਇਸ ਕਰਕੇ ਪਿਆ ਕਿ ਪੰਜਾਬ 'ਚ ਬੇਰੁਜ਼ਗਾਰੀ ਅੰਤਾਂ ਦੀ ਹੈ, ਅਮਨ ਕਾਨੂੰਨ ਦੀ ਸਥਿਤੀ ਮਾੜੀ ਹੈ, ਨਸ਼ਿਆਂ ਨੇ ਪੰਜਾਬੀ ਨੌਜਵਾਨ ਜਕੜੇ ਹੋਏ ਹਨ। ਪੰਜਾਬ ਕਰਜ਼ਾਈ ਹੈ। ਨਿੱਤ ਦਿਹਾੜੇ ਹਾਕਮਾਂ ਦੀ ਅਣਗਹਿਲੀ ਅਤੇ ਸਵਾਰਥੀ ਸੋਚ ਨਾਲ ਪੰਜਾਬ ਸਿਰ ਕਰਜ਼ਾ ਵੱਧ ਰਿਹਾ ਹੈ। ਪੰਜਾਬ ਦੀ ਆਰਥਿਕ ਹਾਲਤ ਮੰਦੀ ਹੋ ਰਹੀ ਹੈ। ਪੰਜਾਬ ਦੀਆਂ ਸਮੱਸਿਆਵਾਂ, ਮਸਲਿਆਂ ਦਾ ਕੋਈ ਹੱਲ ਹੀ ਨਹੀਂ ਨਿਕਲ ਰਿਹਾ ਜਾਂ ਕਹੀਏ ਜਾਣਬੁੱਝ ਕੇ ਹੱਲ ਕੱਢਿਆ ਨਹੀਂ ਜਾ ਰਿਹਾ ਹੈ। ਜਿਹਨਾ ਦਰਿਆਈ ਪਾਣੀਆਂ 'ਤੇ ਪੰਜਾਬ ਦਾ ਹੱਕ ਹੈ,

(ਬਾਕੀ ਸਫ਼ਾ 31 'ਤੇ)

# ਪੰਜਾਬ ਬਣਿਆ ਜ਼ਹਿਰੀਲੀਆਂ ਗੈਸਾਂ ਦਾ ਚੈਂਬਰ

## ਧੂੰਏਂ ਕਾਰਨ ਲੋਕਾਂ ਦਾ ਘੁੱਟਣ ਲੱਗਾ ਦਮ



**ਪੰਜਾਬ ਦੇ ਵੱਡੇ ਸ਼ਹਿਰਾਂ ਦਾ ਏਕਿਊਆਈ**

| | |
|---|---|
| ਅੰਮ੍ਰਿਤਸਰ | 164 |
| ਬਠਿੰਡਾ | 204 |
| ਜਲੰਧਰ | 141 |
| ਲੁਧਿਆਣਾ | 206 |
| ਮੰਡੀ ਗੋਬਿੰਦਗੜ | 128 |
| ਪਟਿਆਲਾ | 129 |

ਲੁਧਿਆਣਾ/ਏ.ਟੀ.ਨਿਊਜ਼ :- ਪੰਜਾਬ ਵਿੱਚ ਕਿਸਾਨ ਬਿਨਾਂ ਕਿਸੇ ਡਰ ਦੇ ਪਰਾਲੀ ਨੂੰ ਅੱਗ ਲਗਾ ਰਹੇ ਹਨ। ਸੂਬੇ ਵਿਚ 599 ਥਾਵਾਂ 'ਤੇ ਪਰਾਲੀ ਨੂੰ ਅੱਗ ਲਗਾਈ ਗਈ। ਇਸ ਸੀਜ਼ਨ ਦੌਰਾਨ ਸੂਬੇ ਵਿੱਚ ਪਰਾਲੀ ਸਾੜਨ ਦੇ ਕੁੱਲ ਮਾਮਲੇ 29,999 ਹੋ ਗਏ ਹਨ ਤੇ ਦੀਵਾਲੀ ਕਾਰਨ ਪਟਾਕੇ ਵੱਡੀ ਮਾਤਰਾ ਵਿਚ ਵਜਾਏ ਗਏ ਹਨ। ਇਸ ਕਾਰਨ ਪਿਛਲੇ ਕੁਝ ਦਿਨਾਂ ਤੋਂ ਏਅਰ ਕੁਆਲਿਟੀ ਇੰਡੈਕਸ ਵਿਚ ਵਾਧਾ ਹੋ ਰਿਹਾ ਹੈ। ਸੂਬੇ ਦੇ ਹਸਪਤਾਲਾਂ ਵਿੱਚ ਸਾਹ ਦੇ ਮਰੀਜ਼ਾਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ।

ਜੇਕਰ ਇਹੋ ਸਥਿਤੀ ਰਹੀ ਤਾਂ ਆਉਣ ਵਾਲੇ ਸਮੇਂ ਵਿੱਚ ਸਥਿਤੀ ਖ਼ਤਰਨਾਕ ਬਣ ਸਕਦੀ ਹੈ। ਹਰ ਵਾਰ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਦੇ ਵੱਡੇ-ਵੱਡੇ ਦਾਅਵੇ ਕੀਤੇ ਜਾਂਦੇ ਹਨ ਪਰ ਜਦੋਂ ਘਟਨਾਵਾਂ ਵਧਣ ਲੱਗਦੀਆਂ ਹਨ ਤਾਂ ਸੂਬਾ ਸਰਕਾਰ ਕੇਂਦਰ ਨੂੰ ਨਿਸ਼ਾਨਾ ਬਣਾਉਂਦੀ ਹੈ ਅਤੇ ਕੇਂਦਰ ਸਰਕਾਰ ਸੂਬਿਆਂ ਨੂੰ ਜ਼ਿੰਮੇਵਾਰ ਠਹਿਰਾਉਂਦੀ ਹੈ। ਮੁੱਖ ਮੰਤਰੀ ਭਗਵੰਤ ਮਾਨ ਦੇ ਗ੍ਰਹਿ ਜ਼ਿਲ੍ਹੇ ਸੰਗਰੂਰ ਵਿੱਚ ਪਰਾਲੀ ਸਾੜਨ ਦੇ ਸਭ ਤੋਂ ਵੱਧ ਮਾਮਲੇ ਸਾਹਮਣੇ ਆ ਰਹੇ ਹਨ।

ਪੰਜਾਬ ਵਿੱਚ ਪਰਾਲੀ ਸਾੜਨ ਦਾ ਸਿਲਸਿਲਾ ਜਾਰੀ ਹੈ। ਇਸ ਸਿਲਸਿਲੇ 'ਚ ਸਭ ਤੋਂ ਵੱਧ 130 ਮਾਮਲੇ ਮਾਨਸਾ ਵਿਚ ਸਾਹਮਣੇ ਆਏ ਹਨ, ਜਦਕਿ 108 ਸੰਗਰੂਰ, 54 ਪਟਿਆਲਾ, 41 ਬਰਨਾਲਾ, 36 ਬਠਿੰਡਾ, 18 ਫਤਿਹਗੜ੍ਹ ਸਾਹਿਬ, 40 ਫਾਜ਼ਿਲਕਾ, 29 ਫਿਰੋਜ਼ਪੁਰ, 27 ਲੁਧਿਆਣਾ, 31 ਮਲੇਰਕੋਟਲਾ, 12 ਮੋਗਾ, 43 ਮਾਮਲੇ ਸਾਹਮਣੇ ਆਏ ਹਨ। ਸਬੰਧਤ ਹਨ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀਪੀਸੀਬੀ) ਦੇ ਚੇਅਰਮੈਨ ਨੇ ਦੱਸਿਆ ਕਿ ਪਰਾਲੀ ਸਾੜਨ ਦੀਆਂ ਘਟਨਾਵਾਂ ਵਿੱਚ ਕਮੀ ਆਈ ਹੈ। ਉਮੀਦ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਪਰਾਲੀ ਸਾੜਨ ਦੇ ਮਾਮਲੇ ਘੱਟ ਜਾਣਗੇ।

ਪੰਜਾਬ ਸਰਕਾਰ ਪਰਾਲੀ ਦੇ ਸੰਕਟ ਨਾਲ ਨਜਿੱਠਣ ਵਿਚ ਕਿੰਨੀ ਨਾਕਾਮ ਰਹੀ ਹੈ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਝੋਨੇ ਹੇਠੋਂ ਰਕਬਾ ਘਟਾਉਣ ਦੇ ਦਾਅਵੇ ਬੁਰੀ ਤਰ੍ਹਾਂ ਫੇਲ੍ਹ ਸਾਬਤ ਹੋਏ ਹਨ। ਇਸ ਦੇ ਉਲਟ ਇਸ ਵਾਰ ਸੂਬੇ ਵਿੱਚ ਝੋਨੇ ਹੇਠ ਰਕਬਾ ਪਿਛਲੇ ਸਾਲ ਦੇ ਮੁਕਾਬਲੇ 1.45 ਲੱਖ ਹੈਕਟੇਅਰ ਵਧਿਆ ਹੈ। ਪਿਛਲੀ ਵਾਰ ਇਹ 30 ਲੱਖ ਹੈਕਟੇਅਰ ਸੀ ਜੋ ਇਸ ਵਾਰ ਵਧ ਕੇ 31.45 ਲੱਖ ਹੈਕਟੇਅਰ ਹੋ ਗਿਆ ਹੈ। ਵਧੇ ਹੋਏ ਰਕਬੇ ਕਾਰਨ ਇੱਕ ਲੱਖ ਟਨ ਹੋਰ ਪਰਾਲੀ ਪੈਦਾ ਹੋਵੇਗੀ। ਇੰਨਾ ਹੀ ਨਹੀਂ ਹੁਣ ਕਿਸਾਨ ਐਕਸ਼ਨ ਲੈਣ ਆ ਰਹੇ ਹਨ।

### ਮਾਮਲਾ ਝੂਠੇ ਪੁਲਿਸ ਮੁਕਾਬਲੇ ਦਾ

# 2 ਬੁਚੜ ਥਾਣੇਦਾਰਾਂ ਨੂੰ ਉਮਰ ਕੈਦ ਤੇ 1-1 ਲੱਖ ਰੁਪਏ ਜੁਰਮਾਨਾ

## ➢ 29 ਸਾਲ ਬਾਅਦ ਮਿਲਿਆ ਪੀੜਤ ਸਿੱਖਾਂ ਨੂੰ ਇਨਸਾਫ਼
## ➢ ਕੇਸ ਦੀ ਲੜਾਈ 'ਚ ਪਰਿਵਾਰ ਦੀ ਜ਼ਮੀਨ ਤੱਕ ਵਿਕ ਗਈ





ਹਰਬੰਸ ਸਿੰਘ ਦੀ ਪੁਰਾਣੀ ਤਸਵੀਰ।

ਐੱਸ. ਏ. ਐੱਸ. ਨਗਰ/ ਏ.ਟੀ.ਨਿਊਜ਼ :- ਅਪ੍ਰੈਲ 1993 ਵਿਚ ਪੁਲਿਸ ਵਲੋਂ ਹਰਬੰਸ ਸਿੰਘ ਵਾਸੀ ਉਬੋਕੇ ਤੇ ਇਕ ਅਣਪਛਾਤੇ ਵਿਅਕਤੀ ਨੂੰ ਝੂਠੇ ਪੁਲਿਸ ਮੁਕਾਬਲੇ 'ਚ ਮਾਰਨ ਦੇ ਦੋਸ਼ ਵਿਚ ਸੀ. ਬੀ. ਆਈ. ਅਦਾਲਤ ਦੇ ਵਿਸ਼ੇਸ਼ ਜੱਜ ਹਰਿੰਦਰ ਕੌਰ ਸਿੱਧੂ ਦੀ ਅਦਾਲਤ ਨੇ ਸੇਵਾਮੁਕਤ ਸਬ-ਇੰਸਪੈਕਟਰ ਸ਼ਮਸ਼ੇਰ ਸਿੰਘ ਤੇ ਥਾਣੇਦਾਰ ਜਗਤਾਰ ਸਿੰਘ ਨੂੰ ਉਮਰ ਕੈਦ ਤੇ 1-1 ਲੱਖ ਰੁਪਏ ਜ਼ੁਰਮਾਨੇ ਦੀ ਸਜ਼ਾ ਸੁਣਾਈ ਹੈ ਜਦਕਿ ਜੁਰਮਾਨਾ ਅਦਾ ਨਾ ਕਰਨ 'ਤੇ ਉਨ੍ਹਾਂ ਨੂੰ 2-2 ਸਾਲਾਂ ਦੀ ਹੋਰ ਕੈਦ ਕੱਟਣੀ ਪਵੇਗੀ।

ਇਸੇ ਤਰ੍ਹਾਂ ਧਾਰਾ-218 'ਚ 2 ਸਾਲਾਂ ਦੀ ਕੈਦ ਤੇ 5 ਹਜ਼ਾਰ ਰੁ. ਜੁਰਮਾਨੇ ਦੀ ਸਜ਼ਾ ਸੁਣਾਈ ਗਈ ਹੈ। ਇਸ ਮਾਮਲੇ ਵਿਚ ਨਾਮਜ਼ਦ ਉਸ ਸਮੇਂ ਦੇ ਥਾਣਾ ਤਰਨ ਤਾਰਨ ਸਦਰ ਦੇ ਮੁਖੀ ਪੂਰਨ ਸਿੰਘ ਤੇ ਥਾਣੇਦਾਰ ਜਗੀਰ ਸਿੰਘ ਦੀ ਅਦਾਲਤੀ ਸੁਣਵਾਈ ਦੌਰਾਨ ਮੌਤ ਹੋ ਚੁੱਕੀ ਹੈ। ਮਾਮਲੇ ਦੀ ਪੈਰਵਾਈ ਸ਼ਿਕਾਇਤਕਰਤਾ ਦੇ ਵਕੀਲ ਤੇ ਸੀ.ਬੀ.ਆਈ. ਦੇ ਵਕੀਲ ਗੁਰਵਿੰਦਰ ਸਿੰਘ ਕਰ ਰਹੇ ਸਨ। ਉਧਰ ਮ੍ਰਿਤਕ ਹਰਬੰਸ ਸਿੰਘ ਦੇ ਭਰਾ ਪਰਮਜੀਤ ਸਿੰਘ ਤੇ ਉਨ੍ਹਾਂ ਦੇ ਵਕੀਲਾਂ ਦਾ ਕਹਿਣਾ ਹੈ ਕਿ ਇਹ ਘਟਨਾ 15 ਅਪ੍ਰੈਲ 1993 ਦੀ ਹੈ। ਪੁਲਿਸ ਵਲੋਂ ਬਣਾਈ ਕਹਾਣੀ ਮੁਤਾਬਿਕ ਤਰਨ ਤਾਰਨ ਸਦਰ ਪੁਲਿਸ ਵਲੋਂ ਸਾਲ 1991 ਵਿਚ ਦਰਜ ਇਕ ਪੁਰਾਣੇ ਮੁਕੱਦਮੇ 'ਚ ਹਰਬੰਸ ਸਿੰਘ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਲਿਆਂਦਾ ਗਿਆ ਸੀ ਤੇ ਉਸ ਸਮੇਤ ਇਕ ਹੋਰ ਮੁਲਜ਼ਮ ਨੂੰ ਲੈ ਕੇ ਉਹ ਚੰਬਲ ਡਰੇਨ ਵਿਖੇ ਹਥਿਆਰਾਂ ਤੇ ਗੋਲਾ ਬਾਰੂਦ ਦੀ ਬਰਾਮਦਗੀ ਕਰਵਾਉਣ ਲਈ ਲੈ ਕੇ ਜਾ ਰਹੇ ਸਨ, ਜਿਥੇ ਕਿ ਖਾੜਕੂਆਂ ਨੇ ਪੁਲਿਸ ਪਾਰਟੀ 'ਤੇ ਹਮਲਾ ਕਰ ਦਿੱਤਾ ਤੇ ਦੋਵੇਂ ਪਾਸਿਓਂ ਹੋਈ ਗੋਲੀਬਾਰੀ ਦੌਰਾਨ ਹਰਬੰਸ ਸਿੰਘ ਤੇ ਦੂਜੇ ਅਣਪਛਾਤੇ ਵਿਅਕਤੀ ਦੀ ਮੌਤ ਹੋ ਗਈ ਸੀ। ਇਸ ਤੋਂ ਬਾਅਦ ਪੁਲਿਸ ਨੇ ਦੋਵਾਂ ਲਾਸ਼ਾਂ ਨੂੰ ਲਾਵਾਰਸ ਦੱਸ ਕੇ ਉਨ੍ਹਾਂ ਦਾ ਅੰਤਿਮ ਸਸਕਾਰ ਕਰ ਦਿੱਤਾ ਸੀ ਜਦਕਿ ਹਰਬੰਸ ਸਿੰਘ ਦੀ ਲਾਸ਼ ਉਸ ਦੇ ਪਰਿਵਾਰ ਨੂੰ ਨਹੀਂ ਦਿੱਤੀ ਗਈ। ਹਰਬੰਸ ਸਿੰਘ ਦੇ ਭਰਾ ਪਰਮਜੀਤ ਸਿੰਘ ਨੂੰ ਜਦੋਂ ਇਸ ਗੱਲ ਦਾ ਪਤਾ ਚੱਲਿਆ ਤਾਂ ਉਸ ਨੇ ਸੀ.ਬੀ.ਆਈ. ਕੋਲ ਸ਼ਿਕਾਇਤ ਦਿੱਤੀ ਤੇ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਇਸ ਮਾਮਲੇ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪੀ ਗਈ। ਸੀ.ਬੀ.ਆਈ. ਵਲੋਂ 25 ਜਨਵਰੀ 1999 'ਚ ਥਾਣਾ ਸਦਰ ਤਰਨ ਤਾਰਨ ਦੇ ਮੁਖੀ ਪੂਰਨ ਸਿੰਘ, ਸਮਸ਼ੇਰ ਸਿੰਘ ਐਸ.ਆਈ., ਜਗਤਾਰ ਸਿੰਘ ਤੇ ਜਗੀਰ ਸਿੰਘ ਦੋਵੇਂ ਏ.ਐਸ.ਆਈ. ਖ਼ਿਲਾਫ਼ ਮਾਮਲਾ ਦਰਜ ਕਰਨ ਤੋਂ ਬਾਅਦ ਇਸ ਮਾਮਲੇ ਦੀ ਜਾਂਚ

(ਬਾਕੀ ਸਫ਼ਾ 29 'ਤੇ)

# ਮੱਧ ਵਰਗ ਤੋਂ ਲੈ ਕੇ ਉਪਰਲੀ ਸ਼੍ਰੇਣੀ ਦੀ ਨੌਜਵਾਨ ਪੀੜ੍ਹੀ ਪੰਜਾਬੀ ਭਾਸ਼ਾ ਨਾਲੋਂ ਕਿਉਂ ਟੁੱਟ ਰਹੀ ?



**ਡਾ. ਕੁਲਦੀਪ ਸਿੰਘ**

ਪੰਜਾਬੀ ਭਾਸ਼ਾ ਦੇ ਸੰਕਟ ਨੂੰ ਸਮਝਣ ਲਈ ਪਿਛਲੇ ਪੰਜ ਦਹਾਕਿਆਂ ਦੇ ਵਿਕਾਸ ਮਾਡਲ ਨੂੰ ਸਮਝਣਾ ਜ਼ਰੂਰੀ ਹੈ ਕਿ ਕਿਸ ਤਰ੍ਹਾਂ ਪੰਜਾਬ ਵਿੱਚ ਤੇਜ਼ੀ ਨਾਲ ਹੋਏ ਸ਼ਹਿਰੀਕਰਨ ਨੇ ਸਕੂਲ ਪੱਧਰ ਦੇ ਸਿੱਖਿਆ ਤੰਤਰ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਸ ਦਾ ਸਭ ਤੋਂ ਵੱਡਾ ਪ੍ਰਭਾਵ ਪੰਜਾਬੀ ਭਾਸ਼ਾ, ਸਾਹਿਤ, ਸੱਭਿਆਚਾਰ ਅਤੇ ਸਿੱਖਿਆ ਉੱਪਰ ਪਿਆ ਹੈ। ਦੁਨੀਆ ਭਰ ਦੀਆਂ ਖੋਜਾਂ ਨੇ ਸਿੱਧ ਕੀਤਾ ਹੈ ਕਿ ਜਦੋਂ ਵੀ ਸਕੂਲ ਪ੍ਰਬੰਧ ਵਿੱਚੋਂ ਭਾਸ਼ਾ ਜਲਵਤਨ ਕੀਤੀ ਜਾਂਦੀ ਹੈ ਤਾਂ ਹੌਲੀ-ਹੌਲੀ ਨਵੀਂ ਪੀੜ੍ਹੀ ਵੀ ਆਪਣੀ ਮਾਤ-ਭਾਸ਼ਾ ਨੂੰ ਵਿਸਾਰ ਦਿੰਦੀ ਹੈ।

ਪੰਜਾਬ ਵਿੱਚ ਸਕੂਲੀ ਪੱਧਰ ਉੱਪਰ ਅਜਿਹਾ ਹੀ ਵਰਤਾਰਾ ਪਿਛਲੇ ਚਾਰ ਦਹਾਕਿਆਂ ਵਿੱਚ ਵਾਪਰਿਆ ਜਦੋਂ ਮੱਧ ਵਰਗੀ ਜਮਾਤ ਤੋਂ ਲੈ ਕੇ ਉਚੇਰੀ ਸ਼੍ਰੇਣੀ ਤੱਕ ਨੇ ਆਪਣੇ ਧੀਆਂ-ਪੁੱਤਾਂ ਨੂੰ ਮਾਤ-ਭਾਸ਼ਾ ਵਿੱਚ ਪੜ੍ਹਾਉਣ ਵਾਲੇ ਸਕੂਲਾਂ ਤੋਂ ਅਲੱਗ ਕਰਕੇ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਵਿੱਚ ਪੜ੍ਹਨ ਭੇਜ ਦਿੱਤਾ। ਇਹ ਸਮੁੱਚਾ ਜਾਲ ਸ਼ਹਿਰੀ ਪੜ੍ਹੀ-ਲਿਖੀ ਆਬਾਦੀ ਨੂੰ ਪੂਰੀ ਤਰ੍ਹਾਂ ਆਪਣੀ ਗ੍ਰਿਫ਼ਤ ਵਿੱਚ ਲੈ ਚੁੱਕਿਆ ਹੈ। ਹੁਣ ਪੇਂਡੂ ਖੇਤਰ ਨੂੰ ਵੀ ਬੁਰੀ ਤਰ੍ਹਾਂ ਆਇਲਟਸ ਦੇ ਕੇਂਦਰਾਂ ਤੋਂ ਲੈ ਕੇ ਦੂਰ ਦੁਰੇਡੇ ਤੱਕ ਖੁੱਲ੍ਹੇ ਪ੍ਰਾਈਵੇਟ ਸਕੂਲਾਂ ਨੇ ਆਪਣੇ ਘੇਰੇ ਵਿੱਚ ਲੈ ਲਿਆ ਹੈ।ਪੰਜਾਬੀ ਭਾਸ਼ਾ ਦਾ ਸੁਨਹਿਰੀ ਦੌਰ 1970 ਤੱਕ ਰਿਹਾ ਹੈ ਜਦੋਂ ਸਮੁੱਚੇ ਪੰਜਾਬ ਵਿੱਚ 90% ਤੋਂ ਵੱਧ ਵਿਦਿਆਰਥੀ ਸਰਕਾਰੀ ਤੇ ਗ੍ਰਾਂਟ-ਇਨ-ਏਡ ਸਕੂਲਾਂ ਵਿੱਚ ਪੜ੍ਹਦੇ ਸਨ। ਉਸ ਦੌਰ ਵਿੱਚ ਹਰੇਕ ਵਿਸ਼ਾ ਪੰਜਾਬੀ ਭਾਸ਼ਾ ਵਿੱਚ ਪੜ੍ਹਾਇਆ ਜਾਂਦਾ ਸੀ ਅਤੇ ਆਸਾਨੀ ਨਾਲ ਵਿਦਿਆਰਥੀ ਹਿੰਦੀ ਅਤੇ ਅੰਗਰੇਜ਼ੀ ਵਿੱਚ ਵੀ ਮੁਹਾਰਤ ਕਰ ਲੈਂਦੇ ਸੀ। ਇਸ ਕਰਕੇ ਉਸ ਦੌਰ ਦੇ ਪੰਜਾਬੀ ਲੇਖਕ, ਵਿਗਿਆਨੀ, ਅਰਥਸ਼ਾਸਤਰੀ, ਡਾਕਟਰ ਅਤੇ ਇੰਜੀਨੀਅਰਾਂ ਦੀ ਤਿੰਨਾਂ ਭਾਸ਼ਾਵਾਂ ਵਿੱਚ ਇੱਕੋ ਜਿਹੀ ਮੁਹਾਰਤ ਹੁੰਦੀ ਸੀ।

ਪੰਜਾਬ ਵਿੱਚ ਭਾਸ਼ਾ ਦਾ ਸੰਕਟ 1980 ਤੋਂ ਬਾਅਦ ਸ਼ੁਰੂ ਹੁੰਦਾ ਹੈ ਜਦੋਂ ਸਮੁੱਚਾ ਪੰਜਾਬ ਅਤਿਵਾਦ ਦੀ ਮਾਰ ਹੇਠ ਆਇਆ ਸੀ। ਇਸ ਦੌਰ ਵਿੱਚ ਪੇਂਡੂ ਖੇਤਰ ਤੋਂ ਬਹੁਗਿਣਤੀ ਜਿਨ੍ਹਾਂ ਵਿੱਚ ਸਰਕਾਰੀ ਮੁਲਾਜ਼ਮ, ਵਪਾਰੀ, ਧਨੀ-ਕਿਸਾਨ, ਸਿਆਸਤਦਾਨ ਅਤੇ ਹੋਰ ਆਰਥਿਕ ਤੌਰ 'ਤੇ ਸਰਦੇ ਪੁੱਜਦੇ ਲੋਕ ਸ਼ਹਿਰਾਂ ਵੱਲ ਪਰਵਾਸ ਕਰ ਗਏ ਸਨ। ਇਸ ਦਾ ਮੁੱਖ ਕਾਰਨ ਇਹ ਸੀ ਕਿ ਪੇਂਡੂ ਖੇਤਰ ਵਿੱਚ ਅਤਿਵਾਦ ਦੇ ਦਿਨਾਂ ਵਿੱਚ ਸਰਕਾਰੀ ਸਕੂਲਾਂ ਦੀ ਪੜ੍ਹਾਈ ਦੀ ਪ੍ਰੀਕਿਰਿਆ ਲਗਭਗ ਬੰਦ ਹੋ ਗਈ ਸੀ। ਉਪਰੋਕਤ ਵਰਗਾਂ ਨੇ ਆਪਣੇ ਬੱਚਿਆਂ ਦੀ ਪੜ੍ਹਾਈ ਲਈ ਪ੍ਰਾਈਵੇਟ ਸਕੂਲਾਂ ਦੀ ਚੋਣ ਕੀਤੀ ਜਿਨ੍ਹਾਂ ਦੀ ਪੜ੍ਹਾਈ ਦਾ ਮਾਧਿਅਮ ਅੰਗਰੇਜ਼ੀ ਸੀ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਿੱਖਿਆ ਵਿਭਾਗ ਦੀ ਖੋਜਾਰਥਣ ਮਨਦੀਪ ਕੌਰ ਨੇ 1980 ਤੋਂ ਬਾਅਦ ਦੇ ਸ਼ਹਿਰੀਕਰਨ ਦਾ ਸਿੱਖਿਆ ਨਾਲ ਕੀ ਰਿਸ਼ਤਾ ਹੈ ? ਉੱਪਰ ਖੋਜ ਕਰਦਿਆਂ ਤੱਥ ਪੇਸ਼ ਕੀਤੇ ਕਿ ਪੰਜਾਬ ਦੀ ਪ੍ਰਤੀਨਿਧਤਾ ਕਰਦੇ ਤਿੰਨ ਸ਼ਹਿਰ ਪਟਿਆਲਾ, ਲੁਧਿਆਣਾ ਅਤੇ ਅੰਮ੍ਰਿਤਸਰ ਵਿੱਚ 1980 ਤੋਂ ਬਾਅਦ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਵਿੱਚ ਬੇਤਹਾਸ਼ਾ ਵਾਧਾ ਹੋਇਆ ਹੈ। 1981 ਵਿੱਚ ਪਟਿਆਲਾ ਦੀ ਅਬਾਦੀ 2 ਲੱਖ ਤੋਂ ਵਧ ਕੇ ਅੱਜ 5 ਲੱਖ ਹੋ ਗਈ ਹੈ, ਪਰ ਸਰਕਾਰੀ ਸੈਕੰਡਰੀ ਸਕੂਲਾਂ ਦੀ ਗਿਣਤੀ ਸਿਰਫ਼ 08 ਹੈ ਅਤੇ ਅੰਗਰੇਜ਼ੀ ਮਾਧਿਅਮ ਵਾਲੇ 300 ਤੋਂ ਵੱਧ ਸਕੂਲ ਹਨ। ਇਸੇ ਤਰ੍ਹਾਂ 1981 ਵਿੱਚ ਲੁਧਿਆਣਾ ਦੀ ਅਬਾਦੀ 6 ਲੱਖ ਤੋਂ ਵਧ ਕੇ 18 ਲੱਖ ਹੋ ਗਈ ਹੈ। ਸਰਕਾਰੀ ਸੈਕੰਡਰੀ ਸਕੂਲਾਂ ਦੀ ਗਿਣਤੀ 21 ਹੈ ਅਤੇ ਪ੍ਰਾਈਵੇਟ ਸਕੂਲਾਂ ਦੀ ਗਿਣਤੀ 900 ਤੋਂ ਵੱਧ ਹੈ। ਅੰਮ੍ਰਿਤਸਰ ਦੀ ਆਬਾਦੀ 1981 ਵਿੱਚ 6 ਲੱਖ ਤੋਂ ਵਧ ਕੇ ਅੱਜ 13 ਲੱਖ ਹੋ ਗਈ ਹੈ। ਸਰਕਾਰੀ ਸਕੂਲਾਂ ਦੀ ਗਿਣਤੀ 20 ਹੈ ਅਤੇ ਅੰਗਰੇਜ਼ੀ ਮਾਧਿਅਮ ਵਾਲੇ 700 ਤੋਂ ਵੱਧ ਸਕੂਲ ਹਨ। ਉਪਰੋਕਤ ਅੰਕੜੇ ਦਰਸਾਉਂਦੇ ਹਨ ਕਿ ਪੰਜਾਬ ਦੇ ਸ਼ਹਿਰੀ ਖੇਤਰਾਂ ਦੀ ਸਿੱਖਿਆ ਦਾ ਮਾਧਿਅਮ ਅੰਗਰੇਜ਼ੀ ਵਿੱਚ 90% ਵਿਦਿਆਰਥੀਆਂ ਦਾ ਹੈ ਜਿਨ੍ਹਾਂ ਦੇ ਮਾਪੇ ਮੱਧ ਵਰਗ ਤੋਂ ਲੈ ਕੇ ਉੱਪਰਲੀਆਂ ਸ਼੍ਰੇਣੀਆਂ ਨਾਲ ਸਬੰਧਿਤ ਹਨ। ਸਿੱਖਿਆ ਵਿੱਚੋਂ ਪੰਜਾਬੀ ਦ ਾ



ਖਾਰਜ ਹੋਣਾ ਪੰਜਾਬੀ ਭਾਸ਼ਾ ਵਿਚਲੇ ਸੰਕਟ ਦੀ ਸਭ ਤੋਂ ਵੱਡੀ ਬੁਨਿਆਦ ਹੈ। ਦਿਲਚਸਪ ਤੱਥ ਇਹ ਵੀ ਹੈ ਕਿ ਕਦੇ ਵੀ ਕਿਸੇ ਪੰਜਾਬ ਦੇ ਸ਼ਹਿਰ ਵਿੱਚੋਂ ਮਾਂ-ਬੋਲੀ ਪੰਜਾਬੀ ਦੇ ਸਕੂਲ ਖੋਲ੍ਹਣ ਦੀ ਆਵਾਜ਼ ਨਹੀਂ ਉੱਠੀ। ਮੱਧ ਵਰਗ ਤੋਂ ਲੈ ਕੇ ਉੱਪਰਲੀ ਸ਼੍ਰੇਣੀ ਦੇ ਲੜਕੇ ਅਤੇ ਲੜਕੀਆਂ ਹੁਣ ਪੂਰੀ ਤਰ੍ਹਾਂ ਪੰਜਾਬੀ ਭਾਸ਼ਾ ਨਾਲੋਂ ਟੁੱਟ ਚੁੱਕੇ ਹਨ ਜਿਸ ਦਾ ਨਤੀਜਾ ਸਭ ਦੇ ਸਾਹਮਣੇ ਹੈ ਕਿ ਕਿਸ ਤਰ੍ਹਾਂ ਅੰਗਰੇਜ਼ੀ ਨੂੰ ਅਪਣਾ ਕੇ ਵੱਡੀ ਗਿਣਤੀ ਵਿੱਚ ਇਨ੍ਹਾਂ ਪਰਿਵਾਰਾਂ ਦੀ ਪੀੜ੍ਹੀ ਵਿਦੇਸ਼ ਜਾਣ ਦੀਆਂ ਤਿਆਰੀਆਂ ਵਿੱਚ ਜੁਟੀ ਹੋਈ ਹੈ। ਇਹ ਸਭ ਕੁਝ ਪਿਛਲੇ ਚਾਰ ਦਹਾਕਿਆਂ ਵਿੱਚ ਸਿੱਖਿਆ ਵਿੱਚ ਹੋਏ ਬਦਲਾਅ ਕਾਰਨ ਵਾਪਰਿਆ ਹੈ।

ਕਿਸੇ ਵੀ ਖਿੱਤੇ ਵਿਚਲਾ ਭਾਸ਼ਾ ਦਾ ਸੰਕਟ ਨੌਜਵਾਨ ਪੀੜ੍ਹੀ ਵਿੱਚੋਂ ਸੱਭਿਆਚਾਰ ਤੋਂ ਲੈ ਕੇ ਉਨ੍ਹਾਂ ਅੰਦਰਲੇ ਬਹੁਪੱਖੀ ਵਿਕਾਸ ਨੂੰ ਤੋੜਦਾ ਅਤੇ ਬਦਲਦਾ ਹੈ। ਜਿਸ ਕਾਰਨ ਉਨ੍ਹਾਂ ਅੰਦਰ ਮਾਨਸਿਕ ਵਿਸੰਗਤੀਆਂ ਉਤਪੰਨ ਹੋ ਜਾਂਦੀਆਂ ਹਨ। ਪੰਜਾਬ ਦੀ ਅਜੋਕੀ ਨੌਜਵਾਨ ਪੀੜ੍ਹੀ ਦੁਨੀਆ ਦੇ ਬਾਹਰੀ ਗਿਆਨ, ਸਾਹਿਤ ਅਤੇ ਸੱਭਿਆਚਾਰ ਨੂੰ ਆਪਣੀ ਜ਼ਮੀਨ ਨਾਲੋਂ ਤੋੜ ਕੇ ਸਮਝ ਰਹੀ ਹੈ ਜਿਸ ਕਰਕੇ ਉਨ੍ਹਾਂ ਅੰਦਰ ਪੰਜਾਬੀ ਭਾਸ਼ਾ ਦੀਆਂ ਸ਼ਾਨਦਾਰ ਲਿਖਤਾਂ ਪ੍ਰਤੀ ਕੋਈ ਵੀ ਝੁਕਾਅ ਨਹੀਂ ਹੈ। ਇਹ ਸੰਕਟ ਦਿਨ-ਬ-ਦਿਨ ਡੂੰਘਾ ਹੁੰਦਾ ਜਾ ਰਿਹਾ ਹੈ ਜਿਸ ਨੇ ਮਾਨਸਿਕ ਤੌਰ 'ਤੇ ਪੰਜਾਬ ਦੀ ਨਵੀਂ ਪੀੜ੍ਹੀ ਨੂੰ ਵੀ ਬਿਮਾਰ ਕਰ ਦਿੱਤਾ ਹੈ ਕਿਉਂਕਿ ਪੜ੍ਹਾਈ ਦੇ ਮੁੱਢਲੇ ਵਰ੍ਹਿਆਂ ਤੋਂ ਲੈ ਕੇ ਬਾਰ੍ਹਵੀਂ ਤੱਕ ਦੀ ਪੜ੍ਹਾਈ ਤੱਕ ਦਾ ਸਫ਼ਰ ਸਿਰਫ਼ ਅੰਕ ਲੈਣ ਅਤੇ ਕਰੀਅਰ ਬਣਾਉਣ ਤੱਕ ਸਿਮਟ ਗਿਆ ਹੈ। ਜਿਸ ਦਾ ਆਧਾਰ ਅੰਕ ਹਾਸਲ ਕਰਨ ਲਈ ਬਾਰ-ਬਾਰ ਰੱਟਾ ਲਾਉਣਾ ਅਤੇ ਆਪਣੀ ਯਾਦ ਸ਼ਕਤੀ ਨੂੰ ਇਕੱਤਰ ਕਰਨਾ ਹੀ ਹੁੰਦਾ ਹੈ। ਜਿਸ ਵਿੱਚੋਂ ਕੁਦਰਤੀ ਮਾਂ-ਬੋਲੀ ਪ੍ਰਤੀ ਹੋਣ ਵਾਲਾ ਵਿਕਾਸ ਦਮ ਤੋੜ ਜਾਂਦਾ ਹੈ ਜਿਹੜਾ ਮੁੜ ਕੇ ਮਾਨਸਿਕ ਉਲਝਣਾਂ ਅਤੇ ਵਿਸੰਗਤੀਆਂ ਉਤਪੰਨ ਕਰਦਾ ਹੈ। ਸਰਕਾਰੀ ਅੰਕੜਿਆਂ ਮੁਤਾਬਕ 90% ਪੰਜਾਬੀ ਭਾਸ਼ਾ ਰਾਹੀਂ ਪੜ੍ਹਾਈ ਦਲਿਤ, ਹੇਠਲੀ ਕਿਸਾਨੀ ਅਤੇ ਪਰਵਾਸੀ ਪਰਿਵਾਰਾਂ ਦੇ ਬੱਚੇ ਹੀ ਕਰਦੇ ਹਨ। ਇਹ ਦਿਸ਼ਾ ਨੇੜ ਭਵਿੱਖ ਵਿੱਚ ਤਬਦੀਲ ਹੁੰਦੀ ਦਿਖਾਈ ਨਹੀਂ ਦਿੰਦੀ ਕਿਉਂਕਿ ਸਮੇਂ ਦੀਆਂ ਸਰਕਾਰਾਂ ਨੇ ਵੀ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਨੂੰ ਉਤਸ਼ਾਹਿਤ ਕਰਨਾ ਹੀ ਆਪਣਾ ਕਾਰਜ ਸਮਝਿਆ ਹੈ। ਇਸ ਕਾਰਨ ਪੰਜਾਬ ਦੇ ਭਵਿੱਖ ਵਿੱਚ ਬੌਧਿਕ ਕੰਗਾਲੀ, ਸਾਹਿਤ, ਸਮਾਜਿਕ ਅਤੇ ਸੱਭਿਆਚਾਰਕ ਖੇਤਰ ਵਿੱਚ ਸੰਕਟ ਹੋਰ ਡੂੰਘਾ ਹੋਵੇਗਾ।

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਸਵਾਲ ਨੂੰ ਅਜੋਕੇ ਪੰਜਾਬ ਦੇ ਚੱਲਣ ਢੰਗ ਦੇ ਅਧਿਐਨ ਨਾਲ ਜੋੜ ਕੇ ਨਵੇਂ ਕਿਸਮ ਨਾਲ ਸੋਚਣ ਦੀ ਲੋੜ ਹੈ ਕਿ ਕਿਸ ਤਰ੍ਹਾਂ ਪੰਜਾਬੀ ਸਾਹਿਤ, ਸੱਭਿਆਚਾਰ, ਗਿਆਨ ਅਤੇ ਵਿਗਿਆਨ ਨੂੰ ਵਿਕਸਤ ਕਰਨ ਲਈ ਨਿੱਜੀ ਪੱਧਰ ਤੋਂ ਲੈ ਕੇ ਸੰਸਥਾਵਾਂ ਦੇ ਪੱਧਰ ਤੱਕ ਕਾਰਜ ਕੀਤੇ ਜਾਣ। ਇਹ ਹਕੀਕਤ ਹੈ ਕਿ ਮਾਂ-ਬੋਲੀ ਵਿੱਚ ਦਿੱਤੀ ਸਿੱਖਿਆ ਤੋਂ ਬਿਨਾਂ ਸਮਾਜ ਸਹੀ ਰਸਤੇ ਉੱਪਰ ਅਗਾਂਹ ਨਹੀਂ ਵਧ ਸਕਦਾ ਕਿਉਂਕਿ ਜੇ ਇੱਕ ਵਾਰੀ ਦੂਸਰੀ ਭਾਸ਼ਾ ਆਪਣੀ ਤਾਕਤ ਸਥਾਪਿਤ ਕਰ ਲਵੇ ਤਾਂ ਹੌਲੀ ਹੌਲੀ ਸਦੀਆਂ ਦਾ ਵਿਰਸਾ ਅਤੇ ਵਿਰਾਸਤ ਖਤਮ ਹੋ ਜਾਂਦਾ ਹੈ। ਅੱਜ ਲੋੜ ਹੈ ਕਿ ਅਸੀਂ ਮੌਜੂਦਾ ਦਿਸ਼ਾ ਬਦਲਣ ਲਈ ਹਰ ਤਰ੍ਹਾਂ ਦੀ ਵਿੱਦਿਅਕ ਸੰਸਥਾ ਵਿੱਚ ਪੰਜਾਬੀ ਭਾਸ਼ਾ ਨੂੰ ਲਾਗੂ ਕਰਾਉਣ ਲਈ ਕਦਮ ਪੁੱਟੀਏ। ਪੰਜਾਬ ਦੇ ਸੱਭਿਆਚਾਰ ਅਤੇ ਵਿਰਸੇ ਨੂੰ ਸਮਝਦੇ ਹੋਏ ਸਕੂਲ ਖੇਤਰ ਵਿੱਚ ਨਵੀਆਂ ਪਹਿਲ-ਕਦਮੀਆਂ ਲਈ ਆਪਣੀ ਦਿਸ਼ਾ ਅਤੇ ਦਸ਼ਾ ਬਦਲੀਏ।

# ਸਿੱਖ ਕੌਮ ਵੱਲੋਂ ਖ਼ੂਨਦਾਨ ਰਾਹੀਂ ਕੈਨੇਡਾ 'ਚ ਬਚਾਈਆਂ ਜਾ ਚੁੱਕੀਆਂ ਹਨ 1 ਲੱਖ 65 ਹਜ਼ਾਰ ਤੋਂ ਵੱਧ ਜਾਨਾਂ

## ਕੈਨੇਡਾ 'ਚ ਸਿੱਖਾਂ ਵੱਲੋਂ ਖ਼ੂਨਦਾਨ ਲਹਿਰ ਰਾਹੀਂ ਇਤਿਹਾਸਕ ਸੇਵਾ

### ਨਸਲਕੁਸ਼ੀ 1984 ਦੇ ਦੁਖਾਂਤ ਨੂੰ ਯਾਦ ਕਰਦਿਆਂ...

**ਡਾ. ਗੁਰਵਿੰਦਰ ਸਿੰਘ**

ਬੇਹੱਦ ਫ਼ਖ਼ਰ ਵਾਲੀ ਗੱਲ ਹੈ ਕਿ ਕੈਨੇਡਾ ਦੇ ਕੋਨੇ-ਕੋਨੇ 'ਚ ਇਨੀਂ-ਦਿਨੀਂ ਮਾਨਵਵਾਦ ਨੂੰ ਸਮਰਪਿਤ ਮਹਾਨ ਮੁਹਿੰਮ 'ਸਿੱਖ ਕੌਮ ਵੱਲੋਂ ਖ਼ੂਨਦਾਨ' ਜ਼ੋਰਾਂ 'ਤੇ ਹੈ। ਦੇਸ਼ ਦੇ ਹਰੇਕ ਵੱਡੇ ਸ਼ਹਿਰ 'ਚ ਸੈਂਕੜੇ ਸਿੱਖ ਇਸਤਰੀਆਂ ਅਤੇ ਆਦਮੀ ਖ਼ੂਨਦਾਨ ਕਰਕੇ ਲੋਕਾਂ ਦੀਆਂ ਜਾਨਾਂ ਬਚਾ ਰਹੇ ਹਨ। ਕੈਨੇਡੀਅਨ ਬਲੱਡ ਸਰਵਿਸਜ਼ ਵਲੋਂ ਇਸ ਕਾਰਜ ਨੂੰ 'ਦੇਸ਼ 'ਚ ਸਭ ਤੋਂ ਵੱਡੀ ਖ਼ੂਨਦਾਨ ਲਹਿਰ' ਕਰਾਰ ਦਿੰਦਿਆਂ ਸਨਮਾਨਿਤ ਕੀਤਾ ਗਿਆ ਹੈ। ਦਰਅਸਲ ਕੈਨੇਡਾ ਭਰ ਵਿਚ ਇਹ ਉਪਰਾਲਾ 1999 'ਚ ਅਰੰਭ ਹੋਇਆ ਸੀ ਅਤੇ 31 ਅਕਤੂਬਰ 2022 ਤੱਕ, 1 ਲੱਖ 65 ਹਜ਼ਾਰ ਤੋਂ ਵੱਧ ਜਾਨਾਂ ਸਿੱਖ ਕੌਮ ਵਲੋਂ ਕੀਤੇ ਖ਼ੂਨਦਾਨ ਰਾਹੀਂ ਬਚਾਈਆਂ ਜਾ ਚੁੱਕੀਆਂ ਹਨ। ਵੈਨਕੂਵਰ, ਟਰਾਂਟੋ, ਮਾਂਟਰੀਅਲ, ਐਡਮਿੰਟਨ, ਕੈਲਗਰੀ, ਵਿਨੀਪੈੱਗ, ਸਰੀ, ਐਬਟਸਫੋਰਡ, ਕਲੋਨਾ, ਕੈਮਲੂਪਸ, ਵਿਲੀਅਮਸ ਲੇਕ, ਸਸਕੈਚਵਿਨ, ਵਿਕਟੋਰੀਆ ਅਤੇ ਕੈਨੇਡਾ




ਦੀ ਰਾਜਧਾਨੀ ਔਟਵਾ ਤੱਕ ਇਸ ਲਹਿਰ 'ਚ ਲੋਕਾਂ ਨੇ ਬੇਮਿਸਾਲ ਉਤਸ਼ਾਹ ਵਿਖਾਇਆ ਹੈ।

ਸੰਸਾਰ ਪੱਧਰ 'ਤੇ ਕੌਮੀ ਅਕਸ ਮਹਾਨ ਰੂਪ 'ਚ ਉਜਾਗਰ ਕਰਨ ਲਈ ਜਿਥੇ ਇਹ ਉਪਰਾਲਾ ਇਤਿਹਾਸਕ ਹੈ, ਉਥੇ 38 ਸਾਲ ਪਹਿਲਾਂ ਹੋਈ ਸਿੱਖ ਨਸਲਕੁਸ਼ੀ ਦੀ ਪੀੜਾ ਨੂੰ ਵੀ ਸੰਸਾਰ ਸਾਹਮਣੇ ਰੱਖਣ ਦਾ ਬਿਹਤਰੀਨ ਤਰੀਕਾ ਹੈ। ਖ਼ੂਨ ਡੋਲ੍ਹ ਕੇ ਅਤੇ ਜਾਨਾਂ ਲੈ ਕੇ ਜ਼ੁਲਮ ਕਰਨ ਵਾਲਿਆਂ ਦੀ ਕੋਹਝੀ ਅਸਲੀਅਤ ਦੁਨੀਆ ਅੱਗੇ ਰੱਖਣ ਦਾ ਇਸ ਤੋਂ ਬਿਹਤਰੀਨ ਢੰਗ ਕੀ ਹੋ ਸਕਦਾ ਹੈ ਕਿ ਨਸਲਕੁਸ਼ੀ ਦੀ ਪੀੜ੍ਹਤ ਸਿੱਖ ਕੌਮ ਨਾਲ ਸਬੰਧਤ ਲੋਕ, ਅੱਜ ਵੀ ਜਦੋ-ਜਹਿਦ ਕਰਦੇ ਖ਼ੂਨਦਾਨ ਦੇ ਕੇ ਲੱਖਾਂ ਜਾਨਾਂ ਬਚਾ ਰਹੇ ਹਨ। ਬ੍ਰਿਟਿਸ਼ ਕੋਲੰਬੀਆ ਸਰਕਾਰ ਵੱਲੋਂ ਨਵੰਬਰ ਮਹੀਨੇ ਨੂੰ ਸਿੱਖ ਖ਼ੂਨਦਾਨ ਲਹਿਰ ਵਜੋਂ ਮਾਨਤਾ ਦਿੱਤੀ ਗਈ ਹੈ, ਜੋ ਕਿ ਇਤਿਹਾਸਕ ਕਾਰਜ ਹੈ। ਪਰ ਇੰਡੀਅਨ ਫਾਸ਼ੀਵਾਦੀ ਸਟੇਟ ਦੇ ਪ੍ਰਭਾਵ ਕਾਰਨ ਇੱਥੇ ਇਸ ਗੱਲ ਦੀ ਘਾਟ ਜ਼ਰੂਰ ਮਹਿਸੂਸ ਹੋਈ ਹੈ ਕਿ ਇਸ ਖ਼ੂਨਦਾਨ ਮੁਹਿੰਮ ਦਾ ਅਸਲ ਕਾਰਨ, ਜੋ ਕਿ ਸਿੱਖ ਨਸਲਕੁਸ਼ੀ ਦਾ ਦੁਖਾਂਤ ਹੈ, ਉਸ ਬਾਰੇ ਸਰਕਾਰੀ ਐਲਾਨਨਾਮੇ 'ਚ ਪੂਰੀ ਤਰ੍ਹਾਂ ਖਾਮੋਸ਼ੀ ਹੈ। ਇਹ ਸਿੱਖ ਨਸਲਕੁਸ਼ੀ ਦੀ ਪੀੜਤ ਸਮੁੱਚੀ ਸਿੱਖ ਕੌਮ ਲਈ ਰੜਕਦਾ ਹੈ।

ਨਵੰਬਰ ਚੌਰਾਸੀ ਦੇ ਸਿੱਖ ਕਤਲੇਆਮ ਦੇ ਦੁਖਾਂਤ ਨੂੰ ਸੰਸਾਰ ਸਾਹਮਣੇ ਉਜਾਗਰ ਕਰਨ ਲਈ ਹੀ ਸਿੱਖ ਕੌਮ ਵੱਲੋਂ ਖ਼ੂਨਦਾਨ ਮੁਹਿੰਮ ਸ਼ੁਰੂ ਕੀਤੀ ਗਈ ਸੀ ਅਤੇ ਇਸੇ ਕਰਕੇ ਹੀ ਲੱਖਾਂ ਜਾਨਾਂ ਬਚਾਈਆਂ ਗਈਆਂ ਹਨ। ਕੈਨੇਡੀਅਨ ਲੋਕ ਜਦੋਂ ਦੇਸ਼ 'ਚ ਥਾਂ-ਥਾਂ 'ਤੇ ਲੱਗੇ ਖ਼ੂਨਦਾਨ ਕੈਂਪਾਂ 'ਚ ਸਿੱਖਾਂ ਦੇ ਵਲੰਟੀਅਰ ਪਰਿਵਾਰਾਂ, ਯੂਨੀਵਰਸਿਟੀ ਵਿਚ ਪੜ੍ਹਦੇ ਨੌਜਵਾਨ ਲੜਕੇ-ਲੜਕੀਆਂ ਅਤੇ ਬੁੱਧੀਜੀਵੀਆਂ ਤੋਂ ਏਨੇ ਵੱਡੇ ਹੁੰਗਾਰੇ ਦਾ ਕਾਰਨ ਪੁਛਦੇ ਹਨ, ਤਾਂ ਸਭ ਨੂੰ ਇੱਕੋ ਹੀ ਜਵਾਬ ਮਿਲਦਾ ਹੈ ਕਿ 'ਸਰਬੱਤ ਦਾ ਭਲਾ' ਮੰਗਣ ਵਾਲੀ ਕੌਮ ਖ਼ੂਨ ਲੈਣ ਵਿਚ ਨਹੀਂ, ਖ਼ੂਨ ਦੇਣ 'ਚ ਵਿਸ਼ਵਾਸ ਰੱਖਦੀ ਹੈ। ਇਸ ਲਹਿਰ ਨੇ ਕੈਨੇਡਾ ਭਰ ਦੇ ਮੀਡੀਆ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ, ਜਿਸ ਦੌਰਾਨ ਸਿੱਖਾਂ ਨੇ ਵੱਡੀ ਗਿਣਤੀ 'ਚ ਖ਼ੂਨਦਾਨ ਕਰਦਿਆਂ ਨਾ ਸਿਰਫ਼ ਜਾਨਾਂ ਹੀ ਬਚਾਈਆਂ ਹਨ, ਸਗੋਂ ਭਾਈ ਘਨੱਈਆ ਅਤੇ ਭਗਤ ਪੂਰਨ ਸਿੰਘ ਦੇ ਮਾਨਵੀ ਸੇਵਾ ਦੇ ਸੁਨੇਹੇ ਨੂੰ ਹੋਰਨਾਂ ਕੌਮਾਂ ਤੱਕ ਵੀ ਪਹੁੰਚਾਇਆ ਹੈ। ਅਜਿਹੀਆਂ ਅਨੇਕਾਂ ਮਿਸਾਲਾਂ ਹਨ, ਜਿਨ੍ਹਾਂ ਦੌਰਾਨ ਜਿੱਥੇ ਵੀ ਮਨੁੱਖਤਾ ਨੂੰ ਖ਼ੂਨ ਦੀ ਲੋੜ ਪਈ, ਤਾਂ ਸਿੱਖ ਕੌਮ ਨੇ ਸਭ ਤੋਂ ਅੱਗੇ ਹੋ ਕੇ ਹੱਦਾਂ-ਸਰਹੱਦਾਂ, ਰੰਗ-ਨਸਲ, ਜਾਤ-ਫ਼ਿਰਕੇ ਨੂੰ ਇਕ ਪਾਸੇ ਰੱਖਦਿਆਂ ਖ਼ੂਨਦਾਨ ਦੀ ਲਹਿਰ ਚਲਾਉਂਦਿਆਂ ਹੋਇਆਂ ਅਣਗਿਣਤ ਜਾਨਾਂ ਬਚਾਈਆਂ।

ਕੈਨੇਡਾ ਦੇ ਕਈ ਹਾਈਵੇਅ ਅਤੇ ਰਾਸ਼ਟਰੀ ਮਾਰਗਾਂ 'ਤੇ ਨਵੰਬਰ ਮਹੀਨੇ ਖ਼ੂਨਦਾਨ ਕਰਕੇ ਜਾਨਾਂ ਬਚਾਉਣ ਦਾ ਸੁਨੇਹਾ ਦੇਣ ਦੀ ਪਿਰਤ ਕਾਫ਼ੀ ਸਮੇਂ ਤੋਂ ਜਾਰੀ ਹੈ। ਇਸ ਉਪਰਾਲੇ ਦਾ ਜ਼ਿਕਰ ਕੈਨੇਡਾ ਦੀ ਪਾਰਲੀਮੈਂਟ ਤੋਂ ਲੈ ਕੇ ਸੂਬਿਆਂ ਦੀਆਂ ਵਿਧਾਨ ਸਭਾਵਾਂ ਤੱਕ, ਮਨੁੱਖੀ ਹੱਕਾਂ ਨਾਲ ਜੁੜੇ ਲੋਕਾਂ ਦੇ ਪ੍ਰਤੀਨਿਧ ਅਕਸਰ ਕਰਦੇ ਹਨ। ਅੱਜ ਇਹ ਅਤਕਥਨੀ ਨਹੀਂ ਕਿ ਕੈਨੇਡਾ ਤੋਂ ਅਰੰਭ ਹੋਏ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਦੇ ਸੰਤਾਪ ਨੂੰ ਕੌਮਾਂਤਰੀ ਮੰਚ ਤੇ ਮਹਾਂ-ਦੁਖਾਂਤ ਦੇ ਰੂਪ ਵਿੱਚ ਪੇਸ਼ ਕਰਨ ਵਾਲੀ ਖ਼ੂਨਦਾਨ ਲਹਿਰ ਅਸਟ੍ਰੇਲੀਆ, ਅਮਰੀਕਾ, ਫਰਾਂਸ, ਇੰਗਲੈਂਡ ਅਤੇ ਦੁਨੀਆ ਦੇ ਕਰੀਬ 122 ਦੇਸ਼ਾਂ 'ਚ ਫੈਲ ਚੁੱਕੀ ਹੈ। ਉਹ ਦਿਨ ਦੂਰ ਨਹੀਂ ਜਦੋਂ ਯੂਨਾਇਟਡ ਨੇਸ਼ਨ 'ਚ ਮਨੁੱਖੀ ਅਧਿਕਾਰਾਂ ਲਈ ਸਮਰਪਿਤ ਕਾਰਜਾਂ ਦੀ ਸੂਚੀ 'ਚ ਸਿੱਖ ਕੌਮ ਦੀ ਖ਼ੂਨਦਾਨ ਲਹਿਰ ਦਾ ਜ਼ਿਕਰਯੋਗ ਥਾਂ ਹੋਵੇਗਾ। ਇਸ ਸਬੰਧੀ ਜਦੋਂ ਵੀ ਸੰਯੁਕਤ ਰਾਸ਼ਟਰ 'ਚ ਮਾਨਵਵਾਦੀ ਸੇਵਾ ਦੇ ਮਹਾਨ ਕਾਰਜ ਦੀ ਗੱਲ ਤੁਰੇਗੀ, ਉਦੋਂ ਹੀ ਨਵੰਬਰ ਉਨੀ ਸੌ ਚੁਰਾਸੀ ਵਿੱਚ ਭਾਰਤ ਅੰਦਰ ਹਜ਼ਾਰਾਂ ਬੇਕਸੂਰ ਸਿੱਖਾਂ ਦੇ ਲਹੂ ਡੋਲਣ ਵਾਲਿਆਂ ਨੂੰ ਲਾਹਣਤਾਂ ਵੀ ਪਾਈਆਂ ਜਾਣਗੀਆਂ ਅਤੇ 38 ਸਾਲਾਂ ਮਗਰੋਂ ਵੀ ਕਾਤਲਾਂ ਨੂੰ

(ਬਾਕੀ ਸਫ਼ਾ 30 'ਤੇ)

13 ਨਵੰਬਰ ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼

# ਬਾਬਾ ਦੀਪ ਸਿੰਘ ਜੀ ਸ਼ਹੀਦ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਸਿੱਖ ਧਰਮ ਇਕ ਸਮਾਜ ਸੁਧਾਰ ਲਹਿਰ ਹੈ। ਮਾਨਵਵਾਦੀ ਸੱਚ ਹੈ ਕਿ ਸਿੱਖ ਧਰਮ ਤੇ ਚਲਦਿਆਂ ਆਪਣੀ ਸਵੈ ਰੱਖਿਆ ਅਤੇ ਸਵੈ ਮਾਣ ਵਾਲਾ ਜੀਵਨ ਜਿਊਣ ਲਈ ਤਿਆਰ ਹੋਣ। ਸਿਆਸੀ ਤਾਕਤ ਜਨ-ਸਾਧਾਰਣ ਨੂੰ ਹਾਸਲ ਹੋਵੇ। ਇਸ ਲਈ ਦ੍ਰਿੜ ਨਿਸਚੈ ਵਾਲੀ ਅਗਵਾਈ ਦੀ ਜ਼ਰੂਰਤ ਸੀ। ਗੁਰੂ ਨਾਨਕ ਦੇਵ ਸਾਹਿਬ ਜੀ ਨੇ ਗ੍ਰਹਿਸਥ ਨੂੰ ਰੂਹਾਨੀ ਵਿਸਥਾਰ ਮੰਨਿਆ ਹੈ। ਸਮਾਜ ਨੂੰ ਝੂਠੇ-ਕਰਮਕਾਂਡਾਂ ਵਿਚੋਂ ਕੱਢ ਕੇ ਸਾਵੀਂ ਪੱਧਰੀ ਜੀਵਨ ਜਾਚ ਸਿਖਾਈ। ਸਿੱਖ ਗੁਰੂ ਸਾਹਿਬਾਨ ਨੇ ਨਾ-ਬਰਾਬਰੀ ਵਾਲੇ ਸਮਾਜ ਦੀ ਧਾਰਮਿਕ, ਸਮਾਜਿਕ ਅਤੇ ਸਿਆਸੀ ਦਸ਼ਾ ਨੂੰ ਬਦਲਿਆ ਹੈ। ਉਨ੍ਹਾਂ ਨੇ ਬੇਗਰਜ਼ ਸੇਵਾ ਤੇ ਜ਼ੋਰ ਦਿੱਤਾ। ਸਮਾਜ ਨੂੰ ਜਾਤ ਪਾਤ ਦੇ ਬੰਧਨਾਂ ਤੋਂ ਉਪਰ ਚੁੱਕ ਕੇ ਮਾਨਵਵਾਦੀ ਇਨਕਲਾਬ ਨਾਲ ਜੋੜ ਦਿੱਤਾ। ਸਮੇਂ ਦੀਆਂ ਮੁਗਲ ਹਕੂਮਤਾਂ ਨੇ ਸਿੱਖੀ ਨੂੰ ਖਤਮ ਕਰਨ ਲਈ ਹਰ ਅਣ-ਮਨੁੱਖੀ ਹੀਲਾ ਵਰਤਿਆ। ਮੁਗਲ ਹਾਕਮਾਂ ਦੀ ਜਬਰੀ ਧਰਮ ਪਰਿਵਰਤਨ ਦੀ ਖੂਨੀ ਨੀਤੀ ਨੇ ਸਮਾਜਿਕ ਇਖਲਾਕ ਨੂੰ ਭਾਰੀ ਸੱਟ ਮਾਰੀ।

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਮਾਨਵੀ ਬਰਾਬਰੀ ਲਈ ਖਾਲਸਾ ਪੰਥ ਸਜਾ ਕੇ ਮੁਗਲ ਸਾਮਰਾਜ ਦੇ ਧਾਰਮਿਕ ਅਤੇ ਸਿਆਸੀ ਅਤਿਆਚਾਰ ਵਿਰੁਧ ਸੰਘਰਸ਼ ਕੀਤਾ। ਇਸ ਸਿਆਸੀ ਉਥਲ ਪੁਥਲ ਵਿਚ ਗੁਰੂ ਸਾਹਿਬ ਜੀ ਨੂੰ ਅਨੰਦਪੁਰ ਛੱਡਣਾ ਪਿਆ। ਉਪਰੰਤ ਚਮਕੌਰ ਅਤੇ ਮੁਕਤਸਰ ਦੇ ਜੰਗ ਹੋਏ। ਗੁਰੂ ਸਾਹਿਬ ਜੀ ਤੋਂ ਬਾਅਦ ਡੇਢ ਸਾਲ ਵਿਚ ਹੀ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਫਤਿਹ ਕਰ ਲਿਆ। ਜੂਨ 9, 1716 ਵਿਚ ਬਾਬਾ ਜੀ ਦੀ ਸ਼ਹੀਦੀ ਤੋਂ ਬਾਅਦ ਸਿੰਘਾਂ ਤੇ ਜ਼ੁਲਮ ਹੋ ਵੀ ਵਧ ਗਏ। ਪਰ ਖ਼ਾਲਸੇ ਨੇ ਗੁਰੂ ਗ੍ਰੰਥ ਸਾਹਿਬ ਜੀ ਤੇ ਨਿਸਚੈ ਰੱਖਿਆ। ਦ੍ਰਿੜ ਇਰਾਦੇ ਅਤੇ ਬਹਾਦਰੀ ਨਾਲ ਸਿੱਖ ਸੰਘ ਸੰਗਠਿਤ ਕਰ ਲਿਆ। ਮਹਾਰਾਜਾ ਰਣਜੀਤ ਸਿੰਘ ਨੇ 12 ਮਿਸਲਾਂ ਨੂੰ ਇਕੱਠਾ ਕਰਕੇ ਵਿਸ਼ਾਲ ਖ਼ਾਲਸਾ ਰਾਜ ਸਥਾਪਤ ਕਰ ਲਿਆ।



ਮਿਸਲ ਸ਼ਹੀਦਾਂ ਦੇ ਬਾਨੀ ਬਾਬਾ ਦੀਪ ਸਿੰਘ ਜੀ ਸਨ। ਇਸ ਮਿਸਲ ਦੇ ਕੋਲ ਸ਼ਾਹਜਾਦਪੁਰ, ਕੇਸਮੀ, ਰਨਖੰਡੀ, ਬੜਥਾ, ਜਮਾਈ-ਸਹਾਰਨਪੁਰ ਦੇ ਇਲਾਕੇ ਸਨ। ਆਪ ਜੀ ਦਾ ਜਨਮ 26 ਜਨਵਰੀ 1682 ਈ.ਨੂੰ ਪਿੰਡ ਪਹੂਵਿੰਡ ਜ਼ਿਲ੍ਹਾ ਤਰਨ ਤਾਰਨ ਦੇ ਸਾਧਾਰਨ ਪਰਿਵਾਰ ਭਾਈ ਭਗਤੂ ਅਤੇ ਮਾਤਾ ਜਿਊਣੀ ਦੇ ਘਰ ਹੋਇਆ। ਆਪ ਜੀ ਦਾ ਨਾਉਂ ਦੀਪਾ ਰੱਖਿਆ ਗਿਆ। ਜਦੋਂ 18 ਸਾਲ ਦੇ ਸਨ ਤਾਂ ਵੁਹ ਆਪਣੇ ਮਾਤਾ ਪਿਤਾ ਨਾਲ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਦਰਸ਼ਨਾਂ ਲਈ ਅਨੰਦਪੁਰ ਗਏ ਸਨ। ਕੁਝ ਦਿਨਾਂ ਬਾਅਦ ਉਨ੍ਹਾਂ ਦੇ ਮਾਪੇ ਤਾਂ ਪਿੰਡ ਪਰਤ ਆਏ ਪਰ ਗੁਰੂ ਸਾਹਿਬ ਜੀ ਨੇ ਦੀਪੇ ਨੂੰ ਆਪਣੇ ਕੋਲ ਹੀ ਰੱਖ ਲਿਆ। ਨੌਜਵਾਨ ਦੀਪੇ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਲਈ ਤੇ ਨਾਉਂ ਦੀਪ ਸਿੰਘ ਹੋ ਗਿਆ।

ਉਨ੍ਹਾਂ ਨੇ ਸ਼ਾਸਤਰ ਅਤੇ ਸ਼ਸਤਰ ਵਿਦਿਆ ਵਿਚ ਮਾਨਤਾ ਪ੍ਰਾਪਤ ਕਰ ਲਈ। ਤਦ 22 ਸਾਲ ਦੀ ਉਮਰ ਵਿਚ ਵਿਦਵਾਨ ਭਾਈ ਮਨੀ ਸਿੰਘ ਜੀ ਪਾਸੋਂ ਗੁਰਬਾਣੀ ਦਾ ਗਿਆਨ ਪ੍ਰਾਪਤ ਕਰ ਲਿਆ। ਆਪ ਇਕ ਅਭਿਆਸੀ ਸੰਤ ਸਿਪਾਹੀ ਸਨ। ਗਠੀਲਾ ਸਰੀਰ, ਮਜਬੂਤ ਇਰਾਦਾ, ਸੂਰਮੇ ਜਿਹਾ ਜਲਾਲ ਅਤੇ ਨਿਪੁੰਨ ਯੋਧੇ, ਵਿਦਵਾਨ ਲਿਖਾਰੀ ਅਤੇ ਕੀਰਤਨੀਏ ਬਣ ਗਏ ਸਨ। ਕੁਝ ਸਮੇਂ ਲਈ ਪਿੰਡ ਪਰਤ ਗਏ ਸਨ, ਉੱਥੇ ਉਨ੍ਹਾਂ ਆਪਣੇ ਇਲਾਕੇ ਵਿਚ ਸਿੱਖ ਧਰਮ ਦਾ ਬੜਾ ਪ੍ਰਚਾਰ ਕੀਤਾ। ਸੰਗਤਾਂ ਵਿਚ ਆਪ ਜੀ ਦਾ ਬੜਾ ਪ੍ਰਭਾਵ ਬਣ ਗਿਆ ਸੀ।

ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਗੁਰ-ਪਿਤਾ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕੀਤੀ ਤਾਂ ਬਾਬਾ ਦੀਪ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਨਾਲ ਸਹਿਯੋਗ ਕੀਤਾ। ਆਪ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਉਤਾਰੇ ਤਖਤਾਂ ਨੂੰ ਭੇਜੇ ਸਨ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਦੱਖਣ ਵੱਲ ਵਧਣਾ ਸੀ ਤਾਂ ਦਮਦਮਾ ਸਾਹਿਬ ਦੀ ਜਿੰਮੇਵਾਰੀ ਬਾਬਾ ਜੀ ਨੂੰ ਸੌਂਪ ਦਿੱਤੀ ਸੀ।

ਜੰਗੀ ਜੀਵਨ ਵਿਚ ਬਾਬਾ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਨਾਲ ਜੰਗ ਵਿਚ ਹਿੱਸਾ ਲਿਆ ਅਤੇ ਭਰਪੂਰ ਸਾਥ ਦਿੱਤਾ। ਬਾਬਾ ਜੀ ਦੀ ਬਹਾਦਰੀ ਤੋਂ ਦੁਸ਼ਮਣ ਡਰ ਕੇ ਦੌੜ ਜਾਂਦੇ ਸਨ। ਆਪ ਜੀ ਦਾ ਜਥਾ 'ਸ਼ਹੀਦੀ ਜਥਾ' ਵਜੋਂ ਮਸ਼ਹੂਰ ਹੋਇਆ। ਸੰਨ 1738 ਵਿਚ ਜ਼ਕਰੀਆ ਖਾਨ ਨੇ ਅੰਮ੍ਰਿਤਸਰ ਦੇ ਸਾਰੇ ਰਸਤੇ ਬੰਦ ਕਰ ਦਿੱਤੇ। ਸਿੰਘ ਮਾਲਵੇ ਵੱਲ ਵਧ ਗਏ। ਇਸ ਤੋਂ ਬਾਅਦ ਹੋਈਆਂ ਝੜਪਾਂ ਵਿਚ ਲਖਪਤ ਰਾਏ ਦਾ ਭਤੀਜਾ ਦੂਨੀ ਚੰਦ ਮਾਰਿਆ ਗਿਆ। ਜ਼ਕਰੀਆ ਖਾਨ ਖੁਦ ਮੈਦਾਨ ਵਿਚ ਉਤਰ ਆਇਆ। ਸੈਂਕੜੇ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ। ਭਾਈ ਮਨੀ ਸਿੰਘ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਅਗਸਤ 14,1740 ਵਿਚ ਭਾਈ ਸੁੱਖਾ ਸਿੰਘ, ਭਾਈ ਮਹਿਤਾਬ ਸਿੰਘ ਨੇ ਮੱਸੇ ਰੰਗੜ ਜੋ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਬੇਅਦਬੀ ਦਾ ਦੋਸ਼ੀ ਸੀ ਨੂੰ ਸਬਕ ਸਿਖਾਉਣ ਲਈ ਬੀਕਾਨੇਰ ਤੋਂ ਤੁਰੇ ਤਾਂ ਉਹ ਰਸਤੇ ਵਿਚ ਬਾਬਾ ਜੀ ਕੋਲ ਦਮਦਮਾ ਸਾਹਿਬ ਠਹਿਰੇ ਤੇ ਮੱਸੇ ਰੰਗੜ ਦਾ ਸਿਰ ਨੇਜੇ ਤੇ ਟੰਗ ਕੇ ਵਾਪਸੀ ਤੇ ਵੀ ਦਮਦਮਾ ਸਾਹਿਬ ਠਹਿਰੇ ਸਨ।

ਅਹਿਮਦ ਸ਼ਾਹ ਅਬਦਾਲੀ ਨੇ 1755-56 ਵਿਚ ਚੌਥੀ ਵਾਰ ਭਾਰਤ ਤੇ ਹਮਲਾ ਕੀਤਾ। ਉਸ ਦੇ ਸੈਨਿਕ ਸੋਨਾ ਚਾਂਦੀ ਅਤੇ ਹੋਰ ਕੀਮਤੀ ਸਾਮਾਨ ਅਤੇ ਹਜ਼ਾਰਾਂ ਔਰਤਾਂ ਵੀ ਲੈ ਤੁਰੇ। ਬਾਬਾ ਜੀ ਦਾ ਜਥਾ ਮਾਰਕੰਡਾ ਨਦੀ ਤੇ ਤਾਇਨਾਤ ਸੀ। ਸਿੰਘਾਂ ਨੇ ਅਬਦਾਲੀ ਦੇ ਸਿਪਾਹੀਆਂ ਤੇ ਹਮਲਾ ਕਰ ਦਿੱਤਾ। ਸਾਰਾ ਸਮਾਨ ਲੁੱਟ ਲਿਆ ਤੇ ਔਰਤਾਂ ਨੂੰ ਸੁਰੱਖਿਅਤ ਉਨ੍ਹਾਂ ਦੇ ਘਰਾਂ ਤੱਕ ਪਹੁੰਚਾਇਆ।

ਅਬਦਾਲੀ ਨੇ 1757 ਵਿਚ ਜਹਾਨ ਖਾਨ ਨੂੰ ਅੰਮ੍ਰਿਤਸਰ ਦਾ ਹਾਕਮ ਨਿਯੁਕਤ ਕੀਤਾ। ਉਸ ਨੇ ਮਈ 1757 ਵਿਚ ਅੰਮ੍ਰਿਤਸਰ ਨੂੰ ਲੁੱਟਿਆ। ਅੰਮ੍ਰਿਤਸਰ ਦੇ ਮੁਖੀ ਜਮਾਲ ਖਾਂ ਨੇ ਦਰਬਾਰ ਸਾਹਿਬ ਦੀ ਬੇਅਦਬੀ ਕੀਤੀ ਅਤੇ ਪਵਿੱਤਰ ਸਰੋਵਰ ਪੂਰ ਦਿੱਤਾ। ਉਸ ਨੇ ਰਾਮਰੌਣੀ ਦੇ ਕਿਲੇ ਨੂੰ ਵੀ ਢਾਹ ਦਿੱਤਾ। ਇਸ ਬੇਪੱਤੀ ਦੀ ਖ਼ਬਰ ਬਾਬਾ ਜੀ ਨੂੰ ਜਥੇਦਾਰ ਭਾਗ ਸਿੰਘ ਜੀ ਤੋਂ ਤਲਵੰਡੀ ਸਾਬੋ ਤੋਂ ਮਿਲੀ ਤਾਂ ਬਾਬਾ ਜੀ ਨੇ ਰੋਹ ਵਿਚ ਆ ਕੇ ਪਵਿੱਤਰਤਾ ਭੰਗ ਕਰਨ ਵਾਲਿਆਂ ਨਾਲ ਟੱਕਰ ਲੈਣ ਦਾ ਐਲਾਨ ਕਰ ਦਿੱਤਾ। ਉਨ੍ਹਾਂ ਸਿੰਘਾਂ ਨੂੰ ਕਿਹਾ ਚਲੋ ਹੁਣ ਬੰਦੀ ਛੋੜ ਦਿਵਸ ਅੰਮ੍ਰਿਤਸਰ ਹੀ ਮਨਾਇਆ ਜਾਵੇਗਾ। ਅਣਗਿਣਤ ਸਿੰਘ ਬਾਬਾ ਜੀ ਦੀ ਅਗਵਾਈ ਹੇਠ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਰੱਖਿਆ ਲਈ ਇਕੱਠੇ ਹੋ ਗਏ। ਉਹ ਜਥਾ ਅੰਮ੍ਰਿਤਸਰ ਵੱਲ ਵਧ ਪਿਆ। ਰਸਤੇ ਵਿਚ ਜਦੋਂ ਤਰਨ ਤਾਰਨ ਪਹੁੰਚੇ ਤਾਂ ਸਿੰਘਾਂ ਦੀ ਗਿਣਤੀ 5,000 ਹੋ ਗਈ। ਬਾਬਾ ਜੀ ਨੇ ਵੰਗਾਰਿਆ ਕਿ ਇਸ ਧਰਮ ਯੁੱਧ ਵਿਚ ਮਰ ਮਿਟਣ ਤੇ ਸ਼ਹੀਦ ਹੋਣ ਲਈ ਤਿਆਰ ਹਨ ਉਹ ਹੀ ਸਾਡੇ ਨਾਲ ਤੁਰਨ, ਸਾਰੇ ਸਿੰਘਾਂ ਬਾਬਾ ਜੀ ਨਾਲ ਤੁਰ ਪਏ।

ਜਹਾਨ ਖਾਂ ਨੇ ਵੀ 20,000 ਦੀ ਫੌਜ ਲੈ ਕੇ ਤਰਨ ਤਾਰਨ ਵੱਲ ਵਧਣਾ ਸ਼ੁਰੂ ਕਰ ਦਿੱਤਾ। ਅੰਮ੍ਰਿਤਸਰ ਤੋਂ ਪੰਜ ਮੀਲ ਦੂਰ ਪਿੰਡ ਗੋਹਲਵਾਲ ਜਾ ਕੇ ਬਾਬਾ ਜੀ ਨੇ ਦੁਸ਼ਮਣ ਦੀ ਫੌਜ ਨੂੰ ਲਲਕਾਰਿਆ, ਜਿੱਥੇ ਗੁਰਦੁਆਰਾ ਲਲਕਾਰ ਸਾਹਿਬ ਸਥਿਤ ਹੈ। ਜਹਾਨ ਖਾਨ ਨੇ ਵੀ ਅਤਾਈ ਖਾਨ ਨੂੰ ਹਮਲਾ ਕਰਨ ਦਾ ਹੁਕਮ ਦੇ ਦਿੱਤਾ। ਜਹਾਨ ਖਾਨ ਆਪ ਵੀ ਘੋੜ ਸਵਾਰ ਫੌਜ ਲੈ ਕੇ ਗੋਹਲਵਾਲ ਪਹੁੰਚ ਗਿਆ। ਸਿੰਘਾਂ ਅਤੇ ਅਫ਼ਗਾਨਾਂ ਵਿਚ ਲਹੂ ਡੋਲਵੀਂ ਜੰਗ ਹੋਈ। ਅਫ਼ਗਾਨ ਫੌਜ ਸਿੰਘਾਂ ਦਾ ਸਾਹਮਣਾ ਨਾ ਕਰ ਸਕੀ। ਗਹਿਗੱਚ ਜੰਗ ਹੋਈ। ਸਿੰਘ ਇਕ ਇਕ ਕਰਕੇ ਸ਼ਹੀਦ ਹੋਣ ਲੱਗੇ। ਜੰਗ ਹੁਣ ਚਰਮ ਸੀਮਾ ਤੇ ਆ ਕੇ ਹੋਰ ਵੀ ਭਿਅੰਕਰ ਹੋ ਗਈ। ਦੂਰ ਦੂਰ ਤੱਕ ਲਾਸ਼ਾਂ ਦੇ ਢੇਰ ਸਨ। ਇਸ ਸਮੇਂ ਤੱਕ ਯਾਕੂਬ ਖਾਂ ਅਤੇ ਸਾਬਕ ਅਲੀ ਖਾਂ ਵੀ ਮੁਕਾਬਲੇ ਤੇ ਆ ਗਏ। ਸਿੰਘ ਏਨੀ ਬਹਾਦਰੀ ਨਾਲ ਲੜੇ ਕਿ ਦੁਸ਼ਮਣ ਦੀਆਂ ਫੌਜਾਂ ਚਾਰੇ ਪਾਸਿਆਂ ਤੋਂ ਭੱਜਣ ਲੱਗੀਆਂ। ਸਿੰਘ ਅੰਮ੍ਰਿਤਸਰ ਵੱਲ ਵਧਦੇ ਗਏ। ਬਾਬਾ ਜੀ ਆਪਣਾ 18 ਸੇਰ ਦਾ ਖੰਡਾ (ਦੋਧਾਰੀ ਤਲਵਾਰ) ਖੜਕਾਉਂਦ ਰਾਮਸਰ ਕੋਲ ਪਹੁੰਚ ਗਏ। ਉਹ ਵੈਰੀਆਂ ਨੂੰ ਮੁਕਾਉਂਦੇ ਜਾ ਰਹੇ ਸਨ।

(ਬਾਕੀ ਸਫ਼ਾ 31 'ਤੇ)

# ਮਹਾਨ ਕਵੀ ਤੇ ਸੰਗੀਤਕਾਰ ਗੁਰੂ ਨਾਨਕ ਦੇਵ ਜੀ



ਡਾ. ਆਤਮਾ ਸਿੰਘ ਗਿੱਲ
9878883680

ਗੁਰੂ ਨਾਨਕ ਦੇਵ ਜੀ ਮਹਾਨ ਕਵੀ ਤੇ ਸੰਗੀਤਕਾਰ ਸਨ। ਛੰਦਾਂ ਤੋਲ ਤੁਕਾਂਤਾਂ ਵਿਚ ਲਿਖੀ ਉਨ੍ਹਾਂ ਦੀ ਬਾਣੀ ਮਨੁੱਖ ਦੇ ਹਿਰਦੇ 'ਤੇ ਸਿੱਧੀ ਚੋਟ ਕਰਦੀ ਹੈ। ਉਹ ਆਪਣੀ ਬਾਣੀ ਦੁਆਰਾ ਮਨੁੱਖ ਵਿਚ ਵਿਭਿੰਨ ਰਸਾਂ ਦਾ ਸੰਚਾਰ ਬੜੀ ਤੀਬਰਤਾ ਨਾਲ ਕਰਦੇ ਸਨ।

ਭਾਵੇਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਪੂਰਨ ਰੂਪ ਵਿਚ ਧਾਰਮਿਕ ਕਾਵਿ ਹੈ ਫਿਰ ਵੀ ਇਸ ਵਿਚ ਰਾਜਨੀਤਿਕ ਅਤੇ ਸਮਾਜਿਕ ਸਥਿਤੀਆਂ ਦਾ ਸੰਕੇਤ ਮਿਲ ਜਾਂਦਾ ਹੈ। ਉਨ੍ਹਾਂ ਦੀ ਬਾਣੀ ਵਿਚ ਪ੍ਰਮਾਤਮਾ ਸਰੂਪ, ਸ੍ਰਿਸ਼ਟੀਕਰਮ, ਪ੍ਰਮਾਤਮਾ ਦੇ ਹੁਕਮ, ਅਹੰਕਾਰ ਦੇ ਸਰੂਪ, ਉਸਦੇ ਭੇਦ, ਅਹੰਕਾਰ ਦੇ ਪਰਿਣਾਮ, ਮਾਇਆ ਅਤੇ ਉਸਦੇ ਸਰੂਪ, ਉਸਦੀ ਪ੍ਰਬਲਤਾ ਅਤੇ ਵਿਆਪਕਤਾ, ਜੀਵ, ਮਨੁੱਖ, ਆਤਮਾ, ਮਨੁੱਖੀ ਜੀਵਨ ਦੀ ਸ੍ਰੇਸ਼ਠਤਾ, ਮਨੁੱਖੀ ਜੀਵਨ ਦੀਆਂ ਵੱਖ-ਵੱਖ ਅਵਸਥਾਵਾਂ, ਮਨੁੱਖ ਦਾ ਪ੍ਰਮਾਤਮਾ ਤੋਂ ਵਿਛੋੜਾ ਅਤੇ ਉਸਦੇ ਕਾਰਨ, ਮਨੁੱਖ ਦੇ ਪ੍ਰਮਾਤਮਾ ਨੂੰ ਮਿਲਣ ਦੇ ਯਤਨ, ਮਨ ਦੇ ਸਰੂਪ ਤੇ ਉਸਦੇ ਵਿਭਿੰਨ ਰੂਪ, ਮਨ ਨੂੰ ਮਾਰਨ ਦਾ ਮਹੱਤਵ, ਮਨ ਮਾਰਨ ਦੀ ਵਿਧੀ, ਪ੍ਰਭੂ ਪ੍ਰਾਪਤੀ ਦੇ ਵਿਭਿੰਨ ਮਾਰਗ, ਕਰਮ ਮਾਰਗ, ਗਿਆਨ ਮਾਰਗ, ਅਤੇ ਭਗਤੀ ਮਾਰਗ, ਗੁਰੂ ਦੇ ਨਾਮ ਦਾ ਵਿਸਤ੍ਰਿਤ ਚਿਤਰਨ ਮਿਲਦਾ ਹੈ।

ਵਿਸ਼ੇ ਪੱਖ ਦੇ ਨਾਲ ਨਾਲ ਕਲਾਤਮਕ ਪੱਖ ਤੋਂ ਵੀ ਉਨ੍ਹਾਂ ਦੀ ਬਾਣੀ ਦਾ ਮਹੱਤਵਪੂਰਨ ਸਥਾਨ ਹੈ। ਇਸਦੇ ਨਾਲ ਹੀ ਉਹਨਾਂ ਦੀ ਬਾਣੀ ਦਾ ਸੰਗੀਤਕ ਪੱਖ ਵੀ ਅੱਖੋਂ ਉਹਲੇ ਕਰਨ ਵਾਲਾ ਨਹੀਂ। ਇਥੇ ਵਿਸ਼ੇਸ਼ ਉਲੇਖਯੋਗ ਹੈ ਕਿ ਉਨ੍ਹਾਂ ਨੇ ਨਾ ਕੇਵਲ ਅਨੇਕਾਂ ਕਾਵਿ ਰੂਪਾਂ ਦੀ ਵਰਤੋਂ ਅਤੇ ਸਮਾਨਯ ਜਨ-ਜੀਵਨ ਤੇ ਅਧਾਰਿਤ ਉਪਮਾਨ ਵਿਧਾਨ ਰਾਹੀਂ ਕਾਵਿ ਨੂੰ ਪਰੰਪਰਿਕ ਰੂੜੀਆਂ ਤੋਂ ਬਾਹਰ ਕੱਢਿਆ ਹੈ, ਸਗੋਂ ਉਚਿਤ ਵਾਤਾਵਰਨ ਦੇ ਨਿਰਮਾਣ ਅਤੇ ਉਪਯੁਕਤ ਸ਼ਬਦ ਯੋਜਨਾ ਨਾਲ ਕਾਵਿ ਦੀ ਕਥਨ ਸ਼ਕਤੀ ਨੂੰ ਵੀ ਵਧਾਇਆ ਹੈ ਅਤੇ ਉਸ ਵਿਚ ਵਰਣਿਤ ਤੱਥਾਂ ਨੂੰ ਅਧਿਕ ਤੋਂ ਅਧਿਕ ਪ੍ਰਭਾਵ ਉਤਪਾਦਕ ਢੰਗ ਨਾਲ ਪੇਸ਼ ਕੀਤਾ ਹੈ।

ਕਾਵਿ ਦੇ ਪ੍ਰਕਾਰਾਂ ਦੀ ਦ੍ਰਿਸ਼ਟੀ ਤੋਂ ਗੁਰੂ ਨਾਨਕ ਦੇਵ ਜੀ ਦੀ ਬਾਣੀ 'ਮੁਕਤਕ' ਅਥਵਾ 'ਗੀਤ ਕਾਵਿ' ਦੇ ਅੰਤਰਗਤ ਰੱਖੀ ਜਾ ਸਕਦੀ ਹੈ। ਪੰਜਾਬੀ, ਹਿੰਦੀ, ਸੰਸਕ੍ਰਿਤ, ਫ਼ਾਰਸੀ ਤੇ ਸਾਧ ਭਾਸ਼ਾ ਵਿਚ ਰਚੀ ਉਨ੍ਹਾਂ ਦੀ ਬਾਣੀ ਵਿਚ ਅਲੰਕਾਰਾਂ, ਬਿੰਬਾਂ, ਪ੍ਰਤੀਕਾਂ, ਰਸਾਂ ਆਦਿ ਦੀ ਵਰਤੋਂ ਖੁੱਲ੍ਹ ਕੇ ਹੋਈ ਹੈ।



ਉਨ੍ਹਾਂ ਨੇ ਪ੍ਰਮਾਤਮਾ ਦੇ ਪ੍ਰੇਮ ਨੂੰ ਵਿਭਿੰਨ ਬਿੰਬਾਂ, ਪ੍ਰਤੀਕਾਂ ਤੇ ਅਲੰਕਾਰਾਂ ਦੇ ਰੂਪ ਵਿਚ ਪੇਸ਼ ਕੀਤਾ ਹੈ। ਹਿਰਨੀ, ਕੋਇਲ, ਮੱਛਲੀ ਤੇ ਸੱਪਣੀ ਦੇ ਹਵਾਲਿਆ ਨਾਲ ਪ੍ਰਭੂ ਪ੍ਰੇਮ ਦੀ ਖਿੱਚ ਨੂੰ ਬਿਆਨ ਕੀਤਾ ਹੈ।

ਹਰਣੀ ਹੋਵਾ ਬਨਿ ਵਸਾ ਕੰਦ ਮੂਲ ਚੁਣਿ ਖਾਉ॥
ਗੁਰ ਪਰਸਾਦੀ ਮੇਰਾ ਸਹੁ ਮਿਲੈ ਵਾਰਿ ਵਾਰਿ ਹਉ ਜਾਉ ਜੀਉ॥
ਕੋਕਿਲ ਹੋਵਾ ਅੰਬਿ ਬਸਾ ਸਹਜਿ ਸਬਦ ਬੀਚਾਰ॥
ਸਹਜ ਸੁਭਾਇ ਮੇਰਾ ਸਹੁ ਮਿਲੈ ਦਰਸਨ ਰੂਪ ਅਪਾਰੁ॥
ਮਛਲੀ ਹੋਵਾ ਜਲਿ ਬਸਾ ਜੀਅ ਜੰਤ ਸਭਿ ਸਾਰਿ॥
ਉਰਵਾਰਿ ਪਾਰਿ ਮੇਰਾ ਸਹੁ ਵਸੈ ਹਉ ਮਿਲਉਗੀ ਬਾਹ ਪਸਾਰਿ॥
ਨਾਗਨਿ ਹੋਵਾ ਧਰਿ ਵਸਾ ਸਬਦੁ ਵਸੈ ਭਉ ਜਾਇ॥
ਨਾਨਕ ਸਦਾ ਸੋਹਾਗਣੀ ਜਿਨ ਜੋਤੀ ਜੋਤ ਸਮਾਇ॥
-ਗਉੜੀ ਬੈਰਾਗਣ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ

ਗੁਰੂ ਨਾਨਕ ਦੇਵ ਜੀ ਨੇ ਬਹੁਤ ਸਾਰੇ ਬਿੰਬਾਂ ਦੀ ਵਰਤੋਂ ਆਪਣੀ ਰਚਨਾ ਵਿਚ ਕੀਤੀ ਹੈ। ਉਨ੍ਹਾਂ ਨੇ ਬੌਧਿਕ ਅਤੇ ਭਾਵਾਤਮਕ ਬਿੰਬ ਵਰਤੇ ਹਨ।

ਬੰਕੇ ਤੇਰੇ ਲੋਇਣ ਦੰਤ ਰੀਸਾਲਾ॥
ਸੋਹਣੇ ਨਕ ਜਿਨ ਲੰਮੜੇ ਵਾਲਾ॥
ਕੰਚਨ ਕਾਇਆ ਸੋਇਨੇ ਕੀ ਢਾਲਾ॥
ਸੋਵੰਨ ਢਾਲਾ ਕ੍ਰਿਸਨ ਮਾਲਾ ਜਪਹੁ ਤੁਸੀ ਸਹੇਲੀਹੋ॥
ਜਮਦੁਆਰਿ ਨ ਹੋਹੁ ਖੜੀਆ ਸਿਖ ਸੁਣਹੁ ਮਹੇਲੀਹੋ॥੭੨
- ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੬੭

ਗੁਰੂ ਨਾਨਕ ਦੇਵ ਜੀ ਨੇ ਇਤਿਹਾਸਕ ਅਤੇ ਮਿਥਿਹਾਸਕ ਬਿੰਬਾਂ ਦੀ ਵਰਤੋਂ ਆਪਣੀ ਬਾਣੀ ਵਿਚ ਬੜੇ ਭਾਵਪੂਰਤ ਢੰਗ ਨਾਲ ਕੀਤੀ ਹੈ।

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ॥
ਆਪੈ ਦੋਸੁ ਨ ਦੇਈ ਕਰਤਾ ਜਮ ਕਰ ਮੁਗਲ ਚੜਾਇਆ॥
ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥
- ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੬੦

ਭੂਲੋ ਰਾਵਣੁ ਮੁਗਧੁ ਅਚੇਤਿ॥
ਲੂਟੀ ਲੰਕਾ ਸੀਸ ਸਮੇਤਿ॥
ਗਰਬਿ ਗਇਆ ਬਿਨ ਸਤਿਗੁਰ ਹੇਤਿ॥
- ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ

ਬਿੰਬਾਂ ਤੋਂ ਇਲਾਵਾ ਗੁਰੂ ਜੀ ਦੀ ਰਚਨਾ ਵਿਚੋਂ ਜ਼ਿੰਦਗੀ ਦੀਆਂ ਸੱਚਾਈਆਂ ਲੋਕੋਕਤੀਆਂ ਦੇ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਇਸ ਤਰ੍ਹਾਂ ਰਚਨਾ ਅਖਾਣ ਪ੍ਰਵਾਹ ਹੋ ਨਿਬੜਦੀ ਹੈ।

(ੳ) ਬਹੁ ਭੇਖ ਕੀਆ ਦੇਹੀ ਦੁਖ ਦੀਆ॥
(ਅ) ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥
(ੲ) ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥
(ਸ) ਮਨਿ ਜੀਤੈ ਜਗ ਜੀਤੁ॥
(ਹ) ਕਾਮ ਕ੍ਰੋਧੁ ਕਾਇਆ ਕਉ ਗਾਲੈ॥
ਜਿਉ ਕੰਚਨ ਸੋਹਾਗਾ ਢਾਲੈ॥
(ਕ) ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ॥
(ਖ) ਜੇਹਾ ਲਿਖਿਆ ਤੇਹਾ ਪਾਇਆ॥
(ਗ) ਦੀਵਾ ਬਲੇ ਅੰਧੇਰਾ ਜਾਇ॥
(ਘ) ਆਪ ਬੀਜ ਆਪੇ ਹੀ ਖਾਹਿ॥
(ਙ) ਪੁਤੀ ਗੰਢ ਪਵੈ ਸੰਸਾਰ॥
(ਚ) ਕੁਬੁਧਿ ਡੂਮਣੀ ਕੁਦਇਆ ਕਸਾਇਣ॥
ਪਰਨਿੰਦਾ ਘਟ ਚੂਹੜੀ, ਮੁਠੀ ਕ੍ਰੋਧ ਚੰਡਾਲਿ॥
ਕਾਰੀ ਕਢੀ ਕਿਆ ਥੀਐ ਜਾ ਚਾਰੇ ਬੈਠੀਆ ਨਾਲਿ॥
-ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੧

(ਬਾਕੀ ਸਫ਼ਾ 30 'ਤੇ)

ਕੰਵਲਜੀਤ ਕੌਰ ਗਿੱਲ

# ਭਾਰਤ 'ਚ 22 ਕਰੋੜ ਲੋਕ ਭੁੱਖਮਰੀ ਅਤੇ ਕੁਪੋਸ਼ਣ ਦਾ ਸ਼ਿਕਾਰ



ਸੰਸਾਰ ਪੱਧਰ 'ਤੇ ਕੰਮ ਕਰਦੀ ਸੰਸਥਾ 'ਕੰਸਰਨ ਵਰਲਡ ਵਾਈਡ' ਨੇ ਇਕ ਹੋਰ ਸੰਸਥਾ 'ਵੈਲਟ ਹੰਗਰ ਹਿਲਫ' ਨਾਲ ਰਲ ਕੇ ਸੰਸਾਰ ਦੇ 121 ਦੇਸ਼ਾਂ ਵਿਚ ਗਲੋਬਲ ਹੰਗਰ ਇੰਡੈਕਸ ਰਿਪੋਰਟ (2022) ਜਾਰੀ ਕੀਤੀ ਹੈ। ਇਸ ਵਿਚ ਭਾਰਤ ਨੂੰ 107ਵਾਂ ਦਰਜਾ ਮਿਲਿਆ ਹੈ, ਭਾਵ, ਕੇਵਲ 15 ਦੇਸ਼ ਹੀ ਸਾਥੋਂ ਪਿੱਛੇ ਹਨ। ਮਤਲਬ ਭੁੱਖ ਅਤੇ ਪੌਸ਼ਟਿਕਤਾ ਦੇ ਪੱਖ ਤੋਂ ਭਾਰਤ ਦੀ ਹਾਲਤ ਫਿਕਰ ਵਾਲੀ ਹੈ ਜਿੱਥੇ 22 ਕਰੋੜ ਲੋਕ ਭੁੱਖਮਰੀ ਅਤੇ ਕੁਪੋਸ਼ਣ ਦਾ ਸ਼ਿਕਾਰ ਹਨ। ਦੱਖਣੀ ਏਸ਼ੀਆ ਦੇ ਗੁਆਂਢੀ ਦੇਸ਼ਾਂ ਵਿਚੋਂ ਭਾਰਤ ਦੀ ਹਾਲਤ ਅਫ਼ਗਾਨਿਸਤਾਨ ਨੂੰ ਛੱਡ ਕੇ (ਜਿਹੜਾ 109ਵੇਂ ਸਥਾਨ 'ਤੇ ਹੈ), ਸਭ ਤੋਂ ਮਾੜੀ ਹੈ। ਪਾਕਿਸਤਾਨ 99ਵੇਂ, ਬੰਗਲਾਦੇਸ਼ 84, ਨੇਪਾਲ 81 ਅਤੇ ਸ੍ਰੀਲੰਕਾ 64ਵੇਂ ਸਥਾਨ 'ਤੇ ਹੁੰਦੇ ਹੋਏ ਆਰਥਿਕ ਕਾਰਗੁਜ਼ਾਰੀ ਵਿਚ ਸਾਡੇ ਨਾਲੋਂ ਬਿਹਤਰ ਹਨ। ਪਿਛਲੇ ਸਾਲ ਦੀ ਰਿਪੋਰਟ ਅਨੁਸਾਰ ਭਾਰਤ 116 ਦੇਸ਼ਾਂ ਵਿਚੋਂ 101ਵੇਂ ਅਤੇ ਉਸ ਤੋਂ ਪਹਿਲਾਂ 2020 ਵਿਚ 107 ਦੇਸ਼ਾਂ ਵਿਚੋਂ 94ਵੇਂ ਸਥਾਨ 'ਤੇ ਸੀ, ਭਾਵ, ਭਾਰਤ ਦਾ ਲਗਾਤਾਰ ਨਿਘਾਰ ਵੱਲ ਰੁਝਾਨ ਹੈ। ਨੈਸ਼ਨਲ ਫੈਮਿਲੀ ਹੈਲਥ ਸਰਵੇ-5 ਅਨੁਸਾਰ, ਹਰ 3 ਬੱਚਿਆਂ ਪਿੱਛੇ ਇਕ ਬੱਚਾ ਕੱਦ ਵਿਚ ਛੋਟਾ ਪੈਦਾ ਹੋ ਰਿਹਾ ਹੈ, ਜਨਮ ਮੌਕੇ 18% ਬੱਚਿਆਂ ਦਾ ਭਾਰ ਔਸਤਨ ਭਾਰ (ਢਾਈ ਕਿਲੋ) ਤੋਂ ਘੱਟ ਹੈ। ਗਰੀਬ ਪਰਿਵਾਰਾਂ ਵਿਚ ਪੈਦਾ ਹੋਣ ਵਾਲੇ ਬਹੁਤੇ ਬੱਚੇ ਭੁੱਖ ਅਤੇ ਢੁਕਵੀਆਂ ਸਿਹਤ ਸੇਵਾਵਾਂ ਨਾ ਮਿਲਣ ਕਾਰਨ 5 ਸਾਲ ਦੀ ਉਮਰ ਤੋਂ ਪਹਿਲਾਂ ਹੀ ਫੌਤ ਹੋ ਜਾਂਦੇ ਹਨ।

ਇਸ ਵਰਤਾਰੇ ਦਾ ਕੀ ਕਾਰਨ ਹੈ ? ਜ਼ਾਹਿਰ ਹੈ ਕਿ ਬੱਚਿਆਂ ਦੇ ਨਾਲ ਨਾਲ ਗਰਭਵਤੀ ਮਾਵਾਂ ਵੀ ਕੁਪੋਸ਼ਣ ਦਾ ਸ਼ਿਕਾਰ ਹਨ। ਸਮਾਜਿਕ ਪੱਖਪਾਤ ਅਤੇ ਵਿਤਕਰਾ ਇੱਥੇ ਵੀ ਭਾਰੂ ਹੈ। ਗਰਭ ਦੌਰਾਨ ਸਿਹਤ ਨਾਲ ਸਬੰਧਿਤ ਤੱਤ/ਮਿਸ਼ਰਨ ਠੀਕ ਮਾਤਰਾ ਵਿਚ ਨਹੀਂ ਮਿਲ ਰਹੇ। ਲੋਹ ਤੱਤ, ਜ਼ਿੰਕ, ਅਤੇ ਅਇਓਡੀਨ ਨਿਸ਼ਚਿਤ ਮਾਤਰਾ ਵਿਚ ਉਪਲਬਧ ਨਹੀਂ ਜਾਂ ਬਹੁਤ ਘੱਟ ਹਨ। ਪੌਸ਼ਟਿਕ ਆਹਾਰ ਜ਼ਰੂਰਤ ਨਾਲ਼ੋਂ ਕਿਤੇ ਘੱਟ ਮਿਲਦਾ ਹੈ। ਇਸ ਹਾਲਤ ਵਿਚ ਪੇਟ ਵਿਚ ਪਲ ਰਹੇ ਬੱਚੇ ਦਾ ਪੂਰਨ ਵਿਕਾਸ ਨਹੀਂ ਹੁੰਦਾ। ਸਾਡੇ ਸਮਾਜ ਵਿਚ ਗਰਭਵਤੀ ਔਰਤ ਵੱਲ ਪੱਛਮੀ ਮੁਲਕਾਂ ਵਾਂਗ ਕੋਈ ਖਾਸ ਤਵੱਜੋ ਨਹੀਂ ਦਿੱਤੀ ਜਾਂਦੀ, ਜਿਵੇਂ ਉਸ ਦੀ ਸਿਹਤ ਦਾ ਧਿਆਨ ਰੱਖਣਾ, ਲੋੜੀਂਦਾ ਆਰਾਮ, ਸੌਣਾ, ਸਮੇਂ ਸਿਰ ਭਰਪੂਰ ਭੋਜਨ ਆਦਿ। ਸਭ ਤੋਂ ਜ਼ਰੂਰੀ ਹੈ, ਉਹ ਮਾਨਸਿਕ ਤੌਰ 'ਤੇ ਸ਼ਾਂਤ ਅਤੇ ਖ਼ੁਸ਼ ਰਹੇ। ਉਹ ਨਵੇਂ ਜੀਵ ਨੂੰ ਪਰਿਵਾਰ ਵਿਚ ਲਿਆਉਣ ਦੇ ਅਮਲ ਵਿਚ ਹੁੰਦੀ ਹੈ ਪਰ ਆਮ ਪਰਿਵਾਰਾਂ ਵਿਚ ਉਸ ਨੂੰ ਕੁਦਰਤ ਦਾ ਮਿਲਿਆ ਇਹ ਅਧਿਕਾਰ ਮਾਣਨ ਦਾ ਮੌਕਾ ਦੇ ਬਰਾਬਰ ਹੀ ਮਿਲਦਾ ਹੈ। ਇਹੀ ਕਾਰਨ ਹਨ ਕਿ ਪੈਦਾ ਹੋਣ ਤੋਂ ਬਾਅਦ ਬੱਚੇ ਵਿਚ ਕਈ ਪ੍ਰਕਾਰ ਦੀਆਂ ਖ਼ਾਮੀਆਂ ਹੋ ਜਾਂਦੀਆਂ ਹਨ, ਜਿਵੇਂ ਉਮਰ ਅਨੁਸਾਰ ਕੱਦ ਘੱਟ ਵਧਣਾ, ਕੱਦ ਅਨੁਸਾਰ ਘੱਟ ਭਾਰ ਹੋਣਾ ਜਾਂ ਦਿਮਾਗ ਦਾ ਪੂਰਨ ਵਿਕਾਸ ਨਾ ਹੋਣਾ। ਭੁੱਖ ਨਾਲ ਸਬੰਧਿਤ ਇਹ ਅੰਕੜੇ ਬਹੁ-ਪੱਖਾਂ ਵੱਲ ਸੰਕੇਤ ਕਰਦੇ ਹਨ। ਪੋਸ਼ਣ/ਕੁਪੋਸ਼ਣ ਤੋਂ ਭਾਵ ਢਿੱਡ ਦੇ ਘੱਟ ਜਾਂ ਵੱਧ ਭਰਨ ਜਾਂ ਖਾਲੀ ਰਹਿਣ ਤੋਂ ਨਹੀਂ, ਖਾਧੀਆਂ ਪੀਤੀਆਂ ਕੈਲੋਰੀਆਂ ਹਨ ਜਿਹੜੀਆਂ ਸਰੀਰਕ ਵਿਕਾਸ ਵਾਸਤੇ ਜ਼ਰੂਰੀ ਹਨ।

> *ਪਿਛਲੇ ਸਾਲ ਦੀ ਰਿਪੋਰਟ ਅਨੁਸਾਰ ਭਾਰਤ 116 ਦੇਸ਼ਾਂ ਵਿਚੋਂ 101ਵੇਂ ਅਤੇ ਉਸ ਤੋਂ ਪਹਿਲਾਂ 2020 ਵਿਚ 107 ਦੇਸ਼ਾਂ ਵਿਚੋਂ 94ਵੇਂ ਸਥਾਨ 'ਤੇ ਸੀ, ਭਾਵ, ਭਾਰਤ ਦਾ ਲਗਾਤਾਰ ਨਿਘਾਰ ਵੱਲ ਰੁਝਾਨ ਹੈ। ਨੈਸ਼ਨਲ ਫੈਮਿਲੀ ਹੈਲਥ ਸਰਵੇ-5 ਅਨੁਸਾਰ, ਹਰ 3 ਬੱਚਿਆਂ ਪਿੱਛੇ ਇਕ ਬੱਚਾ ਕੱਦ ਵਿਚ ਛੋਟਾ ਪੈਦਾ ਹੋ ਰਿਹਾ ਹੈ, ਜਨਮ ਮੌਕੇ 18% ਬੱਚਿਆਂ ਦਾ ਭਾਰ ਔਸਤਨ ਭਾਰ (ਢਾਈ ਕਿਲੋ) ਤੋਂ ਘੱਟ ਹੈ। ਗਰੀਬ ਪਰਿਵਾਰਾਂ ਵਿਚ ਪੈਦਾ ਹੋਣ ਵਾਲੇ ਬਹੁਤੇ ਬੱਚੇ ਭੁੱਖ ਅਤੇ ਢੁਕਵੀਆਂ ਸਿਹਤ ਸੇਵਾਵਾਂ ਨਾ ਮਿਲਣ ਕਾਰਨ 5 ਸਾਲ ਦੀ ਉਮਰ ਤੋਂ ਪਹਿਲਾਂ ਹੀ ਫੌਤ ਹੋ ਜਾਂਦੇ ਹਨ।*

ਅੰਕੜਿਆਂ ਦੇ ਅਧਿਐਨ ਤੋਂ ਭਾਰਤ ਦੀ ਹਾਲਤ ਬਹੁਤ ਨਿਰਾਸ਼ਾਜਨਕ ਨਜ਼ਰ ਆਉਂਦੀ ਹੈ। ਇਕ ਪਾਸੇ ਅਸੀਂ ਵਿਕਸਤ ਦੇਸ਼ਾਂ ਦੀ ਅਰਥ ਵਿਵਸਥਾ ਨਾਲ ਮੁਕਾਬਲੇ ਦੇ ਦਾਅਵੇ ਕਰਦੇ ਹੋਏ ਪੰਜ ਟ੍ਰਿਲੀਅਨ ਦੀ ਅਰਥ ਵਿਵਸਥਾ ਬਣਨ ਦੇ ਸੁਪਨੇ ਲੈ ਰਹੇ ਹਾਂ, ਦੂਜੇ ਪਾਸੇ ਸਮਾਜਿਕ ਵਿਕਾਸ ਤੇ ਸਿਹਤ ਪੱਖੋਂ ਹਾਲਤ ਦੱਖਣ-ਪੂਰਬੀ ਏਸ਼ੀਆ ਦੇ ਗੁਆਂਢੀ ਦੇਸ਼ਾਂ ਨਾਲ਼ੋਂ ਕਿਤੇ ਬਦਤਰ ਹੈ। ਦੇਸ਼ ਦੇ ਆਰਥਿਕ ਤੇ ਸਮਾਜਿਕ ਵਿਕਾਸ ਨਾਲੋ-ਨਾਲ ਚੱਲਦੇ ਹਨ। ਆਰਥਿਕ ਵਿਕਾਸ ਕੇਵਲ ਕੁਲ ਘਰੇਲੂ ਉਤਪਾਦ ਦੇ ਵਾਧੇ ਦੀ ਦਰ ਨਾਲ ਹੀ ਨਹੀਂ ਮਾਪਿਆ ਜਾਂਦਾ। ਸੰਸਾਰ ਪੱਧਰ 'ਤੇ ਮੁਕਾਬਲੇ ਵਾਸਤੇ ਸਮੁੱਚੇ ਮਨੁੱਖੀ ਵਿਕਾਸ ਅਤੇ ਇਸ ਦੇ ਵਖੋ-ਵੱਖ ਪੈਮਾਨਿਆਂ ਦੀ ਜਾਣਕਾਰੀ ਵੀ ਜ਼ਰੂਰੀ ਹੈ। ਮਹਿਬੂਬ-ਉੱਲ-ਹੱਕ ਨੇ 1995 ਵਿਚ ਮਨੁੱਖੀ ਵਿਕਾਸ ਸੂਚਕ ਅੰਕ (ਐੱਚਡੀਆਈ) ਦੀ ਵਰਤੋਂ ਕੀਤੀ ਜਿਸ ਵਿਚ ਆਮਦਨ, ਸਿਹਤ ਅਤੇ ਸਿੱਖਿਆ ਦੇ ਵੱਖੋ-ਵੱਖ ਪੈਮਾਨਿਆਂ ਦੀ ਸਹਾਇਤਾ ਨਾਲ ਮਨੁੱਖੀ ਵਿਕਾਸ ਅਨੁਸਾਰ ਦਰਜਾਬੰਦੀ ਕੀਤੀ ਗਈ। ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ (ਯੂਐੱਨਡੀਪੀ) ਦੁਆਰਾ ਅੱਜ ਕੱਲ੍ਹ ਇਹ



ਰਿਪੋਰਟ ਤਿਆਰ ਕੀਤੀ ਜਾਂਦੀ ਹੈ। ਐੱਚਡੀਆਈ ਦੀ 2021-22 ਦੀ ਰਿਪੋਰਟ ਅਨੁਸਾਰ ਕੁਲ 191 ਦੇਸ਼ਾਂ ਵਿਚੋਂ ਭਾਰਤ ਦਾ ਸਥਾਨ 132ਵਾਂ ਹੈ। ਗਲੋਬਲ ਹੰਗਰ ਇੰਡੈਕਸ (ਜੀਐੱਚਆਈ) ਵਿਚ ਚਾਰ ਮੁੱਦੇ ਲਏ ਜਾਂਦੇ ਹਨ। ਕੁਪੋਸ਼ਣ, ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦਾ ਕੱਦ-ਕਾਠ, ਉਨ੍ਹਾਂ ਬੱਚਿਆਂ ਦਾ ਕੱਦ ਅਨੁਸਾਰ ਭਾਰ ਅਤੇ ਪੰਜ ਸਾਲ ਦੀ ਉਮਰ ਤੋਂ ਪਹਿਲਾਂ ਹੋਣ ਵਾਲੀ ਮੌਤ ਦੀ ਦਰ। ਸਭ ਤੋਂ ਪਹਿਲਾਂ ਦੇਖਿਆ ਜਾਂਦਾ ਹੈ ਕਿ ਬੱਚਿਆਂ ਨੂੰ ਲੋੜੀਂਦੀ ਮਾਤਰਾ ਵਿਚ ਭੋਜਨ ਮਿਲ ਰਿਹਾ ਹੈ ? ਦੂਜਾ, ਕੀ ਇਹ ਭੋਜਨ ਕੇਵਲ ਢਿੱਡ ਭਰਨ ਵਾਸਤੇ ਹੈ ਜਾਂ ਇਸ ਵਿਚ ਪੌਸ਼ਟਿਕ ਤੱਤ ਵੀ ਹਨ ? ਕੀ ਖ਼ੁਰਾਕ ਵਿਚ ਸਹੀ ਮਾਤਰਾ ਵਿਚ ਪ੍ਰੋਟੀਨ, ਘਿਓ ਤੇ ਹੋਰ ਜ਼ਰੂਰੀ ਪਦਾਰਥ ਮੌਜੂਦ ਹਨ ਜਿਨ੍ਹਾਂ ਤੋਂ ਬੱਚੇ ਨੂੰ ਲੋੜੀਂਦੀਆਂ ਕੈਲੋਰੀਆਂ ਮਿਲ ਸਕਣ ? ਇਹ ਸਾਰਾ ਕੁਝ ਬੱਚੇ ਦੀ ਉਮਰ ਅਨੁਸਾਰ ਉਸ ਦੇ ਕੱਦ-ਕਾਠ ਨੂੰ ਪ੍ਰਭਾਵਿਤ ਕਰਦਾ ਹੈ। ਪੌਸ਼ਟਿਕ ਭੋਜਨ ਬੱਚੇ ਦੇ ਕੱਦ ਅਨੁਸਾਰ ਭਾਰ ਨੂੰ ਵੀ ਨਿਸ਼ਚਿਤ ਕਰਦਾ ਹੈ। ਜੇ ਬੱਚੇ ਦੀ ਖ਼ੁਰਾਕ ਸਹੀ ਮਾਤਰਾ ਵਿਚ ਤੇ ਪੌਸ਼ਟਿਕ ਹੈ ਤਾਂ ਨਿਸ਼ਚੇ ਹੀ ਬੱਚਾ ਸਿਹਤਮੰਦ ਹੋਵੇਗਾ, ਉਹ ਲੰਮੀ ਉਮਰ ਜਿਊਣ ਦੇ ਕਾਬਲ ਹੋ ਜਾਂਦਾ ਹੈ। ਇਸ ਦੇ ਨਾਲ ਨਾਲ ਜੇ ਬੱਚੇ ਨੂੰ ਮਿਆਰੀ ਸਿੱਖਿਆ ਮਿਲਦੀ ਹੈ ਤਾਂ ਇਹ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਨਿਬੜਦੀ ਹੈ। ਅਰਥ ਸ਼ਾਸਤਰੀ ਇਸ ਨੂੰ ਮਨੁੱਖੀ ਪੂੰਜੀ (ਹਿਊਮਨ ਕੈਪੀਟਲ) ਕਹਿੰਦੇ ਹਨ ਪਰ ਗਰੀਬ ਪਰਿਵਾਰਾਂ ਦੇ ਹਾਲਾਤ ਸੁਖਾਵੇਂ ਨਹੀਂ। ਗਰੀਬੀ ਕਾਰਨ ਮਾੜੀ ਖ਼ੁਰਾਕ, ਮਾੜੀ ਸਿਹਤ, ਦੂਸ਼ਤ ਵਾਤਾਵਰਨ, ਬਿਮਾਰੀ ਤੇ ਬਿਮਾਰੀ ਉੱਪਰ ਹੋਣ ਵਾਲਾ ਵਾਧੂ ਖ਼ਰਚਾ ਤੇ ਫੇਰ ਗਰੀਬੀ...। ਭਾਰਤ ਦੀ 29-30% ਅਬਾਦੀ ਇਸ ਘੋਰ ਗਰੀਬੀ, ਮਾੜੀ ਖ਼ੁਰਾਕ, ਮਾੜੀ ਸਿਹਤ ਤੇ ਗਰੀਬੀ ਦੇ ਕੁਚੱਕਰ ਵਿਚ ਫਸੀ ਹੋਈ ਹੈ।

ਮਨੁੱਖੀ ਵਿਕਾਸ ਸੂਚਕ ਅੰਕ ਅਨੁਸਾਰ 132ਵੇਂ ਸਥਾਨ 'ਤੇ ਹੋਣ ਦਾ ਭਾਵ ਹੈ, 131 ਦੇਸ਼ਾਂ ਦੇ ਲੋਕ ਸਾਡੇ ਨਾਲੋਂ ਵਧੇਰੇ ਖ਼ੁਸ਼ਹਾਲੀ ਵਾਲਾ ਜੀਵਨ ਜੀਅ ਰਹੇ ਹਨ। ਭੁੱਖ ਦੇ ਸੂਚਕ ਅੰਕਾਂ ਅਨੁਸਾਰ ਕੇਵਲ 14 ਦੇਸ਼ਾਂ ਦੀ ਹਾਲਤ ਸਾਡੇ ਨਾਲੋਂ ਮਾੜੀ ਹੈ ਜਿੱਥੇ ਲੋਕ ਦੋ ਵੇਲੇ ਦੀ ਰੋਟੀ ਦੇ ਵੀ ਮੁਥਾਜ ਹਨ। ਸੰਸਾਰ ਪੱਧਰ 'ਤੇ 828 ਮਿਲੀਅਨ ਵਿਚੋਂ 224.6 ਮਿਲੀਅਨ ਲੋਕ ਕੇਵਲ ਭਾਰਤ ਵਿਚ ਹਨ ਜਿਹੜੇ ਭੁੱਖ ਅਤੇ ਕੁਪੋਸ਼ਣ ਤੋਂ ਪੀੜਤ ਹਨ।

ਸਾਡੀ ਸਰਕਾਰ ਸੰਸਾਰ ਪੱਧਰ 'ਤੇ ਮਾਨਤਾ ਪ੍ਰਾਪਤ ਸੰਸਥਾਵਾਂ/ਅਧਿਐਨਾਂ ਦੁਆਰਾ ਜਾਰੀ ਤੱਥਾਂ ਨੂੰ ਮੰਨਣ ਲਈ ਤਿਆਰ ਨਹੀਂ ਅਤੇ ਇਹ ਕਹਿ ਕੇ ਸਚਾਈ ਤੋਂ ਮੂੰਹ ਮੋੜ ਰਹੀ ਹੈ ਕਿ ਕੁਝ ਕੁ ਤਾਕਤਾਂ/ਸਿਆਸੀ ਪਾਰਟੀਆਂ ਜਾਣ-ਬੁੱਝ ਕੇ ਮੌਜੂਦਾ ਸਰਕਾਰ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹ ਗਲੋਬਲ ਹੰਗਰ ਇੰਡੈਕਸ ਹੈ। ਦੁਨੀਆ ਦੇ 121 ਦੇਸ਼ਾਂ ਦੀ ਦਰਜਾਬੰਦੀ ਵੱਖੋ-ਵੱਖ ਤੈਅਸ਼ੁਦਾ ਪੈਮਾਨਿਆਂ ਰਾਹੀਂ ਕੀਤੀ ਗਈ ਹੈ। 2006 ਤੋਂ ਹਰ ਸਾਲ ਪ੍ਰਕਾਸ਼ਤ ਹੁੰਦੀ ਰਿਪੋਰਟ ਦੀ ਇਹ 17ਵੀਂ ਐਡੀਸ਼ਨ ਹੈ। ਤਰਕ ਦਿੱਤਾ ਜਾ ਰਿਹਾ ਹੈ ਕਿ ਬੱਚਿਆਂ ਦੀ ਮੌਤ ਦਰ 41 ਤੋਂ ਘਟ ਕੇ 35 ਪ੍ਰਤੀ 1000 ਹੋ ਗਈ ਹੈ, ਇਵੇਂ ਹੀ ਪੈਦਾਇਸ਼ੀ ਛੋਟੇ ਕੱਦ ਹੋਣ ਵਿਚ ਵੀ ਸੁਧਾਰ ਹੋਇਆ ਹੈ, ਇਸ ਦੇ ਨਾਲ ਹੀ ਕੌਮੀ ਭੋਜਨ ਸੁਰੱਖਿਆ ਐਕਟ-2013 ਤਹਿਤ ਲਗਭਗ ਦੋ-ਤਿਹਾਈ ਲੋਕਾਂ ਨੂੰ ਘੱਟ ਰੇਟ 'ਤੇ ਅਨਾਜ ਦਿੱਤਾ ਗਿਆ, ਕੋਵਿਡ-19 ਮਹਾਮਾਰੀ ਦੌਰਾਨ 80 ਕਰੋੜ ਤੋਂ ਵੱਧ ਲੋਕਾਂ ਨੂੰ ਅਨਾਜ ਸਮੱਗਰੀ ਵੰਡੀ ਗਈ, ਪ੍ਰਧਾਨ ਮੰਤਰੀ ਮਾਤਰ ਵੰਦਨਾ ਯੋਜਨਾ ਤਹਿਤ ਔਰਤਾਂ ਦੇ ਬੈਂਕ ਖਾਤਿਆਂ ਵਿਚ ਰਾਸ਼ੀ ਭੇਜੀ ਗਈ ਆਦਿ, ਪਰ ਔਰਤਾਂ ਦੇ ਬੈਂਕ ਖਾਤਿਆਂ ਵਿਚ ਗਈ ਰਾਸ਼ੀ ਭਾਵੇਂ ਗੈਸ ਸਬਸਿਡੀ ਦੀ ਹੋਵੇ ਤੇ ਭਾਵੇਂ ਪੌਸ਼ਟਿਕ ਆਹਾਰ ਦੀ, ਇਸ ਪੈਸੇ ਦੀ ਵਰਤੋਂ ਘਰ ਵਿਚ ਕਿਵੇਂ ਹੁੰਦੀ ਹੈ, ਕੌਣ ਜਾਣਦਾ ਹੈ ? ਇਸ ਬਾਰੇ ਸਾਡੇ ਮਰਦ ਪ੍ਰਧਾਨ ਸਮਾਜ ਵਿਚ ਕੋਈ ਦੋ ਰਾਵਾਂ ਨਹੀਂ ਹਨ। ਸਾਧਾਰਨ ਹਾਲਾਤ ਵਿਚ ਵੀ ਘਰ ਦੀ ਸੁਆਣੀ ਪਹਿਲਾਂ ਆਪਣੇ ਪਤੀ ਅਤੇ ਬੱਚਿਆਂ ਲਈ ਖਾਣਾ ਪਰੋਸਦੀ ਹੈ, ਰਸੋਈ ਦੇ ਸਾਰੇ ਕੰਮ ਸਮੇਟ ਕੇ ਬਾਅਦ ਵਿਚ ਆਪ ਰੋਟੀ ਖਾਂਦੀ ਹੈ। ਮਰਦਾਂ ਦੇ ਮੁਕਾਬਲੇ ਔਰਤਾਂ ਵਿਚ ਖ਼ੂਨ ਦੀ ਕਮੀ ਦੀ ਸ਼ਿਕਾਇਤ ਵਧੇਰੇ ਹੈ। ਨੈਸ਼ਨਲ ਫੈਮਿਲੀ ਹੈਲਥ ਸਰਵੇ ਅਨੁਸਾਰ ਭਾਰਤ ਵਿਚ 52% ਔਰਤਾਂ ਖ਼ੂਨ ਦੀ ਕਮੀ ਦੀਆਂ ਸ਼ਿਕਾਰ ਹਨ। ਸਮੁੱਚੀ ਸਿਹਤ ਵਿਵਸਥਾ ਵਿਚ ਪਹਿਲਾਂ ਨਾਲੋਂ ਨਿਘਾਰ ਆਇਆ ਹੈ। ਮਾਸਾਹਾਰੀ ਖ਼ੁਰਾਕ ਆਮ ਤੌਰ 'ਤੇ ਮਰਦਾਂ ਨੂੰ ਹੀ ਦਿੱਤੀ ਜਾਂਦੀ ਹੈ। ਕੁਝ ਪੜ੍ਹੇ-ਲਿਖੇ ਪਰਿਵਾਰਾਂ ਵਿਚ ਇਹ ਰੁਝਾਨ ਭਾਵੇਂ ਘਟ ਰਿਹਾ ਹੈ ਪਰ ਮੱਧ ਵਰਗ ਅਤੇ ਗਰੀਬ ਤਬਕੇ ਅਜੇ ਵੀ ਮਰਦ ਪ੍ਰਧਾਨ ਸਮਾਜ ਦੇ ਨਾ-ਬਰਾਬਰੀ ਵਾਲੇ ਸੰਸਕਾਰਾਂ ਹੇਠਾਂ ਦੱਬੇ ਹੋਏ ਹਨ।

ਇਸ ਲਈ ਜ਼ਰੂਰਤਮੰਦ ਲੋਕਾਂ ਤੱਕ ਲੋੜੀਂਦੀ ਮਾਤਰਾ ਵਿਚ ਪੌਸ਼ਟਿਕ ਭੋਜਨ ਪਹੁੰਚਾਉਣ ਵਾਸਤੇ ਅਨਾਜ ਅਤੇ ਹੋਰ ਖਾਧ ਪਦਾਰਥਾਂ ਦੀ ਸਰਕਾਰੀ ਵੰਡ ਪ੍ਰਣਾਲੀ ਨੂੰ ਮਜ਼ਬੂਤ ਕਰਨਾ ਪਵੇਗਾ। ਸਰਕਾਰੀ ਡਿਪੂਆਂ 'ਤੇ ਲੋੜੀਂਦੀ ਸਮੱਗਰੀ ਦਾ ਮਿਆਰੀ ਹੋਣਾ ਅਤੇ ਵਾਜਿਬ ਰੇਟ 'ਤੇ ਮਿਲਣਾ ਯਕੀਨੀ ਬਣਾਉਣਾ ਪਵੇਗਾ। ਅਨਾਜ, ਤੇਲ, ਦਾਲਾਂ ਤੇ ਖੇਤੀ ਨਾਲ ਸਬੰਧਿਤ ਹੋਰ ਖਾਧ ਪਦਾਰਥਾਂ ਦੀ ਖਰੀਦੋ-ਫਰੋਖਤ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿਚ ਸੌਂਪਣ ਦੀ ਬਜਾਏ ਕਿਸਾਨਾਂ ਦੀਆਂ ਕੋਆਪਰੇਟਿਵ ਸੁਸਾਇਟੀਆਂ ਜਾਂ ਸਰਕਾਰੀ ਮੰਡੀਆਂ ਦੁਆਰਾ ਹੋਣੀ ਚਾਹੀਦੀ ਹੈ। ਘਰ ਘਰ ਭੋਜਨ ਯਕੀਨੀ ਬਣਾਉਣ ਲਈ ਘਰ ਘਰ ਰੁਜ਼ਗਾਰ ਨਿਸ਼ਚੇ ਹੀ ਕਾਰਗਰ ਸਾਬਤ ਹੋ ਸਕਦਾ ਹੈ। ਕੋਵਿਡ-19 ਤੋਂ ਬਾਅਦ ਰੁਜ਼ਗਾਰ ਵਿਚ ਲਗਾਤਾਰ ਆ ਰਹੀ ਗਿਰਾਵਟ ਨੂੰ ਠੱਲ੍ਹ ਪਾਉਣ ਲਈ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਨੇ, ਮਹਿੰਗਾਈ ਕਾਰਨ ਆਮਦਨ ਵਿਚ ਵਧ ਰਹੀ ਨਾ-ਬਰਾਬਰੀ ਰੋਕਣ ਵਾਸਤੇ ਠੋਸ ਮੁਦਰਾ ਨੀਤੀ ਅਤੇ ਸਮੁੱਚੀ ਸਿਹਤ ਵਿਵਸਥਾ ਲਈ ਮੈਡੀਕਲ ਤੇ ਸਿਹਤ ਸੇਵਾਵਾਂ ਦੇ ਬਜਟ ਵਿਚ ਵਾਧਾ ਕਰਨਾ ਪਵੇਗਾ। ਗਰਭਵਤੀ (ਗਰੀਬ) ਔਰਤਾਂ ਵਾਸਤੇ ਪੌਸ਼ਟਿਕ ਭੋਜਨ ਅਤੇ ਹੋਰ ਸਿਹਤ ਸਮੱਗਰੀ ਮੁਹੱਈਆ ਕਰਵਾਉਣਾ, ਆਂਗਨਵਾੜੀ ਸੰਸਥਾਵਾਂ ਮਜ਼ਬੂਤ ਕਰਨਾ, ਇੱਥੇ ਕੰਮ ਕਰਦੀਆਂ ਔਰਤਾਂ ਦੀਆਂ ਸਮੇਂ ਅਨੁਸਾਰ ਤਨਖਾਹਾਂ ਵਿਚ ਵਾਧਾ ਕਰਨਾ ਵੀ ਇਸੇ ਲੜੀ ਦਾ ਹਿੱਸਾ ਹਨ। ਗਰਭਵਤੀ ਔਰਤਾਂ ਦਾ ਸਮੇਂ ਸਮੇਂ ਡਾਕਟਰੀ ਮੁਆਇਨਾ ਵੀ ਜ਼ਰੂਰੀ ਹੈ ਤਾਂ ਕਿ ਦਿਮਾਗੀ ਤੌਰ 'ਤੇ ਸਿਹਤਮੰਦ, ਤੰਦਰੁਸਤ ਬੱਚੇ ਪੈਦਾ ਹੋਣ। ਭੁੱਖ ਅਤੇ ਕੁਪੋਸ਼ਣ ਦੀ ਸਮੱਸਿਆ ਨੂੰ ਸਵੀਕਾਰਦੇ ਹੋਏ ਢੁੱਕਵੀਂ ਨੀਤੀ ਬਣਾਉਣ ਅਤੇ ਸਹੀ ਅਰਥਾਂ ਵਿਚ ਲਾਗੂ ਕਰਨ ਦੀ ਜ਼ਰੂਰਤ ਹੈ।



# ਅਜਾਮਲ ਪਾਪੀ ਦੀ ਸੰਪੂਰਨ ਸਾਖੀ



ਜ਼ੋਰਾਵਰ ਸਿੰਘ ਤਰਸਿੱਕਾ
ਕਿਸ਼ਤ ਪਹਿਲੀ

ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥ ਨਾਨਕ ਕਹਤ ਚੇਤ ਚਿੰਤਾਮਨਿ ਤੈ ਭੀ ਉਤਰਹਿ ਪਾਰਾ ॥

ਅਜਾਮਲੁ ਉਧਰਿਆ ਕਹਿ ਏਕ ਬਾਰ॥

ਅਜਾਮਲ ਪਾਪੀ ਦਾ ਨਾਮ ਗੁਰਬਾਣੀ ਵਿੱਚ ਵਾਰ ਵਾਰ ਆਉਂਦਾ ਹੈ।

ਅਜਾਮਲ ਇਕ ਵੱਡਾ ਪਾਪੀ ਉਸ ਸਮੇਂ ਵਿਚ ਮੰਨਿਆ ਗਿਆ ਸੀ। ਉਹ ਕਿਉਂ ਪਾਪੀ ਸੀ ? ਉਸ ਨੇ ਕੀ ਕਸੂਰ ਕੀਤਾ ਸੀ ? ਤਿਸ ਪ੍ਰਥਾਇ ਇਉਂ ਕਥਾ ਆਉਂਦੀ ਹੈ ।

ਅਜਾਮਲ ਇਕ ਰਾਜ-ਬ੍ਰਾਹਮਣ ਦਾ ਪੁੱਤਰ ਸੀ। ਉਸ ਦਾ ਬਾਪ ਰਾਜੇ ਕੋਲ ਪਰੋਹਤ ਵੀ ਸੀ ਤੇ ਵਜ਼ੀਰ ਵੀ ਬੜਾ ਅਕਲ ਵਾਲਾ ਸੀ। ਉਸਦੇ ਸਿਆਣੇ ਹੋਣ ਦੀ ਚਰਚਾ ਸਾਰੇ ਸੀ।

ਅਜਾਮਲ ਦੀ ਆਯੂ ਜਦੋਂ ਪੰਜ ਕੁ ਸਾਲ ਦੀ ਸੀ ਤਾਂ ਉਸ ਦੇ ਮਾਤਾ ਪਿਤਾ ਨੇ ਉਸ ਨੂੰ ਪੜ੍ਹਨੇ ਪਾ ਦਿੱਤਾ। ਉਹ ਜਿਸ ਗੁਰੂ ਕੋਲ ਪੜ੍ਹਨ ਲੱਗਾ ਉਹ ਵੀ ਬੜਾ ਸਿਆਣਾ ਸੀ। ਸਿਆਣੇ ਗੁਰੂ ਨੂੰ ਜਦੋਂ ਸਿਆਣਾ ਵਿਦਿਆਰਥੀ ਮਿਲ ਜਾਏ ਤਾਂ ਉਹ ਬਹੁਤ ਖੁਸ਼ ਹੁੰਦਾ ਹੈ। ਐਸੀ ਹੀ ਹਾਲਤ ਅਜਾਮਲ ਦੇ ਗੁਰੂ ਦੀ ਸੀ। ਉਸ ਨੇ ਦੇਖਿਆ, ਅਜਾਮਲ ਦੀ ਜ਼ਬਾਨ ਤੇ ਸੁਰਸਤੀ ਬੈਠ ਸੀ, ਜੋ ਸ਼ਬਦ ਉਹ ਪੜ੍ਹਦਾ ਜਾਂ ਸੁਣਦਾ ਉਹੋ ਕੰਠ ਕਰ ਲੈਂਦਾ।

ਉਸ ਦਾ ਗਲਾ ਰਸੀਲਾ ਸੀ, ਜਦੋਂ ਉਹ ਵੇਦ ਮੰਤਰ ਪੜ੍ਹਦਾ ਤਾਂ ਇਕ ਅਨੋਖਾ ਹੀ ਰੰਗ ਬਝ ਜਾਂਦਾ। ਬਹੁਤ ਸਿਆਣਾ ਨਿਕਲਿਆ। ਉਸ ਨੇ ਦਸਾਂ ਸਾਲਾਂ ਵਿਚ ਵੀਹ ਸਾਲ ਪੜ੍ਹਨ ਦੀ ਵਿਦਿਆ ਪੜ੍ਹ ਲਈ। ਉਸ ਦੀ ਵਿਦਵਤਾ ਦੀ ਪ੍ਰਸਿਧਤਾ ਹੋ ਗਈ। ਐਸੀ ਪ੍ਰਸਿਧਤਾ ਕਿ ਵਿਦਵਾਨ ਦਰਸ਼ਨ ਕਰਨ ਆਉਂਦੇ ਸਨ। ਇਕ ਦਿਨ ਅਜਾਮਲ ਦੇ ਸਿਆਣੇ ਗੁਰੂ ਨੇ ਆਖਿਆ- ਅਜਾਮਲ ਅਜੇ ਤੂੰ ਸ਼ਿਸ਼ ਹੈਂ।

ਹਾਂ ਗੁਰਦੇਵ, ਮੈਂ ਸ਼ਿਸ਼ ਹਾਂ-ਪਰ ਕਿੰਨਾ ਚਿਰ ਸ਼ਿਸ਼ ਰਹਾਂਗਾ ?

ਕੋਈ ਚਾਰ ਸਾਲ ਹੋਰ ਲਗਣੇ ਹਨ। ਚਾਰੋਂ ਵੇਦ ਤੇ ਉਪਨਿਸ਼ਦ ਸੰਪੂਰਨ ਹੋ ਜਾਂਣਗੇ।

ਜੋ ਆਗਿਆ ਗੁਰਦੇਵ।

ਉਸਦੇ ਵਿਦਿਆ ਗੁਰੂ ਨੇ ਉਹਦੇ ਵਲ ਦੇਖਿਆ। ਧਿਆਨ ਨਾਲ ਦੇਖ ਕੇ ਆਖਣ ਲੱਗਾ, ਅਜਾਮਲ ਜਦੋਂ ਮੇਰੇ ਵਲ ਆਵੇਂ ਜਾਂ ਆਪਣੇ ਘਰ ਨੂੰ ਜਾਵੇਂ ਨਗਰੀ ਤੋਂ ਬਾਹਰ ਬਾਹਰ ਆਇਆ ਜਾਇਆ ਕਰ। ਨਗਰੀ ਵਿਚ ਕਦੀ ਨਹੀਂ ਵੜਨਾ ਕਿਉਂਕਿ ਅਜੇ ਤੇਰੇ ਬਸਤਰ ਵਿਦਿਆਰਥੀ ਦੇ ਹਨ। ਗੁਰੂ ਆਗਿਆ ਦਾ ਪਾਲਣ ਕਰਨਾ ਹੋਏਗਾ। ਨਾ ਆਗਿਆ ਦਾ ਪਾਲਣ ਕਰੇਂਗਾ ਤਾਂ ਦੁਖ ਉਠਾਏਂਗਾ। ਸੁਖੀ ਉਹੋ ਰਹਿੰਦਾ ਹੈ ਜੋ ਗੁਰੂ ਦਾ ਹੁਕਮ ਮੰਨਦਾ ਹੈ। ਕਿਉਂਕਿ ਗੁਰੂ ਨੂੰ ਹਰ ਪ੍ਰਕਾਰ ਦੇ ਗਿਆਨ ਤੇ ਕਰਮ ਦਾ ਗਿਆਨ ਹੁੰਦਾ ਹੈ।

ਹੇ ਗੁਰਦੇਵ ਭਲਾ ਮੈਂ ਇਹ ਪੁਛ ਸਕਦਾ ਹੈਂ ਕਿ ਆਪ ਮੈਨੂੰ ਸ਼ਹਿਰ ਵਿਚ ਵੜਨੋਂ ਕਿਉਂ ਰੋਕਦੇ ਹੋ ? ਅਜਾਮਲ ਨੇ ਉੱਤਰ ਦਿੱਤਾ। ਉਸਦਾ ਉਤਰ ਸੁਣਕੇ ਗੁਰੂ ਚੁਪ ਕਰ ਰਿਹਾ ਸਿਰਫ ਇਹੋ ਕਿਹਾ ਬਸ ਨਗਰੀ ਤੋਂ ਬਾਹਰੋਂ ਬਾਹਰ ਆਇਆ ਕਰੋ। ਐਸਾ ਹੀ ਕਰਮ ਹੈ।

ਅਜਾਮਲ ਨੇ ਗੁਰੂ ਦੀ ਆਗਿਆ ਦਾ ਪਾਲਣ ਕੀਤਾ। ਉਹ ਸ਼ਹਿਰੋਂ ਬਾਹਰ ਹੀ ਬਾਹਰ ਆਉਂਦਾ ਤੇ ਜਾਂਦਾ, ਨਾ ਉਹ ਕਿਸੇ ਨਾਲ ਗਲ ਹੀ ਕਰਦਾ ਕਿ ਉਸ ਦੇ ਗੁਰੂ ਨੇ ਉਸਨੂੰ ਸ਼ਹਿਰ ਵੜਨੋਂ ਰੋਕਿਆ ਹੈ। ਏਸੇ ਤਰ੍ਹਾਂ ਕੁਝ ਸਾਲ ਬੀਤ ਗਏ। ਉਹ ਵਿਦਿਆ ਪੜ੍ਹਦਾ ਰਿਹਾ ਆਯੂ ਵੀਹ ਸਾਲ ਦੀ ਹੋ ਗਈ। ਦਰਸ਼ਨੀ ਜਵਾਨ ਨਿਕਲਿਆ। ਨੇਤਰਾਂ ਵਿਚ ਡੋਰੇ ਆਏ, ਵਿਦਿਆ ਸੰਪੂਰਨ ਹੋਣ ਵਾਲੀ ਸੀ ਓਸ ਦੇ ਪਿਛੋਂ ਗੁਰ-ਦੀਖਿਆ ਦੇ ਕੇ ਓਸ ਨੇ ਅਜ਼ਾਦ ਹੋ ਜਾਣਾ ਸੀ। ਪਰ ਇਕ ਦਿਨ ਉਸ ਦੇ ਆਪਣੇ ਮਨ ਨਾਲ ਝੇੜਾ ਹੋ ਪਿਆ ਉਸ ਨੇ ਕਿਹਾ ਗੁਰੂ ਆਗਿਆ ਦਾ ਉਲੰਘਣ ਕਰਕੇ ਨਗਰੀ ਦੇ ਵਿਚੋਂ ਦੀ ਜਾਣਾ ਹੀ ਠੀਕ ਹੈ। ਆਖਰ ਇਹ ਤਾਂ ਦੇਖਿਆ ਜਾਏ, ਗੁਰੂ ਰੋਕਦਾ ਕਿਉਂ ਹੈ ?

ਉਸਦੇ ਇਕ ਮਨ ਦੀ ਇਹ ਵੀ ਭਾਖਿਆ ਸੀ ਅਜਾਮਲ ਗੁਰੂ ਦੀ ਆਗਿਆ ਭੰਗ ਕਰਨੀ ਨਰਕ ਦਾ ਭਾਗੀ ਹੋਣਾ ਹੈ। ਦੁਖੀ ਹੋਏਂਗਾ।

ਦੇਖੀ ਜਾਏਗੀ ਅਜਾਮਲ ਨੇ ਦਿਲ ਤਕੜਾ ਕੀਤਾ ਤੇ ਉਹ ਵਿਦਿਆ ਗੁਰੂ ਕੋਲੋਂ ਉੱਠਕੇ ਉਸ ਰਸਤੇ ਨੂੰ ਛੱਡ ਤੁਰਿਆ ਜਿਸ ਰਸਤੇ ਆਇਆ ਜਾਇਆ ਕਰਦਾ ਸੀ ਤੇ ਅਣਡਿਠੇ ਰਸਤੇ ਸ਼ਹਿਰ ਵਿਚੋਂ ਦੀ ਹੋ ਤੁਰਿਆ।

ਅਜਾਮਲ ਦੇ ਗੁਰੂ ਨੇ ਉਸਨੂੰ ਇਸ ਕਰਕੇ ਸ਼ਹਿਰ ਦਾਖਲ ਹੋਣੋਂ ਰੋਕਿਆ ਸੀ ਕਿ ਸ਼ਹਿਰ ਵਿਚ ਮਾਇਆ ਦਾ ਪਸਾਰਾ ਸੀ। ਧਨ ਤੇ ਰੂਪ ਦੇ ਚਮਤਕਾਰ ਐਸੇ ਸਨ ਜਿਨ੍ਹਾਂ ਵਲ ਜਵਾਨ ਦਾ ਮਨ ਛੇਤੀ ਖਿੱਚਿਆ ਜਾਂਦਾ ਸੀ।

ਜਵਾਨ ਨੂੰ ਗਿਆਨ ਪੂਰਨ ਨਹੀਂ ਹੁੰਦਾ। ਗੁਰੂ ਦੇ ਆਸ਼ਰਮ ਤੋਂ ਅਗਲਾ ਦਰਵਾਜ਼ਾ ਸਾਰਾ ਹੀ ਵੇਸਵਾ ਨਗਰੀ ਸੀ। ਉਸ ਮਹੱਲੇ ਵਿਚ ਵੇਸਵਾਵਾਂ ਬੈਠਦੀਆਂ ਤੇ ਜਵਾਨ ਪੁਰਸ਼ਾਂ ਨੂੰ ਆਪਣੇ ਵੱਸ ਕਰਦੀਆਂ ਸਨ। ਐਸੀ ਹਵਾ ਤੋਂ ਬਚਾਉਣ ਵਾਸਤੇ ਗੁਰੂ ਨੇ ਅਜਾਮਲ ਨੂੰ ਰੋਕਿਆ ਸੀ।ਉਹ ਚਾਹੁੰਦਾ ਸੀ ਕਿ ਬਸ ਇਹ ਰਾਜ ਪੰਡਿਤ ਬਣ ਜਾਏ। ਜਦੋਂ ਵਿਆਹ ਹੋ ਗਿਆ ਤਾਂ ਮੁੜ ਨਹੀਂ ਖਿਚਿਆ ਜਾਏਗਾ। ਐਸਾ ਹੀ ਉਸਦਾ ਖਿਆਲ ਸੀ। ਕਿਉਂਕਿ ਗੁਰੂ ਵਾਸਤੇ ਚੇਲਾ ਪੁੱਤਰ ਸਮਾਨ ਹੁੰਦਾ ਹੈ. ਉਸ ਦਾ ਖਿਆਲ ਰਖਣਾ ਗੁਰੂ ਦਾ ਫਰਜ਼ ਤੇ ਧਰਮ ਹੈ।ਚੇਲੇ ਜਾਂ ਸ਼ਿਸ਼ ਦਾ ਵੀ ਧਰਮ ਹੈ ਕਿ ਉਹ ਗੁਰੂ ਦੀ ਸੇਵਾ ਕਰੇ। ਉਸਦੀ ਆਗਿਆ ਦਾ ਪਾਲਣ ਕਰੇ।

ਅਜਾਮਲ ਗੁਰੂ ਕੋਲੋਂ ਤੁਰਨ ਲੱਗਾ। ਗੁਰੂ ਨੇ ਯਾਦ ਕਰਾਇਆ ਅਜਾਮਲ ਸ਼ਹਿਰੋਂ ਬਾਹਰ ਜਾਈ।

ਬਹੁਤ ਚੰਗਾ ਗੁਰਦੇਵ ਆਖ ਕੇ ਅਜਾਮਲ ਤੁਰ ਪਿਆ, ਪਰ ਆਸ਼ਰਮ ਵਿਚੋਂ ਨਿਕਲ ਕੇ ਉਹ ਨਗਰੀ ਦੇ ਅੰਦਰਲੇ ਦਰਵਾਜ਼ੇ ਵਲ ਹੋ ਤੁਰਿਆ। ਉਹ ਜਿਉਂ ਹੀ ਦਰਵਾਜ਼ੇ ਦੇ ਅੰਦਰ ਹੋਇਆ, ਤਿਉਂ ਹੀ ਉਸ ਨਗਰੀ ਦੀ ਮਹਿਮਾ ਓਪਰੀ ਤੇ ਅਨੋਖੀ ਲੱਗੀ. ਰੰਗਾ-ਰੰਗ ਦੀ ਲੀਲ੍ਹਾ ਦੀ ਰੌਣਕ ਸੀ। ਸਭ ਤੋਂ ਵੱਧ ਗੱਲ ਇਹ ਸੀ ਕਿ ਸੁੰਦਰ ਨਾਰੀਆਂ ਹਾਵ ਭਾਵ ਕਰਦੀਆਂ ਹੋਈਆਂ ਏਧਰ ਉਧਰ ਫਿਰਦੀਆਂ, ਮਰਦਾਂ ਨਾਲ ਗੱਲਾਂ ਕਰਦੀਆਂ ਸਨ ਉਨ੍ਹਾਂ ਦੇ ਰੂਪ ਬਹੁਤ ਸੁੰਦਰ ਸਨ। ਨਰਗਸ ਵਰਗੇ ਨੈਣ ਸਨ। ਉਹਨਾਂ ਦੇ ਅਧ-ਨੰਗੇ ਤਨ ਗੁਲਾਬ ਦੀਆਂ ਪੱਤੀਆਂ ਵਾਂਗ ਲਿਸ਼ਕਦੇ ਸਨ। ਉਹ ਸੋਭਾ ਵਾਲੀਆਂ ਸਨ।

ਉਨ੍ਹਾਂ ਸੁੰਦਰ ਇਸਤਰੀਆਂ ਵਲ ਤੱਕਦਾ ਹੋਇਆ ਅਜਾਮਲ ਆਪਣੇ ਘਰ ਨੂੰ ਚਲਿਆ ਗਿਆ। ਘਰ ਜਾ ਕੇ ਉਹਦਾ ਮਨ ਪੜ੍ਹਨ ਤੇ ਪਾਠ ਕੰਠ ਕਰਨ ਵਲ ਨਾ ਲੱਗਾ। ਉਹ ਤਾਂ ਉਚਾਟ ਹੋ ਗਿਆ ਤੇ ਜੋ ਕੁਝ ਦੇਖਿਆ ਸੀ, ਉਹੋ ਹੀ ਸਾਹਮਣੇ ਘੁੱਮਣ ਲੱਗਾ। ਰਾਤ ਸੁੱਤਾ, ਨੀਂਦ ਆਈ, ਉਹ ਸੁਪਨੇ ਆਉਂਦੇ ਰਹੇ, ਅੱਖਾਂ ਵਿਚ ਨੀਂਦ ਰਹੀ, ਸਵੇਰੇ ਉਠਿਆ ਇਸ਼ਨਾਨ ਕੀਤਾ, ਜਦੋਂ ਗੁਰੂ ਕੋਲ ਪੁਜਾ ਤਾਂ ਗੁਰੂ ਨੇ ਉਸ ਦੀਆਂ ਅੱਖਾਂ ਲਾਲ ਦੇਖੀਆਂ ਅਜਾਮਲ ਰਾਤ ਸੁੱਤਾ ਨਹੀਂ ਕੀ ਗੱਲ ?

ਸੁਤਾ ਸਾਂ ਗੁਰਦੇਵ,

ਅੱਖਾਂ ਲਾਲ ਕਿਉਂ ਹਨ ਤੇ ਮਨ ਉਚਾਟ ?

ਪਤਾ ਨਹੀਂ ਗੁਰਦੇਵ,

ਨਗਰੀ ਤੋਂ ਬਾਹਰ ਬਾਹਰ ਗਿਆ ਸੀ ਤੇ ਬਾਹਰ ਬਾਹਰ ਆਇਆ ਸੀ ?

ਅਜਾਮਲ ਨੇ ਪਹਿਲਾਂ ਤਾਂ ਗੁਰੂ ਦੀ ਆਗਿਆ ਨੂੰ ਭੰਗ ਕੀਤਾ ਤੇ ਪਿਛੋਂ ਦੂਸਰੀ ਮਹਾਨ ਭੁਲ ਕੀਤੀ ਕਿ ਝੂਠ ਬੋਲ ਦਿੱਤਾ। ਉਸ ਨੇ ਝੂਠ ਬੋਲਦਿਆਂ ਹੋਇਆਂ ਕਿਹਾ ਗੁਰਦੇਵ ਬਾਹਰ ਬਾਹਰ ਗਿਆ ਸਾਂ ਝੂਠ ਬੋਲਿਆ। ਉਸਦੀ ਆਤਮਾ ਕੰਬੀ, ਪਰ ਝੂਠ ਬੋਲ ਬੈਠਾ।

ਉਸ ਦਿਨ ਪੜ੍ਹਨ ਵਿਚ ਮਨ ਨਾ ਲੱਗਾ ਦੋ ਦੋਸ਼ ਹੋ ਗਏ, ਉਨ੍ਹਾਂ ਦਾ ਵੀ ਨਿਰਮਲ ਮਨ ਤੇ ਭਾਰ ਪਿਆ। ਦੂਸਰਾ ਅੱਖਾਂ ਦੇ ਅੱਗੇ ਨਗਰੀ ਦੇ ਨਜ਼ਾਰੇ ਸਨ ਉਹ ਪਾਠ ਨੂੰ ਪੜ੍ਹਨ ਨਹੀਂ ਸਨ ਦਿੰਦੇ। ਜਿਵੇਂ ਕਿਵੇਂ ਉਸ ਨੇ ਸਮਾਂ ਬਤੀਤ ਕੀਤਾ। ਜਦੋਂ ਛੁਟੀ ਮਿਲੀ ਤਾਂ ਮੁੜ ਉਸ ਨਗਰੀ ਦੇ ਰਸਤੇ ਤੁਰ ਪਿਆ। ਉਸ ਨਗਰੀ ਦੀ ਵਾਸ਼ਨਾ ਭਰੀ ਮਹਿਮਾਂ ਦੇਖਦਾ ਰਿਹਾ। ਦੇਖਦਾ ਦੇਖਦੇ ਘਰ ਚਲਿਆ ਗਿਆ।

ਇਸ ਤਰ੍ਹਾਂ ਦਸ ਬਾਰਾ ਦਿਨ ਬਤਿਤ ਹੋ ਗਏ। ਉਹ ਜਾਂਦਾ ਰਿਹਾ ਤੇ ਆਉਂਦਾ ਰਿਹਾ। ਨਾਰੀ ਰੂਪ ਲੀਲ੍ਹਾ ਨੇ ਉਸ ਦੇ ਜਵਾਨ ਮਨ ਉਤੇ ਅਸਰ ਕਰ ਦਿੱਤਾ ਜਾਦੂ ਵਰਗਾ ਅਸਰ ਤੇ ਉਸਦਾ ਮਨ ਡੋਲਣ ਲੱਗਾ। ਜਦੋਂ ਮਨ ਡੋਲ ਜਾਏ ਤਾਂ ਬੰਦਾ ਛੇਤੀ ਸ਼ਿਕਾਰੀ ਬਣ ਜਾਂਦਾ ਹੈ। ਇਕ ਦਿਨ ਇਕ ਰੂਪ ਵਤੀ ਅਜੇ ਚੜ੍ਹਦੀ ਜਵਾਨੀ ਸੋਲ੍ਹਾਂ ਸਤਾਰਾਂ ਸਾਲ ਦੀ ਆਯੂ ਵਾਲੀ ਵੇਸਵਾ ਨੇ ਉਸ ਦੀ ਬਾਂਹ ਫੜ ਲਈ। ਉਸ ਨੂੰ ਜਾਲ ਵਿਚ ਫਸਾਕੇ ਪਾਪ ਕਰਮ ਵਲ ਲਾ ਲਿਆ। ਉਹ ਬਹੁਤ ਚਿਰ ਉਸ ਦੇ ਕੋਲ ਬੈਠਾ ਰਿਹਾ। ਭੋਗ-ਬਿਲਾਸ ਵਿਚ ਰੁਝ ਗਿਆ ਤੇ ਘਰ ਗਿਆ। ਘਰ ਹੋਰ ਦਾ ਹੋਰ ਲੱਗਾ,ਉਸ ਨੂੰ ਨੀਂਦ ਨਾ ਆਈ। ਸਵੇਰੇ ਵਿਦਿਆ ਪੜ੍ਹਨ ਵਾਸਤੇ ਗੁਰੂ ਆਸ਼ਰਮ ਵਿਚ ਵੇਲੇ ਸਿਰ ਨਾ ਅਪੜ ਸਕਿਆ।

ਪਹਿਲਾਂ ਅਜਾਮਲ ਨੇ ਦੋ ਦੋਸ਼ ਕੀਤੇ ਸਨ-ਇਕ ਗੁਰੂ ਦੀ ਆਗਿਆ ਦਾ ਭੰਗ ਕਰਨਾ ਤੇ ਦੂਜਾ ਝੂਠ ਬੋਲਣਾ ਉਸ ਨੇ ਦੋ ਪਾਪ ਕਰ ਦਿੱਤੇ ਇਕ ਜੁਠ ਖਾਣੀ ਤੇ ਪਰ ਨਾਰੀ ਗਮਨ ਕਰਨਾ। ਕਾਮ ਵਾਸ਼ਨਾ ਵਲ ਵੱਧ ਗਿਆ, ਵੇਸਵਾ ਦਾ ਜੂਠਾ ਭੋਜਨ ਉਸ ਨੇ ਖਾ ਲਿਆ।

(ਚਲਦਾ)



# ਸਰਕਾਰ-ਏ-ਖ਼ਾਲਸਾ ਦੀ ਗਰਮੀਆਂ ਦੀ ਰਾਜਧਾਨੀ

# ਅਦੀਨਾ ਨਗਰ

ਇੰਦਰਜੀਤ ਸਿੰਘ ਹਰਪੁਰਾ



ਜ਼ਿਲ੍ਹਾ ਗੁਰਦਾਸਪੁਰ ਦਾ ਸ਼ਹਿਰ ਦੀਨਾਨਗਰ ਤਵਾਰੀਖ ਵਿੱਚ ਅਹਿਮ ਸਥਾਨ ਰੱਖਦਾ ਹੈ। ਦੀਨਾਨਗਰ ਸ਼ਹਿਰ ਨੂੰ ਸਰਕਾਰ-ਏ-ਖਾਲਸਾ ਦੀ ਗਰਮੀਆਂ ਦੀ ਰਾਜਧਾਨੀ ਹੋਣ ਦਾ ਮਾਣ ਵੀ ਹਾਸਲ ਰਿਹਾ ਹੈ। ਕਰੀਬ ਤਿੰਨ ਸਦੀਆਂ ਨੂੰ ਢੁਕੇ ਇਸ ਸ਼ਹਿਰ ਨੇ ਆਪਣੀ ਬੁਨਿਆਦ ਤੋਂ ਹੁਣ ਤੱਕ ਕਈ ਉਤਰਾਅ-ਚੜ੍ਹਾਅ ਦੇਖੇ ਹਨ ਅਤੇ ਇਹ ਸ਼ਹਿਰ ਕਈ ਅਹਿਮ ਇਤਿਹਾਸਕ ਘਟਨਾਵਾਂ ਦਾ ਗਵਾਹ ਰਿਹਾ ਹੈ। ਸੰਨ 1716 ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਕਰੀਬ ਇੱਕ ਦਹਾਕੇ ਤੱਕ ਸਿੱਖ ਆਪਣੀ ਸ਼ਕਤੀ ਨੂੰ ਇਕੱਠਾ ਕਰਨ ਵਿੱਚ ਲੱਗੇ ਰਹੇ। ਇਸ ਦੌਰਾਨ ਪੰਜਾਬ ਦੀ ਸਿਆਸਤ ਵਿੱਚ ਸ਼ੇਖੂਪੁਰ ਜ਼ਿਲ੍ਹੇ ਦੇ ਪਿੰਡ ਸ਼ਾਰਕਪੁਰ ਦਾ ਇੱਕ ਅਰਾਈਂ ਮੁਸਲਮਾਨ ਅਦੀਨਾ ਬੇਗ ਪੰਜਾਬ ਦੀ ਰਾਜਨੀਤੀ ਵਿੱਚ ਉੱਭਰ ਕੇ ਸਾਹਮਣੇ ਆਇਆ। ਅਦੀਨਾ ਬੇਗ ਪਹਿਲਾਂ ਜਲੰਧਰ ਦੁਆਬ ਦਾ ਸੂਬੇਦਾਰ ਬਣਿਆ ਅਤੇ ਆਪਣੀ ਜ਼ਿੰਦਗੀ ਦੇ ਆਖਰੀ ਸਮੇਂ ਸੰਨ 1758 ਵਿੱਚ ਉਹ ਸਿੱਖਾਂ ਤੇ ਮਰਾਠਿਆਂ ਦੀ ਮਦਦ ਨਾਲ ਲਾਹੌਰ ਦੇ ਸੂਬੇਦਾਰ ਦੇ ਅਹੁਦੇ ਤੱਕ ਵੀ ਪਹੁੰਚਿਆ।

ਅਦੀਨਾ ਬੇਗ ਵੱਲੋਂ ਸੰਨ 1760 ਵਿੱਚ ਬਾਰੀ ਦੁਆਬ (ਮਾਝਾ) ਵਿੱਚ ਸ਼ਾਹ ਨਹਿਰ (ਹੰਸਲੀ) ਦੇ ਕੰਢੇ ਇੱਕ ਨਗਰ ਦੀ ਨੀਂਹ ਰੱਖੀ ਗਈ ਅਤੇ ਉਸ ਨਗਰ ਦਾ ਨਾਮ ਉਸ ਨੇ ਆਪਣੇ ਨਾਮ ’ਤੇ ਅਦੀਨਾ ਨਗਰ ਰੱਖਿਆ। ਅਦੀਨਾ ਬੇਗ ਨੇ ਇਸ ਸ਼ਹਿਰ ਵਿੱਚ ਇੱਕ ਵੱਡੀ ਫ਼ੌਜੀ ਛਾਉਣੀ ਬਣਾਈ।

ਅਦੀਨਾ ਬੇਗ ਨੇ ਜਦੋਂ ਅਦੀਨਾ ਨਗਰ ਸ਼ਹਿਰ ਦੀ ਸਥਾਪਨਾ ਕੀਤੀ ਤਾਂ ਇਸ ਸ਼ਹਿਰ ਨੂੰ ਕਿਲ੍ਹੇਬੰਦ ਕਰ ਕੇ ਇਸ ਦੇ ਦੁਆਲੇ ਮਜ਼ਬੂਤ ਦੀਵਾਰ (ਫਸੀਲ) ਬਣਾਈ। ਸ਼ਹਿਰ ਦੇ 6 ਦਰਵਾਜ਼ੇ ਬਣਾਏ ਗਏ, ਜਿਨ੍ਹਾਂ ਦੇ ਨਾਮ ਮਗਰਾਲੀ ਦਰਵਾਜ਼ਾ, ਮੜ੍ਹੀਆਂਵਾਲਾ ਦਰਵਾਜ਼ਾ (ਹੁਣ ਗਾਂਧੀ ਗੇਟ), ਅਵਾਂਖੀ ਦਰਵਾਜ਼ਾ (ਹੁਣ ਸੁਭਾਸ਼ ਗੇਟ), ਤਾਰਾਗੜ੍ਹੀ ਦਰਵਾਜ਼ਾ, ਪਨਿਆੜੀ ਦਰਵਾਜ਼ਾ ਅਤੇ ਆਵਿਆਂ ਵਾਲਾ ਦਰਵਾਜ਼ਾ (ਜਵਾਹਰ ਗੇਟ) ਸਨ।

ਜਦੋਂ ਸੰਨ 1758 ਵਿੱਚ ਅਦੀਨਾ ਬੇਗ ਲਾਹੌਰ ਦਾ ਸੂਬੇਦਾਰ ਬਣਿਆ ਤਾਂ ਉਸ ਨੇ ਲਾਹੌਰ ਦੀ ਥਾਂ ਬਟਾਲਾ ਸ਼ਹਿਰ ਨੂੰ ਆਪਣਾ ਹੈਡਕੁਆਟਰ (ਸਦਰ-ਮੁਕਾਮ) ਬਣਾਇਆ ਅਤੇ ਅਦੀਨਾ ਨਗਰ ਦੀ ਫ਼ੌਜੀ ਛਾਉਣੀ ਨੂੰ ਹੋਰ ਮਜ਼ਬੂਤ ਕੀਤਾ। ਅਦੀਨਾ ਬੇਗ ਨੂੰ ਅਦੀਨਾ ਨਗਰ ਨਾਲ ਖਾਸ ਲਗਾਅ ਸੀ ਅਤੇ ਉਹ ਅਕਸਰ ਹੀ ਇਸ ਸ਼ਹਿਰ ਆਉਂਦਾ-ਜਾਂਦਾ ਰਹਿੰਦਾ ਸੀ।

ਜਦੋਂ ਸਿੱਖ ਮਿਸਲਾਂ ਦਾ ਦੌਰ ਆਇਆ ਤਾਂ ਅਦੀਨਾ ਨਗਰ ਸ਼ਹਿਰ ਕਨ੍ਹੱਈਆ ਮਿਸਲ ਦੇ ਅਧੀਨ ਆ ਗਿਆ। ਸੰਨ 1811 ਵਿੱਚ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਕਨ੍ਹੱਈਆ ਮਿਸਲ ਦੇ ਇਲਾਕੇ ਅਦੀਨਾ ਨਗਰ ਸ਼ਹਿਰ ਨੂੰ ਆਪਣੇ ਰਾਜ ਵਿੱਚ ਮਿਲਾ ਲਿਆ। ਸਰਕਾਰ-ਏ-ਖ਼ਾਲਸਾ ਦੇ ਰਾਜ ਦੌਰਾਨ ਅਦੀਨਾ ਨਗਰ ਦੀ ਸ਼ਾਨ ਵਿੱਚ ਬਹੁਤ ਵਾਧਾ ਹੋਇਆ। ਮਹਾਰਾਜਾ ਰਣਜੀਤ ਸਿੰਘ ਨੂੰ ਅਦੀਨਾ ਨਗਰ ਸ਼ਹਿਰ ਅਤੇ ਇੱਥੋਂ ਦੇ ਬਾਗ ਤੇ ਵਾਤਾਵਰਨ ਇੰਨਾ ਖੂਬਸੂਰਤ ਲੱਗਾ ਕਿ ਉਨ੍ਹਾਂ ਨੇ ਇਸ ਸ਼ਹਿਰ ਨੂੰ ਸਰਕਾਰ-ਏ-ਖ਼ਾਲਸਾ ਦੀ ਗਰਮੀਆਂ ਦੀ ਰਾਜਧਾਨੀ ਬਣਾ ਲਿਆ।

ਸ਼ੇਰ-ਏ-ਪੰਜਾਬ ਨੇ ਅਦੀਨਾ ਨਗਰ ਦੇ ਚੜ੍ਹਦੇ ਪਾਸੇ ਹੰਸਲੀ (ਸ਼ਾਹ ਨਹਿਰ) ਦੇ ਕੰਢੇ ਇੱਕ ਖੂਬਸੂਰਤ ਬਾਰਾਂਦਰੀ ਤਾਮੀਰ ਕਰਵਾਈ। ਬਾਰਾਂਦਰੀ ਦੇ ਨਾਲ ਹੀ ਰਾਣੀਆਂ ਦਾ ਹਮਾਮ ਅਤੇ ਹੋਰ ਇਮਾਰਤਾਂ ਦਾ ਨਿਰਮਾਣ ਕਰਵਾਇਆ। ਮਹਾਰਾਜੇ ਨੇ ਅਦੀਨਾ ਨਗਰ ਵਿੱਚ ਆਪਣੀ ਫ਼ੌਜੀ ਛਾਉਣੀ ਬਣਾਈ ਅਤੇ ਸਰਕਾਰ-ਏ-ਖ਼ਾਲਸਾ ਦੀਆਂ 55 ਛਾਉਣੀਆਂ ਵਿੱਚ ਇਹ ਇੱਕ ਪ੍ਰਮੁੱਖ ਛਾਉਣੀ ਸੀ। ਅਦੀਨਾ ਨਗਰ ਛਾਉਣੀ ਵਿੱਚ ਸਰਕਾਰ ਖ਼ਾਲਸੇ ਦੇ ਤੋਪਖਾਨੇ ਦਾ ਵਿਸ਼ੇਸ਼ ਯੂਨਿਟ ਵੀ ਸੀ। ਸ਼ਹਿਰ ਦੀ ਦੱਖਣ-ਪੂਰਬੀ ਬਾਹੀ ਵੱਲ ਖ਼ਾਲਸਾ ਰਾਜ ਦੇ ਫਰਾਂਸੀਸੀ ਜਰਨੈਲ ਵੈਨਤੂਰਾ ਦੀ ਰਿਹਾਇਸ਼ ਬਣਾਈ ਗਈ, ਜਿੱਥੇ ਅੱਜ-ਕੱਲ੍ਹ ਗੁਰਦੁਆਰਾ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਸਥਿਤ ਹੈ।

ਮਹਾਰਾਜਾ ਰਣਜੀਤ ਸਿੰਘ ਹਰ ਸਾਲ ਗਰਮੀਆਂ ਦੇ ਮਈ ਤੇ ਜੂਨ ਮਹੀਨੇ ਅਦੀਨਾ ਨਗਰ ਵਿੱਚ ਗੁਜ਼ਾਰਦੇ ਸਨ। ਇਸ ਤੋਂ ਇਲਾਵਾ ਉਹ ਅੱਗੋਂ-ਪਿਛੋਂ ਵੀ ਅਕਸਰ ਹੀ ਇਥੇ ਆਉਂਦੇ ਰਹਿੰਦੇ ਸਨ। ਖ਼ਾਲਸਾ ਰਾਜ ਸਮੇਂ ਅਦੀਨਾ ਨਗਰ ਸ਼ਹਿਰ ਦੇ ਵਿਕਾਸ ਤੇ ਖੂਬਸੂਰਤੀ ਵਿੱਚ ਬਹੁਤ ਵਾਧਾ ਹੋਇਆ ਅਤੇ ਸ਼ਹਿਰ ਵਿੱਚ ਬਹੁਤ ਸਾਰੀਆਂ ਖੂਬਸੂਰਤ ਇਮਾਰਤਾਂ ਇਸ ਦੌਰ ਵਿੱਚ ਬਣੀਆਂ।

> *ਅਦੀਨਾ ਬੇਗ ਵੱਲੋਂ ਸੰਨ 1760 ਵਿੱਚ ਬਾਰੀ ਦੁਆਬ (ਮਾਝਾ) ਵਿੱਚ ਸ਼ਾਹ ਨਹਿਰ (ਹੰਸਲੀ) ਦੇ ਕੰਢੇ ਇੱਕ ਨਗਰ ਦੀ ਨੀਂਹ ਰੱਖੀ ਗਈ ਅਤੇ ਉਸ ਨਗਰ ਦਾ ਨਾਮ ਉਸ ਨੇ ਆਪਣੇ ਨਾਮ ’ਤੇ ਅਦੀਨਾ ਨਗਰ ਰੱਖਿਆ। ਅਦੀਨਾ ਬੇਗ ਨੇ ਇਸ ਸ਼ਹਿਰ ਵਿੱਚ ਇੱਕ ਵੱਡੀ ਫ਼ੌਜੀ ਛਾਉਣੀ ਬਣਾਈ। ਅਦੀਨਾ ਬੇਗ ਨੇ ਜਦੋਂ ਅਦੀਨਾ ਨਗਰ ਸ਼ਹਿਰ ਦੀ ਸਥਾਪਨਾ ਕੀਤੀ ਤਾਂ ਇਸ ਸ਼ਹਿਰ ਨੂੰ ਕਿਲ੍ਹੇਬੰਦ ਕਰ ਕੇ ਇਸ ਦੇ ਦੁਆਲੇ ਮਜ਼ਬੂਤ ਦੀਵਾਰ (ਫਸੀਲ) ਬਣਾਈ।*



ਅਦੀਨਾ ਨਗਰ ਬਹੁਤ ਅਹਿਮ ਇਤਿਹਾਸਕ ਘਟਨਾਵਾਂ ਦਾ ਗਵਾਹ ਰਿਹਾ ਹੈ। ਮਹਾਰਾਜਾ ਰਣਜੀਤ ਸਿੰਘ ਦੇ ਕਾਰਜਕਾਲ ਦੌਰਾਨ ਇਥੇ ਹੀ ਸੂਬਾ ਕਸ਼ਮੀਰ ’ਤੇ ਚੜ੍ਹਾਈ ਦੀ ਯੋਜਨਾਬੰਦੀ ਕੀਤੀ ਗਈ ਸੀ। ਸੰਨ 1837 ਈਸਵੀ ਵਿੱਚ ਰੋਪੜ ਵਿੱਚ ਲਾਰਡ ਵਿਲੀਅਮ ਬੈਂਟਿਕ ਨਾਲ ਮੁਲਾਕਾਤ ਕਰਨ ਦਾ ਫੈਸਲਾ ਵੀ ਅਦੀਨਾ ਨਗਰ ਵਿੱਚ ਕੀਤਾ ਗਿਆ ਸੀ। ਸੰਨ 1838 ਦੇ ਮਈ ਮਹੀਨੇ ਵਿੱਚ ਮਹਾਰਾਜਾ ਨੇ ਮੈਕਨਾਗਟੇਨ ਮਿਸਨ ਨਾਲ ਅਦੀਨਾ ਨਗਰ ਵਿੱਚ ਮੁਲਾਕਾਤ ਕੀਤੀ ਸੀ ਅਤੇ ਇਸ ਦੌਰਾਨ ਅਫ਼ਗਾਨਿਸਤਾਨ ਦੀ ਜਾਨਸ਼ੀਨੀ ਬਾਰੇ ਅਤਿ ਅਹਿਮ ਫੈਸਲਾ ਲਿਆ ਗਿਆ ਸੀ।

ਜੂਨ 1839 ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਅਦੀਨਾ ਨਗਰ ਦੀ ਕਿਸਮਤ ਵੀ ਬਦਲ ਗਈ। ਖ਼ਾਲਸਾ ਰਾਜ ਦੇ ਹੁਕਮਰਾਨਾਂ ਦਾ ਇੱਕ ਤੋਂ ਬਾਅਦ ਇੱਕ ਦਾ ਕਤਲ ਹੋਣ ਕਰਕੇ ਪੂਰੇ ਆਵਾਮ ਵਿੱਚ ਡਰ ਤੇ ਸਹਿਮ ਦਾ ਮਾਹੌਲ ਸੀ। ਅਖੀਰ 1849 ਵਿੱਚ ਅੰਗਰੇਜ਼ ਹਕੂਮਤ ਨੇ ਖ਼ਾਲਸਾ ਰਾਜ ਨੂੰ ਆਪਣੇ ਰਾਜ ਵਿੱਚ ਮਿਲਾ ਲਿਆ। ਅੰਗਰੇਜ਼ਾਂ ਨੇ ਪਹਿਲੀ ਅਪਰੈਲ ੧੮੪੯ ਨੂੰ ਅਦੀਨਾ ਨਗਰ ਨੂੰ ਜ਼ਿਲ੍ਹਾ ਸਦਰ ਮੁਕਾਮ ਬਣਾ ਦਿੱਤਾ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਸ਼ਾਹੀ ਬਾਰਾਂਦਰੀ ਨੂੰ ਡਿਪਟੀ ਕਮਿਸ਼ਨਰ ਦਾ ਦਫ਼ਤਰ ਬਣਾ ਲਿਆ। ਅਦੀਨਾ ਨਗਰ ਸਿਰਫ ਤਿੰਨ ਮਹੀਨੇ ਹੀ ਜ਼ਿਲ੍ਹਾ ਸਦਰ ਮੁਕਾਮ ਰਿਹਾ ਹੈ ਅਤੇ ਜੁਲਾਈ 1849 ਨੂੰ ਅਦੀਨਾ ਨਗਰ ਤੋਂ ਬਟਾਲਾ ਵਿੱਚ ਜ਼ਿਲ੍ਹਾ ਸਦਰ ਮੁਕਾਮ ਤਬਦੀਲ ਕਰ ਦਿੱਤਾ ਗਿਆ। ਅਖੀਰ ਅੰਗਰੇਜ਼ ਹਕੂਮਤ ਨੇ ਪਹਿਲੀ ਮਈ 1852 ਨੂੰ ਗੁਰਦਾਸਪੁਰ ਨਾਮ ਦੇ ਪਿੰਡ ਨੂੰ ਜ਼ਿਲ੍ਹਾ ਸਦਰ ਮੁਕਾਮ ਬਣਾ ਲਿਆ। ਅੰਗਰੇਜ਼ਾਂ ਨੇ ਅਦੀਨਾ ਨਗਰ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਸ਼ਾਹੀ ਬਾਰਾਂਦਰੀ ਦਾ ਸਾਰਾ ਸਾਮਾਨ ਆਪਣੇ ਕਬਜ਼ੇ ਵਿੱਚ ਲੈ ਲਿਆ ਅਤੇ ਬੇਸ਼ਕੀਮਤੀ ਸਾਮਾਨ ਇੰਗਲੈਂਡ ਪਹੁੰਚਾ ਦਿੱਤਾ।

ਅਦੀਨਾ ਨਗਰ ਸ਼ਹਿਰ ਨੂੰ ਜਦੋਂ ਅਦੀਨਾ ਬੇਗ ਨੇ ਵਸਾਇਆ ਸੀ ਤਾਂ ਉਸ ਸਮੇਂ ਇਸ ਸ਼ਹਿਰ ਵਿੱਚ ਮੁਸਲਿਮ ਅਬਾਦੀ ਸਭ ਤੋਂ ਜ਼ਿਆਦਾ ਸੀ। ਸ਼ਹਿਰ ਦੇ ਮੁਹੱਲਿਆਂ ਵਿੱਚ ਮਸੀਤਾਂ ਅਤੇ ਖੂਹ ਬਣਾਏ ਗਏ ਸਨ। ਜਦੋਂ ਸੰਨ 1947 ਵਿੱਚ ਵੰਡ ਹੋਈ ਤਾਂ ਇਥੋਂ ਦੀ ਸਾਰੀ ਮੁਸਲਿਮ ਅਬਾਦੀ ਪਾਕਿਸਤਾਨ ਚਲੀ ਗਈ ਅਤੇ ਪਾਕਿਸਤਾਨ ਤੋਂ ਆਈ ਹਿੰਦੂ ਅਬਾਦੀ ਨੂੰ ਇਸ ਸ਼ਹਿਰ ਵਿੱਚ ਵਸਾਇਆ ਗਿਆ। 1947 ਤੋਂ ਬਾਅਦ ਅਦੀਨਾ ਨਗਰ ਹਿੰਦੂ ਬਹੁ-ਅਬਾਦੀ ਦਾ ਸ਼ਹਿਰ ਹੈ।

ਖੈਰ, ਸਮਾਂ ਆਪਣੀ ਚਾਲੇ ਚੱਲਦਾ ਰਹਿੰਦਾ ਹੈ। ਅਦੀਨਾ ਬੇਗ ਵੱਲੋਂ ਵਸਾਇਆ ਸ਼ਹਿਰ ਅਦੀਨਾ ਨਗਰ ਸਮਾਂ ਗੁਜ਼ਰਨ ਦੇ ਨਾਲ ਦੀਨਾਨਗਰ ਬਣ ਗਿਆ। ਅੰਗਰੇਜ਼ ਰਾਜ ਵੇਲੇ ਹੀ ਲੋਕਾਂ ਨੇ ਅਦੀਨਾ ਨਗਰ ਨੂੰ ਦੀਨਾਨਗਰ ਕਹਿਣਾ ਸ਼ੁਰੂ ਕਰ ਦਿੱਤਾ ਅਤੇ ਹੌਲੀ-ਹੌਲੀ ਇਸ ਸ਼ਹਿਰ ਦਾ ਨਾਮ ਦੀਨਾਨਗਰ ਹੀ ਪੱਕ ਗਿਆ। ਹੁਣ ਤਾਂ ਸਰਕਾਰੀ ਰਿਕਾਰਡ ਵਿੱਚ ਵੀ ਇਸ ਸ਼ਹਿਰ ਦਾ ਨਾਮ ਦੀਨਾਨਗਰ ਹੈ।

ਕਰੀਬ 292 ਸਾਲ ਪੁਰਾਣਾ ਸ਼ਹਿਰ ਦੀਨਾਨਗਰ ਹੁਣ ਜ਼ਿਲ੍ਹਾ ਗੁਰਦਾਸਪੁਰ ਦੀ ਤਹਿਸੀਲ ਹੈ ਅਤੇ ਅੰਮ੍ਰਿਤਸਰ-ਪਠਾਨਕੋਟ ਕੌਮੀ ਮਾਰਗ ’ਤੇ ਸਥਿਤ ਹੈ। ਦੀਨਾਨਗਰ ਸ਼ਹਿਰ ਦੀ ਦਿੱਖ ਹੁਣ ਬਦਲ ਚੁੱਕੀ ਹੈ ਅਤੇ ਸ਼ਹਿਰ ਦੀ ਫਸੀਲ ਤੋਂ ਬਾਹਰ ਸ਼ਹਿਰ ਦਾ ਘੇਰਾ ਦਿਨੋ-ਦਿਨ ਵੱਧ ਰਿਹਾ ਹੈ। ਆਧੁਨਿਕਤਾ ਦੇ ਇਸ ਦੌਰ ਵਿੱਚ ਦੀਨਾਨਗਰ ਦੀਆਂ ਤਵਾਰੀਖ਼ੀ ਇਮਾਰਤਾਂ ਨੂੰ ਬਿਲਕੁਲ ਵਿਸਾਰ ਦਿੱਤਾ ਗਿਆ ਹੈ, ਜਿਸ ਕਾਰਨ ਮਹਾਰਾਜਾ ਰਣਜੀਤ ਸਿੰਘ ਦੀ ਸ਼ਾਹੀ ਬਾਰਾਂਦਰੀ ਅਤੇ ਰਾਣੀਆਂ ਦਾ ਹਮਾਮ ਖੰਡਰ ਬਣ ਗਏ ਹਨ। ਜਨਰਲ ਵੈਨਤੂਰਾ ਦੀ ਰਿਹਾਇਸ਼ ਜ਼ਰੂਰ ਸਾਂਭੀ ਗਈ ਹੈ, ਜਿੱਥੇ ਗੁਰਦੁਆਰਾ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਸਥਿਤ ਹੈ। ਖਾਲਸਾ ਫ਼ੌਜ ਦੀ ਛਾਉਣੀ ਦਾ ਵੀ ਨਾਮੋ-ਨਿਸ਼ਾਨ ਨਹੀਂ ਰਿਹਾ।

ਇਸ ਦੌਰਾਨ ਚੰਗੀ ਖ਼ਬਰ ਇਹ ਹੈ ਕਿ ਭਾਰਤ ਸਰਕਾਰ ਦੀ ‘ਸਵਦੇਸ਼ ਦਰਸ਼ਨ ਯੋਜਨਾ’ ਤਹਿਤ ਪੰਜਾਬ ਸਰਕਾਰ ਦੇ ਸੈਰ ਸਪਾਟਾ ਵਿਭਾਗ ਵੱਲੋਂ ਦੀਨਾਨਗਰ ਸ਼ਹਿਰ ਦੇ ਵਿਰਾਸਤੀ ਦਰਵਾਜ਼ਿਆਂ ਦੀ ਮੁਰੰਮਤ ਕੀਤੀ ਜਾ ਰਹੀ ਹੈ, ਜਿਸ ਵਿੱਚ 8 ਦਰਵਾਜ਼ਿਆਂ ਦਾ ਕੰਮ ਮੁਕੰਮਲ ਹੋ ਗਿਆ ਹੈ ਜਦਕਿ ਮਗਰਾਲੀ ਦਰਵਾਜ਼ੇ ਦਾ ਕੰਮ ਜਾਰੀ ਹੈ। ਪੰਜਾਬ ਦੇ ਇਤਿਹਾਸ ਵਿੱਚ ਖਾਸ ਮੁਕਾਮ ਰੱਖਦੇ ਸ਼ਹਿਰ ਦੀਨਾਨਗਰ ਵਿੱਚ ਬਾਕੀ ਵਿਰਾਸਤੀ ਇਮਾਰਤਾਂ ਨੂੰ ਵੀ ਸੰਭਾਲਣ ਦੀ ਲੋੜ ਹੈ।

# ਤਾਇਵਾਨ ਤੋਂ ਬਾਅਦ ਹੁਣ ਭਾਰਤ ਹੋਵੇਗਾ ਚੀਨ ਦਾ ਨਿਸ਼ਾਨਾ



ਵਿਸ਼ਵ ਦਰਪਣ

ਵਿਜੈ ਕ੍ਰਾਂਤੀ

ਚੀਨ 'ਵਿਚ ਆਖ਼ਰ ਉਹੋ ਹੀ ਹੋਇਆ, ਜਿਸ ਦੇ ਅਨੁਮਾਨ ਲਾਏ ਜਾ ਰਹੇ ਸਨ। ਪਿਛਲੇ ਵੀਰਵਾਰ ਨੂੰ ਚੀਨੀ ਕਮਿਊਨਿਸਟ ਪਾਰਟੀ ਯਾਨੀ ਸੀਸੀਪੀ ਦੇ 20ਵੇਂ ਕਾਂਗਰਸ ਇਜਲਾਸ 'ਚ ਸਥਾਪਿਤ ਰਵਾਇਤ ਨੂੰ ਤੋੜਦਿਆਂ ਮੌਜੂਦਾ ਰਾਸ਼ਟਰਪਤੀ ਸ਼ੀ ਜਿਨਪਿੰਗ ਨੂੰ ਲਗਾਤਾਰ ਤੀਜੀ ਵਾਰ ਪੰਜ ਸਾਲ ਲਈ ਚੀਨੀ ਕਮਿਊਨਿਸਟ ਪਾਰਟੀ ਦਾ ਜਨਰਲ ਸਕੱਤਰ ਐਲਾਨਿਆ ਗਿਆ। ਇਹ ਚੀਨੀ ਸ਼ਾਸਨ ਪ੍ਰਬੰਧ ਵਿਚ ਸਭ ਤੋਂ ਵੱਡੇ ਸ਼ਾਸਕ ਦਾ ਅਹੁਦਾ ਹੈ। ਉਸੇ ਦਿਨ ਉਨ੍ਹਾਂ ਨੂੰ ਸੈਂਟਰਲ ਮਿਲਟਰੀ ਕਮਿਸ਼ਨ ਦਾ ਪ੍ਰਧਾਨ ਵੀ ਐਲਾਨ ਦਿੱਤਾ ਗਿਆ। ਚੀਨ 'ਚ ਇਹ ਮੁੱਖ ਸੈਨਾਪਤੀ ਦਾ ਅਹੁਦਾ ਹੈ, ਜਿਸ ਦੇ ਹੁਕਮ ਅਤੇ ਇਸ਼ਾਰਿਆਂ 'ਤੇ ਚੀਨ ਦਾ ਪੂਰਾ ਫ਼ੌਜੀ ਤੇ ਸੁਰੱਖਿਆ ਤੰਤਰ ਚੱਲਦਾ ਹੈ। ਇਨ੍ਹਾਂ ਦੋ ਅਹੁਦਿਆਂ ਤੋਂ ਇਲਾਵਾ ਉਹ ਪਹਿਲਾਂ ਤੋਂ ਹੀ ਰਾਸ਼ਟਰਪਤੀ ਦੇ ਅਹੁਦੇ 'ਤੇ ਕਾਇਮ ਹਨ। ਉਨ੍ਹਾਂ ਦਾ ਕਾਰਜਕਾਲ ਹਾਲੇ ਇਕ ਸਾਲ ਹੋਰ ਬਾਕੀ ਹੈ। ਇਸ ਦੇ ਨਾਲ ਹੀ ਸਪੱਸ਼ਟ ਹੋ ਗਿਆ ਕਿ ਉਨ੍ਹਾਂ ਦਾ ਆਪਣੀ ਪਾਰਟੀ ਦੀ 'ਸਾਂਝੀ ਲੀਡਰਸ਼ਿਪ' ਵਾਲੀ ਰਵਾਇਤ ਨੂੰ ਫਿਰ ਤੋਂ ਸਥਾਪਿਤ ਕਰਨ ਦਾ ਕੋਈ ਇਰਾਦਾ ਨਹੀਂ। ਉਹ ਆਪਣੀ ਤਾਨਾਸ਼ਾਹੀ ਨੂੰ ਹੋਰ ਧਾਰ ਦਿੰਦਿਆਂ ਚੀਨ ਨੂੰ ਲਗਾਤਾਰ ਹਮਲਾਵਰ ਰਸਤੇ 'ਤੇ ਲੈ ਜਾਣਗੇ। ਇਜਲਾਸ ਦੇ ਪਹਿਲੇ ਦਿਨ ਹੀ ਕਰੀਬ ਦੋ ਘੰਟੇ ਦੇ ਭਾਸ਼ਣ 'ਚ ਹਮਲਾਵਰ ਭਾਸ਼ਾ ਤੇ ਇਰਾਦਿਆਂ ਨਾਲ ਉਨ੍ਹਾਂ ਨੇ ਇਸ ਦੇ ਸਪੱਸ਼ਟ ਸੰਕੇਤ ਦੇ ਦਿੱਤੇ ਸਨ। ਇਸ ਤੋਂ ਬਾਅਦ ਵੀ ਕਿਸੇ ਨੂੰ ਕੋਈ ਗ਼ਲਤਫਹਿਮੀ ਰਹਿ ਗਈ ਸੀ ਤਾਂ ਉਸ ਨੂੰ ਵੀ ਉਨ੍ਹਾਂ ਨੇ ਇਜਲਾਸ ਦੀ ਸਮਾਪਤੀ ਤੋਂ ਬਾਅਦ ਅਗਲੇ ਦਿਨ 23 ਅਕਤੂਬਰ ਨੂੰ ਸਰਕਾਰ ਦੀ ਸਰਵਸ਼ਕਤੀਮਾਨ ਟੀਮ ਯਾਨੀ ਪਾਰਟੀ ਦੀ ਪੋਲਿਤ ਬਿਊਰੋ ਸਥਾਈ ਕਮੇਟੀ ਦੇ ਨਵੇਂ ਮੈਂਬਰਾਂ ਦੇ ਨਾਵਾਂ ਦੇ ਐਲਾਨ 'ਚ ਸਪੱਸ਼ਟ ਕਰ ਦਿੱਤਾ।

ਪਾਰਟੀ ਮੁਖੀ ਤੇ ਫ਼ੌਜ ਮੁਖੀ ਸਬੰਧੀ ਅਹੁਦਿਆਂ ਦੇ ਐਲਾਨ ਤੋਂ ਬਾਅਦ ਬੀਤੇ ਐਤਵਾਰ ਦੁਪਹਿਰ ਨੂੰ ਸ਼ੀ ਜਿਨਪਿੰਗ ਬੀਜਿੰਗ 'ਵਿਚ ਗ੍ਰੇਟ ਹਾਲ ਦੇ ਮੰਚ 'ਤੇ ਆਏ ਤਾਂ ਉੱਥੇ ਮੌਜੂਦ ਪਾਰਟੀ ਪ੍ਰਤੀਨਿਧੀਆਂ ਤੇ ਆਲਮੀ ਮੀਡੀਆ ਨੇ ਦੇਖਿਆ ਕਿ ਪੂਰੀ ਦੀ ਪੂਰੀ ਮੰਡਲੀ ਉਨ੍ਹਾਂ ਦੇ ਚਹੇਤਿਆਂ ਨਾਲ ਭਰੀ ਹੋਈ ਹੈ। ਉਨ੍ਹਾਂ ਨਾਲ ਅਸਹਿਮਤੀ ਰੱਖਣ ਵਾਲਾ ਇਕ ਵੀ ਨੇਤਾ ਇਸ 'ਚ ਨਹੀਂ ਸੀ। ਇੱਥੋਂ ਤਕ ਕਿ ਇਕ ਦਿਨ ਪਹਿਲਾਂ ਤਕ ਉਨ੍ਹਾਂ ਦੀ ਸਰਕਾਰ 'ਚ ਪ੍ਰਧਾਨ ਮੰਤਰੀ ਰਹੇ ਲੀ ਕੇਚਿਆਂਗ ਵੀ ਇਸ ਮੰਡਲੀ 'ਚੋਂ ਗ਼ਾਇਬ ਸਨ। ਇਜਲਾਸ ਦੇ ਆਖ਼ਰੀ ਦਿਨ ਆਲਮੀ ਮੀਡੀਆ ਤੇ ਸੰਸਦ ਮੈਂਬਰਾਂ ਦੀ ਮੌਜੂਦਗੀ 'ਚ ਉਨ੍ਹਾਂ ਦੀ ਬਗਲ 'ਚ ਬੈਠੇ ਸਾਬਕਾ ਰਾਸ਼ਟਰਪਤੀ ਹੂ ਜਿਨਤਾਓ ਨੂੰ ਜਿਸ ਅਪਮਾਨਜਨਕ ਤਰੀਕੇ ਨਾਲ ਬਾਹਰ ਕੀਤਾ ਗਿਆ, ਉਸ ਨੇ ਵੀ ਸਪੱਸ਼ਟ ਕਰ ਦਿੱਤਾ ਕਿ ਹੁਣ ਚੀਨ ਦੀ ਰਾਜਸੱਤਾ 'ਚ ਉਨ੍ਹਾਂ ਨੂੰ ਨਾਪਸੰਦ ਕਿਸੇ ਵੀ ਨੇਤਾ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਚੀਨ 'ਤੇ ਨਜ਼ਰ ਰੱਖਣ ਵਾਲੇ ਮਾਹਰਾਂ ਨੇ ਇਹ ਨੋਟ ਕੀਤਾ ਕਿ ਹੂ ਜਿਨਤਾਓ ਨੂੰ ਅਪਮਾਨਜਨਕ ਤਰੀਕੇ ਨਾਲ ਬਾਹਰ ਕੱਢੇ ਜਾਣ ਤੋਂ ਠੀਕ ਪਹਿਲਾਂ ਵਿਦੇਸ਼ੀ ਮੀਡੀਆ ਨੂੰ ਮੀਟਿੰਗ ਹਾਲ 'ਚ ਬੁਲਾ ਲਿਆ ਗਿਆ ਸੀ ਤਾਂ ਕਿ ਹੂ ਜਿਨਤਾਓ ਦੇ ਅਪਮਾਨ ਨੂੰ ਕੈਮਰਿਆਂ 'ਚ ਰਿਕਾਰਡ ਕਰ ਕੇ ਦੁਨੀਆ ਨੂੰ ਸੰਦੇਸ਼ ਦਿੱਤਾ ਜਾਵੇ ਕਿ ਚੀਨ 'ਤੇ ਸ਼ੀ ਜਿਨਪਿੰਗ ਦਾ ਇਕਛਤਰ ਰਾਜ ਕਾਇਮ ਹੋ ਚੁੱਕਿਆ ਹੈ। ਇਜਲਾਸ 'ਚ ਪਹਿਲੀ ਵਾਰ ਅਜਿਹਾ ਹੋਇਆ ਕਿ ਸਥਾਈ ਕਮੇਟੀ ਦੇ ਨਾਵਾਂ ਦੇ ਐਲਾਨ ਨਾਲ ਅਜਿਹਾ ਕੋਈ ਸੰਕੇਤ ਨਹੀਂ ਦਿੱਤਾ ਕਿ ਸ਼ੀ ਜਿਨਪਿੰਗ ਦਾ ਤੀਜਾ ਕਾਰਜਕਾਲ ਸਮਾਪਤ ਹੋਣ ਤੋਂ ਬਾਅਦ ਅਗਲਾ ਨੇਤਾ ਕੌਣ ਹੋਵੇਗਾ? ਇਹ ਕਦਮ ਇਸ ਲਈ ਚੁੱਕਿਆ ਗਿਆ ਤਾਂ ਕਿ ਸਮਾਂ ਆਉਣ 'ਤੇ ਉਨ੍ਹਾਂ ਨੂੰ ਜੀਵਨ ਭਰ ਚੀਨ ਦਾ ਸਰਵਉੱਚ ਨੇਤਾ ਐਲਾਨਿਆ ਜਾ ਸਕੇ।



ਚੀਨੀ ਸੱਤਾ 'ਤੇ ਸ਼ੀ ਜਿਨਪਿੰਗ ਦੇ ਇਸ ਨਿਰੰਕੁਸ਼ ਕਬਜ਼ੇ ਨੇ ਉਨ੍ਹਾਂ ਦੇਸ਼ਾਂ, ਸੰਗਠਨਾਂ ਤੇ ਸਮਾਜਾਂ ਲਈ ਖ਼ਤਰਾ ਪੈਦਾ ਕਰ ਦਿੱਤਾ ਹੈ ਜੋ ਪਹਿਲਾਂ ਤੋਂ ਹੀ ਚੀਨ ਤੋਂ ਦੁਖੀ ਹਨ ਤੇ ਜਿਨਪਿੰਗ ਦੀ ਤਾਨਾਸ਼ਾਹੀ ਤੇ ਹਮਲਾਵਰ ਮਾਨਸਿਕਤਾ ਕਾਰਨ ਦਹਿਸ਼ਤਜ਼ਦਾ ਹਨ। ਇਨ੍ਹਾਂ 'ਚ ਇਕ ਪਾਸੇ ਚੀਨ ਦੇ ਉਪਨਿਵੇਸ਼ਵਾਦੀ ਕਬਜ਼ੇ ਤੋਂ ਤੰਗ ਤਿੱਬਤ, ਪੂਰਬੀ ਤੁਰਕਿਸਤਾਨ (ਸ਼ਿਨਜਿਆਂਗ), ਦੱਖਣੀ ਮੰਗੋਲੀਆ ਤੇ ਹਾਂਗਕਾਂਗ ਪ੍ਰਮੁੱਖ ਹਨ, ਜੋ ਚੀਨ ਦੇ ਗ਼ੈਰ ਮਨੁੱਖੀ ਅੱਤਿਆਚਾਰਾਂ ਕਾਰਨ ਅਰਸੇ ਤੋਂ 'ਸੱਭਿਆਚਾਰਕ ਕਤਲੇਆਮ' ਦਾ ਸੰਤਾਪ ਹੰਢਾ ਰਹੇ ਹਨ। ਦੂਜਾ ਵਰਗ ਭਾਰਤ, ਤਾਇਵਾਨ, ਜਾਪਾਨ, ਦੱਖਣੀ ਕੋਰੀਆ, ਫਿਲਪੀਨਜ਼, ਵੀਅਤਨਾਮ, ਬਰੂਨੇਈ ਤੇ ਆਸਟ੍ਰੇਲੀਆ ਜਿਹੇ ਦੇਸ਼ਾਂ ਦਾ ਹੈ, ਜੋ ਚੀਨ ਵੱਲੋਂ ਉਨ੍ਹਾਂ ਦੀ ਜ਼ਮੀਨ ਹੜੱਪਣ ਦੀਆਂ ਧਮਕੀਆਂ ਤੋਂ ਪ੍ਰੇਸ਼ਾਨ ਹਨ।

ਆਪਣੇ ਸ਼ੁਰੂਆਤੀ ਭਾਸ਼ਣ 'ਚ ਹੀ ਸ਼ੀ ਜਿਨਪਿੰਗ ਨੇ ਪ੍ਰਗਟ ਕਰ ਦਿੱਤਾ ਸੀ ਕਿ ਉਨ੍ਹਾਂ ਦਾ ਏਜੰਡਾ ਚੀਨ ਨੂੰ ਦੁਨੀਆ ਦੀ ਸਭ ਤੋਂ ਵੱਡੀ ਆਰਥਿਕ ਅਤੇ ਫ਼ੌਜੀ ਸ਼ਕਤੀ ਬਣਾਉਣਾ ਹੈ, ਜੋ ਆਲਮੀ ਢਾਂਚੇ ਦੀ ਦਸ਼ਾ ਅਤੇ ਦਿਸ਼ਾ ਤੈਅ ਕਰਨ 'ਚ ਬੜੀ ਅਹਿਮ ਭੂਮਿਕਾ ਨਿਭਾਵੇਗੀ। ਉਨ੍ਹਾਂ ਨੇ ਤਾਇਵਾਨ ਦੀ ਆਜ਼ਾਦ ਹੋਂਦ ਨੂੰ ਖ਼ਤਮ ਕਰਨ ਅਤੇ ਉਸ ਨੂੰ ਚੀਨ 'ਚ ਮਿਲਾਉਣ ਦੇ ਆਪਣੇ ਇਰਾਦੇ ਨੂੰ ਨਾ ਕੇਵਲ ਮਜ਼ਬੂਤੀ ਨਾਲ ਦੁਹਰਾਇਆ ਸਗੋਂ ਜ਼ਰੂਰਤ ਪੈਣ 'ਤੇ ਇਸ ਲਈ ਫ਼ੌਜੀ ਕਦਮ ਚੁੱਕਣ ਦੇ ਸੰਕੇਤ ਵੀ ਦਿੱਤੇ।

ਜਿਨਪਿੰਗ ਨੇ ਚੀਨੀ ਫ਼ੌਜ ਦੇ ਵਿਕਾਸ ਨੂੰ ਚੀਨ ਦੇ 'ਕੇਂਦਰੀ ਹਿੱਤਾਂ' ਅਤੇ ਕੌਮੀ ਸੁਰੱਖਿਆ ਦੀ ਚਰਚਾ ਕਰ ਕੇ ਸਿੱਧੇ ਰੂਪ 'ਚ ਭਾਰਤ ਨੂੰ ਚੇਤਾਵਨੀ ਦਿੱਤੀ ਕਿ ਉਸ ਨਾਲ ਸਰਹੱਦੀ ਵਿਵਾਦ ਦੇ ਮਾਮਲੇ 'ਚ ਉਨ੍ਹਾਂ ਦਾ ਰੁਖ਼ ਹਮਲਾਵਰ ਰਹਿਣ ਵਾਲਾ ਹੈ। ਭਾਰਤੀ ਰੱਖਿਆ ਸਮੀਖਿਅਕ ਇਸ ਗੱਲ ਤੋਂ ਚਿੰਤਤ ਹਨ ਕਿ ਚੀਨੀ ਕਾਂਗਰਸ ਦੀ ਸ਼ੁਰੂਆਤ ਵਿਚ ਗਲਵਨ ਘਾਟੀ ਦੀ ਝੜਪ ਦੀ ਫਿਲਮ ਦਿਖਾ ਕੇ, ਇਸ 'ਚ ਜ਼ਖ਼ਮੀ ਇਕ ਚੀਨੀ ਫ਼ੌਜੀ ਕਮਾਂਡਰ ਨੂੰ ਪ੍ਰਮੁੱਖਤਾ ਦੇ ਕੇ ਅਤੇ ਚੀਨ ਸਰਕਾਰ ਦੇ ਸੈਂਟਰਲ ਮਿਲਟਰੀ ਕਮਿਸ਼ਨ 'ਚ ਭਾਰਤੀ ਸਰਹੱਦ ਨਾਲ ਸਬੰਧਿਤ ਤਿੰਨ ਜਨਰਲਾਂ ਨੂੰ ਤਰੱਕੀ ਦੇ ਕੇ ਜਿਨਪਿੰਗ ਨੇ ਸੰਦੇਸ਼ ਦਿੱਤਾ ਹੈ ਕਿ ਭਾਰਤ ਨਾਲ ਫ਼ੌਜੀ ਤਣਾਅ ਉਨ੍ਹਾਂ ਦੀ ਤਰਜੀਹ 'ਚ ਹੈ। ਇਹ ਦਰਸਾਉਂਦਾ ਹੈ ਕਿ ਉਨ੍ਹਾਂ ਦੇ ਹਮਲਾਵਰ ਇਰਾਦਿਆਂ ਦੇ ਦੋ ਸਭ ਤੋਂ ਪ੍ਰਮੁੱਖ ਨਿਸ਼ਾਨੇ ਤਾਇਵਾਨ ਅਤੇ ਭਾਰਤ ਹਨ। ਤਾਇਵਾਨ 'ਤੇ ਜਬਰੀ ਕਬਜ਼ਾ ਜਮਾਉਣ 'ਤੇ ਚੀਨ ਨੂੰ ਸਮੁੱਚੇ ਦੱਖਣੀ ਚੀਨ ਸਾਗਰ 'ਚ ਨਿਰੰਕੁਸ਼ ਦਾਦਾਗਿਰੀ ਦਾ ਮੌਕਾ ਮਿਲ ਜਾਵੇਗਾ ਜਦਕਿ ਭਾਰਤ ਪ੍ਰਤੀ ਹਮਲਾਵਰ ਰੁਖ਼ ਅਪਣਾ ਕੇ ਉਹ ਪੂਰੇ ਏਸ਼ੀਆ ਦਾ ਬੇਤਾਜ ਬਾਦਸ਼ਾਹ ਬਣਨ ਦਾ ਸੁਪਨਾ ਦੇਖ ਰਿਹਾ ਹੈ।

ਪਿਛਲੇ ਦਸ ਸਾਲ ਦੇ ਸ਼ਾਸਨ ਵਿਚ ਸ਼ੀ ਜਿਨਪਿੰਗ ਦੇ ਹਮਲਾਵਰ ਵਿਵਹਾਰ ਨੂੰ ਦੇਖਦਿਆਂ ਭਾਰਤ ਲਈ ਇਹੋ ਰਸਤਾ ਬਚਿਆ ਹੈ ਕਿ ਉਹ ਆਪਣੀ ਫ਼ੌਜੀ ਤੇ ਆਰਥਿਕ ਸ਼ਕਤੀ ਬਚਾਵੇ। ਇਸ ਰਾਹ 'ਚ ਉਹ ਆਲਮੀ ਪੱਧਰ 'ਤੇ ਉਨ੍ਹਾਂ ਦੇਸ਼ਾਂ ਨਾਲ ਗਠਜੋੜ ਨੂੰ ਤਰਜੀਹ ਦੇਵੇ, ਜੋ ਭਾਰਤ ਦੀ ਤਰ੍ਹਾਂ ਚੀਨ ਦੇ ਹਮਲਾਵਰ ਰੁਖ਼ ਤੋਂ ਪਰੇਸ਼ਾਨ ਹਨ। ਇਸ ਲਈ ਭਾਰਤ ਨੂੰ ਨਾ ਕੇਵਲ ਕਵਾਡ ਜਿਹੀਆਂ ਜਥੇਬੰਦੀਆਂ 'ਚ ਸਰਗਰਮੀ ਵਧਾਉਣੀ ਪਵੇਗੀ ਸਗੋਂ ਤਿੱਬਤ, ਸ਼ਿਨਜਿਆਂਗ ਤੇ ਹਾਂਗਕਾਂਗ ਦੇ ਮਾਮਲਿਆਂ 'ਚ ਆਪਣੀ ਰਵਾਇਤੀ ਦੱਬੂ ਨੀਤੀ ਤਿਆਗ ਕੇ ਉਹੋ ਜਿਹੀ ਹੀ ਹਮਲਾਵਰ ਨੀਤੀ ਅਪਣਾਉਣੀ ਹੋਵੇਗੀ, ਜਿਹੋ ਜਿਹੀ ਚੀਨ ਨੇ ਕਸ਼ਮੀਰ, ਅਰੁਣਾਚਲ ਦੇ ਮਾਮਲਿਆਂ 'ਚ ਅਪਣਾਈ ਹੋਈ ਹੈ। ਹੁਣ ਵਕਤ ਆ ਗਿਆ ਹੈ ਜਦੋਂ 'ਵਨ-ਚਾਈਨਾ' ਨੀਤੀ ਦੇ ਛਲਾਵੇ 'ਚੋਂ ਬਾਹਰ ਆ ਕੇ ਭਾਰਤ ਸਰਕਾਰ ਨੂੰ ਅੱਗੇ ਵਧ ਕੇ ਤਾਇਵਾਨ ਨਾਲ ਉਸੇ ਤਰ੍ਹਾਂ ਦੇ ਕੂਟਨੀਤਕ, ਆਰਥਿਕ ਅਤੇ ਫ਼ੌਜੀ ਸਬੰਧ ਬਣਾਉਣ ਦੀ ਜ਼ਰੂਰਤ ਹੈ, ਜਿਵੇਂ ਉਸ ਨੇ ਇਜ਼ਰਾਇਲ ਨਾਲ ਬਣਾਏ ਹਨ। ਭਾਰਤ ਸਰਕਾਰ ਨੂੰ ਸਮਝਣਾ ਹੋਵੇਗਾ ਕਿ ਚੀਨ ਦੇ ਹਮਲਾਵਰ ਰੁਖ਼ ਕਾਰਨ ਭਾਰਤ ਦਾ ਭਵਿੱਖ ਤਾਇਵਾਨ ਦੀ ਸੁਰੱਖਿਆ ਨਾਲ ਬਹੁਤ ਡੂੰਘਾਈ ਨਾਲ ਜੁੜ ਗਿਆ ਹੈ। ਤਾਇਵਾਨ 'ਤੇ ਕਬਜ਼ੇ ਤੋਂ ਬਾਅਦ ਚੀਨ ਦਾ ਅਗਲਾ ਨਿਸ਼ਾਨਾ ਭਾਰਤ ਹੋਵੇਗਾ ਅਤੇ ਤਾਇਵਾਨ 'ਤੇ ਕਬਜ਼ਾ ਕਰ ਚੁੱਕੇ ਚੀਨ ਦੇ ਪਖੰਡ ਅਤੇ ਹਮਲਾਵਰ ਰੁਖ਼ ਨੂੰ ਝੱਲਣਾ ਭਾਰਤ ਲਈ ਆਸਾਨ ਨਹੀਂ ਹੋਵੇਗਾ।



# ਪੰਜਾਬ ਦੀ ਖਾਲੀ ਸਪੇਸ ਜਜ਼ਬਾਤਾਂ ਦੇ ਵਹਿਣ ਵਿਚ

ਅਮਰਜੀਤ ਅਰਪਨ

ਪੰਜਾਬ ਦੀ ਰਾਜਨੀਤਕ ਤੇ ਬੌਧਿਕ ਸਪੇਸ ਏਸ ਵੇਲੇ ਖਾਲੀ ਪੀਪਾ ਖੜਕਾ ਰਹੀ ਹੈ।ਪੁਰਾਣੀ ਲੀਡਰਸ਼ਿਪ ਲੱਗਭੱਗ ਵੇਲਾ ਵਿਹਾਅ ਚੁੱਕੀ ਹੈ।ਸਿੱਖ ਫਲਸਫੇ ਵਿਚੋਂ ਪ੍ਰਾਪਤ ਰੂਹਾਨੀਅਤ ਨੂੰ ਅਖੌਤੀ ਸੰਤਗਿਰੀ, ਡੇਰਾਵਾਦ ਤੇ ਨਿਕੰਮੀ ਰਾਜਨੀਤੀ ਨੇ ਖੁੰਗਲ ਕਰ ਛੱਡਿਐ....ਯੂਥ ਵੀ ਕੀ ਕਰੇ। ਸਿੱਖਣਾ ਤਾਂ ਇਨ੍ਹਾਂ ਵੱਡਿਆਂ ਤੋਂ ਹੀ ਸੀ।ਹੁਣ ਉਹ ਅਗਰੈਸਿਵ ਹੈ ਤਾਂ ਉਹਦਾ ਕਸੂਰ ਵੀ ਕੀ! ਨਸ਼ਿਆਂ 'ਚ ਓਸਨੂੰ ਅਸੀਂ ਪਾਇਆ, ਗੈਂਗਸਟਰ ਅਸੀਂ ਬਣਾਇਆ, ਲੁੱਟਾਂ ਖੋਹਾਂ ਦੀ ਜ਼ਮੀਨ ਤਿਆਰ ਅਸੀਂ ਕੀਤੀ, ਨੌਕਰੀਆਂ ਉਹਦੇ ਲਈ ਛੱਡੀਆਂ ਨਹੀਂ, ਪੌਣ ਪਾਣੀ ਨਿਕੰਮਾ ਅਸੀਂ ਕਰਤਾ, ਬਾਹਰ ਨੂੰ ਅਸੀਂ ਧੱਕੀ ਜਾਂਦੇ ਹਾਂ..ਜ਼ੁਲਮੀਂ ਤਾਂ ਅਸੀਂ ਵੱਡੇ ਲੋਕ ਹੀ ਹਾਂ। ਲਾਲਚੀ ਅਸੀਂ ਬਣ ਗਏ, ਪੈਸੇ ਦੇ ਪੀਰ ਅਸੀਂ ਬਣ ਗਏ, ਹੰਕਾਰ ਸਾਡੇ ਕੁੱਟ ਕੁੱਟ ਕੇ ਭਰਿਆ ਪਿਐ..ਰੋਜ ਅਰਦਾਸ ਦਾ ਸੰਦੇਸ਼ 'ਮਨ ਨੀਵਾਂ ਮਤ ਉੱਚੀ' ਜਮਾਂ ਈ ਉੱਡ-ਪੁੱਡ ਗਈ।....ਪੰਜਾਬ ਤਾਂ ਖਾਲੀ ਝੱਗਾ ਲਈ ਖਲੋਤੈ.....ਕਿੱਥੇ ਹੈ ਰੰਗਲਾ ਪੰਜਾਬ? ਪਹਿਲੇ ਨੰਬਰ ਤੇ ਆਉਣ ਆਲਾ ਪੰਜਾਬ, ਹੁਣ ਚੌਦਵੇਂ ਪੰਦਰਵੇਂ ਨੰਬਰ 'ਤੇ ਹੈ। ਨਾਲ ਦੇ ਹਰਿਆਣਾ ਹਿਮਾਚਲ ਸਾਡੇ ਤੋਂ ਅੱਗੇ ਲੰਘਗੇ।

ਅਠੱਤਰ ਤੋਂ ਬਾਅਦ ਲੱਗਭਗ ਛੱਤੀ ਹਜ਼ਾਰ ਲੋਕਾਂ ਵਿਸ਼ੇਸ਼ਕਰ ਨੌਜਵਾਨਾਂ ਦਾ ਘਾਣ ਹੋਇਆ.... ਕੀ ਖੱਟਿਆ? ਤਿੰਨ ਲੱਖ ਕਰੋੜ ਦਾ ਕਰਜਾ ਸਿਰ ਤੇ ਚਾੜ੍ਹ ਲਿਆ..ਹੁਣ ਉਤਾਰੀ ਜਾਣ ਨਵੀਆਂ ਨਸਲਾਂ, ਦੇਈ ਜਾਊ ਟੈਕਸ ਦੇ ਪੈਸੇ...ਕਿੱਥੋਂ ਤਰੱਕੀ ਹੋ ਜਾਊ? ਨਹੀਂ ਹੋਣੀ ਏਦਾਂ, ਇਹ ਕੰਧ ਤੇ ਲਿਖਿਆ ਪੜ੍ਹ ਲਉ।

ਸਟੇਟ ਦਾ ਕਿਰਦਾਰ ਬਹੁਤ ਮਕਾਰੀ ਹੁੰਦੈ। ਏਸ ਸਪੇਸ ਨੂੰ ਭਰਨ ਲਈ ਤੱਤਾ ਉਬਾਲਾ ਚਾਹੀਦੈ।ਤੱਤੇ ਉਬਾਲੇ ਵਿਚ ਤਰਕ ਕਦੀ ਨਹੀਂ ਖੜ ਸਕਦਾ,ਇਹ ਏਸ ਵਰਤਾਰੇ ਦਾ ਇਕ ਆਪਣਾ ਤਰਕ ਹੈ। ਹਾਲਾਤਾਂ ਦੀ ਮਾਰੀ ਜੁਆਨੀ ਤੱਤੇ ਪਿੱਛੇ ਫਟ ਖੜੀ ਹੋ ਜਾਂਦੀ ਹੈ।ਅਗਰ ਕੋਈ ਤਰਕ ਨਾਲ ਸਮਝਾਉਣ ਦੀ ਕੋਸ਼ਿਸ਼ ਕਰਦੈ ਤਾਂ ਡਾਂਗ ਸੋਟਾ ਲੈ ਕੇ ਉਹਦੇ ਮਗਰ ਲੱਗ ਤੁਰਦੀ ਹੈ। ਇਹਦੇ ਲਈ ਸ਼ੋਸ਼ਲ ਮੀਡੀਆ ਤਾਂ ਬੜਾ ਹੀ ਰਾਸ ਆ ਰਿਹੈ,ਗਾਲ੍ਹਾਂ ਦੀ ਇਕ ਵਾਢਿਓਂ ਝੜੀ ਲੱਗ ਜਾਂਦੀ ਹੈ...ਸਟੇਟ ਪਾਸੇ ਖਲੋਤੀ ਖੁਸ਼ੀ 'ਚ ਕੱਛਾਂ ਮਾਰਦੀ ਹੈ, ਸਟੇਟ ਤੇ ਭਾਰੂ ਚਿਹਰੇ ਜਿਹੜੇ ਲੋਕ ਮਨਾਂ ਤੋਂ ਲੱਥ ਚੁੱਕੇ ਹੁੰਦੇ ਨੇ ਉਹਨਾਂ ਦਾ ਕੰਮ ਬੜਾ ਅਸਾਨ ਹੋ ਰਿਹਾ ਹੁੰਦੈ।ਉਹ ਜਾਂ ਤਾਂ ਚੁੱਪ ਹੋ ਜਾਂਦੇ ਨੇ ਜਾਂ ਫਿਰ ਪਿਛਲੇ ਰਸਤਿਉਂ ਖੇਡਾਂ ਖੇਡਦੇ ਨੇ.....ਤੱਤੀ ਦੇਗ ਉਬਾਲੇ ਮਾਰਦੀ ਜੁਆਨੀ ਨੂੰ ਥਾਂ ਦਿੰਦੀ ਹੈ...ਜੁਆਨੀ ਵੀ ਕੀ ਕਰੇ! ਓਸਨੂੰ ਇਨ੍ਹਾਂ ਨੇ ਦਿੱਤਾ ਵੀ ਕੀ ਹੈ!ਪੰਜਾਬ ਦੀ ਲੜਨ ਭਿੜਨ ਦੀ ਖਸਲਤ, ਵਿਚ ਮੈਦਾਨੇ ਫਿਰ ਆ ਡੱਟਦੀ ਹੈ ਏਸ ਖਾਲੀ ਪਈ ਸਪੇਸ ਨੂੰ ਭਰਨ ਲਈ।

ਆਮ ਘਰਾਂ ਦੇ ਸਿਰ ਤੇ ਕੱਫ਼ਣ ਬੰਨ੍ਹ ਕੇ ਜਦੋਂ ਖਾਲੀ ਸਪੇਸ, ਤੱਤੇ ਐਕਸ਼ਨਾਂ ਨਾਲ ਭਰਦੇ ਨੇ ਤਾਂ ਇਕ ਵਾਰੀ ਐਂ ਲੱਗਦੈ ਪੂਰੇ ਦਾ ਪੂਰਾ ਆਲਮ ਜਿਵੇਂ ਉਨ੍ਹਾਂ ਦੀਆਂ ਤਲ਼ੀਆਂ ਤੇ ਨੱਚ ਰਿਹਾ ਹੋਵੇ...ਇਹ ਅਸੀਂ ਅੱਸੀਵੀਆਂ ਦੇ ਦੌਰ ਵਿਚ ਹੱਡੀਂ ਹੰਡਾਇਐ...ਚੌਰਾਸੀ 'ਚ ਹਰਮਿੰਦਰ ਸਾਹਿਬ ਤੇ ਫੌਜੀ ਅਟੈਕ,ਪੰਜਾਬੋਂ ਬਾਹਰ ਦਿੱਲੀ ਤੇ ਹੋਰ ਥਾਵਾਂ ਤੇ ਸਿੱਖਾਂ ਦਾ ਕਤਲੇਆਮ, ਹਜ਼ਾਰਾਂ ਨੌਜਵਾਨਾਂ ਦਾ ਪੁਲਸ ਮੁਕਾਬਲਾ... ਕੀਹਦੇ ਤੋਂ ਇਹ ਭੁੱਲਿਐ.. ਜ਼ਰਾ ਵੇਖੋ ਤਾਂ ਸਹੀ ਉਨ੍ਹਾਂ ਦੇ ਘਰਾਂ ਦੀ ਮਮਟੀ ਤੇ ਕੋਈ ਦੀਵਾ ਵੀ ਬਲਦੈ?.......ਤੇ ਕੁਰਸੀ ਬਾਅਦ ਵਿੱਚ ਕੌਣ ਕੁੱਟ ਗਿਆ। ਜਾਇਦਾਦਾਂ ਕੀਹਨੇ ਬਣਾਈਆਂ। ਇਹ ਤਾਂ ਅਸੀਂ ਸਾਹਮਣੇ ਹੁੰਦਿਆਂ ਵੇਖ ਰਹੇ ਹਾਂ..... ਏਸ ਕਰਕੇ ਮੈਂ ਕਹਿ ਰਿਹਾਂ ਸਟੇਟ ਬਹੁਤ ਮਕਾਰ ਹੈ।ਇਕ ਵਾਰੀ ਤੁਹਾਨੂੰ ਬਲਦੀ ਦੇ ਬੂਥੇ ਪਾਊਗੀ ਤੇ ਫੇਰ ਜਿਵੇਂ ਉਹ ਪਹਿਲਾਂ ਕਰਦੀ ਰਹੀ ਹੈ,ਓਸਤੋਂ ਵੱਖ ਥੋੜਾ ਕਰੂ, ਓਵੇਂ ਹੀ ਕਰੂ ਜਿਵੇਂ ਉਹ ਪਹਿਲਾਂ ਕਰਦੀ ਹੈ, ਬਸ ਫਰਕ ਏਨਾ ਕਿ ਕੁੱਝ ਥੋੜੇ ਬਹੁਤ ਪੁਰਾਣੇ ਤੇ ਕੁੱਝ ਕੁ ਉਨ੍ਹਾਂ ਦੇ ਧੀਆਂ ਪੁੱਤ ਤੇ ਆਸ ਪਾਸ ਦੇ ਲਫਟੈਣ ਆ ਰੋਟੀਆਂ ਸੇਕਣਗੇ .....ਇਹ ਰੋਟੀਆਂ ਸਾਡੇ ਸਿਵਿਆਂ ਤੇ ਸੇਕਣਗੇ।

ਸੋ, ਜੇਕਰ ਪੰਜਾਬ ਦੀ ਸਪੇਸ ਭਰਨੀ ਹੈ ਤਾਂ ਸਿੱਖੀ ਦੀ ਰੂਹਾਨੀ ਹੈਰੀਟੇਜ਼ ਬਿਲਕੁਲ ਨਾ ਛੱਡੋ... ਨਿਮਰਤਾ, ਤਰਕ, ਇਤਹਾਸ ਔਰ ਸਿਧਾਂਤ ਨੂੰ ਪੜ੍ਹਨ ਪੜ੍ਹਾਉਣ, ਸਿੱਖਣ ਸਿਖਾਉਣ ਦਾ ਲੜ ਫੜੀ ਰੱਖੋ... ਗਾਲ਼ਾਂ ਦੀ ਭਾਸ਼ਾ ਉੱਕਾ ਵਿਸਾਰ ਦੇਓ.. ਭੈਣਾਂ ਮਾਵਾਂ ਨੂੰ ਨਾਲ ਰੱਖੋ ਤੇ ਇਜ਼ਤ ਦਿਉ..ਕੱਟੜ ਨਾ ਬਣੋ ਖੁਲ੍ਹੇ ਦਿਮਾਗ਼ ਦੇ ਬਣੋ, ਆਪਣੇ ਆਪ ਨੂੰ ਹਮੇਸ਼ਾ ਅੱਪਡੇਟ ਰੱਖੋ, ਸੂਚਨਾਤੰਤਰ ਤੇ ਆਪਣੇ ਨਰੋਏ ਨੈਰੇਟਿਵ ਦੀ ਉਸਾਰੀ ਕਰੋ ਪਰ ਨਿਮਰਤਾ ਔਰ ਤਰਕ ਦਾ ਪੱਲਾ ਨਾ ਛੱਡੋ...ਗੁਰਬਾਣੀ ਨੂੰ ਅੰਗਰੇਜ਼ੀ ਤੇ ਹੋਰ ਭਾਸ਼ਾਵਾਂ ਵਿਚ ਸੂਚਨਾਤੰਤਰ ਤੇ ਚੜ੍ਹਾਉ..ਦੁਨੀਆਂ ਦੇ ਗਿਆਨ ਦੀ ਬਿੜਕ ਲਉ।...ਤੇ ਅੰਤ ਤੇ ਸਟੇਟ ਦੇ ਡੀਪ ਕਰੈਕਟਰ ਨੂੰ ਸਮਝੋ..ਤਾਂ ਜੋ ਪੰਜਾਬ ਦੇ ਖਾਲੀ ਸਪੇਸ ਨੂੰ ਕੋਈ ਨਰੋਈ ਰਾਜਨੀਤੀ ਮਿਲ ਸਕੇ ਜਿਹੜੀ ਕਾਰਪੋਰੇਟ ਦੇ ਵਿਰੁੱਧ ਨਿਰੋਲ ਆਪਣੀ ਮਿੱਟੀ ਦੀ ਹੋਵੇ ਜੀਹਦੇ ਵਿਚੋਂ ਆਪਣੀ ਬੋਲੀ, ਆਪਣੀ ਰਹਿਤਲ, ਆਪਣਾ ਸਭਿਆਚਾਰ, ਨਰੋਆ ਪੌਣ ਪਾਣੀ, ਆਪਣੀ ਇੰਡਸਟਰੀ, ਆਪਣੀ ਖੇਤੀ ਤੇ ਏਸ ਤੇ ਉਸਰੀ ਸਨਅਤ ਮੇਚ ਦੀ ਹੋਵੇ...ਇਹਦੇ ਲਈ 'ਸਿਰ ਦੇਣ ਦੀ ਨਹੀਂ' ਸਿਰ ਵਰਤਣ' ਦੀ ਲੋੜ ਹੈ। ...ਮੌਕੇ ਤੇ ਸਲਾਹ ਏਸ ਕਰਕੇ ਦੇ ਰਿਹਾਂ ਕਿ ਪੰਜਾਬ ਨੇ ਪਿੰਡੇ ਤੇ ਬਹੁਤ ਦੁੱਖ ਝੱਲਿਐ... ਹੋਰ ਦੁੱਖ ਵੇਖਿਆ ਨਹੀਂ ਜਾ ਰਿਹਾ...।

# ਚੰਗੀ ਮਿਸਾਲ ਬਣ ਕੇ ਇੱਕ ਅਗਾਂਹਵਧੂ ਸਮਾਜ ਦੀ ਸਿਰਜਣਾ ਕਰੀਏ



ਸੰਜੀਵ ਸਿੰਘ ਸੈਣੀ
ਮੋਹਾਲੀ
ਮੋ. 7888966168

ਇਸ ਸ੍ਰਿਸ਼ਟੀ ਵਿੱਚ ਇੱਕ ਸਿਰਫ਼ ਇਨਸਾਨ ਹੀ ਹੈ, ਜਿਸ ਨੂੰ ਆਪਣੇ ਚੰਗੇ ਮਾੜੇ ਦੀ ਪਰਖ ਹੈ। ਕੁਦਰਤ ਨੇ ਇਨਸਾਨ ਨੂੰ ਬਹੁਤ ਗੁਣਾਂ ਨਾਲ ਨਿਵਾਜਿਆ ਹੈ। ਉਸ ਵਿੱਚ ਚੰਗੇ ਮਾੜੇ ਦੀ ਪਰਖ ਕਰਨ ਦੀ ਸ਼ਕਤੀ ਹੈ। ਉਸ ਨੂੰ ਪਤਾ ਹੈ ਕਿ ਕਿਸ ਚੀਜ਼ ਨਾਲ ਮੈਨੂੰ ਕਿੰਨਾ ਫ਼ਾਇਦਾ ਹੋਵੇਗਾ ਜਾਂ ਕਿ ਨੁਕਸਾਨ ਹੋਵੇਗਾ। ਕਹਿਣ ਦਾ ਮਤਲਬ ਹੈ ਕਿ ਬਹੁਤ ਵਧੀਆ ਸੋਚ, ਬੁੱਧੀ ਦੇ ਕੇ ਇਨਸਾਨ ਨੂੰ ਧਰਤੀ ਤੇ ਭੇਜਿਆ ਹੈ। ਇੰਨੀ ਸੋਹਣੀ ਕੁਦਰਤ ਵਿੱਚ ਇਨਸਾਨ ਵਿਚਰਦਾ ਹੈ। ਵਿਚਾਰਨ ਵਾਲੀ ਗੱਲ ਹੈ ਕਿ ਅੱਜ ਦਾ ਇਨਸਾਨ ਕਿੱਧਰ ਨੂੰ ਜਾ ਰਿਹਾ ਹੈ। ਅੱਜ ਇੰਨੇ ਸਾਧਨਾਂ ਦੇ ਬਾਵਜੂਦ ਵੀ ਇਨਸਾਨ ਦੁਖੀ ਹੈ। ਸੁੱਖ ਸੁਵਿਧਾ ਦੇ ਅੱਜ-ਕੱਲ੍ਹ ਬਹੁਤ ਸਾਧਨ ਹਨ। ਪੈਸੇ ਦੀ ਜ਼ਿਆਦਾ ਹੋੜ ਕਾਰਨ ਇਨਸਾਨ ਨੇ ਰਿਸ਼ਤਿਆਂ ਨੂੰ ਵੀ ਦਰਕਿਨਾਰ ਕਰ ਦਿੱਤਾ ਹੈ। ਰਿਸ਼ਤੇ ਦੀ ਅਹਿਮੀਅਤ ਦਾ ਵੀ ਨਹੀਂ ਪਤਾ ਰਿਹਾ।

ਜ਼ਿੰਦਗੀ ਬਹੁਤ ਖ਼ੂਬਸੂਰਤ ਹੈ। ਜ਼ਿੰਦਗੀ ਜਿਊਣ ਦਾ ਢੰਗ ਸਿਖਾਉਂਦੀ ਹੈ। ਇਹ ਹੁਣ ਸਾਡੇ ਉੱਤੇ ਨਿਰਭਰ ਕਰਦਾ ਹੈ ਕਿ ਅਸੀਂ ਜ਼ਿੰਦਗੀ ਕਿਸ ਤਰ੍ਹਾਂ ਜਿਉਂ ਰਹੇ ਹਨ। ਅੱਜ ਕੱਲ੍ਹ ਜੋ ਨੌਜਵਾਨ ਪੀੜ੍ਹੀ ਹੈ ਉਨ੍ਹਾਂ ਦੇ ਅੰਦਰ ਬਰਦਾਸ਼ਤ ਸ਼ਕਤੀ ਬਿਲਕੁਲ ਵੀ ਨਹੀਂ ਹੈ। ਸਹਿਣਸ਼ੀਲਤਾ ਖ਼ਤਮ ਹੋ ਚੁੱਕੀ ਹੈ। ਜੇ ਬੱਚੇ ਗਲਤ ਚੱਲ ਰਹੇ ਹੁੰਦੇ ਹਨ ਜਾਂ ਕੋਈ ਅਜਿਹਾ ਗਲਤ ਕੰਮ ਕਰ ਦਿੰਦੇ ਹਨ ਤਾਂ ਮਾਂ ਬਾਪ ਉਨ੍ਹਾਂ ਨੂੰ ਝਿੜਕਦੇ ਹਨ। ਮਾਂ ਬਾਪ ਨੂੰ ਇਹ ਹੁੰਦਾ ਹੈ ਕਿ ਕੱਲ੍ਹ ਨੂੰ ਕੋਈ ਬਾਹਰ ਦਾ ਬੰਦਾ ਆ ਕੇ ਇਹ ਨਾ ਕਹੇ ਕਿ ਤੁਹਾਡੇ ਬੱਚੇ ਨੇ ਇਹ ਗਲਤ ਕੰਮ ਕੀਤਾ ਹੈ।ਪਰ ਜੋ ਅੱਜ ਕੱਲ੍ਹ ਦੀ ਨੌਜਵਾਨ ਪੀੜ੍ਹੀ ਹੈ ਉਹ ਗਲਤ ਰਾਹ ਪੈ ਚੁੱਕੀ ਹੈ।

ਆਏ ਦਿਨ ਅਸੀਂ ਅਖ਼ਬਾਰਾਂ ਵਿੱਚ ਪੜ੍ਹਦੇ ਹਨ ਕਿ ਚੜ੍ਹਦੀ ਜਵਾਨੀ ਖੁਦਕੁਸ਼ੀਆਂ ਕਰ ਰਹੀ ਹੈ। ਜੇ ਉਨ੍ਹਾਂ ਨੂੰ ਕੋਈ ਕਿਸੇ ਨਾਲ ਮਨ ਮੁਟਾਵ ਹੈ ਜਾਂ ਕੋਈ ਉਨ੍ਹਾਂ ਤੋਂ ਗਲਤ ਕੰਮ ਹੋ ਚੁੱਕਿਆ ਹੈ, ਤਾਂ ਉਹ ਆਪਣੇ ਮਾਂ ਬਾਪ ਨਾਲ ਕਿਉਂ ਨਹੀਂ ਗੱਲ ਸਾਂਝੀ ਕਰਦੇ। ਕਿਉਂ ਉਹ ਇਹ ਅਜਿਹਾ ਕਦਮ ਚੁੱਕਦੇ ਹਨ। ਅਜਿਹਾ ਜਦੋਂ ਬੱਚੇ ਕਦਮ ਚੁੱਕਦੇ ਹਨ ਤਾਂ ਪਿੱਛੋਂ ਮਾਂ ਬਾਪ ਜਿਉਂਦੇ ਜੀਅ ਹੀ ਮਰ ਜਾਂਦੇ ਹਨ। ਮਾਂ ਬਾਪ ਦੇ ਬਹੁਤ ਵੱਡੇ ਵੱਡੇ ਅਰਮਾਨ ਹੁੰਦੇ ਹਨ ਕਿ ਕੱਲ ਨੂੰ ਉਨ੍ਹਾਂ ਦੀ ਔਲਾਦ ਵਧੀਆ ਅਫ਼ਸਰ ਬਣੇ। ਬੱਚਿਆਂ ਨੂੰ ਇਹ ਹੁੰਦਾ ਹੈ ਕਿ ਜੇ ਉਹ ਆਪਣੇ ਘਰ ਮਾਂ ਬਾਪ ਨੂੰ ਦੱਸਣਗੇ ਤਾਂ ਸ਼ਾਇਦ ਉਨ੍ਹਾਂ ਨੂੰ ਕੁੱਟਣਗੇ।

ਇੱਕ ਮਾਂ ਬਾਪ ਹੀ ਆਪਣੇ ਬੱਚੇ ਦੇ ਸੱਚੇ ਦੋਸਤ ਹੁੰਦੇ ਹਨ। ਮਾਂ ਬਾਪ ਦੀ ਵੀ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਉਹ ਆਪਣੇ ਬੱਚਿਆਂ ਨਾਲ ਦੋਸਤੀ ਨਿਭਾਉਣ। ਕੱਲ੍ਹ ਨੂੰ ਬੱਚੇ ਵੱਡੇ ਵੀ ਹੁੰਦੇ ਹਨ, ਸੋ ਕਾਲਜਾਂ, ਯੂਨੀਵਰਸਿਟੀਆਂ ਵਿੱਚ ਗੱਲਾਂ ਹੋ ਜਾਂਦੀਆਂ ਹਨ ਤਾਂ ਬੱਚੇ ਬਿਨਾਂ ਬੇਝਿਜਕ ਆਪਣੇ ਮਾਂ ਬਾਪ ਨੂੰ ਦੱਸਣਗੇ। ਸੋ, ਮਾਂ ਬਾਪ ਦੀ ਜ਼ਿੰਮੇਵਾਰੀ ਸ਼ੁਰੂ ਤੋਂ ਹੀ ਬਣ ਜਾਂਦੀ ਹੈ ਕਿ ਆਪਣੇ ਬੱਚੇ ਨਾਲ ਨੇੜਤਾ ਪਾਈ ਜਾਏ ਤਾਂ ਜੋ ਕੱਲ੍ਹ ਨੂੰ ਬੱਚੇ ਇਹ ਗਲਤ ਕਦਮ ਨਾ ਚੁੱਕਣ। ਹਮੇਸ਼ਾ ਮਾਂ ਬਾਪ ਬੱਚਿਆਂ ਨਾਲ ਪਿਆਰ ਨਾਲ ਪੇਸ਼ ਆਉਣ। ਕਦੇ ਵੀ ਬੱਚਿਆਂ ਨਾਲ ਗੁੱਸੇ ਵਿੱਚ ਪੇਸ਼ ਨਾ ਆਉਣਾ। ਜੇ ਅਸੀਂ ਆਪਣੇ ਬੱਚਿਆਂ ਨਾਲ ਸ਼ੁਰੂ ਤੋਂ ਹੀ ਵਧੀਆ ਵਤੀਰਾ ਕਰਾਂਗੇ ਤਾਂ

## ਸੰਪਾਦਕ ਦੇ ਨਾਮ ਪੱਤਰ




ਪਾਠਕਾਂ ਦਾ ਨਜ਼ਰੀਆ

# ਸਿੱਖ ਧਰਮ 'ਚ ਫੈਲੀਆਂ ਕੁਰੀਤੀਆਂ ਦੂਰ ਕਰਨਾ ਸਮੇਂ ਦੀ ਲੋੜ

ਸਾਡੇ ਧਰਮ ਵਿਚ ਸਾਡੇ ਗੁਰੂ ਸਾਹਿਬਾਨ ਨੇ ਸਭ ਨੂੰ ਇਕ ਬਰਾਬਰ ਸਮਝਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਅੱਗੇ ਸਾਰੇ ਮਨੁੱਖ ਇਕ ਬਰਾਬਰ ਹਨ। ਪਰ ਸਾਡੇ ਬਹੁਤ ਸਾਰੇ ਗੁਰਦਵਾਰਿਆਂ ਵਿਚ ਸ਼ਰਧਾਲੂਆਂ ਨਾਲ ਭੇਦ-ਭਾਵ ਕੀਤਾ ਜਾ ਰਿਹਾ ਹੈ। ਜ਼ਿਆਦਾ ਪੈਸੇ ਨਾਲ ਮੱਥਾ ਟੇਕਣ ਵਾਲਿਆਂ ਨੂੰ ਸਪੈਸ਼ਲ ਪ੍ਰਸ਼ਾਦ ਜਾਂ ਸਿਰੋਪਾ ਪਾ ਕੇ ਸਨਮਾਨਿਤ ਕੀਤਾ ਜਾਂਦਾ ਹੈ। ਇਸ ਨੂੰ ਵੇਖ ਕੇ ਇਕ ਗ਼ਰੀਬ ਸ਼ਰਧਾਵਾਨ ਸਿੱਖ ਸ਼ਰਧਾਲੂ ਦੇ ਮਨ 'ਤੇ ਕੀ ਬੀਤਦੀ ਹੋਵੇਗੀ? ਕੀ ਪੈਸੇ ਵਾਲੇ ਸਿੱਖ ਹੀ ਸਾਡੇ ਗੁਰੂ ਸਾਹਿਬਾਨ ਨੂੰ ਜ਼ਿਆਦਾ ਪਿਆਰੇ ਹਨ? ਹਿੰਦੂ ਧਰਮ ਦੇ ਵੱਡੇ ਮੰਦਰਾਂ ਵਿਚ ਵੀ ਇਹ ਹੀ ਹਾਲ ਹੈ, ਪੈਸੇ ਵਾਲਿਆਂ ਨੂੰ ਵੀ.ਆਈ.ਪੀ. ਐਂਟਰੀ ਮਿਲਦੀ ਹੈ ਅਤੇ ਗਰੀਬ ਸ਼ਰਧਾਲੂ ਆਮ ਲਾਈਨਾਂ ਵਿਚ ਘੰਟਿਆਂ ਬੱਧੀ ਖੜ੍ਹ ਕੇ ਮੱਥਾ ਟੇਕਦੇ ਹਨ। ਗੁਰੂ ਗ੍ਰੰਥ ਸਾਹਿਬ ਅੱਗੇ ਸਾਰੇ ਅਮੀਰ ਗਰੀਬ ਸ਼ਰਧਾਲੂ ਇਕ ਸਮਾਨ ਹਨ। ਕ੍ਰਿਪਾ ਕਰਕੇ ਇਸ ਤਰ੍ਹਾਂ ਦੇ ਵਿਕਤਰਿਆਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਜਾਵੇ ਜੀ।

ਸਿੱਖ ਧਰਮ ਵਿਚ ਪਾਖੰਡਾਂ ਦੀ ਕੋਈ ਥਾਂ ਨਹੀਂ ਹੈ। ਗੁਰੂ ਨਾਨਕ ਦੇਵ ਜੀ ਨੇ ਤੀਰਥਾਂ 'ਤੇ ਨਹਾਉਣ ਅਤੇ ਸੂਰਜ ਨੂੰ ਪਾਣੀ ਦੇਣ ਨੂੰ ਅਗਿਆਨਤਾ ਕਿਹਾ ਸੀ। ਪਰ ਸਾਡੇ ਵੱਡੇ ਵੱਡੇ ਗੁਰਦੁਆਰਿਆਂ ਅੱਗੇ ਸਰੋਵਰਾਂ ਤੋਂ ਪਾਣੀ ਆਪਣੇ ਘਰ ਲੈ ਕੇ ਜਾਣ ਲਈ ਪਾਣੀ ਦੀਆਂ ਪੀਪੀਆਂ ਆਮ ਵਿਕ ਰਹੀਆਂ ਹਨ। ਜਿੱਥੋਂ ਲੋਕ ਸਰੋਵਰਾਂ ਦਾ ਪਾਣੀ ਇਨ੍ਹਾਂ ਪੀਪੀਆਂ ਵਿਚ ਭਰ ਕੇ ਘਰਾਂ ਨੂੰ ਲੈ ਕੇ ਜਾਂਦੇ ਹਨ। ਗੁਰੂ ਸਾਹਿਬਾਨ ਨੇ ਕਿਹਾ ਸੀ ਕਿ ਸਿੱਖ ਦਾ ਸਿਰ ਸਿਰਫ਼ ਗੁਰੂ ਗ੍ਰੰਥ ਸਾਹਿਬ ਅੱਗੇ ਹੀ ਝੁਕੇਗਾ, ਪਰ ਧਰਮ ਦੇ ਠੇਕੇਦਾਰਾਂ ਵੱਲੋਂ ਕਿਤੇ ਗੁਰਦੁਆਰਾ ਸਾਹਿਬ ਵਿਚ ਲੱਗੇ ਕਿਸੇ ਦਰੱਖ਼ਤ ਅੱਗੇ ਮੱਥਾ ਟਿਕਾਇਆ ਜਾ ਰਿਹਾ ਹੈ ਕਿਤੇ ਖੜਾਵਾਂ ਆਦਿ ਦੇ ਅੱਗੇ। ਇਨ੍ਹਾਂ ਕੋਲ ਗੋਲਕਾਂ ਵੀ ਰੱਖ ਦਿੱਤੀਆਂ ਗਈਆਂ ਹਨ ਤਾਂ ਜੋ ਮੱਥਾ ਸੁੱਕਾ ਨਾ ਟੇਕਿਆ ਜਾ ਸਕੇ। ਕ੍ਰਿਪਾ ਕਰਕੇ ਕੌਮ ਨੂੰ ਵਹਿਮਾਂ ਭਰਮਾਂ ਵਿਚੋਂ ਕੱਢ ਕੇ ਸਿਰਫ਼ ਗੁਰੂ ਗ੍ਰੰਥ ਸਾਹਿਬ ਅੱਗੇ ਹੀ ਮੱਥਾ ਟੇਕਣ ਦਾ ਹੁਕਮਨਾਮਾ ਸਖਤੀ ਨਾਲ ਲਾਗੂ ਕੀਤਾ ਜਾਵੇ ਜੀ।

ਗੁਰੂ ਸਾਹਿਬਾਨ ਨੇ ਉਪਦੇਸ਼ ਦਿੱਤਾ ਸੀ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ'। ਉਨ੍ਹਾਂ ਨੇ ਵੱਖ-ਵੱਖ ਜਾਤਾਂ ਦੇ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾ ਕੇ ਜਾਤ-ਪਾਤ ਖ਼ਤਮ ਕੀਤੀ ਸੀ। ਪਰ ਦੁੱਖ ਦੀ ਗੱਲ ਹੈ ਸਾਡੀ ਸ਼੍ਰੋਮਣੀ ਕਮੇਟੀ ਸੈਂਕੜੇ ਸਾਲਾਂ ਬਾਅਦ ਵੀ ਇਸ ਜਾਤ-ਪਾਤ ਨੂੰ ਖ਼ਤਮ ਨਹੀਂ ਕਰ ਸਕੀ। ਤਕਰੀਬਨ ਹਰ ਪਿੰਡ ਵਿਚ ਜਾਤਾਂ ਤੇ ਆਧਾਰਿਤ ਗੁਰਦਵਾਰਾ ਸਾਹਿਬਾਨ ਬਣੇ ਹੋਏ ਹਨ। ਮੌਤ ਤੋਂ ਬਾਅਦ ਇਹ ਜਾਤਾਂ-ਪਾਤਾਂ ਪਿੱਛਾ ਨਹੀਂ ਛੱਡਦੀਆਂ ਹਨ। ਮ੍ਰਿਤਕ ਇਨਸਾਨ ਲਈ ਜਾਤ ਆਧਾਰਿਤ ਸ਼ਮਸ਼ਾਨਘਾਟ ਵੀ ਵੱਖ-ਵੱਖ ਬਣਾ ਦਿੱਤੇ ਗਏ ਹਨ। ਕਿਰਪਾ ਕਰਕੇ ਇਸ ਸੰਬੰਧੀ ਵੀ ਆਪ ਜੀ ਵਲੋਂ ਠੋਸ ਕਦਮ ਚੁੱਕਦੇ ਹੋਏ ਸਿੱਖਾਂ ਨੂੰ ਹਰ ਪਿੰਡ ਵਿਚ ਇਕ ਗੁਰਦੁਆਰਾ ਸਾਹਿਬ ਅਤੇ ਇਕ ਸ਼ਮਸ਼ਾਨ ਘਾਟ ਬਣਾਉਣ ਲਈ ਪ੍ਰੇਰਿਤ ਕੀਤਾ ਜਾਵੇ ਜੀ। ਅਕਸਰ ਵੇਖਣ ਵਿਚ ਆਉਂਦਾ ਹੈ ਵਿਆਹ ਵਾਲੇ ਦਿਨ ਜਦੋਂ ਬਰਾਤ ਆਉਂਦੀ ਹੈ ਤਾਂ ਬਰਾਤ ਨੂੰ ਜੀ ਆਇਆਂ ਕਹਿਣ ਲਈ ਅਰਦਾਸ ਦੀ ਰਸਮ ਕੀਤੀ ਜਾਂਦੀ ਹੈ। ਇਸ ਮੌਕੇ ਕਈ ਬਰਾਤੀਆਂ ਨੇ ਨਸ਼ਾ ਆਦਿ ਵੀ ਕੀਤਾ ਹੁੰਦਾ ਹੈ, ਕਈਆਂ ਨੇ ਸਿਰ ਵੀ ਨੰਗਾ ਹੀ ਰੱਖਿਆ ਹੁੰਦਾ ਹੈ। ਜਿਸ ਨਾਲ ਅਰਦਾਸ ਦੀ ਬੇਅਦਬੀ ਹੁੰਦੀ ਹੈ।ਆਮ ਸੋਸ਼ਲ ਮੀਡੀਆ ਅਤੇ ਯੂ-ਟਿਊਬ ਆਦਿ ਤੇ ਗੁਰਬਾਣੀ ਦੀ ਵੀਡੀਓ ਪਾ ਕੇ ਲਿਖ ਦਿੱਤਾ ਜਾਂਦਾ ਹੈ ਕਿ ਇਹ ਸ਼ਬਦ ਸੁਣਨ ਨਾਲ ਮਾਇਆ ਆਵੇਗੀ ਜਾਂ ਇਹ ਸ਼ਬਦ ਸੁਣਨ ਨਾਲ ਨੌਕਰੀ ਆਦਿ ਮਿਲ ਜਾਵੇਗੀ, ਜੋ ਕਿ ਪੂਰੀ ਤਰ੍ਹਾਂ ਅੰਧ ਵਿਸ਼ਵਾਸ ਤੇ ਅਧਾਰਿਤ ਹੈ। ਕ੍ਰਿਪਾ ਕਰਕੇ ਪਾਠੀ ਸਿੰਘਾਂ ਨੂੰ ਅਜਿਹਾ ਅੰਧ-ਵਿਸ਼ਵਾਸ ਫੈਲਾਉਣ ਤੋਂ ਰੋਕਿਆ ਜਾਵੇ ਜੀ। ਗੁਰੂਆਂ ਦੇ ਨਾਵਾਂ ਤੇ ਖੁੱਲ੍ਹੇ ਹਸਪਤਾਲਾਂ ਵਿਚ ਮਹਿੰਗੇ ਇਲਾਜ ਕੀਤੇ ਜਾ ਰਹੇ ਹਨ। ਕ੍ਰਿਪਾ ਕਰਕੇ ਗੁਰੂ ਸਾਹਿਬਾਨ ਦੇ ਨਾਵਾਂ ਤੇ ਹੁੰਦਾ ਝੂਠ ਦਾ ਵਪਾਰ ਬੰਦ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾਵੇ ਜੀ।

ਸ਼੍ਰੋਮਣੀ ਕਮੇਟੀ ਦੇ ਸਕੂਲਾਂ ਕਾਲਜਾਂ ਵਿਚ ਆਮ ਸਿੱਖਾਂ ਦੇ ਬੱਚਿਆਂ ਨੂੰ ਸਸਤੀ ਵਿੱਦਿਆ ਦੇਣ ਦੇ ਉਪਰਾਲੇ ਕੀਤੇ ਜਾਣ ਤਾਂ ਜੋ ਸਮਾਜ ਵਿਚੋਂ ਅਗਿਆਨਤਾ ਦਾ ਹਨੇਰਾ ਦੂਰ ਕੀਤਾ ਜਾ ਸਕੇ। ਜਥੇਦਾਰ ਅਕਾਲ ਤਖਤ ਸਾਹਿਬ ਨੂੰ ਇਨ੍ਹਾਂ ਮੁੱਦਿਆਂ ਨੂੰ ਗੰਭੀਰਤਾ ਨਾਲ ਵਿਚਾਰਦੇ ਹੋਏ ਸਿੱਖ ਧਰਮ ਦੀ ਚੜ੍ਹਦੀ ਕਲਾ ਵਾਸਤੇ ਸਖ਼ਤ ਸੰਦੇਸ਼ ਜਾਰੀ ਕਰਨਾ ਚਾਹੀਦਾ ਹੈ।

ਗੁਰਪ੍ਰੀਤ ਸਿੰਘ
-ਪਿੰਡ ਤੇ ਡਾਕ ਬਡਾਲੀ

# ਪੰਜਾਬ ਦਾ ਗੌਰਵਮਈ ਪੱਖ ਤੇ ਭਵਿੱਖ ਦੀ ਚਿੰਤਾ

ਪੰਜਾਬ ਦਾ ਗੌਰਵਮਈ ਪੱਖ ਇਹ ਕਿ ਪਰਦੇਸਾਂ, ਖ਼ਾਸ ਕਰਕੇ ਇੰਗਲੈਂਡ ਅਤੇ ਕੈਨੇਡਾ ਵਿਚ ਪੰਜਾਬ ਤੋਂ ਗਏ ਪਰਵਾਸੀਆਂ ਨੇ ਜੋ ਭੱਲ ਬਣਾਈ, ਸਮਾਜਿਕ ਅਤੇ ਰਾਜਸੀ ਖੇਤਰਾਂ ਵਿਚ ਜੋ ਵਡਿਆਈ ਖੱਟੀ, ਉਹ ਏਧਰਲੇ ਪੰਜਾਬ ਲਈ ਵੀ ਗੌਰਵ ਦਾ ਕਾਰਨ ਬਣ ਗਈ। ਕਿਸਾਨ ਮੋਰਚੇ ਦੇ ਡਟੇ ਰਹਿਣ ਅਤੇ ਵਿਸ਼ਵ ਭਰ ਵਿਚ ਮਹਿਮਾ ਦਾ ਸ੍ਰੋਤ ਹੋ ਨਿਬੜਨ ਵਿਚ ਜੋ ਮਦਦ ਪਹੁੰਚੀ ਉਹ ਦੁਰਲੱਭ ਨਹੀਂ ਤਾਂ ਅੰਤ ਦੀ ਸੁਲੱਭ ਸਿੱਧ ਹੋਈ। ਨਿਰਾਸ਼ਾ ਵਾਲੀ ਗੱਲ ਪਰ ਇਹ ਹੈ ਕਿ ਇਹ ਅੱਜ ਜਿਵੇਂ ਭਲਕ ਵਿਚ ਨਿਘਰਨ ਲੱਗਿਆ ਹੈ, ਉਹ ਉਜਾਲੇ 'ਤੇ ਕਾਲਖ ਥੋਪਣ ਦਾ ਕੰਮ ਕਰ ਰਿਹਾ ਹੈ। ਗ਼ਰੀਬੀ ਗਦਾ ਹਮਾਰੀ ਦੇ ਹੁੰਦਿਆਂ ਕੱਲ੍ਹ ਨੇ ਜਿਵੇਂ ਪੰਜਾਬੀ ਹੋਣ ਦੀ ਭਾਵਨਾ ਨੂੰ ਗੌਰਵ ਨਾਲ ਭਰ ਰੱਖਿਆ ਸੀ, ਉਹ ਭਲਕ ਵਿਚ ਲੋਪ ਹੁੰਦੀ ਜਾ ਰਹੀ ਹੈ। ਭਲਕ ਦਾ ਜੋ ਦ੍ਰਿਸ਼ ਤਸੱਵਰ ਵਿਚ ਉੱਭਰਦਾ ਹੈ, ਉਸ ਅਨੁਸਾਰ ਖੇਤੀਬਾੜੀ ਕੁਝ ਦਹਾਕਿਆਂ ਦੀ ਖੇਡ ਹੈ। ਲੋੜ ਤੋਂ ਕਿਤੇ ਵੱਧ ਚੌੜੀਆਂ ਸੜਕਾਂ, ਦਰਿਆਵਾਂ ਵਿਚ ਪਾਣੀ ਦਾ ਸੋਕਾ, ਫ਼ਸਲਾਂ ਦੀ ਥਾਂ ਬੇਲੋੜੀਆਂ ਉਸਾਰੀਆਂ, ਨਸ਼ਿਆਂ ਦਾ ਖੁੱਲ੍ਹਮ ਖੁੱਲ੍ਹਾ ਫੈਲਾਉ, ਵਿਦਿਅਕ ਢਾਂਚੇ ਦਾ ਸੁਧਾਰ ਦੇ ਨਾਂ 'ਤੇ ਵਿਨਾਸ਼, ਪੰਜਾਬ ਵਿਚ ਕੁਝ ਵੀ ਸਾਰਥਕ ਨਾ ਹੋ ਸਕਣ ਦਾ ਵਿਆਪਕ ਅਹਿਸਾਸ, ਇਹ ਵਿਆਪਕ ਅਹਿਸਾਸ ਹੈ ਜਿਸ ਤੋਂ ਛੁਟਕਾਰਾ ਪਾਉਣਾ ਅਸੰਭਵ ਨਹੀਂ ਤਾਂ ਮੁਹਾਲ ਜ਼ਰੂਰ ਹੈ।

ਕੱਲ੍ਹ, ਅੱਜ ਤੇ ਭਲਕ ਅਨੁਸਾਰ ਪੰਜਾਬ ਦਾ, ਇਸ ਦੇ ਵਾਸੀਆਂ ਦੇ ਜੀਵਨ ਦਾ ਤਸੱਵਰ ਬਣਦਾ ਹੈ, ਉਹ ਮਾਇਕ ਤੌਰ 'ਤੇ ਭਾਵੇਂ ਬਦਲ ਜਾਵੇ। ਬਦਲਾਵ ਕਿੰਨਾ ਕੁ ਧਰਵਾਸ ਦਾ ਸ੍ਰੋਤ ਬਣੇਗਾ, ਭੂਗੋਲਿਕ ਤੌਰ 'ਤੇ ਪੰਜਾਬ ਦਾ ਪੰਜ ਦੁਆਬਾਂ ਦੇ ਦੇਸ਼ ਵਜੋਂ ਹੋਂਦ ਵਿਚ ਆ ਕੇ ਇਤਿਹਾਸ ਵਿਚ ਵਾਪਰੇ ਕੁੱਲ ਵਿਗਠਨ ਦੇ ਬਾਵਜੂਦ ਚੁੰਧਿਆ ਦੇਣ ਵਾਲਾ ਦ੍ਰਿਸ਼ ਬਣ ਕੇ ਕਦੇ ਕਦਾਈਂ ਹੀ ਭਾਵੇਂ ਭਵਿੱਖ ਵਿਚ ਉੱਭਰਦਾ ਰਹੇਗਾ, ਇਸ ਨੂੰ ਤਸੱਵਰ ਵਿਚ ਵਸਾ ਲੈਣ ਨੂੰ ਦਿਲ ਕਰਦੇ ਰਹਿਣਾ ਚਾਹੀਦਾ ਹੈ। ਇਤਿਹਾਸ ਵਿਚ ਜੋ ਵਾਪਰਿਆ, ਉਸ ਦਾ ਖ਼ਿਆਲ ਬਹੁਤ ਕੁਝ ਘਟਾਉਂਦਾ ਅਤੇ ਵਧਾਉਂਦਾ ਰਹੇਗਾ। ਇਸ ਦੇ ਬਾਵਜੂਦ ਕੱਲ੍ਹ, ਅੱਜ ਤੇ ਭਲਕ ਦੀ ਤ੍ਰਿਕੜੀ ਬਣੀ ਰਹੇ ਤਾਂ ਪੰਜਾਬ ਦਾ ਮੁੱਢਲਾ ਤਸੱਵਰ ਲੋਪ ਨਹੀਂ ਹੋਵੇਗਾ, ਉਸ ਸਭ ਕੁਝ ਦੇ ਬਾਵਜੂਦ ਜੋ ਇਤਿਹਾਸ ਵਿਚ ਵਾਪਰਿਆ। ਸਾਡੀ ਹੋਂਦ ਲਈ ਇਹ ਤਸੱਵਰ ਭਾਵੀ ਵਾਂਗ ਹੈ।

-ਤੇਜਵੰਤ ਸਿੰਘ ਗਿੱਲ

# TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




## FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO

(855)641-6955, (888)795-7035




# ਪੰਜਾਬੀ ਸਾਹਿਤ ’ਚ ਇਸਤਰੀ ਕਾਵਿ ਦਾ ਉਥਾਨ



ਜਗਦੀਸ਼ ਸਿੰਘ ਚੋਹਕਾ
91-9217997445
001-403-285-4208

ਜਿਹੜਾ ਦੇਸ਼ ਜਿਨਾਂ ਹੀ ਸਮਰਿੱਧ ਹੁੰਦਾ ਹੈ, ਸੁੱਖੀ ਹੁੰਦਾ ਹੈ। ਗਰੀਬੀ ਤੋਂ ਮੁਕਤ ਹੁੰਦਾ ਹੈ ਉਤਨੀ ਹੀ ਉਸ ਦੀ ਸਿਰਜਨਾਤਮਕ ਸ਼ਕਤੀ ਅਤਿ ਵਿਕਸਿਤ ਹੁੰਦੀ ਹੈ। ਇਹ ਸ਼ਕਤੀ ਕਵਿਤਾ, ਮੂਰਤੀ ਕਲਾ, ਕ੍ਰਿਤ ਕਲਾ, ਸੰਗੀਤ ਕਲਾ ਆਦਿ ਦੇ ਅਧਿਐਨ ਨਾਲ ਵੱਧ ਤੋਂ ਵੱਧ ਅਭਿ-ਵਿਅਕਤੀ ਪਾਉਂਦੀ ਹੈ ਅਤੇ ਗਿਆਨ ਦੀ ਸੰਸਕ੍ਰਿਤੀ ਨੂੰ ਜੀਵਨ ਪ੍ਰਦਾਨ ਕਰਦੀ ਹੈ। ਭੁੱਖੇ ਅਭਾਵ-ਗ੍ਰਸਤ ਪਛੜੇ ਹੋਏ ਅਤੇ ਅਸੱਭਿਆ ਦੇਸ਼ਾਂ ਦੀ ਸੰਸਕ੍ਰਿਤੀ ਵੀ ਰੰਕ ਹੁੰਦੀ ਹੈ। ਪੰਜਾਬ ਭਾਵੇਂ ਸਰਹੱਦੀ ਸੂਬਾ ਰਿਹਾ ਹੈ, ਪਰ ਇੱਥੋਂ ਦੇ ਨਿਵਾਸੀ ਸੰਗੀਤ, ਸਹਿਤ ਤੇ ਕਲਾਪ੍ਰੇਮੀ ਹੋਏ ਹਨ। 1500 ਪੂ.ਈ. ਦੇ ਨੇੜੇ ਤੇੜੇ ਆਰੀਆ ਲੋਕਾਂ ਦੇ ਪੰਜਾਬ ਵਿੱਚ ਆਉਣ ਨਾਲ ਲਗਭਗ ਇਕ ਹਜ਼ਾਰ ਵਰ੍ਹਿਆਂ ਲਈ ਜੋ ਇਤਿਹਾਸਕ ਤਸਵੀਰ ਉਘੜਦੀ ਹੈ ਉਹ ਸਰਾਸਰ ਉਨ੍ਹਾਂ ਧਾਰਮਿਕ ਗ੍ਰੰਥਾਂ ਉਤੇ ਆਧਾਰਿਤ ਹੈ ਜੋ ਆਰੀਆ ਲੋਕਾਂ ਦੀ ਕਿਰਤ ਮੰਨੀ ਜਾ ਸਕਦੀ ਹੈ। ਪੰਜਾਬ ਅੰਦਰ ਕਲਾ ਦੇ ਵਿਕਾਸ ਅੰਦਰ ਲੋਕ-ਕਲਾ (ਫੋਕ) ਦਾ ਵੱਡਾ ਯੋਗਦਾਨ ਰਿਹਾ ਹੈ। ਫੋਕ-ਕਲਾ ਦੀ ਸਿਰਜਣਹਾਰ ਸਾਡੀ ਪੰਜਾਬਣ ਹੈ ਜਿਸ ਨੇ ਇਸਤਰੀ ਨੂੰ ਕਈ ਤਰ੍ਹਾਂ ਦੀਆਂ ਹੀਣ-ਭਾਵਨਾਵਾਂ ਤੋਂ ਬਚਾਅ ਰੱਖਿਆ। ਬੱਚੇ ਦੇ ਜੰਮਣ ’ਤੇ ਉਹ ਦਰਵਾਜੇ ਉਤੇ ਸੱਜੇ-ਖੱਬੇ ਹੱਥਾਂ ਦੇ ਪੰਜੇ ਲਾਉਂਦੀ ਹੈ, ਕਾਲੇ ਰੰਗ ਨਾਲ ਲਾਇਆ ਠੱਪਾ, ਵਿਆਹ-ਸ਼ਾਦੀਆਂ ਸਮੇਂ ’ਤੇ ਉਲੀਕੇ ਗਏ ਨਮੂਨੇ, ਬਿੰਬ ਤੇ ਪ੍ਰਤੀਕ ਹੀ ‘ਭਾਸ਼ਾ’ ਦਾ ਰੂਪ ਧਾਰਦੇ ਗਏ ਹਨ। ਉਹ ਗੱਲਾਂ ਜਿਨ੍ਹਾਂ ਨੂੰ ਮੂੰਹੋਂ ਨਹੀਂ ਸਮਝਾਇਆ ਜਾ ਸਕਦਾ, ਇਹ ਬਿੰਬ ਹੀ ਸਮਝਾਉਂਦੇ ਹਨ ਜੋ ਇਸਤਰੀ ਦੀ ਅੰਦਰੂਨੀ ਮਾਨਸਿਕਤਾ (ਸਾਈਕੀ) ਦਾ ਪ੍ਰਤੀਕ ਹਨ।ਇਸਤਰੀ ਦੇ ਅਰਧ ਚੇਤਨ ਅਤੇ ਚੇਤਨ ਮਨ ਵਿੱਚ ਉਭਰਦੇ ਹਾਵ-ਭਾਵ, ਸਮਾਜ ਦੇ ਤਸੀਹੇ, ਨਾਇਕ ਨੂੰ ਮਿਲਣ ਦੀ ਪ੍ਰਬਲ ਇੱਛਾ, ਸੰਯੋਗ-ਵਿਯੋਗ ਦੀਆਂ ਪ੍ਰਵਿਰਤੀਆਂ, ਇਸਤਰੀ ਦੀ ਸੁੰਦਰਤਾ ਲਈ ਨਕਸ਼ ਵਰਣਨ, ਤਰ੍ਹਾਂ-ਤਰ੍ਹਾਂ ਦੀਆਂ ਸਰੀਰਕ ਅੰਗ-ਭੰਗਿਆਵਾਂ, ਮੌਸਮ ਤਬਦੀਲ ਹੋਣ ਦੇ ਨਾਲ-ਨਾਲ ਇਸਤਰੀ-ਮਰਦ ਅੰਦਰ ਆਈ ਤਬਦੀਲੀ ਨੂੰ ਪੰਜਾਬ ਦੇ ਸਾਹਿਤਕ ਖੇਤਰ ਅੰਦਰ ਦੋਹਾਂ ਹੀ ਇਸਤਰੀ ਤੇ ਮਰਦ ਨੂੰ ਸਮੇਂ-ਸਮੇਂ ਅੰਦਰ ਕਾਵਿ ਰਚਨਾਵਾਂ ਲਈ ਜਨਮ ਦਿੱਤਾ। ਸਮੁੱਚੇ ਪੰਜਾਬ ਦੇ ਸਾਹਿਤਕ ਖੇਤਰ ਦੇ ਇਤਿਹਾਸ ਅੰਦਰ ਅੱਜ ਇਸਤਰੀ ਕਵਿਆਂ, ਉਨ੍ਹਾਂ ਦੀਆਂ ਕਾਵਿ ਰਚਨਾਵਾਂ ਅਤੇ ਕਲਾਵਾਂ ਦਾ ਸਮਾਜ ਅੰਦਰ ਵੱਡਾ ਯੋਗਦਾਨ ਰਿਹਾ ਹੈ। ਉਸ ਦਾ ਪੰਜਾਬੀ ਸੱਭਿਆਚਾਰ, ਵੰਨ-ਸੁਵੰਨਤਾ ਤੇ ਵਿਲੱਖਣਤਾ ਅੰਦਰ ਪੂਰੀ ਹਿੱਸੇਦਾਰੀ ਵੀ ਰਹੀ ਹੈ, ਪਰ ਸਮਾਜ ਅੰਦਰ ਮਰਦ-ਪ੍ਰਧਾਨ ਮਾਨਸਿਕਤਾ ਨੇ ਇਸਤਰੀ ਦੀ ਕਾਵਿ ਪ੍ਰਤਿਭਾ ਨੂੰ ਨਾ ਪਨਪਣ ਦਿੱਤਾ ਤੇ ਨਾ ਹੀ ਉਸਰਨ ਦਿੱਤਾ ?

ਹੜੱਪਾ ਦੀ ਖੁਦਾਈ ਤੋਂ ਪ੍ਰਾਚੀਨ ਪੰਜਾਬ ਦੇ ਗੌਰਵ ਦਾ ਬੇਅੰਤ ਭੰਡਾਰ ਮਿਲਿਆ ਹੈ। ਪੱਥਰ ਤੇ ਤਾਂਬੇ ਦੇ ਹਥਿਆਰ, ਖੇਤੀ ਸੰਦ, ਚਿਤਰ, ਮੂਲਲਿਪੀ ਦੇ ਨਿਸ਼ਾਨ, ਲਲਿਤ ਕਲਾਵਾਂ ਦੇ ਹਥਿਆਰ, ਬਰਤਨ, ਸੁੰਦਰ ਮੂਰਤੀਆਂ, ਗਹਿਣੇ, ਨੱਚਦੀ ਮੂਰਤੀ, ਦੇਵੀ ਮਾਤਾ ਦੀ ਮੂਰਤੀ ਅਤੇ ਹੋਰ ਕਈ ਤਰ੍ਹਾਂ ਦੇ ਚਿੰਨ੍ਹ ਜੋ ਉਸ ਸਮੇਂ ਦੀ ਉਨਤ ਸੱਭਿਅਤਾ ਦਾ ਪ੍ਰਤੀਕ ਹਨ ਮਿਲੇ। ਹੜੱਪਾ ਸੱਭਿਅਤਾ ਅੰਦਰ ਮਰਦ-ਇਸਤਰੀ ਦੋਨੋ ਕਲਾ-ਪ੍ਰਣਾਲੀ ਅੰਦਰ ਨਿਪੁੰਨ ਸਨ। ਬੁੱਧਾ-ਕਾਲ ਦੌਰਾਨ ਮਿਲੀਆਂ ਮੂਰਤੀਆਂ, ਸ਼ਿਲਾ-ਲੇਖ ਤੇ ਸਤੰਭਾਂ ਉਪਰ ਉਕਰੀਆਂ ਕਲਾ-ਕਿਰਤੀਆਂ ਦੀ ਅਗਵਾਨੀ ਹੜੱਪਾ ਤੋਂ ਉਤਾਰੀ ਲੱਗਦੀ ਹੈ। ਰਿਗ ਵੇਦ ਵਿੱਚ ਜੋ ਭੂਗੋਲਿਕ ਹਵਾਲੇ ਹਨ ਉਨਾਂ ਵਿੱਚ ਸਭ ਤੋਂ ਪ੍ਰਮੁੱਖ ਵਰਣਨ ਸਪਤ ਸਿੰਧੂ ਦਾ ਹੈ, ਜੋ ਅੱਜ ਦੇ ਪੰਜਾਬ ਦਾ ਪ੍ਰਾਚੀਨ ਨਾਮ ਹੈ।

ਰਿਗ ਵੇਦ ਤੋਂ ਤਤਕਾਲੀ ਪੰਜਾਬੀ ਸੱਭਿਆਚਾਰ ’ਤੇ ਜੀਵਨ ਦੀ ਝਲਕ ਮਿਲਦੀ ਹੈ। ਉਦੋਂ ਪਰਿਵਾਰ ਅਧਾਰਤ ਸਮਾਜ ਸੀ ਤੇ ਪਤਨੀ ਦਾ ਪੂਰਾ ਸਤਿਕਾਰ ਸੀ। ਮਰਦ ਅਤੇ ਇਸਤਰੀ ਦੇ ਸੰਬੰਧਾਂ ਦੀ ਮਨੋ-ਵਿਗਿਆਨਕ ਚਰਚਾ ਪੁਰੂਰਵਾ (ਨਾਇਕ) ਤੇ ਉਰਵਸ਼ੀ (ਨਾਇਕਾ), ਅਗਸਤਯ ਅਤੇ ਲੋਪਾ ਮੁਦ੍ਰਾ ਅਤੇ ਯਮ ਤੇ ਯਮੀ ਦੇ ਸੰਵਾਦਾਂ ਰਾਹੀਂ ਪੇਸ਼ ਕੀਤੀ ਗਈ ਸੀ (ਸੋਸਦੀਸ: ਰਿਤਵਜਾ ਪ੍ਰਚਰੰਤਿ) ਮਿਲਦੀ ਹੈ। ਭਾਵ ਇਸਤਰੀ ਵੀ ਆਪਣੇ ਵਿਚਾਰ ਸੰਵਾਦਾਂ ਰਾਹੀਂ ਪ੍ਰਗਟ ਕਰਦੀ ਸੀ।

ਪੰਜਾਬ ਦਾ ਇਤਿਹਾਸ ਲੰਬੇ ਸਮੇਂ ਤੋਂ ਕਬੀਲਦਾਰੀ, ਰਾਜਾਸ਼ਾਹੀ, ਜਾਗੀਰਦਾਰੀ, ਬੱਸਤੀਵਾਦ ਦੇ ਕਾਲ ਅੰਦਰ ਮਰਦ ਪ੍ਰਧਾਨ ਸਮਾਜ ਹੀ ਕਾਬਜ਼ ਰਿਹਾ ਹੈ, ਜੋ ਮਨੁੱਖੀ ਸੰਬੰਧਾਂ ਉਪਰ ਵੀ ਪ੍ਰਭਾਵ ਪਾਉਂਦਾ ਰਿਹਾ ਹੈ। ਸ਼ੁਰੂ ਤੋਂ ਹੀ ਇਸਤਰੀ ਨੂੰ ਇਨ੍ਹਾਂ ਯੁੱਗਾਂ ਅੰਦਰ ਅਧੀਨਗੀ ਹੇਠ, ਮਨ-ਪਰਚਾਵਾਂ ਅਤੇ ਘਰ ਦੀ ਚਾਰ ਦੀਵਾਰੀ ਅੰਦਰ ਹੀ ਡੱਕ ਕੇ ਰੱਖਿਆ ਗਿਆ। ਉਸ ਤੋਂ ਸਦਾ ਤਿਆਗ, ਕੁਰਬਾਨੀ ’ਤੇ ਮਮਤਾ ਦੀ ਉਮੀਦ ਰੱਖੀ। ਭਾਵੇਂ ਉਸ ਦੇ ਮਨੋ-ਸੰਵਾਦਨਾ ਅੰਦਰ ਉਠਾਨ ਆਇਆ, ਵਲਵਲੇ ਪੈਦਾ ਹੋਏ, ਗੁੱਸਾ ਤੇ ਵਿਦਰੋਹ ਨੇ ਵੀ ਜਨਮ ਲਿਆ, ਪਰ ਸਦੀਆਂ ਦੀ ਲਤਾੜੀ ਉਹ ਨਾ ਬੋਲ ਸਕੀ, ਬੋਲੀ ਤਾਂ ਸੁਣੀ ਨਾ ਗਈ ਜਾਂ ਫਿਰ ਉਸ ਦੀ ਭਾਵਨਾ ਦੇ ਉਲਟ ਅਰਥ ਕੱਢ ਲਏ ਗਏ, ਸਗੋਂ ਇਸਤਰੀ ਨੇ ਆਪਣੇ ਵਲਵੱਲਿਆਂ, ਵਿਦਰੋਹ ਅਤੇ ਗੁੱਸੇ ਨੂੰ ਆਪਣੇ ਢੰਗ ਨਾਲ ਬਿੰਬਾਂ, ਇਸ਼ਾਰਿਆਂ ਅਤੇ ਲੋਕ ਗੀਤਾਂ ਰਾਹੀ ਪ੍ਰਗਟ ਕਰਨ ਦੀ ਕੋਸ਼ਿਸ਼ ਕੀਤੀ। ਇਸ ਤਰ੍ਹਾਂ ਸਦੀਆਂ ਤੋਂ ਇਸਤਰੀ ਦੇ ਮਨ ਦੀ ਵੇਦਨਾ ਨੂੰ ਲਿਖਤੀ ਰੂਪ ਵਿੱਚ ਆਉਣ ਲਈ ਕਈ ਸਦੀਆ ਲੱਗ ਗਈਆ। ਇਸਤਰੀ ਨੂੰ ਸਿਖਿਅਤ ਹੋਣ ’ਤੇ ਅਤੇ ਆਪਣੀ ਪਛਾਣ ਬਣਾਉਣ ਲਈ ਲਿਖਤੀ ਵੇਦਨਾ ਕਹਿਣ ਲਈ ਲੰਮਾ ਸਮਾਂ ਉਡੀਕਣਾ ਪਿਆ। ਇਹ ਗੱਲ ਤਾਂ ਪ੍ਰਮਾਣਿਕ ਹੈ ਕਿ ਕਾਵਿ ਰਚਨਾ ਵਾਰਤਕ ਤੋਂ ਪਹਿਲਾਂ ਜਨਮੀ ਹੈ। ਕਵਿਤਾ ਦਾ ਸੰਬੰਧ ਵਲਵੱਲੇ ਨਾਲ ਹੁੰਦਾ ਹੈ ਜੋ ਬੌਧਿਕ ਕਾਲ ਨਾਲੋ ਪਹਿਲਾ ਉਛਾਲਾਂ ਮਾਰਦੀ ਹੈ। ਪਰ ਜਦੋਂ ਕਿਸੇ ਵਿਅਕਤੀ ਪਾਸ ਆਪਣੇ ਵਿਚਾਰਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਭਾਸ਼ਾ ਦਾ ਮਾਧਿਅਮ ਤਾਂ ਹੋਵੇ ਪਰ ਅੱਖਰਾਂ ਦੇ ਗਿਆਨ ਦਾ ਉਸ ਨੂੰ ਅਭਾਵ ਹੋਵੇ ਫਿਰ ਉਸ ਦੇ ਅੰਦਰਲੇ ਜਜ਼ਬੇ ਜਦੋਂ ਉਸ ਦੀ ਹਿੱਕ ਕੇ ਬਾਹਰ ਆਉਂਦੇ ਹਨ ਤਾਂ ਉਹ ਲੋਕਾਂ ਦੀ ਜੁਬਾਨ ਦੇ ਰਾਜੇ ਹੋ ਜਾਂਦੇ ਹਨ। ਉਸ ਸਮੇਂ ਦੀਆਂ ਸਮਾਜਿਕ ਤੇ ਆਰਥਿਕ ਵਿਵਸਥਾਵਾਂ ਅਨੁਸਾਰ ਆਪਣੇ ਅੰਦਰ ਸਮੋਅ ਕੇ ਉਹ ਬੋਲ ਲੋਕਾਂ ਦੇ ਹੋ ਜਾਂਦੇ ਹਨ ਅਤੇ ਇੰਝ ਲੋਕ ਗੀਤਾਂ ਨੇ ਜਨਮ ਲਿਆ। ਇਸਤਰੀ ਨੇ ਜਨਮ ਤੋਂ ਲੈ ਕੇ ਅੰਤਲੇ ਪਲਾਂ ਤੱਕ ਆਪਣੇ ਮਨ ਦੀ ਵੇਦਨਾ ਨੂੰ ਬੋਲਾਂ ਨਾਲ ਤਾਂ ਪੰਜਾਬੀ ਸਾਹਿਤ ਦੇ ਲੋਕ ਗੀਤਾਂ ਰਾਹੀਂ ਅਮੀਰ ਬਣਾਇਆ ਹੈ, ਪਰ ਕਾਵਿ ਦੇ ਬੌਧਿਕ ਕਾਰਜ ਅੰਦਰ ਬਹੁਤ ਸਾਰੀਆਂ ਦੁਸ਼ਵਾਰੀਆਂ ਕਾਰਨ ਇਸ ਖੇਤਰ ’ਚ ਮਰਦਾ, ਦੇ ਮੁਕਾਬਲੇ



ਉਹ ਬਹੁਤ ਪਿੱਛੇ ਰਹਿ ਗਈ। ਇਸ ਘਾਟ ਨੂੰ ਦਰਸਾਉਂਦੀ ਮਾਂ ਦੀ ਧੀ ਨੂੰ ਸਿਖਿਆ ਇਹ ਕਹਿੰਦੀ ਹੈ :

‘ਸੁਣਨੀ ਧੀਏ ਬੜੀ ਪਛਤਾਈ ਨਾਂ ਓ ਸੁਰਜੀਤੋ ਧਰ ਕੇ, ਸੁੱਤੀ ਪਈ ਨੂੰ ਜਾਗ ਨੀ ਆਉਂਦੀ ਦਿਨ ਨਾ ਜਾਂਦੈ ਚੜ੍ਹ ਕੇ,

ਅੱਧੀਆਂ ਨੇ ਤਾਂ ਦੁੱਧ ਨੀ ਰਿੜਕ ਲਏ ਅੱਧੀਆਂ ਨੇ ਡਾਹ ਲੇ ਚਰਖੇ, ਅੰਦਰੋਂ ਨਿਕਲੇ ਨੀ ਤੂੰ ਚੀਨਾ ਕਬੂਤਰ ਬਣਕੇ ; ਅੱਖੀਂ ਪੂੰਝੇਗੀ ਫਿਰ ਲੜ ਢਾਡੀ ਦੇ ਫੜਕੇ।

ਰਿਗ-ਵੇਦ ਕਿਉਂਕਿ ਇਹ ਪੰਜਾਬ ਅੰਦਰ ਹੀ ਰੱਚਿਆ ਗਿਆ ਤੇ ਇਸ ਅੰਦਰ ਰਚਨਾ ਵੀ ਅਨੇਕਾਂ ਵਿਦਵਾਨਾਂ (ਰਿਸ਼ੀਆਂ) ਦੀ ਸਮੂਹਿਕ ਰਚਨਾ ਕਹੀ ਜਾ ਸਕਦੀ ਹੈ। ਰਿਗ ਵੇਦ ਅੰਦਰ ਰਿਸ਼ੀਆਂ ਦੇ ਨਾਲ -ਨਾਲ ਰਿਸ਼ਿਕਾਵਾਂ (ਭਾਵ ਪੰਜਾਬੀ ਇਸਤਰੀ ਕਵਿੱਤਰੀਆਂ) ਦਾ ਵਰਣਨ ਕਰਨਾ ਵੀ ਜਰੂਰੀ ਹੈ ਜਿਨ੍ਹਾਂ ਦੀ ਕਿਰਤ ਇਨ੍ਹਾਂ ਵੇਦਾਂ ਅੰਦਰ ਅੰਕਿਤ ਹੈ। ਇੰਦਰਾਣੀ, ਸ਼ਾਦਰੀਮਾਤਾ, ਰੋਮਾ, ਸ਼ੇਰਵਸੀ, ਲੋਪਮੁਦਰਾ, ਨਾਟਿਅਮਯਮੀ, ਨਾਰੀ, ਸ਼ਰਮਵਤੀ, ਸ਼ਰੀਰ, ਲਕਸ਼ਮੀ, ਸਰਪਰਜਨੀ, ਵਾਕਸ਼ਰਥਾ, ਔਸ਼ਾ, ਸੂਰੀਆ, ਸਵਿੱਤਰੀ, ਕੱਤਰੀ, ਦਕਸ਼ਿਣਾ, ਸੇਧਾਸਿਕਤਾ, ਕਿਦਾਵਰੀ, ਬ੍ਰਹਮਾਦਨਯਾ, ਤ੍ਰਿਪਤਾ, ਰਿਸ਼ਿਕਾ, ਘੋਸ ਆਦਿ ਅਤਿ ਸੁੰਦਰ ਇਸਤਰੀਆਂ ਜਿਨ੍ਹਾਂ ਨੂੰ ਗਿਆਨ ਅਤੇ ਸ਼ਕਤੀ ਨਾਲ ਏਨਾ ਪ੍ਰੇਮ ਸੀ ਕਿ ਉਨ੍ਹਾਂ ਦੀਆਂ ਰਚਨਾਵਾਂ ਰਿਗ ਵੇਦ ਦਾ ਅੰਗ ਬਣ ਗਈਆਂ। ਰਿਸ਼ਿਕਾ ਘੋਸ਼ ਦੇ ਦੋ ਸੰਪੂਰਨ ਸਲੋਕ ਰਿਗ ਵੇਦ ਵਿੱਚ ਸ਼ਾਮ ਲਹਨ। ਘੋਸ਼ ਦਾ ਦੁਖਾਂਤ ਸੀ ਕਿ ਉਹ ਇਕ ਅਸਾਧ ਰੋਗ ਨੇ ਬਦਸੂਰਤ ਬਣਾ ਦਿੱਤੀ ਸੀ। ਉਹ ਰਿਸ਼ੀ ਦੀਰਘਤਮਸ ਦੀਪੋਤੀ ਤੇ ਰਿਸ਼ੀ ਕਕਸ਼ਵੀਤ ਦੀ ਪੁਤਰੀ ਸੀ। ਉਸ ਦਾ ਇਕ ਸਲੋਕ ਅਸ਼ਵਿਨ ਦੀ ਮਹਿਮਾ ’ਚ ਤੇ ਦੂਸਰਾ ਸਲੋਕ ਉਸ ਨੇ ਆਪਣੇ ਦਿਲ ਦੀ ਵੇਦਨਾ ਅਤੇ ਵਿਆਹੁਤਾ ਜੀਵਨ ਦੀ ਕਾਮਨਾ ਉਜਾਗਰ ਕਰਕੇ ਉਚਾਰਿਆ ਸੀ।

ਰਿਸ਼ੀਵਾਚਕ ਦੀ ਪੁੱਤਰੀ ਗਾਰਗੀ ਨੂੰ ਕਾਵਿਕ-ਦਾਰਸ਼ਨਿਕ ਨਿਪੁੰਨਤਾ ਦੇ ਪੱਖੋਂ ਸਭ ਤੋਂ ਸਿਰ-ਕੱਢ ਰਿਸ਼ੀਕਾ (ਇਸਤਰੀ ਕਵਿਤਰੀ) ਕਹਿਣਾ ਨਾਵਾਜਬਨ ਹੀ ਹੋਵੇਗਾ, ਉਹ ਅਨੇਕ ਸਲੋਕਾਂ ਦੀ ਕਰਤਾ ਹੈ ਜਿਸ ਵਲੋਂ ਸੰਸਾਰ ਦੇ ਆਰੰਭ ਬਾਰੇ ਗੰਭੀਰ ਚਰਚਾ ਕੀਤੀ ਗਈ ਹੈ। ਉਹ ਸੰਵਾਦਾਂ ਦੇ ਜਵਾਬ ਵਿੱਚੋਂ ਨਵਾਂ ਸਵਾਲ ਕੱਢਣ ਦੀ ਨਿਪੁੰਨ ਮੰਨੀ ਜਾਂਦੀ ਸੀ। ਭਾਵ ਵੇਦ ਕਾਲ ਦੇ ਪੰਜਾਬ ਅੰਦਰ ਪੰਜਾਬਣਾਂ ਦੀ ਕਾਵਿ-ਪ੍ਰਤਿਬਾਸਾਨੀ ਹੁੰਦੀ ਸੀ। ਪਾਰ ਕਾਲ ਦੇ ਬੀਤਣ ਬਾਅਦ ਪੰਜਾਬ ਦੀਆਂ ਪ੍ਰਸਥਿਤੀਆਂ ’ਚ ਕਈ ਤਬਦੀਲੀਆਂ ਆਉਂਦੀਆਂ ਗਈਆਂ। ਪੰਜਾਬ ਅੰਦਰ ਦਾਰਸ਼ਨਿਕ ਕਾਵਿ-ਰਚਨਾਵਾਂ ਅੰਦਰ ਨਵੇਂ ਤੋਂ ਨਵੇਂ ਖੱਪੇ ਆਉਂਦੇ ਗਏ ਅਤੇ ਰਚਨਾਕਾਰੀ ਅੰਦਰ ਬੰਜਰਤਾ ਵੀ ਆਉਂਦੀ ਗਈ। ਪਰ ਫਿਰ ਵੀ ਪੰਜਾਬ ਅੰਦਰ ਬੇਨਾਮੀਆਂ, ਅਣਜਾਣੀਆਂ ਅਤੇ ਵਿਸਰੀਆਂ ਪੰਜਾਬਣਾਂ ਨੇ ਆਪਣੇ ਦਿਲ ਦੀਆਂ ਡੂੰਘਾਈਆਂ ਅੰਦਰ ਉਠੀਆਂ ਭਾਵਨਾਵਾਂ ਨੂੰ ਵੱਖੋ ਵੱਖ ਰੂਪਾਂ ’ਚ ਚਿਤਰਣ, ਅੱਗੋਂ ਆਪਣੇ ਧੀਆਂ-ਪੁੱਤਰਾਂ ਅਤੇ ਸਮਾਜ ਨੂੰ ਸੌਂਪੇ ਬੇਸ਼ੁਮਾਰ ਲੋਕ ਗੀਤਾਂ, ਬਾਤਾਂ ਅਤੇ ਟੋਟਕਿਆਂ ਰਾਹੀ ਪੰਜਾਬੀ ਅੰਦਰ ਅਨਮੋਲ, ਕਾਵਿ ਪੂੰਜੀ ਨੂੰ ਸਾਡੇ ਤੱਕ ਪੁੱਜਦਾ ਕੀਤਾ ਹੈ। ਇਸਤਰੀ ਨੇ ਜਨਮ ਤੋਂ ਲੈ ਕੇ ਮਰਨ ਤੱਕ, ਜੀਵਨ ਦੇ ਹਰ ਦੌਰ ਅੰਦਰ ਲੋਕ-ਗੀਤਾਂ ਰਾਹੀ ਇਸਤਰੀ ਕਾਵਿ ਦੇ ਇਤਿਹਾਸ ਨੂੰ ਮਜ਼ਬੂਤ ਕੀਤਾ।

ਪੰਜਾਬ ਅੰਦਰ ਲੋਕ ਗੀਤ ਵੀ ਵੱਡੀ ਹੱਦ ਤੱਕ ਇਸਤਰੀਆਂ ਦੇ ਰਚਨਾ-ਖੇਤਰ ਹੀ ਰਹੇ, ਮਰਦ-ਪ੍ਰਧਾਨ ਸਮਾਜ ਅੰਦਰ ਭਾਵੇਂ ਇਸਤਰੀਆਂ ਦਾ ਲੋਕ ਗੀਤ ਕਾਵਿ ਖੇਤਰ ਵੀ ਸਾਹ-ਘੁਟਵਾਂ ਰਿਹਾ, ਫਿਰ ਵੀ ਉਨ੍ਹਾਂ ਨੇ ਇਸ ਅੰਦਰ ਵੰਨ-ਸੁਵੰਨੇ ਜਜ਼ਬਿਆਂ ਦਾ ਖੁਲ੍ਹ ਕੇ ਕਾਰਗਾਰ ਪ੍ਰਗਟਾਵਾ ਕੀਤਾ ਉਨ੍ਹਾਂ ਦੇ ਹਿੱਸੇ ਭਾਵੇਂ ਰੋਹ ਤੇ ਰੋਸ ਸੀ, ਫਿਰ ਵੀ ਉਨ੍ਹਾਂ ਦੀ ਹੂਕ ਅੰਦਰ ਪਿਆਰ ਹੈ, ਵਿਛੋੜਾ ਹੈ, ਸੁਹਣੇ ਪ੍ਰਤੀਕਾਮਨਾ ਤੇ ਤਾਂਘ ਸੀ। ਲੋਕ ਗੀਤ ਸੰਪੂਰਨ ਸਾਹਿਤਕ, ਵਿਚਾਰਾਂ ਅੰਦਰ ਜਜ਼ਬਾਤੀ ਅਤੇ ਜ਼ਮਾਨੇ ਨਾਲ ਪੂਰਾ-ਮੇਲ ਖਾਂਦੇ ਸਨ। ਆਰਥਿਕਤਾ ਅੰਦਰ ਟੁੱਟਿਆ ਪੇਂਡੂ ਜੀਵਨ ਕਿਸੇ ਅਣਦਿਸਦੇ ਦੁਸ਼ਮਣ ਵਿਰੁਧ ਲੋਕ ਗੀਤਾਂ ਅੰਦਰ ਆਪਣੀ ਧੜਾਸ ਰੱਖਦਾ ਹੈ।

‘ਮੰਦੇ ਪਿਆ ਪੁਰਾਣਾ ਕੱਪੜਾ, ਕੋਈ ਨਾ ਸੀਵੇ ਦਰਜੀ ਹੋ,
ਕੋਈ ਨਾ ਮਿਲਿਆ ਦਿਲ ਦਾ ਮਹਿਰਮ, ਜੋ ਮਿਲਿਆ ਅਲ.ਗਰਜੀ ਹੋ।
ਕੋਠੇ ਚੜ੍ਹ ਕੇ ਕੇਸ ਸੁਕਾਵਾਂ, ਰੋ ਰੋ ਚਿਠੀ ਵਾਚੀ ਹੋ,
ਹੱਥੋਂ ਫਰਫਰ ਕਾਗਜ਼ ਉਡਦੇ, ਸੋਝੀ ਸੂਰਤ ਗੁਆਚੀ ਹੋ।’

ਪ੍ਰੇਮੀ ਦਾ ਵਿਛੋੜਾ, ਬੰਦਿਸ਼ਾਂ ਅਤੇ ਪੀੜਾਂ ਦੇ ਪ੍ਰਗਟਾਵੇਂ ਰਾਹੀ ਵਿਯੋਗੀ ਹਾਲਤ,
ਤੰਦ ਤੇਰਿਆਂ ਦੁੱਖਾਂ ਦਾ ਪਾਵਾਂ, ਲੋਕਾਂ ਭਾਵੇਂ ਕੱਤਾਂ ਪੂਣੀਆਂ,

ਪੀੜਾ ਡਾਹੀਏ ਗੋਰੀਏ, ਵਿਹੜੇ ਬਹਿ ਜਾਈਏ ਗੋਰੀਏ, ਦੋ ਦੀਆਂ ਚਾਰ ਸੁਣਾਈਏ।

ਪੰਜਾਬ ਦੇ ਸਾਹਿਤਕ ਪਿੜ ਅੰਦਰ ਹੋਈ ਨਿਰੰਤਰ ਖੋਜ ਨੇ ਕਵਿਤਰੀਆਂ ਦੇ ਇਤਿਹਾਸ ਅੰਦਰ ਸ਼ਰੁਤੀ-ਸਿਮ੍ਰਤੀ ਭਾਵ ਕਿਸੇ ਰਚਨਾ ਨੂੰ ਸੁਣ ਕੇ ਕੰਠ ਕਰਨਦੀ ਗੀਤ ਦਾ ਅਤੇ ਕਾਗਜ਼ ਉਤੇ ਰਚਨਾ ਨੂੰ ਉਤਾਰ ਕੇ ਭਵਿੱਖ ਲਈ ਸੰਭਾਲ ਕੇ ਰੱਖਣ ਨਾਲ ਸ਼ੁਰੂਆਤ ਹੋਈ। ਇਸ ਤੋਂ ਪਹਿਲਾ 1526 ਤੋਂ 1658 ਤਕ ਬਾਬਰ ਤੋਂ ਸ਼ਾਹ ਜਹਾਨ ਦੇ ਕਾਲ ਅੰਦਰ ਹਿੰਦੂ ਰਿਆਇਆ ਨਾਲ ਕੁਝ ਨਰਮੀ ਵਾਲਾ ਰਵੱਈਆ ਅਪਣਾਉਣ ਕਾਰਨ ਪੰਜਾਬ ਅੰਦਰ ਸਾਹਿਤ ਅਤੇ ਹੋਰ ਹੁਨਰ ਪਨਪੇ। ਸੂਫ਼ੀ-ਸੰਤ ਸਾਹਿਤ, ਸਿੱਖ-ਗੁਰਬਾਣੀ, ਰਾਜ ਸਾਹਿਤ ਤੇ ਕਲਾ, ਲਿਖਣਕਲਾ, ਚਿੱਤਰਕਾਰੀ ਆਦਿ ਵੱਧੇ-ਫੁੱਲੇ। ਪਰ ਔਰੰਗਜ਼ੇਬ ਦੇ ਕਾਲ ਦੌਰਾਨ ਸਾਰੀਆਂ ਕਲਾਵਾਂ ਪਿਛੇ ਧੱਕੀਆਂ ਗਈਆਂ। ਫਿਰ ਵੀ ਭਗਤੀ ਕਾਵਿ ਜਿਸ ਦਾ ਸੰਬੰਧ ਇਤਿਹਾਸਕ/ਮਿਥਿਹਾਸਕ ਘਟਨਾਵਾਂ ਨਾਲ ਸੀ ਪੰਜਾਬੀ ਸਾਹਿਤ ਵਿੱਚ (ਮਧ ਕਲੀਨੀ) ਉਪਲੱਬਧ ਹੈ। ਸਾਧੂ-ਸੰਤਾਂ ਦਾ ਆਪਣੀਆਂ ਭਾਵਨਾਵਾਂ ਕਵਿਤਾਵਾਂ ਰਾਹੀ ਪ੍ਰਗਟ ਕਰਨ ਦੀ ਇਕ ਰੀਤ ਸੀ। ਇਸ ਪ੍ਰੰਪਰਾ ਅਧੀਨ ਡੇਰਿਆ, ਧਰਮਸ਼ਲਾਵਾਂ, ਮੱਠਾਂ ਅੰਦਰ ਸੰਤਾਂ-ਸੰਤਨੀਆਂ ਦੇ ਸ਼ਰਧਾਲੂ ਉਨ੍ਹਾਂ ਕਾਵਿ-ਰਚਨਾ ਨੂੰ ਬਾਣੀ ਮੰਨ ਕੇ ਸੰਭਾਲਦੇ ਸਨ। ਭਾਵੇਂ ਇਨ੍ਹਾਂ ਡੇਰਿਆਂ ਅੰਦਰ ਇਸਤਰੀਆਂ ਵਰਜਿਤ ਸਨ ਪਰ ਹੌਲੀ-ਹੌਲੀ ਉਹ ਵੀ ਇਨ੍ਹਾਂ ਡੇਰਿਆਂ ਦਾ ਇਕ ਹਿੱਸਾ ਬਣ ਗਈਆਂ। ਉਨ੍ਹਾਂ ਅੰਦਰ ਵੀ ਪੜ੍ਹਨ, ਲਿਖਣ ਅਤੇ ਕਾਵਿ ਰਚਨਾਂ ਦੀ ਕਿਰਤ ਦੀ ਲਗਨ ਵੀ ਪੈਦਾ ਹੋ ਗਈ।

ਸੰਤ-ਇਸਤਰੀ ਪੰਜਾਬੀ ਕਵਿਤਰੀਆਂ ਜਿਨ੍ਹਾਂ ਨੇ ਸਾਧ-ਭਾਸ਼ਾ ਵਿੱਚ ਪੰਜਾਬੀ ਸ਼ਬਦਾਂ ਦੇ ਛਿੱਟੇ ਖੁੱਲ੍ਹੇ ਦਿਲ ਨਾਲ ਮਾਰੇ। ਦੋ ਸਕੀਆਂ ਭੈਣਾਂ ਸੰਤ ਸਹਿਜੋ ਬਾਈ ਅਤੇ ਉਸ ਦੀ ਛੋਟੀ ਭੈਣ ਸੰਤ ਦਯਾਬਾਈ ਜੋ ਗੁਰੂ ਚਰਨ ਦਾਸ ਦੀਆਂ ਚੇਲੀਆਂ ਸਨ। ਸਹਿਜੋ ਦੀ ਰਚਨਾ ’ਚ : ‘ਸਭ ਪਰਬਤ ਸਿਆਹੀ ਨਹੂੰ, ਘੋਲੂ ਸਮੁੰਦਰ ਜਾਇ। ਧਰਤੀ ਕਾ ਕਾਗਦ ਕਰੂੰ, ਗੁਰੂ ਅਸਤੁਤਿਨਾ ਸਮਾਇ।’

ਸਹਿਜੋ ਦੀ ਛੋਟੀ ਭੈਣ, ਦਯਾ ਬਾਈ ਦੀ ਰਚਨਾ ਦੋ ਪੋਥੀਆ ਅੰਦਰ ਮਿਲਦੀ ਹੈ :

“ਚਾਰਬੇਦ, ਛੇ ਸਾਸਤ੍ਰ ਹੈ; ਅਰਦਸ ਆਠ ਪੁਰਾਨ। ਸਭ ਗੁੰਥਨ ਕੋ ਸੋਧਿ ਕੇ, ਕੀਨੋ ਬਿਨਯਬਖਾਨ।’

ਗੁਲਾਬ ਦਾਸੀ ਪ੍ਰੰਪਰਾ ਅੰਦਰ ਸੰਤਨੀਆਂ ਬਣਨ ਵਾਲੀਆਂ ਨੁਰੰਗੀ ਦੇਵੀ, ਪੀਰੋ ਪ੍ਰੇਮਣਅਤੇ ਕਈ ਹੋਰ ਵੀ ਸੰਤਨੀਆਂ ਸਨ। ਨੁਰੰਗੀ ਦੇਵੀ ਦੇ ਕਰੀਬ ਦਸ ਹੱਥ ਲਿਖਤ ਖਰੜੇ ਹਨ। ਕਿਉਂਕਿ ਗੁਲਾਬਦਾਸੀ ਪ੍ਰੰਪਰਾ ਕੁਝ ਉਦਾਰਵਾਦੀ ਸੀ, ਉਨ੍ਹਾਂ ਦੇ ਦੁਆਰ ਅੰਦਰ ਇਸਤਰੀਆਂ ਨੂੰ ਮਰਦਾਂ ਦੇ ਬਰਾਬਰ ਖੁੱਲ੍ਹ ਸੀ। ਗੁਲਾਬਦਾਸੀ ਕਵਿਤਰੀ ਵੱਜੋ ਪਹਿਲਾਂ-ਪਹਿਲ ਪੀਰੋ ਪ੍ਰੇਮਣ ਉਜਾਗਰ ਹੋਈ। ਸਹਿਜੋ ਸੰਤਣੀ 80 ਸਾਲ ਦੀ ਉਮਰ ਭੋਗ ਕੇ 1805 ਈ. ਨੂੰ ਪੂਰੀ ਹੋਈ ਸੀ। ਸਹਿਜੋ ਬਾਈ ਦੇ ਕਾਵਿ ਅੰਦਰ ਸੋਚ ਦਾ ਕੇਂਦਰ ਗੁਰੂ ਹੈ ਤੇ ਉਹ ਹੀ ਉਸ ਦੀ ਮੰਜ਼ਿਲ ਹੈ। ਉਹ ਸਾਫ਼ ਕਹਿੰਦੀ ਹੈ ਕਿ ਮੈਂ ਰਾਮ ਨੂੰ ਤਜ, ਸਕਦੀ ਹਾਂ ਗੁਰੂ ਨੂੰ ਨਹੀਂ ।

ਜੋਗੀ ਪਾਵੇ ਜੋਗ ਸੂ, ਗਿਆਨੀ ਲਹੈ ਵਿਚਾਰ। ਸਹਜੋ ਪਾਵੇ ਭਗਤੀ ਸੂੰ, ਜਾ ਕੇ ਪ੍ਰੇਮ ਅਧਾਰ।

ਜਦੋਂ ਗੁਲਾਬਦਾਸੀ ਕਵਿਤਰੀ ਵਜੋਂ ਪੀਰੋ ਪ੍ਰੇਮਣ ਉਜਾਗਰ ਹੋਈ ਤਾਂ ਛੇਤੀ ਹੀ ਇਕ ਹੋਰ ਗੁਲਾਬ ਦਾਸੀ ਕਵਿਤਰੀ ਨੁਰੰਗੀ ਦੇਵੀ ਪ੍ਰਗਟ ਹੋ ਗਈ ਜੋ ਪੀਰੋ ਤੋਂ ਦਸ-ਸਾਲ ਵੱਡੀ ਸੀ। ਨੁਰੰਗੀ ਦੇਵੀ ਵੀ ਪੀਰੋ ਵਾਂਗ ਜਾਤਾਂ ਤੇ ਧਰਮਾਂ ਦੀ ਕਥਿਤ ਲੱਜਾ ’ਚ ਨਿਕਲ ਕੇ ਸਵੈਮਾਣ ਮਹਿਸੂਸ ਦੀ ਹੈ : (ਬਾਕੀ ਸਫ਼ਾ 31 ’ਤੇ)



ਹਰਦੇਵ ਗਰੇਵਾਲ

ਨਾਵਲ

ਕਿਸ਼ਤ-3

# ਇਹ ਖ਼ੁਦਕੁਸ਼ੀ ਨਹੀਂ ਜਨਾਬ ! ਕਤਲ ਹੈ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਮੈਂ ਕਿਹਾ ਤਫ਼ਤੀਸ਼ ਜਾਰੀ ਹੈ। ਜੈਸੇ ਹੀ ਮੈਨੂੰ ਜਾਨੀ ਕਿ ਸਰਦੂਲ ਸਿੰਘ ਏ.ਐੱਸ.ਆਈ. ਕੋ ਖ਼ਬਰ ਹੋਤੀ ਹੈ, ਮੈਂ ਫ਼ੌਰਨ ਤੁਮਕੋ ਖ਼ਬਰ ਕਰੂੰਗਾ। ਦੋਸ਼ੀਆਂ ਕੋ ਕੜੀ ਸੇ ਕੜੀ ਸਜ਼ਾ ਦੁਆਈ ਜਾਊਗੀ। ਆਖ ਕੇ ਸਰਦੂਲ ਸਿੰਘ ਨੇ ਆਪਣੀ ਆਫ਼ੀਸ਼ੀਅਲ ਸਟੇਟਮੈਂਟ ਤੇ ਬ੍ਰੇਕ ਲਗਾ ਦਿੱਤੀ।

ਟੀ.ਵੀ. ਪੱਤਰਕਾਰ ਮੁਸ਼ਕੜੀਂ ਹੱਸਦੇ ਹੋਏ, ਕੁੜੀਆਂ ਵੱਲ ਨੂੰ ਹੋ ਤੁਰੇ ਅਤੇ ਕੁੜੀਆਂ ਵੀ ਉੱਲਰ-ਉੱਲਰ ਕੇ ਕੈਮਰੇ ਦੇ ਫ੍ਰੇਮ 'ਚ ਆਉਣ ਦੀ ਪੁਰਜ਼ੋਰ ਕੋਸ਼ਿਸ਼ ਵਿਚ ਰੁੱਝ ਗਈਆਂ।

ਪਤਾ ਨਹੀਂ ਕਿਸਦੀ ਚਾਂਦੀ ਹੋ ਰਹੀ ਸੀ?

ਕੁੜੀਆਂ ਦੀ ਜਾਂ ਟੀ.ਵੀ. ਪੱਤਰਕਾਰਾਂ ਦੀ?

ਪ੍ਰਿੰਟ ਮੀਡੀਆ ਵਾਲ਼ੇ ਵਿਚਾਰੇ ਨਿੰਮੋਝਾਣੇ ਜਿਹੇ ਹੋ ਕੇ ਇਹ ਸਾਰਾ ਮੰਜ਼ਰ ਦੇਖ ਰਹੇ ਸਨ ਅਤੇ ਮਨ ਹੀ ਮਨ ਕੁੜ੍ਹ ਰਹੇ ਸਨ, ਕਿ ਇਹ ਰਾਖਸ਼ ਕਿੱਥੋਂ ਆ ਗਏ ਸਾਡੀ ਇੰਦਰਸਭਾ ਤੇ ਡਾਕਾ ਮਾਰਨ ਨੂੰ?

ਤੇਜਵੀਰ ਗਗਨ ਦਾ ਹੱਥ ਫੜ, ਕੋਨੇ 'ਚ ਪਈ ਕੁਰਸੀ 'ਤੇ ਬੈਠੇ, ਬੁੜਬੁੜ ਕਰੀ ਜਾ ਰਹੇ ਸਰਦੂਲ ਸਿੰਘ ਵੱਲ ਹੋ ਤੁਰਿਆ।

ਸਰ! ਤੁਹਾਨੂੰ ਕੀ ਲੱਗਦਾ ਕਿ ਮਾਮਲਾ ਖ਼ੁਦਕੁਸ਼ੀ ਦਾ ਈ ਏ? ਆਈ ਮੀਨ ਕਿਸੇ ਹੋਰ ਸੰਭਾਵਨਾ ਤੇ ਗ਼ੌਰ ਨਹੀਂ ਕੀਤਾ ਤੁਸੀਂ? ਤੇਜਵੀਰ ਨੇ ਸਰਦੂਲ ਸਿੰਘ ਦੇ ਸਾਹਮਣੇ ਪਈ ਕੁਰਸੀ ਮੱਲਦਿਆਂ ਸਵਾਲ ਕੀਤਾ।

ਇਹ ਕੌਣ ਆ ਬਈ?

ਸਰਦੂਲ ਸਿੰਘ ਨੇ ਤੇਜਵੀਰ ਅਤੇ ਤੇਜਵੀਰ ਦੇ ਸਵਾਲ, ਦੋਹਾਂ ਨੂੰ ਅਣਗੌਲ਼ਿਆਂ ਕਰਦਿਆਂ, ਗਗਨ ਨੂੰ ਬੜੀ ਬੇਰੁਖ਼ੀ ਨਾਲ਼ ਪੁੱਛਿਆ।

ਸਮਝੋ ਛੋਟਾ ਭਰਾ ਐ ਆਪਣਾ ਸਰਦੂਲ ਸਿੰਘ ਜੀ! ਕਾਹਲ਼ੀ-ਕਾਹਲ਼ੀ 'ਚ ਜਾਣ-ਪਛਾਣ ਕਰਾਉਣ ਦਾ ਮੌਕਾ ਈ ਨੀਂ ਲੱਗਿਆ। ਇਹ ਤੇਜਵੀਰ ਸਿੰਘ ਸ਼ੇਰਗਿਲ, ਅੱਜ ਈ ਜੁਆਇਨ ਕੀਤਾ ਇਹਨੇ ਆਪਣੇ ਅਖ਼ਬਾਰ 'ਚ ਐਜ਼ ਏ ਕ੍ਰਾਈਮ ਰਿਪੋਰਟਰ।

ਤੇਜਵੀਰ ਨੇ ਮਿਲਾਉਣ ਲਈ ਆਪਣਾ ਸੱਜਾ ਹੱਥ ਸਰਦੂਲ ਸਿੰਘ ਵੱਲ ਵਧਾਇਆ ਤਾਂ ਉਸਨੇ ਹੱਥ ਮਿਲਾਉਣ ਦੀ ਜਗ੍ਹਾ, ਉਸਦੇ ਹੱਥ ਵੱਲ ਇਉਂ ਵੇਖਿਆ ਜਿਵੇਂ ਫ਼ੈਸਲਾ ਹੀ ਨਾ ਕਰ ਪਾ ਰਿਹਾ ਹੋਵੇ, ਕਿ ਬਾਦਸ਼ਾਹ ਸਲਾਮਤ ਇਸ ਹਕੀਰ ਬੰਦੇ ਨਾਲ ਹੱਥ ਮਿਲਾਉਣ ਜਾਂ ਨਾ।

ਜਾਂ ਹੋ ਸਕਦਾ ਕਿ ਇਹੀ ਸੋਚ ਰਿਹਾ ਹੋਵੇ, ਕਿ ਇਸ ਹਕੀਰ ਬੰਦੇ ਨੇ ਬਾਦਸ਼ਾਹ ਸਲਾਮਤ ਵੱਲ ਹੱਥ ਵਧਾਉਣ ਦੀ ਜੁਰੱਅਤ ਕਿਵੇਂ ਕੀਤੀ? ਜਾਂ ਖ਼ਬਰੇ ਇਹੀ ਸੋਚ ਰਿਹਾ ਹੋਵੇ, ਕਿ ਇਸ ਦੀ ਇਸ ਗ਼ੁਸਤਾਖ਼ੀ ਦੇ ਬਦਲੇ ਕਿਉਂ ਨਾ ਇਸਦਾ ਹੱਥ ਹੀ ਕਲਮ ਕਰ ਦਿੱਤਾ ਜਾਏ?

ਫਿਰ ਉਸਨੇ ਬੜੀ ਮੁਸ਼ਕਿਲ ਨਾਲ਼ ਆਪਣਾ ਹੱਥ ਤੇਜਵੀਰ ਵੱਲ ਵਧਾਇਆ ਤੇ ਲੱਗਭੱਗ ਉਸਦੇ ਹੱਥ ਨਾਲ਼ ਛੁਹਾ ਕੇ, ਇੱਕਦਮ ਇਉਂ ਵਾਪਿਸ ਖਿੱਚਿਆ, ਜਿਵੇਂ ਕਿਤੇ ਤੇਜਵੀਰ ਨੂੰ ਕੋਈ ਛੂਤ ਦੀ ਬਿਮਾਰੀ ਲੱਗੀ ਹੋਵੇ।

ਉਸ ਘਟੀਆ ਆਦਮੀ ਦੀ, ਇਸ ਕਮੀਨੀ ਹਰਕਤ ਲਈ, ਤੇਜਵੀਰ ਦਾ ਮਨ ਉਸ ਪ੍ਰਤੀ ਤਿਰਸਕਾਰ ਨਾਲ਼ ਭਰ ਗਿਆ।

ਇਸ ਵਾਰ ਕਦਰਨ ਰੁੱਖੇ ਪਰ ਮਜ਼ਬੂਤ ਲਫ਼ਜ਼ਾਂ 'ਚ ਉਸਨੇ ਆਪਣਾ ਸਵਾਲ ਫਿਰ ਦੁਹਰਾਇਆ।

ਤੇ ਹੋਰ ਕੀ ਦਿਸਦਾ? ਸਿੱਧਾ-ਸਾਦਾ ਖ਼ੁਦਕੁਸ਼ੀ ਦਾ ਓਪਨ ਤੇ ਸ਼ੱਟ ਕੇਸ ਐ। ਕੁੜੀਆਂ ਦੇ ਹੋਸਟਲ ਦਾ ਕਮਰਾ, ਦਰਵਾਜ਼ਾ ਅੰਦਰੋਂ ਬੰਦ, ਖਿੜਕੀ ਨੂੰ ਗਰਿੱਲ, ਕਿਸੇ ਦੂਜੇ ਬੰਦੇ ਦੀ ਮੌਜੂਦਗੀ ਦਾ ਕੋਈ ਚਾਂਸ ਨਹੀਂ, ਤਾਂ ਹੋਰ ਕੀ ਕਿਸੇ ਭੂਤ-ਪ੍ਰੇਤ ਨੇ ਆ ਕੇ ਫਾਹੇ ਟੰਗਤਾ ਕੁੜੀ ਨੂੰ? ਸਰਦੂਲ ਸਿੰਘ ਨੇ ਤੇਜਵੀਰ ਨਾਲ਼ ਨਜ਼ਰਾਂ ਮਿਲਾਏ ਬਗੈਰ, ਜਵਾਬ ਦੇ ਕੇ ਇਉਂ ਮੂੰਹ ਬਿਚਕਾਇਆ, ਜਿਵੇਂ ਆਪਣੇ ਵੱਲੋਂ ਤੇਜਵੀਰ ਦੀ ਕਮਅਕਲੀ ਦਾ ਮਜ਼ਾਕ ਉਡਾਇਆ ਹੋਵੇ ਅਤੇ ਨਾਲ਼ ਹੀ ਖੜ੍ਹੇ ਸਿਪਾਹੀ ਨੂੰ ਹੁਕਮ ਦਨਦਨਾਇਆ, ਜਾਹ ਉਏ! ਜਾ ਕੇ ਪਤਾ ਕਰ ਕਿੰਨੇ ਵਜੇ ਆਲ਼ੀਆਂ ਖ਼ਬਰਾਂ 'ਚ ਦਿਖਾਉਣਗੇ ਐਥੋਂ ਬਾਰੇ! ਨਾਲ਼ੇ ਹਰੇਕ ਤੋਂ ਅੱਡੋ-ਅੱਡ, ਪੂਰੀ ਜਾਣਕਾਰੀ ਲੈ ਕੇ ਆਉਣੀ ਐ। ਕੋਈ ਕੁਤਾਹੀ ਨਹੀਂ ਹੋਣੀ ਚਾਹੀਦੀ, ਨਹੀਂ ਤਾਂ ਰੇਲਾ ਬਣਾਦੂੰ ਤੇਰਾ ਮੈਂ, ਦੱਸ ਤਾ ਤੈਨੂੰ।

ਆਪਣੇ ਇਸ ਹੁਕਮ ਰਾਹੀਂ ਸਰਦੂਲ ਸਿੰਘ ਨੇ ਪੁਰਜ਼ੋਰ ਕੋਸ਼ਿਸ਼ ਕੀਤੀ ਕਿ ਇਸ ਨਾਸਮਝ ਛੋਕਰੇ ਨੂੰ ਆਪਣੀ ਤਾਕਤ ਤੇ ਅਹੁਦੇ ਦਾ ਭਰਪੂਰ ਮੁਜ਼ਾਹਰਾ ਕਰ ਸਕੇ।

ਜੀ ਜਨਾਬ!

ਸਿਪਾਹੀ ਵਿਚਾਰਾ ਸਾਹਬ ਦੀ ਨਾਜਾਇਜ਼ ਆਕੜ ਦਾ ਸ਼ਿਕਾਰ ਹੋਇਆ, ਨਿਊਜ਼ ਚੈਨਲਜ਼ ਵਾਲ਼ਿਆਂ ਦੇ ਪਿੱਛੇ ਲਪਕਿਆ।

ਪਰ ਫੇਰ ਵੀ, ਤੁਸੀਂ ਹਾਲਾਤਾਂ ਵੱਲ ਪੂਰੀ ਤਰ੍ਹਾਂ ਗ਼ੌਰ ਨਹੀਂ ਕੀਤਾ ਏ.ਐੱਸ.ਆਈ. ਸਾਹਬ! ਜੇ ਤੁਸੀਂ ਤੱਥਾਂ ਵੱਲ ਜ਼ਰਾ ਹੋਰ ਧਿਆਨ ਨਾਲ਼ ਨਜ਼ਰ ਮਾਰੋ, ਤਾਂ ਸ਼ਾਇਦ ਕੋਈ ਹੋਰ ਸੰਭਾਵਨਾ ਵੀ ਨਜ਼ਰ ਆਏਗੀ ਤੁਹਾਨੂੰ? ਆਈ ਮੀਨ।

ਤੇਜਵੀਰ ਨੇ ਬਿਨਾਂ ਕੋਈ ਅਸਰ ਕਬੂਲੇ ਸਗੋਂ ਅੱਗੇ ਨਾਲ਼ੋਂ ਹੋਰ ਰੁੱਖੇ ਅਤੇ ਹੋਰ ਮਜ਼ਬੂਤ ਸੁਰ 'ਚ ਆਪਣੀ ਗੱਲ ਦੁਹਰਾਈ ਤਾਂ ਸਰਦੂਲ ਸਿੰਘ ਦੇ ਸੱਤੀਂ ਕੱਪੜੀਂ ਅੱਗ ਲੱਗ ਗਈ।

ਆਪਣਾ ਪੁਲ਼ਸੀਆ ਰੋਅਬ ਗ਼ਾਲਿਬ ਕਰਨ ਦੀਆਂ ਤਮਾਮ ਕੋਸ਼ਿਸ਼ਾਂ ਤੇ, ਇੱਕ ਕੱਲ੍ਹ ਦੇ ਪਿੱਦੀ ਜਿਹੇ ਛੋਕਰੇ ਹੱਥੋਂ ਪਾਣੀ ਫਿਰਦਿਆਂ ਦੇਖ, ਉਹ ਪੂਰੀ ਤਰ੍ਹਾਂ ਆਪਣੇ ਹੱਥਿਓਂ ਉੱਖੜ ਗਿਆ।

ਤੇਜਵੀਰ ਨੂੰ ਵਿੱਚੋਂ ਹੀ ਟੋਕਦਿਆਂ, ਉਸਨੇ ਜ਼ਹਿਰ ਉੱਗਲਣੀ ਸ਼ੁਰੂ ਕਰ ਦਿੱਤੀ।

ਨਾ ਹੁਣ ਤੂੰ, ਕੱਲ੍ਹ ਦਾ ਛੋਕਰਾ, ਪੁਲ਼ਸ ਨੂੰ ਉਹਦਾ ਕੰਮ ਸਿਖਾਏਂਗਾ ਉਏ? ਅਖੇ ਕੱਲ੍ਹ ਦੀ ਭੂਤਨੀ, ਸਿਵਿਆਂ ਚ ਅੱਧ। ਥੋਨੂੰ ਐਥੇ ਵੜਨ ਕੀ ਦੇਤਾ ਮੈਂ ਤੇ ਤੂੰ ਮੈਨੂੰ ਈ ਪੁੱਠੇ-ਸਿੱਧੇ ਸੁਆਲ ਕਰਨ ਲੱਗ ਪਿਆਂ ਉਏ? ਸਾਲ਼ਾ ਵੱਡਾ ਪੱਤਰਕਾਰ ਕੱਢਿਆ ਕਿਤੋਂ ਦਾ! ਕੀ ਪਿੱਦੀ ਤੇ ਕੀ ਪਿੱਦੀ ਦਾ ਸ਼ੋਰਬਾ! ਸੀਂਢ ਪੂੰਝਣਾ ਨੀ ਆਇਆ ਹਲੇ ਤੇ ਚੱਲਿਆ ਪੁਲ਼ਸ ਨੂੰ ਸੁਆਲ ਕਰਨ।

ਸੁਆਲ ਪੁਲ਼ਸ ਪੁੱਛਦੀ ਹੁੰਦੀ ਆ ਕਾਕਾ ਬੱਲੀ! ਪੁਲਸ ਨੂੰ ਸੁਆਲ ਪੁੱਛੇਂਗਾ ਤਾਂ ਬੜੇ ਮਹਿੰਗੇ ਭਾਅ ਪਊ ਤੈਨੂੰ! ਅੱਜ-ਕੱਲ੍ਹ ਤਾਂ ਹਰੇਕ ਐਰਾ-ਗੈਰਾ ਨੱਥੂ-ਖੈਰਾ ਪੁਲ਼ਸ ਨੂੰ ਟਿੱਚ ਈ ਨੀ ਜਾਣਦਾ! ਚੱਲ ਹੁਣ ਪੱਤਰਾ ਵਾਚ ਐਥੋਂ! ਦੇਖੀਂ ਕਿਤੇ ਜਾੜ੍ਹ ਥੱਲੇ ਆ ਗਿਆ ਸਰਦੂਲ ਸਿੰਘ ਏ.ਐੱਸ.ਆਈ. ਦੇ ਤਾਂ ਪੁਲ਼ਸ ਦੇ ਹੱਥ ਨੀ ਦੇਖੇ ਕਾਕਾ ਹਲੇ ਤੂੰ!

ਜਾਪ ਰਿਹਾ ਸੀ ਕਿ ਸਰਦੂਲ ਸਿੰਘ ਦੀ ਸ਼ਬਦਾਵਲੀ ਤੋਂ ਹੁਣ ਰਿਸੈੱਸ਼ਨ ਦਾ ਅਸਰ ਖ਼ਤਮ ਹੋ ਗਿਆ ਸੀ। ਆਪਣੇ ਖ਼ਾਸ ਪੁਲਸੀਆ ਅੰਦਾਜ਼ 'ਚ, ਤੇਜਵੀਰ ਦੀ ਤਹਿ ਲਾ ਕੇ ਜਾਂ ਇਉਂ ਕਹਿ ਲਓ ਕਿ ਉਸ ਹਕੀਰ ਬੰਦੇ ਦੀ ਬਾਦਸ਼ਾਹ ਸਲਾਮਤ ਦੇ ਸਾਹਮਣੇ ਹੱਥ ਵਧਾ ਕੇ ਕੀਤੀ ਗ਼ੁਸਤਾਖ਼ੀ ਦੀ ਮਾਕੂਲ ਸਜ਼ਾ ਦੇ ਕੇ, ਸਰਦੂਲ ਸਿੰਘ ਨੂੰ ਤਸੱਲੀ ਜਿਹੀ ਹੋ ਗਈ।

ਉਹ ਤਾਂ ਪੱਤਰਕਾਰ ਹੋਣ ਕਰਕੇ ਮਾੜੀ ਜਿਹੀ ਢਿੱਲ ਵਰਤਾ ਤੀ ਨਹੀਂ ਤਾਂ ਐਥੇ ਈ ਢਾਹ ਕੇ ਐਹੋ ਜਿਹੀ ਛਿਤਰੌਲ ਫੇਰਨੀ ਸੀ ਸਾਲ਼ੇ ਦੇ ਕਿ ਸਾਰੀ ਪੱਤਰਕਾਰੀ ਚੱਡਿਆਂ ਥਾਣੀਂ ਬਾਹਰ ਨਿੱਕਲ ਜਾਣੀ ਸੀ। ਮਨ ਹੀ ਮਨ ਸੋਚਦਾ ਸਰਦੂਲ ਸਿੰਘ ਨਾਸਾਂ ਥਾਂਈਂ ਫੁੰਕਾਰੇ ਮਾਰਨ ਲੱਗ ਪਿਆ।

ਏ.ਐੱਸ.ਆਈ. ਸਾਹਬ! ਨਾ ਤਾਂ ਮੈਂ ਕੋਈ ਐਰਾ-ਗੈਰਾ ਹਾਂ, ਤੇ ਨਾ ਹੀ ਕੋਈ ਨੱਥੂ-ਖੈਰਾ! ਸ਼ਾਇਦ ਤੁਸੀਂ ਗ਼ੌਰ ਨਹੀਂ ਫ਼ਰਮਾਇਆ ਕਿ ਮੇਰਾ ਨਾਂ ਤੇਜਵੀਰ ਸਿੰਘ ਸ਼ੇਰਗਿਲ ਏ। ਤੇ ਇਹ ਕੱਲ੍ਹ ਦਾ ਛੋਕਰਾ, ਜਾਣੀਂ ਕਿ ਮੈਂ, ਪੰਜਾਬ ਦੇ ਇੱਕ ਨਾਮਵਰ ਅਖ਼ਬਾਰ ਰੋਜ਼ਾਨਾ ਖ਼ਬਰਨਾਮਾ ਦਾ ਕ੍ਰਾਈਮ ਰਿਪੋਰਟਰ ਹੁੰਨਾ ਵਾਂ। ਤੇ ਮੌਕਾਏ-ਵਾਰਦਾਤ ਤੇ ਪਹੁੰਚਣ ਲਈ ਇੱਕ ਪੱਤਰਕਾਰ ਨੂੰ ਕਿਸੇ ਏ.ਐੱਸ.ਆਈ. ਦੇ



ਰਹਿਮੋ-ਕਰਮ ਦੀ ਜ਼ਰੂਰਤ ਨਹੀਂ, ਬਲਕਿ ਇਹ ਹੱਕ ਬਣਦਾ ਏ ਉਸਦਾ। ਤੇ ਪੁਲਿਸ ਦੇ ਹੱਥਾਂ ਬਾਰੇ ਤਾਂ ਮੈਨੂੰ ਐਨਾ ਕੁ ਹੀ ਪਤਾ ਸੀ ਕਿ ਬਹੁਤ ਲੰਬੇ ਹੁੰਦੇ ਨੇ, ਪਰ ਐਨਾ ਨਹੀਂ ਪਤਾ ਸੀ ਕਿ ਇੱਕ ਬਾਇੱਜ਼ਤ ਸ਼ਹਿਰੀ ਨਾਲ਼, ਅਦਬ ਨਾਲ਼ ਮਿਲਾਉਣ ਤੋਂ ਪਹਿਲਾਂ ਹੀ ਮੁੱਕ ਜਾਂਦੇ ਨੇ। ਹਾਂ, ਅਲਬੱਤਾ ਪੁਲਿਸ ਦੀ ਜ਼ੁਬਾਨ ਦੀ ਲੰਬਾਈ ਬਾਰੇ ਕੋਈ ਸ਼ੱਕ-ਸ਼ੁਭਾ ਬਾਕੀ ਨਹੀਂ ਰਿਹਾ ਹੁਣ। ਮੈਂ ਐਥੇ ਕਿਸੇ ਨੂੰ ਉਸਦਾ ਕੰਮ ਸਿਖਾਉਣ ਨਹੀਂ ਆਇਆ, ਬਲਕਿ ਆਪਣੀ ਡਿਊਟੀ ਭੁਗਤਾਉਣ ਆਇਆਂ, ਤੇ ਪੁਲਿਸ ਨੂੰ ਸਵਾਲ ਮੈਂ ਕੋਈ ਆਪਣਾ ਸ਼ੌਕ ਪੂਰਾ ਕਰਨ ਲਈ ਨਹੀਂ ਪੁੱਛਿਆ, ਬਲਕਿ ਆਪਣੀ ਡਿਊਟੀ ਅੰਜਾਮ ਦਿੱਤੀ ਐ। ਤੇ ਪੁਲਿਸ ਦਾ ਫ਼ਰਜ਼ ਇਹ ਬਣਦਾ ਏ ਕਿ ਇੱਕ ਪੱਤਰਕਾਰ ਦੇ ਜਾਇਜ਼ ਸਵਾਲਾਂ ਦਾ ਬਣਦਾ ਜਵਾਬ ਦੇਵੇ, ਕਿਉਂਕਿ ਪੱਤਰਕਾਰ ਆਵਾਮ ਦੀ ਆਵਾਜ਼ ਨੇ। ਨਾ ਕਿ ਇਹ ਕਿ ਉਸ ਉੱਪਰ ਆਪਣੀ ਵਰਦੀ ਦਾ ਨਾਜਾਇਜ਼ ਰੋਅਬ ਝਾੜਨ ਦੀ ਕੋਸ਼ਿਸ਼ ਕਰੇ, ਬਦਜ਼ੁਬਾਨੀ ਕਰੇ। ਤੁਸੀਂ ਸ਼ਾਇਦ ਭੁੱਲ ਗਏ ਓਂ ਜਨਾਬ ਏ.ਐੱਸ.ਆਈ. ਸਾਹਬ, ਕਿ ਤੁਸੀਂ ਇਸ ਮੁਲਕ ਦੇ ਕੋਈ ਤਾਨਾਸ਼ਾਹ ਹਾਕਮ ਨਹੀਂ, ਬਲਕਿ ਲੋਕਾਂ ਦੀ, ਲੋਕਾਂ ਦੁਆਰਾ ਚੁਣੀ ਹੋਈ, ਲੋਕਤੰਤ੍ਰਿਕ ਸਰਕਾਰ ਦੇ ਇੱਕ ਅਦਨਾ ਜਿਹੇ ਮੁਲਾਜ਼ਿਮ ਹੋ, ਜਨਤਾ ਦੇ ਸੇਵਕ, ਜਿਸਦਾ ਪਰਮ ਕਰਤੱਵ ਜਨਤਾ ਦੇ ਜਾਨੋ-ਮਾਲ ਦੀ ਰੱਖਿਆ ਕਰਨਾ ਹੈ, ਨਾ ਕਿ ਉਨ੍ਹਾਂ ਤੇ ਆਪਣੀ ਵਰਦੀ ਦੀ ਪਾਵਰ ਦਾ ਰੋਅਬ ਝਾੜਨਾ। ਇਹ ਵਰਦੀ ਦੀ ਪਾਵਰ ਸਰਕਾਰ ਨੇ ਤੁਹਾਨੂੰ ਗੁੰਡੇ-ਬਦਮਾਸ਼ਾਂ ਨਾਲ ਦੋ ਹੱਥ ਕਰਨ ਲਈ ਦਿੱਤੀ ਏ, ਨਾ ਕਿ ਕਿਸੇ ਜ਼ਿੰਮੇਵਾਰ ਸ਼ਹਿਰੀ ਉੱਤੇ ਰੋਅਬ ਝਾੜਨ ਲਈ। ਤੇ ਇੱਕ ਆਖ਼ਰੀ ਗੱਲ, ਮੈਂ ਤਾਂ ਪੁਲਿਸ ਦੇ ਹੱਥ ਵੀ ਦੇਖ ਲਏ ਅਤੇ ਜ਼ੁਬਾਨ ਵੀ, ਪਰ ਜਨਾਬ ਸਰਦੂਲ ਸਿੰਘ ਏ.ਐੱਸ.ਆਈ. ਸਾਹਬ! ਤੁਸੀਂ ਹਾਲੇ ਤੱਕ ਸ਼ਾਇਦ ਕਲਮ ਦੀ ਤਾਕਤ ਨਹੀਂ ਦੇਖੀ!

ਜਨਾਬ ਸਰਦੂਲ ਸਿੰਘ ਏ.ਐੱਸ.ਆਈ. ਸਾਹਬ ਤਾਂ ਹੈਰਾਨੀ ਨਾਲ਼ ਮੂੰਹ ਅੱਡੀ, ਜਿਵੇਂ ਆਪਣੀ ਕੁਰਸੀ 'ਚ ਗੱਡਿਆ ਈ ਰਹਿ ਗਿਆ।

ਗਗਨ ਉਸਤੋਂ ਵੀ ਜ਼ਿਆਦਾ ਹੈਰਾਨੀ ਨਾਲ ਭਰਿਆ, ਤੇਜਵੀਰ ਦੇ ਮੂੰਹ ਵੱਲ ਇਉਂ ਝਾਕੀ ਜਾ ਰਿਹਾ ਸੀ, ਜਿਵੇਂ ਦੁਨੀਆ ਦੇ ਅੱਠਵੇਂ ਅਜੂਬੇ ਦੇ ਦਰਸ਼ਨ ਕਰ ਰਿਹਾ ਹੋਵੇ।

ਸਰਦੂਲ ਸਿੰਘ ਨੂੰ ਸਕਤੇ ਦੀ ਹਾਲਤ 'ਚ ਬੈਠਾ ਛੱਡ, ਤੇਜਵੀਰ ਗਗਨ ਦਾ ਹੱਥ ਫੜਕੇ ਇੱਕ ਝਟਕੇ ਨਾਲ ਆਪਣੀ ਕੁਰਸੀ ਤੋਂ ਉੱਠਿਆ ਅਤੇ ਗਗਨ ਨੂੰ ਆਪਣੇ ਨਾਲ਼ ਲਗਭਗ ਘੜੀਸਦਾ ਹੋਇਆ, ਹੋਸਟਲ ਦੇ ਗੇਟ 'ਚੋਂ ਬਾਹਰ ਹੋ ਗਿਆ।

ਤੌਬਾ-ਤੌਬਾ-ਤੌਬਾ! ਉਏ ਭਰਾਵਾ ਕੀ ਚੀਜ਼ ਆਂ ਬਈ ਤੂੰ? ਨੌਕਰੀ ਦਾ ਪਹਿਲਾ ਈ ਦਿਨ, ਤੇ ਐਡੀ ਦੀਦਾ-ਦਿਲੇਰੀ? ਤੂੰ ਤਾਂ ਯਾਰ ਓਸ ਏ.ਐੱਸ.ਆਈ. ਦੀ ਐਨ ਮੰਜੀ ਠੋਕ ਕੇ ਰੱਖਤੀ ਧਰਮ ਨਾਲ਼, ਬੜਾ ਪੁੱਠਾ ਪੰਗਾ ਲੈ ਲਿਆ ਯਾਰ ਤੂੰ। ਮੰਨ ਲਾ ਮਿੱਤਰਾ ਜੇ ਸਾਲ਼ੇ ਦਾ ਸਦਮਾ ਖਾ ਕੇ ਹਾਰਟ ਫੇਲ੍ਹ ਹੋ ਗਿਆ, ਫੇਰ ਤਾਂ ਹੋ ਜੂ ਬਚਾਅ, ਨਹੀਂ ਤਾਂ ਮਿੱਤਰਾ ਸਮਝ ਲੈ ਬਈ ਦਾਣਾ-ਪਾਣੀ ਮੁੱਕ ਗਿਆ ਤੇਰਾ ਇਸ ਫ਼ਾਨੀ ਜਹਾਨ ਤੋਂ। ਮਾੜਾ ਜਿਹਾ ਵਿਹਲਾ ਹੋ ਲੈਣ ਦੇ ਤੂੰ ਉਹਨੂੰ ਐਥੋਂ, ਦੇਖੀਂ ਆਦਮ ਬੋ-ਆਦਮ ਕਰਦਾ ਫਿਰੂ ਸਾਰੇ ਜਹਾਨ 'ਚ ਮੇਰੇ ਸਾਲ਼ੇ ਦਾ ਤੈਨੂੰ ਲੱਭਣ ਲਈ, ਨਿਰਾ ਖੜੱਪੇ ਸੱਪ ਦੀ ਸਿਰੀ ਨੂੰ ਹੱਥ ਪਾ ਲਿਆ ਬਾਈ ਤੂੰ, ਹੁਣ ਨੀ ਮੰਨਦਾ ਡੰਗ ਮਾਰੇ ਤੋਂ ਬਿਨਾਂ। ਤੇਜਵੀਰ ਵੱਲ ਹੈਰਾਨੀ ਨਾਲ ਦੇਖਦਾ ਗਗਨ, ਬਿਨਾ ਰੁਕੇ, ਜ਼ੁਬਾਨ ਨੂੰ ਟੌਪ ਗੇਅਰ 'ਚ ਪਾਈ, ਵਾਹੋ-ਦਾਹੀ ਬੋਲੀ ਜਾ ਰਿਹਾ ਸੀ।, ਓਏ ਤੂੰ ਜਾਣਦਾ ਨੀ ਓਸ ਸਰਦੂਲ ਸਿੰਘ ਨੂੰ, ਬੜੀ ਕੁੱਤੀ ਚੀਜ਼ ਆ ਉਹ, ਸਿਪਾਹੀ ਭਰਤੀ ਹੋਇਆ ਕਿਵੇਂ ਏ.ਐੱਸ.ਆਈ. ਬਣਿਆ, ਇਹ ਮੈਂ ਜਾਣਦਾਂ ਵੀਰ! ਉਏ ਬੜੀ ਪਹੁੰਚ ਐ ਉਹਦੀ ਮੇਰੇ ਸਾਲ਼ੇ ਦੀ ਤੇ ਉੱਤੋਂ ਦੀ ਤੇਰੀ ਨੌਕਰੀ ਦਾ ਅੱਜ ਪਹਿਲਾ ਈ ਦਿਨ, ਨੌਕਰੀ ਤਾਂ ਤੇਰੀ ਗਈ ਸਮਝ ਮਿੱਤਰਾ ਅੱਜ ਈ, ਭਾਵੇਂ ਲਿਖਾਲਾ ਮੈਥੋਂ, ਤੇ ਫੇਰ ਬਣਾਊ ਤੇਰਾ ਮੋਰ ਏ.ਐੱਸ.ਆਈ. ਸਰਦੂਲ ਸਿੰਘ ਹੱਥਾਂ ਨੂੰ ਥੁੱਕ ਲਾ ਕੇ। ਸੱਚ ਈ ਕਿਹਾ ਸੀ ਵੀਰ ਮੇਰੇ ਤੈਨੂੰ ਉਹਨੇ, ਹਾਲੇ ਤੂੰ ਸੱਚੀਂ ਪੁਲ਼ਸ ਦੇ ਹੱਥ ਨੀ ਦੇਖੇ ਧਰਮ ਨਾਲ਼। ਤੇਰਾ ਹਾਲੇ ਵਾਹ ਨੀ ਪਿਆ ਏਹਨਾਂ ਜੱਲਾਦਾਂ ਨਾਲ਼ ਵੀਰ ਮੇਰੇ, ਇਹ ਤਾਂ ਬੰਦੇ-ਖਾਣੇ ਦੈਂਤ ਨੇ ਨਿਰੇ ਬੰਦੇ-ਖਾਣੇ, ਤੇ ਸਾਲ਼ੇ ਡਕਾਰ ਵੀ ਨੀ ਮਾਰਦੇ ਖਾ ਕੇ। ਪਰ ਯਾਰ, ਇੱਕ ਗੱਲ ਪੱਕੀ ਆ, ਬਈ ਦਲੇਰੀ ਨੂੰ ਮੰਨ ਗਏ ਤੇਰੀ ਨੂੰ। ਦੇਖਣ ਨੂੰ ਲੱਗਦਾ ਤਾਂ ਹੈਨੀ ਯਾਰ ਤੂੰ ਐਹੋ ਜਿਹਾ? ਦੇਖਣ ਨੂੰ ਤਾਂ ਅਮੀਰ ਖ਼ਾਨ ਆਂਗੂੰ ਐਨ ਚਾੱਕਲੇਟੀ ਹੀਰੋ ਜਿਹਾ ਲੱਗਦੈਂ, ਪਰ ਆਹ ਸਾਲ਼ਾ ਸੰਨੀ ਦਿਓਲ ਆਲ਼ਾ ਗੜ ਕਾ ਕਿੱਥੋਂ ਲਿਆਂਦਾ ਭਰਾਵਾ ਤੂੰ ਹੈਂਅ? ਊਂ ਸਾਲ਼ਾ ਬੂਥਾ ਦੇਖਣ ਆਲ਼ਾ ਸੀ ਓਸ ਸਰਦੂਲ ਸਿਓਂ ਦਾ, ਐਓਂ ਲੱਗਦਾ ਸੀ ਜਿਵੇਂ ਫ਼ੁੱਲ ਭਰੀ ਫ਼ੁੱਟਬਾਲ ਦਾ ਠਾਹ ਭੜਾਕਾ ਪੈ ਗਿਆ ਹੋਵੇ, ਸਾਲ਼ੇ ਦੀ ਜਮਾਂ ਈ ਫੂਕ ਨਿੱਕਲ ਗੀ ਧਰਮ ਨਾਲ਼। ਕੁੱਤੇਖਾਣੀ ਤਾਂ ਬਥੇਰੀ ਕੀਤੀ ਤੂੰ ਯਾਰ ਉਹਦੇ ਨਾਲ਼, ਸਾਲ਼ਾ ਸਮਝਦਾ ਵੀ ਰੱਬ ਨੂੰ ਟੱਬ ਈ ਸੀ। ਵੈਸੇ ਤਾਂ ਸੱਚੀਂ ਦੱਸਾਂ, ਬਈ ਸਾਲ਼ਾ ਸੁਆਦ ਬੜਾ ਆਇਆ ਧਰਮ ਨਾਲ, ਪਰ ਬਾਈ ਦੇਖ ਲਈਂ, ਤਾਰਾਂ ਖੜਕ ਪਈਆਂ ਹੋਣੀਆਂ ਨੇ, ਆਪਣੇ ਦਫ਼ਤਰ 'ਚ ਪਹੁੰਚਣ ਤੋਂ ਪਹਿਲਾਂ-ਪਹਿਲਾਂ। ਆਪਣੇ ਹਿਟਲਰ ਦੇ ਅਸਿਸਟੈਂਟ ਬੈਂਸ ਨਾਲ਼ ਰਿਸ਼ਤੇਦਾਰੀ ਵੀ ਤਾਂ ਪੈਂਦੀ ਆ ਮੇਰੇ ਸਾਲ਼ੇ ਦੀ। ਕੋਈ ਨਾ ਕੋਈ ਕਾਰਾ ਹੋਇਆ ਲੈ ਤੂੰ। ਗਗਨ ਦਾ ਐਫ਼.ਐੱਮ. ਰੇਡੀਓ ਨੱਨ ਸਟੱਪ ਵੱਜਦਾ ਰਿਹਾ, ਤੇ ਉਹ ਦੋਵੇਂ ਕਾਲਜ ਤੋਂ ਬਾਹਰ ਆ ਗਏ।

ਤੇਜਵੀਰ ਨੇ ਮੋਟਰ ਸਾਈਕਲ ਪਾਰਕਿੰਗ 'ਚੋਂ ਬਾਹਰ ਕੱਢਿਆ ਅਤੇ ਕਿੱਕ ਮਾਰ ਦਿੱਤੀ। ਗਗਨ ਬਾਦਸਤੂਰ ਬੋਲਦਾ- ਬੋਲਦਾ ਪਿੱਛੇ ਬੈਠ ਗਿਆ, ਤੇ ਤੇਜਵੀਰ ਨੇ ਗੇਅਰ ਪਾ ਦਿੱਤਾ।

ਘੁਮਾਰ ਮੰਡੀ ਚੌਂਕ ਪਹੁੰਚ ਕੇ ਤੇਜਵੀਰ ਨੇ ਸਿੱਧਾ ਭਾਈਬਾਲੇ ਚੌਂਕ ਵੱਲ ਜਾਣ ਦੀ ਬਜਾਏ, ਮੋਟਰ ਸਾਈਕਲ ਸੱਜੇ ਹੱਥ ਆਰਤੀ ਸਿਨੇਮੇ ਵੱਲ ਨੂੰ ਮੋੜ ਦਿੱਤਾ ਤੇ ਵਿਚਾਲੇ ਜਿਹੇ ਜਾ ਕੇ ਇੱਕ ਤਿਮੰਜ਼ਲਾ ਇਮਾਰਤ ਦੇ ਸਾਹਮਣੇ ਜਾ ਕੇ ਬ੍ਰੇਕ ਮਾਰ ਦਿੱਤੀ।

ਹੁਣ ਉਨ੍ਹਾਂ ਦੀ ਮੰਜ਼ਿਲ ਉਸ ਇਮਾਰਤ ਦੀ ਬੇਸਮੈਂਟ 'ਚ ਬਣਿਆ ਇੱਕ ਕੈਫ਼ੇਟੇਰੀਆ ਸੀ।

ਸੈਲਫ ਸਰਵਿਸ ਕਾਊਂਟਰ ਤੋਂ ਕੌਫ਼ੀ ਦੇ ਦੋ ਮੱਗ ਕਾਬੂ ਕਰ, ਤੇਜਵੀਰ ਪਹਿਲਾਂ ਤੋਂ ਹੀ ਟੇਬਲ ਮੱਲੀ ਬੈਠੇ ਗਗਨ ਦੇ ਸਾਹਮਣੇ ਜਾ ਬੈਠਾ।

ਯਾਰ! ਮੈਂ ਕੱਦਾ ਬਕ-ਬਕ ਕਰੀ ਜਾਨਾਂ, ਹੁਣ ਤੂੰ ਵੀ ਕੁਝ ਫੁੱਟ ਮੂੰਹੋਂ, ਆਖ਼ਿਰ ਐਡਾ ਪੰਗਾ ਕਾਹਤੋਂ ਲੈ ਲਿਆ ਯਾਰ ਤੂੰ? ਹੁਣ ਦੱਸ ਬਈ ਤੇਰਾ ਕੀ ਬਣੂੰ ਕਾਲ਼ੀਆ?

ਦੇਖ ਯਾਰ ਗਗਨ, ਜੋ ਹੋਊ ਦੇਖੀ ਜਾਊ, ਵੈੱਨ ਵੀ ਰੀਚ ਦ ਬ੍ਰਿਜ, ਵੀ ਇੱਲ ਕਰਾੱਸ ਇਟ, ਓ ਕੇ?

ਚੱਲ ਉਹ ਤਾਂ ਠੀਕ ਐ, ਪਰ ਇੱਕ ਗੱਲ ਤਾਂ ਦੱਸ ਬਈ ਉਹ ਕਿਹੜੀ ਸੰਭਾਵਨਾ-ਸੰਭਾਵਨਾ ਦੀ ਰਟ ਲਾਈ ਹੋਈ ਸੀ ਤੂੰ ਓਥੇ ਯਾਰ? ਉਏ ਕਿਤੇ ਓਹ ਸੰਭਾਵਨਾ ਸੇਠ ਤਾਂ ਨੀ ਯਾਦ ਆਗੀ ਤੈਨੂੰ ਭੋਜਪੁਰੀ ਫ਼ਿਲਮਾਂ ਆਲ਼ੀ? ਊਂ ਰੰਨ ਬਾਈ ਜੀ ਚੋਟੀ ਦੀ ਆ ਧਰਮ ਨਾਲ਼, ਪੂਰੇ ਖੁੱਲ੍ਹੇ-ਡੁੱਲ੍ਹੇ ਹੱਥਾਂ ਪੈਰਾਂ ਆਲ਼ੀ। ਐਨ ਤੇਰੇ ਵੀਰ ਦੇ ਮੇਚ ਦੀ! ਕੀ ਕਹਿੰਨਾਂ?

ਤੇਜਵੀਰ ਨੇ ਬੜੀ ਤਸੱਲੀ ਨਾਲ ਕੌਫ਼ੀ ਦਾ ਘੁੱਟ ਭਰਿਆ ਅਤੇ ਕਿੱਧਰੋਂ ਗੱਲ ਸ਼ੁਰੂ ਕਰ ਕੇ, ਕਿੱਧਰ ਨੂੰ ਲਈ ਜਾ ਰਹੇ ਗਗਨ ਵੱਲ ਬੜੀ ਸ਼ਾਂਤ ਮੁਦਰਾ ਨਾਲ਼ ਮੁਸਕੁਰਾ ਕੇ ਦੇਖਿਆ।

ਛੇ ਫੁੱਟ ਨੂੰ ਪਹੁੰਚਦਾ ਕੱਦ, ਭਰਿਆ ਹੋਇਆ ਮਜ਼ਬੂਤ ਜੁੱਸਾ, ਕੱਟ ਕੇ ਸੰਵਾਰੀ ਹੋਈ ਦਾੜ੍ਹੀ, ਕੁੰਡੀਆਂ ਮੁੱਛਾਂ, ਪੋਚਵੀਂ ਪੱਗ ਅਤੇ ਪੂਰੀ ਰੋਅਬਦਾਰ ਪਰਸਨੈਲਿਟੀ ਪਰ ਦਿਲੋਂ ਐਨ ਬੱਚਿਆਂ ਵਾਂਗੂੰ ਮਾਸੂਮ। ਦਿਲ ਵਿੱਚ ਵਲ਼-ਛਲ ਤਾਂ ਪਾਇਆ ਹੀ ਨਹੀਂ ਸੀ ਰੱਬ ਨੇ, ਤੇ ਜੇ ਪਾਇਆ ਵੀ ਹੋਣਾ ਥੋੜ੍ਹਾ ਬਹੁਤ, ਤਾਂ ਉਹ ਸਾਰੇ ਦਾ ਸਾਰਾ ਕੱਢ ਕੇ, ਆਪਣੀਆਂ ਕੁੰਡੀਆਂ ਮੁੱਛਾਂ 'ਚ ਦੇ ਲਿਆ ਹੋਣਾ ਪਤੰਦਰ ਨੇ। ਐਨ ਸਾਫ਼-ਦਿਲ ਹਸਮੁੱਖ ਬੰਦਾ।

ਪਹਿਲੀ ਮੁਲਾਕਾਤੇ ਹੀ ਗਗਨ ਬਹੁਤ ਪਸੰਦ ਆਇਆ ਸੀ ਤੇਜਵੀਰ ਨੂੰ। ਐਹੋ-ਜਿਹੇ ਲੋਕ ਬਹੁਤ ਘੱਟ ਹੁੰਦੇ ਨੇ ਇਸ ਦੁਨੀਆਂ ਵਿੱਚ। ਦੁਨੀਆਂ ਦੀ ਇਸ ਮੰਡੀ ਵਿੱਚ ਐਹੋ-ਜਿਹੇ ਲੋਕਾਂ ਦੀ ਹਮੇਸ਼ਾਂ ਸ਼ਾੱਰਟਿਜ ਬਣੀ ਰਹਿੰਦੀ ਹੈ। ਐਨ ਬੇਸ਼ਕੀਮਤੀ ਨਗੀਨਾ, ਯਾਰਾਂ ਦਾ ਯਾਰ।

ਬੱਸ ਬੋਲਦਾ ਬਹੁਤ ਸੀ। ਉਹਨੂੰ ਦੇਖ ਕੇ ਤੇਜਵੀਰ ਨੂੰ ਸ਼ੋਅਲੇ ਦਾ ਉਹ ਸੀਨ ਯਾਦ ਆ ਜਾਂਦਾ, ਜਦੋਂ ਜੈ ਤੇ ਵੀਰੂ ਬਸੰਤੀ ਦੇ ਟਾਂਗੇ 'ਤੇ ਬੈਠ ਕੇ ਰਾਮਗੜ੍ਹ ਜਾਂਦੇ ਨੇ। ਟਾਂਗੇ ਤੋਂ ਉੱਤਰ ਕੇ ਵੀਰੂ ਕਹਿੰਦਾ ਹੈ।

ਹਾਏ! ਕਯਾ ਪਯਾਰੀ ਬਾਤੇਂ ਕਰਤੀ ਹੈ।

ਤਾਂ ਜੈ ਕਹਿੰਦਾ ਹੈ।

ਪਯਾਰੀ, ਨਹੀਂ, ਬਹੁਤ ਸਾਰੀ ਬਾਤੇਂ ਕਰਤੀ ਹੈ।

(ਚਲਦਾ)

ਪੰਜਾਬੀ ਕਹਾਣੀ

ਮਨਮੋਹਨ ਬਾਵਾ

# ਤੁਸੀਂ ਕੌਣ ਹੋ ?

ਗੱਡੀ ਚਲਦੀ-ਚਲਦੀ ਖੜ੍ਹ ਗਈ। ਸਾਰੀ ਰਾਤ ਡਰ ਦੇ ਮਾਰੇ ਨੀਂਦ ਨਹੀਂ ਸੀ ਆਈ। ਸਿਰ ਲੁਕਾਈ ਲੰਮਾ ਪਿਆ ਲੋਕਾਂ ਦੀਆਂ ਗੱਲਾਂ ਸੁਣਦਾ ਰਿਹਾ ਸਾਂ। ਮੈਂ ਬੈਠ ਕੇ ਬਾਰੀ ਥਾਣੀਂ ਬਾਹਰ ਵੱਲ ਨਜ਼ਰ ਮਾਰੀ। ਧੁੰਦਲੀ-ਧੁੰਦਲੀ ਸਵੇਰ, ਮੈਂ ਚਾਹ ਵਾਲੇ ਤੋਂ ਚਾਹ ਦਾ ਕਸੋਰਾ ਲੈ ਕੇ ਹੱਥ ਵਿੱਚ ਫੜਿਆ ਤੇ ਪੁੱਛਿਆ, ਕਿਹੜਾ ਸਟੇਸ਼ਨ ਏ ? ਅਲੀਪੁਰ ਦੁਆਰ।

ਨਾਂ ਜਾਣਿਆ-ਪਛਾਣਿਆ ਲੱਗਿਆ। ਪੱਗ ਸਰਹਾਣਿਓਂ ਚੁੱਕ ਕੇ ਹੈਂਡ ਬੈਗ ਚ ਪਾਈ, ਸੂਟ ਕੇਸ ਅਤੇ ਹੈਂਡ ਬੈਗ ਚੁੱਕਿਆ ਅਤੇ ਚੁੱਪ ਕਰਕੇ ਗੱਡੀ ਚੋਂ ਉਤਰ ਪੈਂਦਾ ਹਾਂ। ਸਿਰ ਦੇ ਵਾਲ ਤਾਂ ਪਹਿਲਾਂ ਹੀ ਮੁਨਾਏ ਹੋਏ ਸਨ। ਹੁਣ ਮੈਨੂੰ ਲੱਗਿਆ ਜਿਵੇਂ ਲੋਕੀਂ ਮੇਰੀ ਦਾੜ੍ਹੀ ਵੱਲ ਅਜੀਬ-ਅਜੀਬ ਨਜ਼ਰਾਂ ਨਾਲ ਵੇਖ ਰਹੇ ਸਨ। ਜਾਨ ਹੈ ਤਾਂ ਜਹਾਨ ਹੈ, ਦਾੜ੍ਹੀ... ? ਮੈਂ ਮਨ ਹੀ ਮਨ ਆਖਿਆ। ਗੁਹਾਟੀ ਰਹਿੰਦਿਆਂ ਇੱਕ ਆਸਾਮੀ ਕੁੜੀ ਨਾਲ ਮਿੱਤਰਤਾ ਹੋ ਗਈ ਸੀ। ਉਸ ਨੇ ਇੱਕ ਦਿਨ ਆਖਿਆ ਕਿ ਜੇ

ਮੇਰੀ ਦਾੜ੍ਹੀ ਨਾ ਹੁੰਦੀ ਉਹ ਨਿਡਰ ਹੋ ਕੇ ਮੈਨੂੰ ਆਪਣੇ ਘਰ ਵਾਲਿਆਂ ਸਾਹਮਣੇ ਪੇਸ਼ ਕਰ ਸਕਦੀ ਸੀ। ਮੈਨੂੰ ਲੱਗਿਆ ਸੀ ਜਿਵੇਂ ਉਹ ਮੈਨੂੰ ਕਿਸੇ ਜੁਰਮ ਤੋਂ ਛੁਟਕਾਰਾ ਪਾਉਣ ਲਈ ਕਹਿ ਰਹੀ ਹੋਵੇ। ਮੈਂ ਹੱਸ ਕੇ ਟਾਲ ਦਿੱਤਾ। ਮਨ ਨਹੀਂ ਸੀ ਮੰਨਿਆ।

ਵੇਟਿੰਗ ਰੂਮ ਵਿਚ ਜਾ ਕੇ ਸੂਟ ਕੇਸ ਚੋਂ ਕੁਝ ਜ਼ਰੂਰੀ ਚੀਜ਼ਾਂ ਅਤੇ ਕੱਪੜੇ ਕੱਢ ਕੇ ਹੈਂਡ ਬੈਗ 'ਚ ਪਾਏ, ਸੂਟ ਕੇਸ ਕਲਾਕ ਰੂਮ 'ਚ ਜਮ੍ਹਾਂ ਕਰਵਾਇਆ ਅਤੇ ਹੈਂਡ ਬੈਗ ਚੁੱਕ ਕੇ ਸਟੇਸ਼ਨ ਦੇ ਬਾਹਰ ਆ ਜਾਂਦਾ ਹਾਂ। ਉਨ੍ਹੀਂ ਦਿਨੀਂ ਐਸ.ਟੀ.ਡੀ. ਬੂਥ ਨਹੀਂ ਸਨ ਹੁੰਦੇ। ਦੁਕਾਨਾਂ ਵੀ ਹਾਲੇ ਨਹੀਂ ਸਨ ਖੁੱਲ੍ਹੀਆਂ। ਟੈਲੀਫੋਨ ਐਕਸਚੇਂਜ ਦਾ ਸਾਈਨ ਬੋਰਡ ਵੇਖ ਕੇ ਮੈਂ ਉਸ ਵਿੱਚ ਵੜ ਜਾਂਦਾ ਹਾਂ। ਐਕਸਚੇਂਜ ਚ ਦੋ ਬੰਗਾਲੀ ਬੈਠੇ ਚਾਹ ਪੀ ਰਹੇ ਸਨ। ਮੈਂ ਉਨ੍ਹਾਂ ਨੂੰ ਕਹਿੰਦਾ ਹਾਂ ਕਿ ਮੇਰੀ ਮਾਂ ਬੀਮਾਰ ਹੈ, ਘਰ ਟੈਲੀਫੋਨ ਕਰਨਾ ਹੈ। ਉਨ੍ਹਾਂ ਚੋਂ ਇੱਕ, ਜਿਸ ਦੀ ਥੋੜ੍ਹੀ-ਥੋੜ੍ਹੀ ਦਾੜ੍ਹੀ ਹੈ ਅਤੇ ਗੱਲ੍ਹਾਂ ਅੰਦਰ ਨੂੰ ਵੜੀਆਂ ਹੋਈਆਂ, ਮੇਰੇ ਵੱਲ ਤਿੱਖੀਆਂ ਨਜ਼ਰਾਂ ਨਾਲ ਤੱਕਦਿਆਂ ਕਹਿੰਦਾ ਹੈ, ਕੌਣ ਹੋ ? ਮੈਂ ਚੁੱਪ ਰਹਿੰਦਾ ਹਾਂ।

ਸਾਨੂੰ ਕੀ ? ਕੋਈ ਵੀ ਹੋਵੇ। ਮੌਕਾ ਏ ਪੈਸਾ ਬਣਾਉਣ ਦਾ। ਦੂਜਾ ਕਹਿੰਦਾ ਹੈ। ਮੈਨੂੰ ਨੰਬਰ ਪੁੱਛ ਕੇ ਨੰਬਰ ਘੁਮਾਉਣ ਲੱਗਦਾ ਹੈ। ਬੜੀ ਦੇਰ ਬਾਅਦ ਨੰਬਰ ਮਿਲਦਾ ਹੈ। ਕਿੱਥੋਂ ਬੋਲ ਰਿਹਾ ਏਂ... ? ਚੰਗਾ ਕੀਤਾ...। ਇੱਥੇ ਹੀ ਕਿਤੇ ਜੰਗਲਾਂ ਵੱਲ ਚਲਿਆ ਜਾ... ਜਦ ਤੱਕ ਹਾਲਾਤ ਠੀਕ ਨਹੀਂ ਹੁੰਦੇ ਅੱਗੇ ਨਾ ਆਵੀਂ...।

ਕਿੰਨੇ ਪੈਸੇ ? ਮੈਂ ਪੁੱਛਦਾ ਹਾਂ। ਮੈਂ ਜਾਣਦਾ ਹਾਂ ਕਿ ਉਨ੍ਹਾਂ ਨੂੰ ਮੇਰੇ ਤੋਂ ਜੋ ਵੀ ਮਿਲੇਗਾ, ਜੇਬ 'ਚ ਪਾ ਲੈਣਗੇ। ਢਾਈ ਸੌ ਰੁਪੈ। ਐਨੇ ?

ਓਏ, ਇੱਕ ਤਾਂ ਤੇਰਾ ਕੰਮ ਕਰ ਦਿੱਤਾ, ਉਪਰੋਂ ਤਾੜਾ-ਤਾੜੀ ਕਰਦਾ ਏਂ।

ਉਨ੍ਹਾਂ ਨੂੰ ਢਾਈ ਸੌ ਰੁਪੈ ਦੇ ਕੇ ਮੈਂ ਬਾਹਰ ਆਉਂਦਿਆਂ ਕਿਸੇ ਨਾਈ ਦੀ ਦੁਕਾਨ ਲੱਭਣ ਲੱਗਦਾ ਹਾਂ। ਇੱਕ ਨਾਈ ਨੂੰ ਆਪਣੀ

ਕੁਰਸੀ ਅਤੇ ਦੁਕਾਨ ਤੋਂ ਮਿੱਟੀ ਝਾੜਦਿਆਂ ਵੇਖ ਕੇ ਮੈਂ ਦੁਕਾਨ 'ਚ ਵੜ ਜਾਂਦਾ ਹਾਂ। ਨਾਈ ਦੀ ਕੁਰਸੀ ਤੇ ਬੈਠਿਆਂ ਬਹੁਤ ਅਜੀਬ ਅਤੇ ਆਪਣੇ ਆਪ ਚ ਬਹੁਤ ਹੀਣ ਅਨੁਭਵ ਹੋ ਰਿਹਾ ਹੈ। ਨਾਈ ਪਹਿਲਾਂ ਮੇਰੇ ਚਿਹਰੇ ਵੱਲ ਤੱਕਦਾ ਹੈ ਤੇ ਫੇਰ ਮੇਰੇ ਹੱਥ ਵੱਲ। ਉਹ ਵੀ ਉਸਤਰਾ ਚੁਕਦਿਆਂ ਮੌਕੇ ਦਾ ਫਾਇਦਾ ਉਠਾਉਣ ਦੀ ਨੀਅਤ ਨਾਲ ਕਹਿੰਦਾ ਹੈ, ਜਾਨ ਦੀ ਕੋਈ ਕੀਮਤ ਨਹੀਂ ਹੁੰਦੀ। ਐਸਾ ਬਣਾ ਦੇਵਾਂਗਾ ਕਿ ਸ਼ੀਸ਼ੇ 'ਚ ਮੂੰਹ ਵੇਖ ਕੇ ਆਪਣੇ ਆਪ ਨੂੰ ਵੀ ਪਛਾਣ ਨਹੀਂ ਸਕੇਂਗਾ।

ਉਸ ਦੀ ਗੱਲ ਸੁਣ ਕੇ ਮਨ 'ਚ ਕ੍ਰੋਧ ਉਬਾਲੇ ਮਾਰਨ ਲਗਦਾ ਹੈ। ਜੀਅ ਕਰਦਾ ਹੈ ਕਿ ਮਾਰ-ਮਾਰ ਕੇ ਇਸ ਦਾ ਬੂਥਾ ਇੰਝ ਵਿਗਾੜ ਦੇਵਾਂ ਕਿ ਇਹੀ ਆਪਣੇ ਆਪ ਨੂੰ ਨਾ ਪਛਾਣ ਸਕੇ। ਫੇਰ ਮੈਂ ਆਪਣੇ ਗੁੱਸੇ 'ਤੇ ਕਾਬੂ ਪਾ ਕੇ ਕੁਰਸੀ ਤੋਂ ਉਠ ਕੇ ਬਾਹਰ ਸੜਕ ਤੇ ਆ ਜਾਂਦਾ ਹਾਂ। ਮਨ ਹੀ ਮਨ ਕਹਿੰਦਾ ਹਾਂ- ਵੇਖੀ ਜਾਊ ਜੋ ਹੁੰਦਾ ਹੈ। ਚਿੱਕੜ ਅਤੇ ਗੰਦਗੀ ਨਾਲ ਭਰੇ ਬੱਸ ਸਟੈਂਡ ਤੇ ਛੋਟੇ ਆਕਾਰ ਦੀਆਂ ਬੱਸਾਂ ਖੜ੍ਹੀਆਂ ਹਨ। ਇੱਕ ਬੱਸ ਕੰਡਕਟਰ ਹਾਸ਼ੀਮਾਰਾ, ਮਾਦਰੀਹਟ, ਫੁਨਸ਼ਿਓਲਿੰਗ ਲਈ ਸਵਾਰੀਆਂ ਨੂੰ ਹਾਕਾਂ ਮਾਰ ਰਿਹਾ ਹੈ। ਮਾਦਰੀਹਾਟ ਦਾ ਨਾਂ ਸੁਣ ਕੇ ਮੇਰੇ ਕੰਨ ਖੜ੍ਹੇ ਹੋ ਜਾਂਦੇ ਹਨ। ਇਸ ਸਥਾਨ ਤੇ ਕੁਝ ਵਰ੍ਹੇ ਪਹਿਲਾਂ ਆਪਣੇ ਇੱਕ ਬੰਗਾਲੀ ਮਿੱਤਰ ਨਾਲ ਆਇਆ ਸਾਂ। ਮਾਦਰੀਹਾਟ ਦੇ ਕਿੰਨੇ ਪੈਸੇ ? ਮੈਂ ਆਪਣਾ ਬਟੂਆ ਬੋਝੇ ਚੋਂ ਕੱਢਦਿਆਂ ਪੁੱਛਦਾ ਹਾਂ। ਮਾਦਰੀਹਾਟ ਜਾਓਗੇ, ਕਿਸ ਕੋਲ ? ਜਲਦਾਪਾਰਾ ਵਾਈਲਡ ਲਾਈਫ ਸੈਂਕਚੁਅਰੀ ਜਾਣਾ ਹੈ, ਮੈਂ ਉੱਤਰ ਦੇਂਦਾ ਹਾਂ।

ਇਹ ਬਹੁਤ ਚੱਕਰ ਲਾ ਕੇ ਜਾਵੇਗੀ, ਸਿੱਧੀ ਬੱਸ ਇੱਕ ਘੰਟੇ ਬਾਅਦ।

ਕੋਈ ਗੱਲ ਨਹੀਂ। ਅਤੇ ਮੈਂ ਟਿਕਟ ਲੈ ਕੇ ਬੱਸ ਚ ਬੈਠ ਜਾਂਦਾ ਹਾਂ।

ਬੱਸ ਬਹੁਤ ਛੋਟੀ ਹੈ, ਸਤਾਈ ਸੀਟਰ, ਜਿਸ ਚ ਘੁਸੜ-ਮੁਸੜ ਕੇ ਪੈਂਤੀ-ਚਾਲੀ ਬੰਦੇ ਬੈਠ ਜਾਂਦੇ ਹਨ। ਸਵਾਰੀਆਂ ਖੇਸੀਆਂ, ਕੰਬਲਾਂ ਦੀਆਂ ਬੁੱਕਲਾਂ ਮਾਰੀ ਗੁੱਛਾ-ਮੁੱਛਾ ਹੋ ਕੇ ਬੈਠੀਆਂ ਹਨ ਅਤੇ ਸਾਰੀ ਬੱਸ ਬੀੜੀਆਂ, ਸਿਗਰਟਾਂ ਦੇ ਧੂੰਏਂ ਨਾਲ ਭਰੀ ਹੋਈ ਹੈ। ਜੇ ਮੈਂ ਵੀ... ਤਾਂ ਕਿਸੇ ਨੂੰ ਸ਼ੱਕ ਨਹੀਂ ਪਵੇਗਾ ਕਿ ਮੈਂ ਕੌਣ ਹਾਂ।

ਬੱਸ ਅਜੇ ਜੰਗਲ ਚੋਂ ਲੰਘਦੀ ਤੰਗ ਜਿਹੀ ਸੜਕ ਤੇ ਹੋ ਕੇ ਚਲਦੀ ਜਾ ਰਹੀ ਹੈ। ਕਦੀ-ਕਦੀ ਰੁੱਖਾਂ ਨੂੰ ਕੱਟ ਕੇ ਬਣਾਈ ਖੁੱਲ੍ਹੀ ਥਾਂ 'ਚ ਝੌਂਪੜੀਆਂ ਦੀ ਕੋਈ ਬਸਤੀ ਦਿਸ ਪੈਂਦੀ ਹੈ। ਕਿਤੇ-ਕਿਤੇ ਕਿਸੇ ਸਾਈਨ ਬੋਰਡ ਤੇ ਬਣੀ ਸ਼ੇਰ ਦੀ ਤਸਵੀਰ ਥੱਲੇ ਬੰਗਾਲੀ ਚ ਕੁਝ ਲਿਖਿਆ ਅਤੇ ਸੜਕ ਦੇ ਨਾਲ-ਨਾਲ ਇੱਕ ਹਾਥੀ ਤੁਰਦਿਆਂ ਵੇਖ ਕੇ ਮੈਂ ਸਮਝ ਜਾਂਦਾ ਹਾਂ ਕਿ ਇਹ ਵੀ ਕੋਈ ਰਿਜ਼ਰਵ ਫਾਰੈਸਟ ਹੈ। ਹੌਲੀ-ਹੌਲੀ ਤੁਰਦੀ ਰੁਕਦੀ ਬੱਸ ਚਾਰ-ਪੰਜ ਘੰਟਿਆਂ ਬਾਅਦ ਜੰਗਲ ਨੂੰ ਪਾਰ ਕਰਕੇ ਇੱਕ ਬਸਤੀ ਵਿਚਕਾਰ ਆ ਕੇ ਰੁਕ ਜਾਂਦੀ ਹੈ। ਇੱਥੇ ਕੋਈ ਹਫ਼ਤਾਵਾਰੀ ਹਾਟ ਲੱਗਿਆ ਹੋਇਆ ਹੈ। ਸਾਰਿਆਂ ਨਾਲ ਮੈਂ ਵੀ ਕੁਝ ਖਾਣ-ਪੀਣ ਲਈ ਉੱਤਰ ਜਾਂਦਾ ਹਾਂ। ਹਾਟ ਵਿੱਚ ਛੋਟੇ-ਛੋਟੇ ਕੱਦ ਦੇ ਆਦਮੀ ਤੀਵੀਆਂ ਫਿਰਦੇ ਨਜ਼ਰ ਆ ਰਹੇ ਸਨ। ਉੱਥੋਂ ਚੱਲ ਕੇ ਜਦ ਬੱਸ ਮਾਦਰੀਹਾਟ ਆ ਕੇ ਰੁਕੀ ਤਾਂ ਸ਼ਾਮ ਦੇ ਚਾਰ-ਪੰਜ ਵੱਜ ਚੁੱਕੇ ਸਨ। ਮੈਂ ਉੱਤਰ ਕੇ ਇੱਕ ਚਾਹ ਦੀ ਦੁਕਾਨ ਸਾਹਮਣੇ ਪਏ ਲਕੜੀ ਦੇ ਬੈਂਚ ਤੇ ਬੈਠ ਕੇ ਚਾਹ ਪੀਣ ਲਗਦਾ ਹਾਂ। ਕੋਲ ਹੀ ਤਿੰਨ-ਚਾਰ ਮੁੰਡੇ ਬੈਠੇ ਮੇਰੇ ਵੱਲ ਵੇਖਦੇ ਮੇਰੇ ਬਾਰੇ ਆਪਸ ਚ ਗੱਲਾਂ ਕਰਦੇ ਪ੍ਰਤੀਤ ਹੁੰਦੇ ਹਨ, ਜਾਂ ਮੈਨੂੰ ਹੀ ਲਗਦਾ ਹੈ ਕਿ ਇਹ ਮੇਰੇ ਬਾਰੇ ਹੀ ਗੱਲਾਂ ਕਰ

ਰਹੇ ਹਨ।

ਕਿਧਰੋਂ ਆਏ ਹੋ ? ਇੱਕ ਪੁੱਛਦਾ ਹੈ।

ਇੱਥੇ ਕਿਧਰ ਜਾਣਾ ਹੈ ? ਦੂਜਾ ਕਹਿੰਦਾ ਹੈ।

ਮੈਂ ਕੁਝ ਦੇਰ ਚੁੱਪ ਰਹਿੰਦਾ ਹਾਂ। ਫੇਰ ਕਹਿੰਦਾ ਹਾਂ ਕਿ ਮੈਂ ਜਲਦਾਪਾਰਾ ਵਾਈਲਡ ਲਾਈਫ ਸੈਂਕਚੁਅਰੀ ਵੇਖਣ ਆਇਆ ਹਾਂ।

ਮੇਰੇ ਬੋਲਣ ਤੇ ਉਹ ਸਾਰੇ ਮੈਨੂੰ ਉਪਰ ਤੋਂ ਲੈ ਕੇ ਥੱਲੇ ਵੱਲ ਤੱਕਦੇ ਹਨ। ਮੈਂ ਜਾਣਦਾ ਹਾਂ ਕਿ ਇਹ ਕੀ ਸੋਚ ਰਹੇ ਹੋਣਗੇ।

ਸੈਂਕਚੁਅਰੀ ਵੇਖਣ ਆਉਣ ਵਾਲਿਆਂ ਵਾਂਗ ਨਾ ਤੇ ਮੇਰੇ ਕੋਲ ਕੈਮਰਾ ਹੈ, ਨਾ ਦੂਰਬੀਨ ਅਤੇ ਨਾ ਹੀ ਸੂਰਤ ਸ਼ਕਲ। ਉਹ ਆਪਸ 'ਚ ਆਪਣੀ ਭਾਸ਼ਾ ਚ ਗੱਲਾਂ ਕਰਨ ਲੱਗਦੇ ਹਨ। ਮੈਂ ਇਨ੍ਹਾਂ ਦੀ ਬੰਗਾਲੀ ਭਾਸ਼ਾ ਕੁਝ-ਕੁਝ ਸਮਝਦਾ ਹਾਂ। ਗੱਲਾਂ ਤੋਂ ਇਹ ਨਕਸਲਵਾਦੀ ਕਿਸਮ ਦੇ ਬੰਦੇ ਲਗਦੇ ਹਨ। ਇਨ੍ਹਾਂ ਚੋਂ ਇੱਕ ਕਹਿੰਦਾ ਹੈ ਜਿਸ ਦੇ ਅਰਥ ਕੁਝ ਇਸ ਤਰ੍ਹਾਂ ਸਮਝ ਆਉਂਦੇ ਹਨ, ਐਵੇਂ ਨਾ ਬੋਲੀ ਜਾਓ... ਠੀਕ ਏ... ਕੋਈ ਵੀ ਹੋਵੇ। ਜਲਦਾਪਾਰਾ ਸੈਂਕਚੁਅਰੀ ਦਾ ਰੈਸਟ ਹਾਊਸ ਇੱਥੋਂ ਅੱਠ-ਦਸ ਕਿਲੋਮੀਟਰ ਅੰਦਰ ਹੈ। ਅੰਦਰ ਜਾਨਵਰਾਂ ਦਾ ਖ਼ਤਰਾ ਹੋਣ ਕਰਕੇ ਸ਼ਾਇਦ ਰਿਕਸ਼ਾ ਨਹੀਂ ਜਾਂਦੀ। ਜੇਬ ਚ ਪੈਸੇ ਘਟਦੇ ਜਾ ਰਹੇ ਹਨ ਪਰ ਫੇਰ ਵੀ ਮੈਨੂੰ ਅੰਦਰ ਜਾਣ ਲਈ ਟੈਕਸੀ ਦੇ ਪੰਜਾਹ ਰੁਪਏ ਖਰਚਣੇ ਪੈਂਦੇ ਹਨ। ਟੈਕਸੀ 'ਚ ਬੈਠ ਕੇ ਰੈਸਟ ਹਾਊਸ ਵੱਲ ਜਾਂਦਿਆਂ ਸੋਚ ਰਿਹਾ ਸਾਂ ਕਿ ਇੱਥੇ ਰਹਿਣ ਲਈ ਪੰਜ-ਸੱਤ ਦਿਨ ਲਈ ਕਮਰਾ ਮਿਲ ਜਾਏ ਤਾਂ ਖ਼ਤਰੇ ਵਾਲੇ ਦਿਨ ਬੇਫ਼ਿਕਰੀ ਨਾਲ ਗੁਜ਼ਰ ਸਕਦੇ ਹਨ। ਸੰਘਣੇ ਜੰਗਲ ਵਿਚਕਾਰ ਖੁੱਲ੍ਹੀ ਥਾਵੇਂ ਲੱਕੜੀ ਦਾ ਬਣਿਆ ਦੋ ਮੰਜ਼ਿਲਾ ਡਾਕ ਬੰਗਲਾ, ਇੱਕ ਪਾਸੇ ਕਾਮਿਆਂ ਦੇ ਕੁਆਰਟਰ ਅਤੇ

ਹਾਥੀਆਂ ਦੇ ਵਾੜੇ। ਤਿੰਨ-ਚਾਰ ਵਰ੍ਹੇ ਪਹਿਲਾਂ ਜਦ ਮੈਂ ਆਇਆ, ਉਦੋਂ ਮੈਂ ਇਹ ਰੈਸਟ ਹਾਊਸ ਵੇਖਿਆ ਸੀ ਪਰ ਇਸ ਦੇ ਆਲੇ-ਦੁਆਲੇ ਦਾ ਵਾਤਾਵਰਨ ਬਦਲਿਆ ਹੋਇਆ ਲੱਗਾ। ਰੈਸਟ ਹਾਊਸ ਦੇ ਸਾਹਮਣੇ ਵੱਡੀਆਂ-ਵੱਡੀਆਂ ਲਿਸ਼ਕਦੀਆਂ ਕਾਰਾਂ ਦਿਸ ਰਹੀਆਂ ਅਤੇ ਕੁਝ ਹੋਰ ਆ ਰਹੀਆਂ ਸਨ।

ਰੈਸਟ ਹਾਊਸ ਦੇ ਕੇਅਰ ਟੇਕਰ ਨਾਲ ਮੈਂ ਕਮਰੇ ਬਾਰੇ ਗੱਲ ਕਰਦਾ ਹਾਂ। ਪਰਮਿਟ ਲੈ ਕੇ ਆਏ ਹੋ ? ਉਹ ਪੁੱਛਦਾ ਹੈ।

ਮੇਰੇ ਨਾਂਹ ਕਹਿਣ ਤੇ ਉਹ ਮੈਨੂੰ ਉੱਥੋਂ ਵਾਪਸ ਚਲੇ ਜਾਣ ਲਈ ਕਹਿੰਦਾ ਹੈ ਪਰ ਮੈਂ ਜਾਂਦਾ ਨਹੀਂ ਅਤੇ ਇੱਕ ਪਾਸੇ ਖੜ੍ਹਾ ਹੋ ਕੇ ਕਦੇ ਹਾਥੀਆਂ ਅਤੇ ਕਦੇ ਜੰਗਲ 'ਚ ਬਣੀ ਉੱਚੀ ਸਾਰੀ ਮਚਾਨ ਵੱਲ ਵੇਖਣ ਲੱਗਦਾ ਹਾਂ। ਮੈਂ ਵੇਖਿਆ ਕਿ ਇਨ੍ਹਾਂ ਕਾਰਾਂ 'ਚੋਂ ਉਤਰਨ ਵਾਲੇ ਸੋਹਣੀਆਂ-ਸੋਹਣੀਆਂ ਕੁੜੀਆਂ, ਚਾਹ ਦੇ ਬਾਗਾਨਾਂ ਦੇ ਮਾਲਕ, ਐਕਟਰ-ਐਕਟਰੈਸਾਂ ਆਦਿ ਹਨ। ਬਹੁਤ ਸਾਰੇ ਪਰਮਿਟ ਲੈ ਕੇ ਆ ਰਹੇ ਹਨ। ਜੋ ਬਿਨਾਂ ਪਰਮਿਟ ਦੇ ਆਏ, ਉਨ੍ਹਾਂ ਤੋਂ ਕੁਝ ਲੈ ਦੇ ਕੇ ਕਮਰੇ ਮਿਲਦੇ ਜਾ ਰਹੇ ਹਨ।

ਹਨੇਰਾ ਪੈ ਗਿਆ ਤਾਂ ਕੇਅਰ ਟੇਕਰ ਘੋਸ਼ ਬਾਬੂ ਮੇਰੇ ਵੱਲ ਪ੍ਰਸ਼ਨ ਭਰੀਆਂ ਅਤੇ ਭੈੜੀਆਂ ਜਿਹੀਆਂ ਨਜ਼ਰਾਂ ਨਾਲ ਤਕਦਾ ਹੈ। ਹੁਣ ਸਥਿਤੀ ਇਹ ਹੈ ਕਿ ਉਹ ਮੈਨੂੰ ਵਾਪਸ ਚਲੇ ਜਾਣ ਲਈ ਵੀ ਮਜਬੂਰ ਨਹੀਂ ਕਰ ਸਕਦਾ। ਜੇ ਵਾਪਸ ਜਾਂਦਿਆਂ ਰਸਤੇ 'ਚ ਮੈਨੂੰ ਕਿਸੇ ਜੰਗਲੀ ਜਾਨਵਰ ਨੇ ਮਾਰ ਸੁੱਟਿਆ ਤਾਂ ਦੋਸ਼ ਉਸ ਉੱਤੇ ਆਉਣਾ ਹੈ। ਇਸ ਕਾਰਨ ਮੈਨੂੰ ਇੱਕ ਰਾਤ ਇੱਥੇ ਰਹਿਣ ਲਈ ਕਿਸੇ ਸਰਵੈਂਟ ਕੁਆਰਟਰ 'ਚ ਸੌਣ ਦੀ ਥਾਂ ਮਿਲ ਜਾਂਦੀ ਹੈ। ਮੱਛਰਾਂ ਕਾਰਨ ਸਾਰੀ ਰਾਤ ਸੌਂ ਨਹੀਂ ਸਕਿਆ। ਅਗਲੀ ਸਵੇਰ ਇੱਕ ਕਾਰ 'ਚ ਲਿਫਟ ਲੈ ਕੇ ਮੈਂ ਮੁੜ ਮਾਦਰੀਹਾਟ ਦੀ ਚਾਹ ਦੀ ਦੁਕਾਨ 'ਤੇ ਪਹੁੰਚ ਜਾਂਦਾ ਹਾਂ।

ਮੇਰੇ ਚਾਹ ਪੀਂਦਿਆਂ ਅਤੇ ਪਕੌੜੇ ਖਾਂਦਿਆਂ ਇੱਕ ਬੰਗਾਲੀ ਮੁੰਡਾ ਮੇਰੇ ਕੋਲ ਆ ਬੈਠਦਾ ਹੈ।

ਤੁਸੀਂ ਇੱਥੇ ਜੰਗਲੀ ਜਾਨਵਰ ਵੇਖਣ ਆਏ ਸੀ ?

'ਹਾਂ।' ਕੁਝ ਦਿੱਸਿਆ ? ਹਾਂ। ਕੀ ਕੀ ?

ਮਿੱਲਾਂ ਅਤੇ ਚਾਹ ਦੇ ਬਾਗਾਨਾਂ ਦੇ ਮਾਲਕ, ਨਾਲ ਛੋਕਰੀਆਂ, ਐਕਟਰ-ਐਕਟਰੈਸਾਂ। ਮੈਂ ਕਹਿੰਦਾ ਹਾਂ।

ਇਹ ਤਾਂ ਐਸ਼ ਕਰਨ ਆਉਂਦੇ ਹਨ ਇੱਥੇ। ਇਸ ਤਰ੍ਹਾਂ ਦੀਆਂ ਕੁਝ ਹੋਰ ਗੱਲਾਂ ਵੀ ਕਰਦਾ ਅਤੇ ਇਨ੍ਹਾਂ ਲੋਕਾਂ ਨੂੰ ਗਾਲ੍ਹਾਂ ਵੀ ਕੱਢਦਾ ਰਿਹਾ। ਲੱਗਦਾ ਹੈ ਕਿ ਇਹ ਵੀ ਕੋਈ ਨਕਸਲਵਾਦੀ ਕਿਸਮ ਦਾ ਆਦਮੀ ਹੈ। ਮੈਨੂੰ ਇਹ ਵੀ ਲੱਗਿਆ ਕਿ ਮੇਰੀਆਂ ਗੱਲਾਂਬਾਤਾਂ, ਮੇਰੇ ਬੋਲਣ ਦੇ ਲਹਿਜ਼ੇ ਤੋਂ ਇਸ ਨੇ ਪਛਾਣ ਲਿਆ ਹੈ ਕਿ ਮੈਂ ਪੰਜਾਬੀ ਹਾਂ ਅਤੇ ਸ਼ਾਇਦ ਸਿੱਖ ਵੀ। ਪਰ ਫੇਰ ਵੀ ਉਸ ਨੇ ਸਿੱਧੇ ਤੌਰ 'ਤੇ ਇਸ ਬਾਰੇ ਨਾ ਮੇਰੇ ਤੋਂ ਪੁੱਛਿਆ ਅਤੇ ਨਾ ਹੀ ਕੁਝ ਕਿਹਾ। ਕਾਫ਼ੀ ਦੇਰ ਗੱਲਾਂ ਕਰਦੇ ਰਹਿਣ ਤੋਂ ਬਾਅਦ ਉਹ ਕਹਿੰਦਾ ਹੈ, ਮੈਨੂੰ ਲਗਦਾ ਹੈ ਕਿ ਤੁਹਾਨੂੰ ਜੰਗਲਾਂ ਅਤੇ ਆਦਿ-ਵਾਸੀਆਂ ਵਿੱਚ ਬਹੁਤ ਰੁਚੀ ਹੈ। ਇਸ ਮਾਦਰੀਹਾਟ ਤੋਂ ਚਾਲੀ-ਪੰਜਾਹ ਕਿਲੋਮੀਟਰ ਤੇ ਭੂਟਾਨ ਦਾ ਸੀਮਾਵਰਤੀ ਸ਼ਹਿਰ ਫੁਨਸ਼ਿਓਲਿੰਗ ਹੈ। ਬਹੁਤ ਸੋਹਣਾ, ਭੂਟਾਨੀ ਸੱਭਿਅਤਾ। ਫਿਰ ਉਹ ਮੈਨੂੰ



ਫੁਨਸ਼ਿਓਲਿੰਗ ਤੋਂ ਪੰਦਰਾਂ-ਸੋਲਾਂ ਕਿਲੋਮੀਟਰ ਦੂਰ ਜੰਗਲਾਂ ਅਤੇ ਪਹਾੜੀਆਂ ਵਿਚਕਾਰ ਘਿਰੇ ਇੱਕ ਟੋਟੋ ਨਾਂ ਦੇ ਜੰਗਲੀ ਕਬੀਲੇ ਬਾਰੇ ਵੀ ਦੱਸਦਾ ਹੈ।

ਕੀ ਤੁਸੀਂ ਉੱਥੇ ਜਾਣਾ ਚਾਹੋਗੇ ?

ਜਾਣਾ ਤਾਂ ਚਾਹਵਾਂਗਾ, ਮੈਨੂੰ ਆਦਿਵਾਸੀ ਕਬੀਲਿਆਂ ਬਾਰੇ ਜਾਣਨ 'ਚ ਦਿਲਚਸਪੀ ਤੇ ਬੇਸ਼ੱਕ ਸੀ ਥੋੜ੍ਹੀ-ਬਹੁਤ, ਪਰ ਜ਼ਿਆਦਾ ਫ਼ਾਇਦਾ ਆਪਣੀ ਸੁਰੱਖਿਆ ਪੱਖੋਂ ਨਜ਼ਰ ਆ ਰਿਹਾ ਸੀ।

ਪਰ ਕਿਵੇਂ ਜਾਵਾਂਗਾ ਅਤੇ ਉੱਥੇ ਰਹਾਂਗਾ ਕਿੱਥੇ ? ਇਹੀ ਤੇ ਮੈਂ ਦੱਸਣ ਲੱਗਿਆਂ ਹਾਂ। ਉੱਥੇ ਮੇਰੀ ਇੱਕ ਬਹੁਤ ਨਜ਼ਦੀਕੀ ਜਾਣਕਾਰ ਰਹਿੰਦੀ ਹੈ ਸੁਨੰਦਾ ਇੱਕ ਡਿਸਪੈਂਸਰੀ 'ਚ ਕੰਮ ਕਰਦੀ ਹੈ। ਮੈਂ ਕਈ ਚਿਰਾਂ ਤੋਂ ਉਸ ਵੱਲ ਨਹੀਂ ਜਾ ਸਕਿਆ। ਮੈਂ ਉਸ ਦੇ ਨਾਂ ਤੁਹਾਨੂੰ ਇੱਕ ਖ਼ਤ ਦੇਂਦਾ ਹਾਂ। ਤੁਸੀਂ ਉੱਥੇ ਬੜੇ ਆਰਾਮ ਨਾਲ ਰਹਿ ਸਕਦੇ ਹੋ। ਮੇਰਾ ਹਾਲ-ਚਾਲ ਦੱਸਣਾ। ਕਹਿੰਦਿਆਂ-ਕਹਿੰਦਿਆਂ ਉਸ ਦੀਆਂ ਅੱਖਾਂ 'ਚ ਇੱਕ ਖ਼ਾਸ ਤਰ੍ਹਾਂ ਦੀ ਚਮਕ ਆ ਗਈ। ਉਸ ਦੇ ਇਸ ਸੁਨੰਦਾ ਨਾਲ, ਕਿਸ ਤਰ੍ਹਾਂ ਦੇ ਸਬੰਧ ਹਨ ? ਮੈਂ ਅੰਦਾਜ਼ਾ ਲਾਉਣ ਲੱਗਦਾ ਹਾਂ। ਇਸ ਤੋਂ ਬਾਅਦ ਬੰਗਾਲੀ ਭਾਸ਼ਾ 'ਚ ਖ਼ਤ ਲਿਖ ਕੇ ਮੈਨੂੰ ਦੇਂਦਾ ਅਤੇ ਟੋਟੋਪਾੜਾ ਪਹੁੰਚਣ ਦਾ ਰਸਤਾ ਵੀ ਸਮਝਾਉਂਦਾ ਰਹਿੰਦਾ ਹੈ।

ਇੱਕ ਬੱਸ 'ਚ ਬੈਠ ਕੇ ਮੈਂ ਫੁਨਸ਼ਿਓਲਿੰਗ ਜਾ ਉਤਰਦਾ ਹਾਂ ਅਤੇ ਇੱਕ ਆਦਮੀ ਤੋਂ ਟੋਟੋਪਾੜਾ ਵੱਲ ਜਾਣ ਦਾ ਰਸਤਾ ਪੁੱਛਦਾ ਹਾਂ।

'ਟੋਟੋਪਾੜਾ ? ਇਹ ਟੋਟ ਕਬੀਲੇ ਦੇ ਲੋਕ ਬਹੁਤ ਖ਼ਤਰਨਾਕ ਹਨ। ਨਰ ਭਕਸ਼ੀ। ਉਸ ਪਾਸੇ ਕੋਈ ਨਹੀਂ ਜਾਂਦਾ। ਮੇਰੇ ਕੁਝ ਜਾਣਕਾਰ ਰਹਿੰਦੇ ਹਨ ਉੱਥੇ।

ਠੀਕ ਏ। ਜਿਵੇਂ ਤੁਹਾਡੀ ਮਰਜ਼ੀ। ਔਹ ਜੋ ਰਸਤਾ ਜਾ ਰਿਹਾ ਹੈ ਨਾ ਤੀਸਤਾ ਨਦੀ ਵੱਲ...। ਉਹਨੇ ਇੰਜ ਕਿਹਾ ਜਿਵੇਂ

ਮੌਤ ਦੇ ਮੂੰਹ 'ਚ ਜਾ ਰਿਹਾ ਹੋਵਾਂ। (ਉਸ ਨੂੰ ਭਲਾ ਮੈਂ ਕਿਵੇਂ ਸਮਝਾਵਾਂ ਕਿ ਮੈਂ ਮੌਤ ਦੇ ਮੂੰਹ 'ਚੋਂ ਨਿਕਲ ਕੇ ਜਾ ਰਿਹਾ ਹਾਂ।)

ਅੱਗੇ ਦਾ ਰਸਤਾ ਮੈਨੂੰ ਉਸ ਬੰਗਾਲੀ ਸ਼ਬੀਰ ਮੋਂਡਲ ਨੇ ਸਮਝਾ ਦਿੱਤਾ ਹੋਇਆ ਸੀ। ਨਦੀ 'ਚ ਉਸ ਵੇਲੇ ਪਾਣੀ ਬਹੁਤ ਘੱਟ ਸੀ ਅਤੇ ਪਾਟ ਬਹੁਤ ਚੌੜਾ। ਪਾਣੀ ਕਈ ਧਾਰਾਵਾਂ 'ਚ ਵਗਦਾ ਹੋਇਆ। ਕਦੀ ਰੇਤ ਆ ਜਾਂਦੀ, ਕਦੀ ਪਾਣੀ। ਕਿਤੇ ਪੈਂਟ ਉੱਤੇ ਕਰਕੇ ਪਾਣੀ ਦੀ ਧਾਰ 'ਚੋਂ ਲੰਘਦਾ ਅਤੇ ਜਿੱਥੇ ਕਿਤੇ ਡੂੰਘਾ ਹੁੰਦਾ ਉੱਥੋਂ ਕੰਮ ਚਲਾਊ ਲੱਕੜੀ ਦੇ ਪੁਲ ਰਾਹੀਂ।

ਚਾਰ-ਪੰਜ ਕਿਲੋਮੀਟਰ ਚੌੜੇ ਨਦੀ ਦੇ ਪਾਟ ਨੂੰ ਪਾਰ ਕਰਨ ਤੋਂ ਬਾਅਦ ਪਹਾੜੀ ਦੀ ਚੜ੍ਹਾਈ ਚੜ੍ਹਦੀ ਇੱਕ ਪਗਡੰਡੀ ਤੇ ਤੁਰਨ ਲੱਗਦਾ ਹਾਂ। ਜਿਉਂ-ਜਿਉਂ ਅੱਗੇ ਵਧਦਾ ਹਾ ਪਗਡੰਡੀ ਸੌੜੀ ਅਤੇ ਜੰਗਲ ਘਣਾ ਹੁੰਦਾ ਜਾ ਰਿਹਾ ਹੈ। ਕਈ ਘੰਟੇ ਤੁਰਦਾ ਰਿਹਾ। ਸੂਰਜ ਛਿਪਣ ਤੇ ਆ ਗਿਆ ਪਰ ਟੋਟੋਪਾੜਾ ਦਾ ਨਾਂ ਨਿਸ਼ਾਨ ਵੀ ਨਜ਼ਰ ਨਹੀਂ ਆ ਰਿਹਾ। ਆਦਮੀ ਕੀ, ਇਸ ਰਸਤੇ ਤੇ ਕੋਈ ਜਾਨਵਰ ਵੀ ਆਉਂਦਾ ਜਾਂਦਾ ਨਹੀਂ ਦਿੱਸਦਾ। ਭੁੱਖ ਲੱਗੀ ਹੋਈ ਅਤੇ ਤੌਖਲਾ ਵੀ ਵਧਦਾ ਜਾ ਰਿਹਾ ਹੈ।

ਹਨੇਰਾ ਪੈਣ ਤੋਂ ਕੁਝ ਦੇਰ ਪਹਿਲਾਂ ਰਸਤੇ ਚ ਕੁਝ ਪਾਲਤੂ ਸੂਰ, ਫੇਰ ਕੁਝ ਕੁੱਕੜ-ਕੁੱਕੜੀਆਂ ਨਜ਼ਰ ਆਉਂਦੇ ਹਨ। ਹੁਣ ਮੈਨੂੰ ਬਸਤੀ ਦੇ ਨੇੜੇ ਹੋਣ ਦੀ ਆਸ ਨਜ਼ਰ ਆਉਂਦੀ ਹੈ ਅਤੇ ਅਚਾਨਕ, ਇੱਕ ਫ਼ਿਲਮੀ ਦ੍ਰਿਸ਼ ਦੀ ਤਰ੍ਹਾਂ ਜੰਗਲ ਵਿਚਕਾਰ ਘਿਰਿਆ ਬਾਂਸਾਂ ਦੀਆਂ ਝੌਂਪੜੀਆਂ ਨਾਲ ਭਰਿਆ ਟੋਟੋਪਾੜਾ ਦਾ ਪਿੰਡ ਵਿਖਾਈ ਦੇਣ ਲੱਗਦਾ ਹੈ। ਰਸਤਾ ਵੀ ਚੌੜਾ ਹੋ ਗਿਆ ਹੈ। ਰਸਤੇ ਦੇ ਦੋਵੇਂ ਪਾਸੇ, ਧਰਤੀ ਤੋਂ ਅੱਠ-ਦਸ ਫੁੱਟ ਉੱਠੀਆਂ ਮੋਟੇ ਬਾਂਸਾਂ ਦੇ ਸਹਾਰੇ ਖੜ੍ਹੀਆਂ ਝੌਂਪੜੀਆਂ ਦੇ ਸਾਹਮਣੇ ਟੋਟੋ ਕਬੀਲੇ ਦੀਆਂ ਤੀਵੀਆਂ, ਬੱਚੇ ਮੇਰੇ ਓਪਰ ਆਦਮੀ ਵੱਲ ਹੈਰਾਨੀ ਭਰੀਆਂ ਨਜ਼ਰਾਂ ਨਾਲ ਤੱਕ ਰਹੇ ਹਨ।

ਤੀਵੀਆਂ ਦੇ ਤੇੜ ਲੂੰਗੀਆਂ, ਸਿਰ ਤੇ ਰੁਮਾਲ ਜਿਹਾ ਬੰਨ੍ਹਿਆ ਹੋਇਆ।

ਇੱਕ ਆਦਮੀ ਖੜ੍ਹਾ ਨਜ਼ਰ ਆਉਣ ਤੇ ਮੈਂ ਉਸ ਤੋਂ ਸੁਨੰਦਾ ਬਾਰੇ ਪੁੱਛਦਾ ਹਾਂ। ਉਸ ਦੀ ਗੱਲ ਮੈਨੂੰ ਸਮਝ ਨਹੀਂ ਆ ਰਹੀ।

ਫੇਰ ਮੈਂ ਉਸ ਨੂੰ ਡਿਸਪੈਂਸਰੀ, ਹਸਪਤਾਲ, ਡਾਕਟਰ ਆਦਿ ਸ਼ਬਦਾਂ ਰਾਹੀਂ ਪੁੱਛਦਾ ਹਾਂ।

'ਅਊ-ਅਊ', ਉਹ ਹਾਂ 'ਚ ਸਿਰ ਹਿਲਾਉਂਦਿਆਂ ਅੱਗੇ ਤੁਰੀ ਜਾਣ ਲਈ ਇਸ਼ਾਰਾ ਕਰਦਾ ਹੈ।

ਬਸਤੀ ਦੇ ਬਿਲਕੁਲ ਅੰਤ ਉੱਤੇ ਇੱਟਾਂ ਦਾ ਬਣਿਆ ਇੱਕ ਪੱਕਾ ਮਕਾਨ ਦਿੱਸਦਾ ਹੈ ਤੇ ਮੈਂ ਸਮਝ ਜਾਂਦਾ ਹਾਂ ਕਿ ਇਹ ਡਿਸਪੈਂਸਰੀ ਤੋਂ ਇਲਾਵਾ ਹੋਰ ਕੁਝ ਨਹੀਂ ਹੋ ਸਕਦਾ। ਮਕਾਨ ਦਾ ਇੱਕ ਛੋਟਾ ਜਿਹਾ ਵਰਾਂਡਾ ਹੈ ਅਤੇ ਦੋ ਦਰਵਾਜ਼ੇ। ਮੈਂ ਇੱਕ ਦਰਵਾਜ਼ੇ ਤੇ ਦਸਤਕ ਦੇਂਦਾ ਹਾਂ। ਕੁਝ ਦੇਰ ਬਾਅਦ ਦਰਵਾਜ਼ਾ ਖੁੱਲ੍ਹਦਾ ਹੈ ਅਤੇ ਇੱਕ ਪੰਦਰਾਂ-ਸੋਲ੍ਹਾਂ ਵਰ੍ਹਿਆਂ ਦੀ ਕੁੜੀ ਸਾਹਮਣੇ ਦਿੱਸਦੀ ਹੈ। ਇਹ ਸੁਨੰਦਾ ਨਹੀਂ ਹੋ ਸਕਦੀ। ਮੈਂ ਸੋਚਦਾ ਹਾਂ ਅਤੇ ਮੈਂ ਉਸ ਤੋਂ ਸੁਨੰਦਾ ਦੀਦੀ ਬਾਰੇ ਪੁੱਛਦਾ ਹਾਂ।

ਉਹ ਕੁੜੀ ਵਾਪਸ ਪਰਤ ਜਾਂਦੀ ਹੈ ਅਤੇ ਕੁਝ ਦੇਰ ਬਾਅਦ ਇੱਕ ਅਠਾਈ ਤੀਹ ਕੁ ਵਰ੍ਹਿਆਂ ਦੀ ਤੀਵੀਂ ਨੂੰ ਲੈ ਕੇ ਆ ਜਾਂਦੀ ਹੈ।

ਤੁਸੀਂ ਸੁਨੰਦਾ ਦੀਦੀ ? ਕਹਿੰਦਿਆਂ ਮੈਂ ਸ਼ਬੀਰ ਮੋਂਡਲ ਦਾ ਦਿੱਤਾ ਪੱਤਰ ਉਸ ਨੂੰ ਫੜਾ ਦੇਂਦਾ ਹਾਂ।

ਉਹ ਕੁਝ ਪਲ ਮੇਰੇ ਵੱਲ, ਮੇਰੇ ਹੱਥ 'ਚ ਫੜੇ ਹੈਂਡ ਬੈਗ ਅਤੇ ਮੇਰੇ ਧੂੜ ਭਰੇ ਕੱਪੜਿਆਂ ਅਤੇ ਪੈਰਾਂ ਵੱਲ ਵੇਖਦੀ ਹੈ।

ਉਤਸੁਕਤਾ ਕਾਰਨ ਮੇਰਾ ਦਿਲ ਜ਼ੋਰ-ਜ਼ੋਰ ਨਾਲ ਧੜਕ ਰਿਹਾ ਹੈ। ਉਹ ਪੱਤਰ ਨਾ ਖੋਲ੍ਹਦੀ ਹੈ ਨਾ ਪੜ੍ਹਦੀ ਹੈ। ਸ਼ਾਇਦ ਮੇਰੀ ਮੌਜੂਦਗੀ 'ਚ ਨਹੀਂ ਪੜ੍ਹਨਾ ਚਾਹੁੰਦੀ। ਫੇਰ ਟੁੱਟੀ-ਫੁੱਟੀ ਹਿੰਦੀ 'ਚ ਕਹਿੰਦੀ ਹੈ, ਅੰਦਰ ਲੰਘ ਆਓ। ਇੱਕ ਨਿੱਕੇ ਜਿਹੇ ਕਾਰੀਡੋਰ 'ਚ ਲੰਘ ਕੇ ਉਹ ਹੱਥ ਦੇ ਧੱਕੇ ਨਾਲ ਇੱਕ ਦਰਵਾਜ਼ਾ ਖੋਲ੍ਹਦੀ ਅਤੇ ਮੈਨੂੰ ਉਸ ਦਰਵਾਜ਼ੇ 'ਚੋਂ ਇੱਕ ਕਮਰੇ ਵਿੱਚ ਜਾਣ ਦਾ ਇਸ਼ਾਰਾ ਕਰਦੀ ਹੈ।

ਕਮਰੇ 'ਚ ਇੱਕ ਤਖ਼ਤਪੋਸ਼ ਹੈ, ਇੱਕ ਕੁਰਸੀ ਅਤੇ ਇੱਕ ਛੋਟਾ ਜਿਹਾ ਮੇਜ਼। ਮੈਂ ਤਖ਼ਤਪੋਸ਼ 'ਤੇ ਬੈਠ ਕੇ ਆਪਣੇ ਬੂਟ ਉਤਾਰਦਾ ਅਤੇ ਫੇਰ ਆਪਣੀ ਥਕਾਵਟ ਮਿਟਾਉਣ ਲਈ ਤਖ਼ਤਪੋਸ਼ ਤੇ ਲੰਮਾ ਪੈ ਜਾਂਦਾ ਹਾਂ। ਥੋੜ੍ਹੀ ਦੇਰ ਬਾਅਦ ਛੋਟੀ ਕੁੜੀ ਪਰਦਾ ਚੁੱਕ ਕੇ ਅੰਦਰ ਆਉਂਦੀ ਅਤੇ ਤਖ਼ਤਪੋਸ਼ ਉੱਤੇ ਭੂਟਾਨੀ ਨਮੂਨੇ ਦਾ ਗਲੀਚਾ ਵਿਛਾ ਕੇ ਸਰ੍ਹਾਣਾ ਅਤੇ ਕੰਬਲ ਰੱਖ ਕੇ ਚਲੀ ਜਾਂਦੀ ਹੈ। ਕੁਝ ਦੇਰ ਬਾਅਦ ਇੱਕ ਟ੍ਰੇਅ 'ਚ ਚਾਹਦਾਨੀ ਅਤੇ ਬਿਸਕੁਟ ਲਈ ਵੱਡੀ ਤੀਵੀਂ ਅੰਦਰ ਆਉਂਦੀ ਅਤੇ ਟ੍ਰੇਅ ਮੇਜ਼ ਤੇ ਰੱਖ ਕੇ ਕੁਰਸੀ 'ਤੇ ਬੈਠ ਜਾਂਦੀ ਹੈ। ਕੇਤਲੀ ਵਿੱਚੋਂ ਪਿਆਲੇ 'ਚ ਚਾਹ ਉਲਟਾਉਂਦਿਆਂ ਮੈਨੂੰ ਲਗਦਾ ਹੈ ਕਿ ਮੇਰੇ ਨਾਲ ਗੱਲਾਂ ਕਰਨਾ ਚਾਹੁੰਦੀ ਹੈ। ਮੈਂ ਉਸ ਨੂੰ ਆਪਣੀ ਆਦਿਵਾਸੀਆਂ 'ਚ ਰੁਚੀ ਅਤੇ ਟੋਟੋ ਲੋਕਾਂ ਬਾਰੇ ਪੁੱਛਦਾ ਹਾਂ।

ਉਨ੍ਹਾਂ ਦੀ ਡਿਸਪੈਂਸਰੀ ਬਾਰੇ ਵੀ ਕੁਝ ਸਵਾਲ ਕਰਦਾ ਹਾਂ। ਉਸ ਦੀ ਟੁੱਟੀ-ਫੁੱਟੀ ਹਿੰਦੀ ਤੋਂ ਜੋ ਮੈਨੂੰ ਸਮਝ ਆਉਂਦਾ ਹੈ ਉਹ ਇਹ ਹੈ ਕਿ ਡਿਸਪੈਂਸਰੀ ਈਸਾਈ ਮਿਸ਼ਨਰੀਆਂ ਨੇ ਬਣਵਾਈ ਹੈ, ਖ਼ਾਸ ਇਨ੍ਹਾਂ ਟੋਟੋ ਲੋਕਾਂ ਦੇ ਇਲਾਜ ਲਈ। ਬੀਮਾਰਾਂ ਦੀ ਦੇਖ-ਭਾਲ ਤੋਂ ਇਲਾਵਾ ਇਨ੍ਹਾਂ ਨੂੰ ਹੋਰ ਕਈ ਤਰ੍ਹਾਂ ਦੇ ਕੰਮ ਸਿਖਾਉਂਦਿਆਂ ਇਨ੍ਹਾਂ ਦੀ ਸਹਾਇਤਾ ਕਰਦੇ ਹਨ। ਤੁਸੀਂ ਦੋਵੇਂ ਇਕੱਲੇ ਰਹਿੰਦੇ ਹੋ ?

ਹਾਂ। ਡਰ ਨਹੀਂ ਲਗਦਾ ?

ਡਰ ਕਾਹਦਾ।

(ਬਾਕੀ ਸਫ਼ਾ 31 'ਤੇ)




## ਹੈ ਸ਼ਕਲ ਤੇਰੀ ਗੁਲਾਬ ਵਰਗੀ

ਮੁਨੀਰ ਨਿਆਜ਼ੀ (ਲੇਖਕ)

ਹੈ ਸ਼ਕਲ ਤੇਰੀ ਗੁਲਾਬ ਵਰਗੀ,
ਨਜ਼ਰ ਏ ਤੇਰੀ ਸ਼ਰਾਬ ਵਰਗੀ।
ਸਦਾ ਏ ਇਕ ਦੂਰੀਆਂ ਦੇ ਉਹਲੇ,
ਮੇਰੀ ਸਦਾ ਦੇ ਜਵਾਬ ਵਰਗੀ।
ਉਹ ਦਿਨ ਸੀ ਦੋਜ਼ਖ਼ ਦੀ ਅੱਗ ਵਰਗਾ,
ਉਹ ਰਾਤ ਡੂੰਘੇ ਅਜ਼ਾਬ ਵਰਗੀ।
ਇਹ ਸ਼ਹਿਰ ਲਗਦਾ ਏ ਦਸ਼ਤ ਵਰਗਾ,
ਚਮਕ ਏ ਇਹਦੀ ਸਰਾਬ ਵਰਗੀ।
ਹਵਾ ਏ ਅੱਜ ਕੱਲ੍ਹ ਸਵੇਰ ਵੇਲੇ,
ਬਦਲਦੇ ਮੌਸਮ ਦੇ ਖ਼ਾਬ ਵਰਗੀ।
'ਮੁਨੀਰ' ਤੇਰੀ ਗ਼ਜ਼ਲ ਅਜੀਬ ਏ,
ਕਿਸੇ ਸਫ਼ਰ ਦੀ ਕਿਤਾਬ ਵਰਗੀ।

## ਅਲਵਿਦਾ ਤੋਂ ਬਾਅਦ

ਰਮਨਦੀਪ ਕੌਰ ਵਿਰਕ

ਉਹਨੂੰ
ਹਰ ਗੱਲ ਦੀ
ਸਮਝ ਰਹੀ
ਹਰ ਅਦਾ 'ਚ ਸਲੀਕਾ
ਰੁੱਸ ਜਾਣ ਦਾ
ਮੰਨ ਜਾਣ ਦਾ
ਗ਼ੁੱਸੇ ਹੋਣ ਦਾ
ਮੁਹੱਬਤ ਕਰਨ ਦਾ
ਤੇ ਫਿਰ ਇੱਕ ਦਿਨ
ਸਲੀਕੇ ਨਾਲ਼ ਹੀ ਉਸ
ਅਲਵਿਦਾ ਆਖ ਦਿੱਤਾ ..।

## ਮੂੰਹ ਆਈ ਬਾਤ

ਨਜ਼ਮਾਂ ਖਾਤੂਨ ਨਾਜ਼



ਕਹੇ ਅਰਸਤੂ ਕੇ ਮਨੁੱਖ ਸਮਾਜ ਵਿੱਚ ਰਹਿ ਕੇ ਸਿੱਖਦਾ
ਮੈਨੂੰ ਲਗਦਾ ਮਨੁੱਖ ਸਮਾਜ ਵਿੱਚ ਰਹਿ ਕੇ ਵਿਕਦਾ!!!

ਕਹਿੰਦੇ ਚੁੱਪ ਰਹਿਣ ਵਾਲੇ ਬੜੇ ਅਜੀਬ ਹੁੰਦੇ ਨੇ
ਮੈਨੂੰ ਲਗਦਾ ਉਹ ਖੁਸ਼ਨਸੀਬ ਹੁੰਦੇ ਨੇ!!!

ਕਹਿੰਦੇ ਜਿਆਦਾ ਬੋਲਣ ਵਾਲੇ ਸੱਚੇ ਹੁੰਦੇ ਨੇ
ਮੈਨੂੰ ਲਗਦਾ ਇਹ ਢੀਠ ਪੱਕੇ ਹੁੰਦੇ ਨੇ!!!

ਕਹਿੰਦੇ ਰੋਣਾ ਹਰ ਮਸਲੇ ਦਾ ਹੱਲ ਨਹੀਂ ਹੁੰਦਾ
ਮੈਨੂੰ ਲਗਦਾ ਰੋਣਾ ਵੀ ਕੋਈ ਝੱਲ ਨਹੀ ਹੁੰਦਾ!!!

ਕਹਿੰਦੇ ਆਰੀ ਨੂੰ ਇੱਕ ਪਾਸੇ ਦੰਦੇ ਜਹਾਨ ਨੂੰ ਦੋਹੀਂ ਪਾਸੇ
ਮੈਨੂੰ ਲਗਦਾ ਇਹ ਕੁਝ ਕੁ ਹੀ ਹੁੰਦੇ ਆ ਨਿਕੰਮੇ!!!

ਕਹਿੰਦੇ ਹੱਦੋਂ ਵੱਧ ਹੱਸਣਾ ਮਾੜਾ ਹੁੰਦਾ
ਮੈਨੂੰ ਲਗਦਾ ਇਹ ਸਭ ਇੱਕ ਪਾੜਾ ਹੁੰਦਾ!!!

ਕਹਿੰਦੇ ÷ਨਾਜ਼÷ ਤੂੰ ਜਿਆਦਾ ਸੋਚਿਆ ਨਾ ਕਰ
ਮਨ ਵਿੱਚ ਬੁਰਾ ਕੁਝ ਲੋਚਿਆ ਨਾ ਕਰ!!!

ਕਹਿੰਦੇ ਰੂੜੇਕੇ ਕਲਾਂ ਦੇ ਲੋਕ ਸਿਆਣੇ
ਮੰਨਦੇ ਨੇ ਉਸ ਰੱਬ ਦੇ ਭਾਣੇ
ਮੰਨਦੇ ਨੇ ਉਸ ਰੱਬ ਦੇ ਭਾਣੇ

*ਪਿੰਡ ਰੂੜ੍ਹੇ ਕੇ ਕਲਾਂ (ਬਰਨਾਲਾ)*
*ਸਰੀਰਕ ਸਿੱਖਿਆ ਵਿਭਾਗ*
*ਪੰਜਾਬੀ ਯੂਨੀਵਰਸਿਟੀ ਪਟਿਆਲਾ*

## ਤਰਾਵਾਂ ਦੇ ਨਾ ਕੁਝ ਸ਼ਿਕਵੇ

ਅਰਵਿੰਦਰ ਸਿੰਘ

ਕੁਝ ਗੱਲਾਂ ਤੇ ਸ਼ਿਕਵੇ ਸੱਚ ਨੇ
ਸਭ ਦੇ ਦਿਲ ਵਿੱਚ ਦਰਦ ਹੈ ਕੌਮੀ
ਪਰ ਬੋਲਾਂ ਦੇ ਵਿੱਚ ਭਾਸ਼ਣ ਕੱਚ ਨੇ।
ਨੀਵੇਂ ਚੁਭਵੇਂ ਸ਼ਬਦ ਬੋਲ ਕੇ
ਕਈ ਮਿੱਠੇ-ਮੱਲਾਂ ਨੂੰ ਕਹਿਣਾ ਉਹ ਖੱਚ ਨੇ।
ਸੰਗਤਾਂ ਨੂੰ ਧੜਿਆਂ ਵਿੱਚ ਵੰਡਣਾ
ਨਾਲੇ ਸਾਂਝਾ ਹੋਕਾ ਦੇ ਕੇ
ਨਾਲੇ ਕਲੱਬਾਂ ਦੇ ਵਿੱਚ ਭੰਡਣਾ।
ਕੋਈ ਲੰਗਰ ਘਰੇ ਹੀ ਲਾ ਕਿਵੇਂ ਸਕਦੈ
ਗੁਰੂ ਅੰਗਦ ਦੀਆਂ ਪਿਰਤਾਂ ਦੇ ਵਿੱਚ
ਤੇਰ ਮੇਰ ਕੋਈ ਪਾ ਕਿਵੇਂ ਸਕਦੈ?
ਬੁੱਢੇ ਦੱਲ ਨੂੰ ਕਾਇਰ ਕਹਿਕੇ
ਤਰਨਾ ਦੱਲ ਕੋਈ ਕਹਾ ਕਿਵੇਂ ਸਕਦੈ?
ਉਹ ਸਮੇ ਜਦੋਂ ਸ੍ਰਿਸ਼ਟੀ ਸਾਰੀ
ਨਾਨਕ ਨਾਮ ਕਿਰਦਾਰ ਮੂਹਰੇ ਹਾਰੀ
ਦੁਨੀਆ ਦੇ ਵਿੱਚ ਬੀਜ ਬਣੇ ਹਾਂ
ਉੱਗੀ ਨਾਨਕ ਨਾਮ ਕਿਆਰੀ!
ਕਿਆ ਉਹ ਜਰਨੈਲ ਜੋ
ਚੜ ਆਏ ਭਗਵੇਂ ਨਾ ਵੇਖੇ
ਪਰ ਧਮਕਾਵੇ ਘੱਟ-ਗਿਣਤੀ ਸਾਰੀ?
ਕੁਝ ਵੀ ਕਰਨ ਦੀ ਤੇਜ਼ੀ ਦੇ ਵਿੱਚ
ਵਿਚਾਰੇ ਨਾ ਚੱਕਰਵਿਊ ਦੀ ਹੋਈ ਤਿਆਰੀ।
ਜੇਕਰ ਕੋਈ ਸਿੱਖ ਨਾ ਕਿਸੇ ਦਾ ਭੇਖ ਬਣਾਵੇ
ਮੰਨ ਅੰਦਰ ਸਬਰ ਸੰਤੋਖ ਧਰਮ ਦਇਆ ਟਿਕਾਵੇ
ਕਿਰਦਾਰ ਹੀ ਜੋੜੇ ਸੰਗਤ ਸਾਰੀ।
ਸੰਤਾਂ ਦੀ ਘਾਲ ਤਪ ਨੂੰ ਸਿਮਰੇ
ਸੋਧੇ ਬਿਰਤੀ ਘੜੇ ਸੁਰਤ ਨਿਆਰੀ।
ਖਾਲਸਾ ਅਕਾਲ ਪੁਰਖ ਕਾ ਜੋ ਦੀਸੈ ਰੂਪ
ਤੇ ਅੰਦਰੋਂ ਡੁੱਲੇ ਨਾਮ ਖੁਮਾਰੀ।
ਫੇਰ ਸੰਤ ਹੀ ਕੋਈ ਜਰਨੈਲ ਕਹਾਵੇ
ਬਿਨ ਮੰਗਿਆਂ ਸਿਰ ਚੜ ਚੜ ਆਵੈਂ।
ਮੇਰ ਤੇਰ ਦੇ ਚੱਕਰ ਉੱਠ ਜਾਵਣ
ਖਾਲਸਾ ਅਕਾਲ ਰੂਪ ਹੋਏ ਆਵੈ।
ਬਿਨ ਨਵਾਬੀ ਕੀ ਆਸਾਂ ਲਾਵੈ
ਪਾਤਸ਼ਾਹੀਆਂ ਪਾਤਸ਼ਾਹ ਕਹਾਵੈ।
ਪਰ ਜਰਨੈਲ ਅਭਿਮਾਨ ਤਿਆਗੈ
ਸੰਗਤ ਰੂਪ ਸੰਗਤ ਹੋਏ ਜਾਵੈਂ।
ਗੁਰ ਨਾਨਕ ਗੁਰ ਗੋਬਿੰਦ ਧਿਆਵੈ
ਤੇਰ ਮੇਰ ਕੇ ਬੰਧਨ ਤੂਟੈਂ
ਜਲਤੀ ਜਗਤ ਮੈ ਠਾਂਢ ਕਰਾਵੈਂ।
ਪਾਂਚੋਂ ਚੋਰ ਕੇ ਸੀਸ ਕਾਟ ਕੈਂ
ਆਵਣ ਜਾਣ ਮੁਕਤ ਹੋਏ ਜਾਵੈਂ।
ਗੁਰ ਨਾਨਕ ਨਾਮ ਧਿਆਵੈਂ।

## ਗ਼ਜ਼ਲ

ਭਾਈ ਨੰਦ ਲਾਲ ਗੋਯਾ

ਤੇਰੇ ਮੁਖੜੇ ਦੇ ਸਾਹਮਣੇ ਚੰਨ ਵੀ ਸ਼ਰਮਿੰਦਾ ਹੈ।
ਨਹੀਂ, ਸਗੋਂ ਜਹਾਨ ਦਾ ਸੂਰਜ ਵੀ ਤੇਰਾ ਗ਼ੁਲਾਮ ਹੈ।
ਸਾਡੀ ਅੱਖ ਨੇ ਸਿਵਾਏ ਰੱਬ ਦੇ ਕਿਸੇ ਨੂੰ ਨਹੀਂ ਵੇਖਿਆ।
ਵਾਹ! ਕਿੰਨੀ ਸੁਭਾਗੀ ਹੈ ਉਹ ਅੱਖ ਜਿਹੜੀ ਕਿ ਰੱਬ ਨੂੰ ਵੇਖਣ ਵਾਲੀ ਹੈ।
ਅਸਾਂ ਕਦੀ ਆਪਣੀ ਭਗਤੀ ਅਤੇ ਪਾਖੰਡ ਦੀ ਡੀਂਗ ਨਹੀਂ ਮਾਰਦੇ,
ਜੇ ਕਰ ਅਸੀਂ ਗੁਨਾਹਗਾਰ ਹਾਂ, ਤਾਂ ਰੱਬ ਬਖ਼ਸ਼ਣਹਾਰ ਹੈ।
ਕਿਸੇ ਦੂਜੇ ਨੂੰ ਅਸੀਂ ਹੋਰ ਕਿਥੋਂ ਲਿਆਈਏ?
ਇੱਕ ਦਾ ਹੀ ਇਸ ਦੁਨੀਆਂ ਵਿਚ ਬਥੇਰਾ ਰੌਲਾ ਪਿਆ ਹੋਇਆ ਹੈ।
ਰੱਬ ਤੋਂ ਸਿਵਾਇ ਦੂਜਾ ਹਰਫ਼ ਕਦੀ ਵੀ ਗੋਯਾ ਦੇ ਬੁੱਲ੍ਹਾਂ ਤੇ ਨਹੀਂ ਆਉਂਦਾ,
ਕਿਉਂ ਜੋ ਰੱਬ ਬਖਸ਼ਣਹਾਰ ਹੈ।

## ਉੱਠ ਜਾਗ ਘੁਰਾੜੇ ਮਾਰ ਨਹੀਂ

ਬਾਬਾ ਬੁੱਲ੍ਹੇ ਸ਼ਾਹ



ਉੱਠ ਜਾਗ ਘੁਰਾੜੇ ਮਾਰ ਨਹੀਂ।
ਇਹ ਸੌਣ ਤੇਰੇ ਦਰਕਾਰ ਨਹੀਂ।
ਇਕ ਰੋਜ਼ ਜਹਾਨੋਂ ਜਾਣਾ ਏ,
ਜਾ ਕਬਰੇ ਵਿਚ ਸਮਾਣਾ ਏ,
ਤੇਰਾ ਗੋਸ਼ਤ ਕੀੜਿਆਂ ਖਾਣਾ ਏ,
ਕਰ ਚੇਤਾ ਮਰਗ ਵਿਸਾਰ ਨਹੀਂ,
ਉੱਠ ਜਾਗ ਘੁਰਾੜੇ ਮਾਰ ਨਹੀਂ।
ਤੇਰਾ ਸਾਹਾ ਨੇੜੇ ਆਇਆ ਏ,
ਕੁੱਝ ਚੋਲੀ ਦਾਜ ਰੰਗਾਇਆ ਏ,
ਕਿਉਂ ਆਪਣਾ ਆਪ ਵੰਜਾਇਆ ਏ,
ਐ ਗ਼ਾਫ਼ਲ ਤੈਨੂੰ ਸਾਰ ਨਹੀਂ,
ਉੱਠ ਜਾਗ ਘੁਰਾੜੇ ਮਾਰ ਨਹੀਂ।
ਤੂੰ ਸੁੱਤਿਆਂ ਉਮਰ ਵੰਜਾਈ ਏ,
ਤੂੰ ਚਰਖੇ ਤੰਦ ਨਾ ਪਾਈ ਏ,
ਕੀ ਕਰਸੇਂ ਦਾਜ ਤਿਆਰ ਨਹੀਂ,
ਉੱਠ ਜਾਗ ਘੁਰਾੜੇ ਮਾਰ ਨਹੀਂ।
ਉੱਠ ਜਾਗ ਘੁਰਾੜੇ ਮਾਰ ਨਹੀਂ।
ਤੂੰ ਜਿਸ ਦਿਨ ਜੋਬਨ ਮੱਤੀ ਸੈਂ,
ਤੂੰ ਨਾਲ ਸਈਆਂ ਦੇ ਰੱਤੀ ਸੈਂ,
ਹੋ ਗਾਫਲ ਗੱਲੀਂ ਵੱਤੀ ਸੈਂ,
ਇਹ ਭੋਰਾ ਤੈਨੂੰ ਸਾਰ ਨਹੀਂ,
ਉੱਠ ਜਾਗ ਘੁਰਾੜੇ ਮਾਰ ਨਹੀਂ।
ਤੂੰ ਮੁੱਢੋਂ ਬਹੁਤ ਕੁਚੱਜੀ ਸੈਂ,
ਨਿਰਲੱਜਿਆਂ ਦੀ ਨਿਰਲੱਜੀ ਸੈਂ,
ਤੂੰ ਖਾ ਖਾ ਖਾਣੇ ਰੱਜੀ ਸੈਂ,
ਹੁਣ ਤਾਈਂ ਤੇਰਾ ਬਾਰ ਨਹੀਂ,
ਉੱਠ ਜਾਗ ਘੁਰਾੜੇ ਮਾਰ ਨਹੀਂ।
ਅੱਜ ਕੱਲ੍ਹ ਤੇਰਾ ਮੁਕਲਾਵਾ ਏ,
ਕਿਉਂ ਸੁੱਤੀ ਕਰ ਕਰ ਦਾਅਵਾ ਏ?
ਅਨਡਿਠਿਆਂ ਨਾਲ ਮਿਲਾਵਾ ਏ,
ਇਹ ਭਲਕੇ ਗਰਮ ਬਜ਼ਾਰ ਨਹੀਂ,
ਉੱਠ ਜਾਗ ਘੁਰਾੜੇ ਮਾਰ ਨਹੀਂ।
ਤੂੰ ਏਸ ਜਹਾਨੋਂ ਜਾਏਂਗੀ,
ਫਿਰ ਕਦਮ ਨਾ ਏਥੇ ਪਾਏਂਗੀ,
ਇਹ ਜੋਬਨ ਰੂਪ ਵੰਜਾਏਂਗੀ,
ਤੈਂ ਰਹਿਣਾ ਵਿਚ ਸੰਸਾਰ ਨਹੀਂ,
ਉੱਠ ਜਾਗ ਘੁਰਾੜੇ ਮਾਰ ਨਹੀਂ।
ਮੰਜ਼ਲ ਤੇਰੀ ਦੂਰ ਦੁਰਾਡੀ,
ਤੂੰ ਪੌਣਾਂ ਵਿਚ ਜੰਗਲ ਵਾਦੀ,
ਔਖਾ ਪਹੁੰਚਣ ਪੈਰ ਪਿਆਦੀ,
ਦਿਸਦੀ ਤੂੰ ਅਸਵਾਰ ਨਹੀਂ,
ਉੱਠ ਜਾਗ ਘੁਰਾੜੇ ਮਾਰ ਨਹੀਂ।
ਇਕ ਇਕੱਲੀ ਤਨਹਾ ਚਲਸੇਂ,
ਜੰਗਲ ਬਰਬੱਰ ਦੇ ਵਿਚ ਰੁਲਸੇਂ,
ਲੈ ਲੈ ਤੋਸ਼ਾ ਇਥੋਂ ਘਲਸੇਂ,
ਉਥੇ ਲੈਣ ਉਧਾਰ ਨਹੀਂ।
ਉੱਠ ਜਾਗ ਘੁਰਾੜੇ ਮਾਰ ਨਹੀਂ।
ਉਹ ਖਾਲੀ ਏ ਸੁੰਞ ਹਵੇਲੀ,
ਤੂੰ ਵਿਚ ਰਹਿਸੇਂ ਇੱਕ ਇਕੇਲੀ,
ਓਥੇ ਹੋਸੀ ਹੋਰ ਨਾ ਬੇਲੀ,
ਸਾਥ ਕਿਸੇ ਦਾ ਬਾਰ ਨਹੀਂ,
ਉੱਠ ਜਾਗ ਘੁਰਾੜੇ ਮਾਰ ਨਹੀਂ।
ਜਿਹੜੇ ਸਨ ਦੇਸਾਂ ਦੇ ਰਾਜੇ,
ਨਾਲ ਜਿਨ੍ਹਾਂ ਦੇ ਵੱਜਦੇ ਵਾਜੇ,
ਗਏ ਰੋ ਰੋ ਬੇਤਖਤੇ ਤਾਜੇ,
ਕੋਈ ਦੁਨੀਆਂ ਦਾ ਇਤਬਾਰ ਨਹੀਂ,
ਉੱਠ ਜਾਗ ਘੁਰਾੜੇ ਮਾਰ ਨਹੀਂ।
ਕਿੱਥੇ ਹੈ ਸੁਲਤਾਨ ਸਿਕੰਦਰ,
ਮੌਤ ਨਾ ਛੱਡੇ ਪੀਰ ਪੈਗੰਬਰ,
ਸੱਭੇ ਛੱਡ ਗਏ ਅਡੰਬਰ,
ਕੋਈ ਏਥੇ ਪਾਇਦਾਰ ਨਹੀਂ,
ਉੱਠ ਜਾਗ ਘੁਰਾੜੇ ਮਾਰ ਨਹੀਂ।
ਕਿਥੇ ਯੂਸਫ ਮਾਹਿ-ਕਨਿਆਨੀ,
ਲਈ ਜ਼ੁਲੈਖਾਂ ਫੇਰ ਜਵਾਨੀ,
ਕੀਤੀ ਮੌਤ ਨੇ ਓੜਕ ਫ਼ਾਨੀ,
ਫੇਰ ਉਹ ਹਾਰ ਸ਼ਿੰਗਾਰ ਨਹੀਂ,
ਉੱਠ ਜਾਗ ਘੁਰਾੜੇ ਮਾਰ ਨਹੀਂ।
ਕਿੱਥੇ ਤਖ਼ਤ ਸੁਲੇਮਾਂ ਵਾਲਾ,
ਵਿਚ ਹਵਾ ਉੱਡਦਾ ਸੀ ਬਾਲਾ,
ਉਹ ਭੀ ਕਾਦਰ ਆਪ ਸੰਭਾਲਾ,
ਕੋਈ ਜ਼ਿੰਦਗੀ ਦਾ ਇਤਬਾਰ ਨਹੀਂ,
ਉੱਠ ਜਾਗ ਘੁਰਾੜੇ ਮਾਰ ਨਹੀਂ।
ਕਿੱਥੇ ਮੀਰ ਮਲਕ ਸੁਲਤਾਨਾਂ,
ਸੱਭੇ ਛੱਡ ਛੱਡ ਗਏ ਟਿਕਾਣਾ,
ਕੋਈ ਮਾਰ ਨਾ ਬੈਠੇ ਠਾਣਾ,
ਲਸ਼ਕਰ ਦਾ ਜਿਨ੍ਹਾਂ ਸ਼ੁਮਾਰ ਨਹੀਂ,
ਉੱਠ ਜਾਗ ਘੁਰਾੜੇ ਮਾਰ ਨਹੀਂ।
ਫੁੱਲਾਂ ਫੁੱਲ ਚੰਬੇਲੀ ਲਾਲਾ,
ਸੋਸਨ ਸਿੰਬਲ ਸਰੂ ਨਿਰਾਲਾ,
ਬਾਦਿ-ਖਿਜ਼ਾਂ ਕੀਤਾ ਬੁਰ ਹਾਲਾ,
ਨਰਗਸ ਨਿਤ ਖੁਮਾਰ ਨਹੀਂ,
ਉੱਠ ਜਾਗ ਘੁਰਾੜੇ ਮਾਰ ਨਹੀਂ।
ਜੋ ਕੁਝ ਕਰਸੇਂ, ਸੋ ਕੁਝ ਪਾਸੇਂ,
ਨਹੀਂ ਤੇ ਓੜਕ ਪਿਛੋਤਾਸੇਂ,
ਸੁੰਞੀ ਕੂੰਜ ਵਾਂਙ ਕੁਰਲਾਸੇਂ,
ਖੰਭਾਂ ਬਾਝ ਉਡਾਰ ਨਹੀਂ।
ਉੱਠ ਜਾਗ ਘੁਰਾੜੇ ਮਾਰ ਨਹੀਂ।
ਡੇਰਾ ਕਰਸੇਂ ਉਹਨੀਂ ਜਾਈਂ,
ਜਿਥੇ ਸੇਰ ਪਲੰਗ ਬਲਾਈ,
ਖਾਲੀ ਰਹਿਸਣ ਮਹਿਲ ਸਰਾਈਂ,
ਫਿਰ ਤੂੰ ਵਿਰਸੇਦਾਰ ਨਹੀਂ,
ਉੱਠ ਜਾਗ ਘੁਰਾੜੇ ਮਾਰ ਨਹੀਂ।
ਅਸੀਂ ਆਜ਼ਜ਼ ਵਿਚ ਕੋਟ ਇਲਮ ਦੇ,
ਓਸੇ ਆਂਦੇ ਵਿਚ ਕਲਮ ਦੇ,
ਬਿਨ ਕਲਮੇ ਦੇ ਨਾਹੀਂ ਕੰਮ ਦੇ,
ਬਾਝੋਂ ਕਲਮੇ ਪਾਰ ਨਹੀਂ,
ਉੱਠ ਜਾਗ ਘੁਰਾੜੇ ਮਾਰ ਨਹੀਂ।
ਬੁੱਲ੍ਹਾ ਸ਼ਾਹ ਬਿਨ ਕੋਈ ਨਾਹੀਂ,
ਏਥੋਂ ਓਥੇ ਦੋਹੀਂ ਸਰਾਈਂ,
ਸੰਭਲ ਸੰਭਲ ਕੇ ਕਦਮ ਟਿਕਾਈਂ,
ਫੇਰ ਆਵਣ ਦੂਜੀ ਵਾਰ ਨਹੀਂ,
ਉੱਠ ਜਾਗ ਘੁਰਾੜੇ ਮਾਰ ਨਹੀਂ।

## ਗ਼ਜ਼ਲ

ਜੀਵਨ ਪਾਇਲ ਜ਼ਿਲ੍ਹਾ ਲੁਧਿਆਣਾ



ਬੋਲਣ ਨਾਲੋਂ ਸੁਣਨਾ ਬੇਹਤਰ ਇਹ ਗੱਲ ਪਹਿਲੇ ਹੀ ਅਪਨਾ ਲੈ,
ਸੁਨਣ ਦੀ ਆਦਤ ਨੂੰ ਅਪਣਾ ਕੇ ਅਮ੍ਰਿਤ ਬਾਣੀ ਚਿੱਤ ਵਸਾ ਲੈ,
ਸ਼ਬਦਾਂ ਨੂੰ ਜੇ ਤੋਲਣਾ ਆ ਜਾਏ ਮਿੱਠਾ ਮਿੱਠਾ ਬੋਲਣਾ ਆਜੇ,
ਮਿਸ਼ਰੀ ਵਾਂਗੂੰ ਮਿਠਾ ਬਣਕੇ ਇਸ ਜੱਗ ਅੰਦਰ ਚਲਣਾ ਆਜੇ,
ਜੋ ਦਰ ਆਇਆ ਮੁੜ ਨਾ ਖਾਲੀ ਮੰਜੀ ਚੋਖਟ ਤੇ ਤੂੰ ਡਾਹ ਲੈ,
ਸੁਨਣ ਦੀ ਆਦਤ ਨੂੰ ਅਪਣਾ ਕੇ ਅਮ੍ਰਿਤ ਬਾਣੀ ਚਿੱਤ ਵਸਾ ਲੈ,
ਗੁਰ ਚਰਨਾਂ ਵਿੱਚ ਜੁੜ ਕੇ ਸਜਣਾਂ ਰਜਾ ਇਹਦੀ ਵਿੱਚ ਢਲਣਾ ਆਜੇ,
ਸਬਕ ਮਿਲੇ ਤੇ ਪੜਨਾ ਆ ਜਾਏ ਭਵਸਾਗਰ ਵਿੱਚ ਤਰਨਾ ਆਜੇ,
ਸਮਰਪਣ ਹੋ ਕੇ ਸਤਿਗੁਰੂ ਨੂੰ ਆਪਣਾ ਆਪ ਸਜਾ ਲੈ,
ਸੁਨਣ ਦੀ ਆਦਤ ਨੂੰ ਅਪਣਾ ਕੇ ਅਮ੍ਰਿਤ ਬਾਣੀ ਚਿੱਤ ਵਸਾ ਲੈ,
ਸ਼ਬਦਾਂ ਦਾ ਜੇ ਵਜਨ ਵਧਾਉਣਾ ਸੰਗਤ ਮਾਂ ਨੂੰ ਤੂੰ ਅਪਣਾ ਲੈ,
ਪ੍ਰੇਮ ਦੀ ਬੰਸੀ ਨਿੱਤ ਵਜੂਗੀ ਪਹਿਲੇ ਇੱਕ ਉਸਤਾਦ ਬਣਾ ਲੈ,
ਅਨੰਦ ਦਾ ਸੋਮਾ ਮਿਲਣਾ ਇਥੇ ਭਾਵੇਂ ਜਿਤਨਾ ਜੋਰ ਲਗਾ ਲੈ,
ਸੁਨਣ ਦੀ ਆਦਤ ਨੂੰ ਅਪਣਾ ਕੇ ਅਮ੍ਰਿਤ ਬਾਣੀ ਚਿੱਤ ਵਸਾ ਲੈ,
ਪ੍ਰੀਤ ਬਣਾ ਲੈ ਇਸ ਧਨੀ ਨਾਲ ਮਨ ਆਪਣੇ ਦਾ ਜਾਣ ਠਿਕਾਣਾ,
ਜਾਣ ਲੈ ਆਪਣਾ ਨਿਜ ਘਰ ਨੂੰ ਤੂੰ ਕਿਥੋਂ ਆਇਆ ਕਿਥੇ ਜਾਣਾ,
(ਜੀਵਨ ਪੈਲ ਵਾਲੇ) ਦਾ ਕਹਿਣਾ ਤੂੰ ਦਿਲ ਦੇ ਵਿੱਚ ਟਕਾ ਲੈ,
ਸੁਨਣ ਦੀ ਆਦਤ ਨੂੰ ਅਪਣਾ ਕੇ ਅਮ੍ਰਿਤ ਬਾਣੀ ਚਿੱਤ ਵਸਾ ਲੈ,

# 36ਵੀਆਂ ਕੌਮੀ ਖੇਡਾਂ ਵਿਚ ਪੰਜਾਬ ਪਛੜਿਆ, ਪੰਜਾਬ ਨੂੰ 10ਵੇਂ ਸਥਾਨ ਵੱਲ ਖਿਸਕਣਾ ਪਿਆ

ਬੀਰਪਾਲ ਗਿੱਲ



36ਵੀਆਂ ਕੌਮੀ ਖੇਡਾਂ ਗੁਜਰਾਤ ਦੇ ਵੱਖ-ਵੱਖ ਸ਼ਹਿਰਾਂ ਵਿਚ 29 ਸਤੰਬਰ ਤੋਂ 12 ਅਕਤੂਬਰ, 2022 ਤੱਕ ਕਰਵਾਈਆਂ ਗਈਆਂ, ਜਿਨ੍ਹਾਂ ਵਿਚ ਪੰਜਾਬ ਦਾ ਪ੍ਰਦਰਸ਼ਨ ਬੇਹੱਦ ਨਿਰਾਸ਼ਾਜਨਕ ਰਿਹਾ। ਇਨ੍ਹਾਂ ਖੇਡਾਂ ਵਿਚ ਭਾਰਤ ਦੇ 28 ਸੂਬਿਆਂ ਤੇ 8 ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੇ ਹਿੱਸਾ ਲਿਆ ਸੀ। ਕੌਮੀ ਖੇਡਾਂ ਵਿਚ ਪੰਜਾਬ ਦਾ 10ਵੇਂ ਸਥਾਨ 'ਤੇ ਖਿਸਕਣਾ ਆਉਣ ਵਾਲੇ ਸਮੇਂ ਲਈ ਖੇਡਾਂ ਪ੍ਰਤੀ ਨੌਜਵਾਨਾਂ ਦਾ ਘਟਦਾ ਰੁਝਾਨ ਸੂਬੇ ਲਈ ਖ਼ਤਰੇ ਦੀ ਘੰਟੀ ਵੀ ਮੰਨਿਆ ਜਾ ਸਕਦਾ ਹੈ। ਪਿਛਲੇ ਕਈ ਦਹਾਕਿਆਂ ਤੋਂ ਪੰਜਾਬ ਖੇਡਾਂ ਵਿਚ ਏਨੀ ਬੁਰੀ ਤਰ੍ਹਾਂ ਕਦੇ ਨਹੀਂ ਪਛੜਿਆ ਸੀ, ਜਿਸ ਤਰ੍ਹਾਂ ਇਸ ਵਾਰ ਹੋਇਆ ਹੈ। ਇਹ ਖੇਡਾਂ ਦੇ ਖੇਤਰ ਵਿਚ ਪਛੜ ਜਾਣਾ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰਦਾ ਹੈ। ਪੰਜਾਬ ਨੇ 35ਵੀਆਂ ਕੌਮੀ ਖੇਡਾਂ-2015 ਕੇਰਲਾ ਵਿਚ 24 ਸੋਨ, 32 ਚਾਂਦੀ ਅਤੇ 30 ਕਾਂਸੀ ਦੇ ਕੁੱਲ 86 ਤਮਗ਼ਿਆਂ ਨਾਲ ਪੰਜਵਾਂ ਸਥਾਨ ਪ੍ਰਾਪਤ ਕੀਤਾ ਸੀ। ਹੁਣ 36ਵੀਆਂ ਕੌਮੀ ਖੇਡਾਂ-2022 ਗੁਜਰਾਤ ਵਿਚ 19 ਸੋਨ, 32 ਚਾਂਦੀ ਅਤੇ 24 ਕਾਂਸੀ ਕੁੱਲ 76 ਤਮਗ਼ਿਆਂ ਨਾਲ ਪੰਜਾਬ ਨੂੰ 10ਵੇਂ ਸਥਾਨ ਵੱਲ ਖਿਸਕਣਾ ਪਿਆ ਹੈ। ਪੰਜਾਬ ਦਾ ਕੌਮੀ ਖੇਡਾਂ ਵਿਚ ਨਿਰਾਸ਼ਾਜਨਕ ਪ੍ਰਦਰਸ਼ਨ ਇਕ ਹੋਰ 'ਨਵਾਂ ਇਤਿਹਾਸ' ਸਿਰਜ ਗਿਆ ਹੈ। ਪੰਜਾਬ ਤੋਂ 1966 ਵਿਚ ਵੱਖ ਹੋਇਆ ਗੁਆਂਢੀ ਰਾਜ ਹਰਿਆਣਾ ਖੇਡਾਂ ਵਿਚ ਪੰਜਾਬ ਨਾਲੋਂ ਕਾਫ਼ੀ ਅੱਗੇ ਹੈ। ਉਸ ਨੇ ਆਪਣੇ ਸਥਾਨ ਨੂੰ ਪਹਿਲੇ ਤਿੰਨ ਸਥਾਨਾਂ ਵਿਚ ਬਰਕਰਾਰ ਰੱਖਿਆ ਹੋਇਆ ਹੈ। ਖੇਡ ਸਰਗਰਮੀਆਂ ਵਿਚ ਰਾਜ ਵਲੋਂ ਉੱਚ ਸਥਾਨ ਪ੍ਰਾਪਤ ਕਰਨਾ ਅਤੇ ਉਸ ਨੂੰ ਪਹਿਲਾਂ ਵਾਲੇ ਸਥਾਨ 'ਤੇ ਬਰਕਰਾਰ ਰੱਖਣਾ ਚੁਣੌਤੀ ਮੰਨਿਆ ਜਾਂਦਾ ਹੈ। ਪੰਜਾਬ ਦਾ ਖੇਡਾਂ ਵਿਚ ਡਿਗਦਾ ਪੱਧਰ ਕੌਮੀ ਖੇਡਾਂ-2022 ਦੀ ਤਮਗ਼ਾ ਸੂਚੀ ਬਿਆਨ ਕਰਦੀ ਹੈ। ਖੇਡਾਂ ਦਾ ਉੱਚਾ ਮਹਿਲ ਉਸਾਰਨ ਲਈ ਉਸ ਦੀਆਂ ਨੀਹਾਂ ਮਜ਼ਬੂਤ ਕਰਨ ਦੀ ਲੋੜ ਹੁੰਦੀ ਹੈ, ਖਿਡਾਰੀਆਂ ਦੀਆਂ ਨੀਹਾਂ ਸਕੂਲ ਪੱਧਰ 'ਤੇ ਰੱਖੀਆਂ ਜਾਂਦੀਆਂ ਹਨ। ਕਾਫੀ ਲੰਮੇ ਸਮੇਂ ਤੋਂ ਪੰਜਾਬ ਦੇ ਸਕੂਲ ਖੇਡ ਅਧਿਆਪਕਾਂ ਤੋਂ ਸੱਖਣੇ ਹਨ, ਬਹੁਤ ਸਾਰੇ ਸਕੂਲਾਂ ਵਿਚ ਖੇਡ ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ। ਸਮੇਂ-ਸਮੇਂ ਬਣੀਆਂ ਸੂਬਾਂ ਸਰਕਾਰਾਂ ਨੇ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ। ਜਿਸ ਦਾ ਨਤੀਜਾ ਅੱਜ ਸਾਹਮਣੇ ਹੈ। ਪੰਜਾਬ ਦੀ ਬਦਲਵੀਂ ਸਰਕਾਰ ਭਾਵੇਂ ਖੇਡਾਂ ਪ੍ਰਤੀ ਦਾਅਵੇ ਕਰ ਰਹੀ ਹੈ, ਪਰ ਪੂਰੇ ਕਦੋਂ ਹੋਣਗੇ ਇਹ ਤਾਂ ਵਕਤ ਹੀ ਦੱਸੇਗਾ। ਅੱਠ ਮਹੀਨਿਆਂ ਵਿਚ ਦੋ ਸਿੱਖਿਆ ਮੰਤਰੀਆਂ ਵਾਲੀ ਸਰਕਾਰ ਖੇਡ ਅਧਿਆਪਕਾਂ ਦੀ ਭਰਤੀ ਸੰਬੰਧੀ ਕਿਸੇ ਸਾਰਥਿਕ ਨਤੀਜੇ 'ਤੇ ਨਹੀਂ ਪੁੱਜੀ। ਖਿਡਾਰੀਆਂ ਲਈ ਖੇਡ ਗੁਰੂ (ਕੋਚ) ਖੇਡਾਂ ਦਾ ਉਹ ਧੁਰਾ ਹੈ, ਜਿਸ ਦੇ ਦੁਆਲੇ ਸਾਰੀਆਂ ਖੇਡ ਸਰਗਰਮੀਆਂ ਘੁੰਮਦੀਆਂ ਹਨ। ਜੇਕਰ ਉਨ੍ਹਾਂ ਦੀ ਗਿਣਤੀ ਵੱਲ ਨਜ਼ਰ ਮਾਰੀ ਜਾਵੇ ਅੰਕੜੇ ਹੋਰ ਵੀ ਨਿਰਾਸ਼ਾਜਨਕ ਨਜ਼ਰ ਆਉਂਦੇ ਹਨ। ਪੰਜਾਬ ਦੇ ਪਿੰਡਾਂ ਦੀ ਗੱਲ ਕੀਤੀ ਜਾਵੇ ਖੇਡ ਮੈਦਾਨ ਉਪਲੱਬਧ ਹਨ, ਖੇਡ ਕੋਚ ਕਿਤੇ ਵੀ ਨਜ਼ਰ ਨਹੀਂ ਆ ਰਿਹਾ। ਖੇਡ ਮਾਹਿਰਾਂ ਮੁਤਾਬਕ ਉਭਰਦੇ ਖਿਡਾਰੀਆਂ ਦੀ ਜ਼ਿਆਦਾਤਰ ਗਿਣਤੀ ਪਿੰਡਾਂ ਵਿਚ ਹੈ, ਪ੍ਰੰਤੂ ਸੰਭਾਲਣ ਵਾਲਾ ਕੋਈ ਨਹੀਂ ਹੈ। ਅਜੋਕੇ ਸਮੇਂ ਵਿਚ ਪੰਜਾਬ ਸਰਕਾਰ ਨੂੰ ਖੇਡਾਂ ਪ੍ਰਤੀ ਖਿਡਾਰੀਆਂ ਦੀਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ ਅਹਿਮ ਫ਼ੈਸਲੇ ਲੈਣ ਦੀ ਲੋੜ ਹੈ। ਪੰਜਾਬ ਦੇ ਖਿਡਾਰੀ 37ਵੀਆਂ ਕੌਮੀ ਖੇਡਾਂ-ਗੋਆ ਵਿਚ ਝੰਡਾ ਬੁਲੰਦ ਕਰ ਕੇ ਨਾਂ ਰੌਸ਼ਨ ਕਰ ਸਕਦੇ ਹਨ।

# ਆਪਣੇ ਦਮ 'ਤੇ ਤੱਬੂ ਨੇ ਬਣਾਈ 22 ਕਰੋੜ ਦੀ ਜਾਇਦਾਦ

## ਜਿਊਂਦੀ ਹੈ ਰਾਣੀ ਵਾਲੀ ਜ਼ਿੰਦਗੀ










90 ਦੇ ਦਹਾਕੇ ਦੀ ਮਸ਼ਹੂਰ ਅਦਾਕਾਰਾ ਤੱਬੂ ਲਗਾਤਾਰ ਫਿਲਮਾਂ ਵਿਚ ਸਰਗਰਮ ਹੈ। ਭੁੱਲ ਭੁਲੱਈਆ-2 ਦੀ ਸਫਲਤਾ ਤੋਂ ਬਾਅਦ, ਅਦਾਕਾਰਾ ਹੁਣ ਫਿਲਮ 'ਦ੍ਰਿਸ਼ਮ-2' ਨਾਲ ਆਪਣੇ ਦਰਸ਼ਕਾਂ ਦਾ ਮਨੋਰੰਜਨ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ। ਐਕਟਿੰਗ ਹੋਵੇ ਜਾਂ ਫਿਟਨੈੱਸ, ਅੱਜ ਵੀ ਲੋਕ ਉਸ ਦੀ ਇਕ ਝਲਕ ਦੇ ਦੀਵਾਨੇ ਹਨ। ਤੱਬੂ ਦਾ ਅਸਲੀ ਨਾਂ ਤਬੱਸੁਮ ਫਾਤਿਮਾ ਹਾਸ਼ਮੀ ਹੈ, ਜਿਸ ਦਾ ਜਨਮ 4 ਨਵੰਬਰ 1970 ਨੂੰ ਹੈਦਰਾਬਾਦ ਵਿਚ ਹੋਇਆ ਸੀ। ਬੀਤੇ ਦਿਨੀਂ ਉਸਨੇ ਆਪਣਾ 52ਵਾਂ ਜਨਮ ਦਿਨ ਮਨਾਇਆ ਸੀ।

ਤੁਹਾਨੂੰ ਦੱਸ ਦੇਈਏ ਕਿ ਫਿਲਮਾਂ 'ਚ ਬਹੁਤ ਹੀ ਸਾਧਾਰਨ ਲੁੱਕ ਵਿਚ ਨਜ਼ਰ ਆਉਣ ਵਾਲੀ ਤੱਬੂ ਰਾਣੀ ਦੀ ਜ਼ਿੰਦਗੀ ਜਿਊਂਦੀ ਹੈ। ਤੱਬੂ 52 ਸਾਲ ਦੀ ਹੈ ਅਤੇ ਉਸ ਦਾ ਅਜੇ ਤਕ ਵਿਆਹ ਨਹੀਂ ਹੋਇਆ ਹੈ। ਸਿਰਫ 15 ਸਾਲ ਦੀ ਉਮਰ ਵਿਚ ਆਪਣੇ ਕਰੀਅਰ ਦੀ ਸ਼ੁਰੂਆਤ ਕਰਨ ਵਾਲੀ ਤੱਬੂ ਕਰੋੜਾਂ ਦੀ ਮਾਲਕਣ ਹੈ। ਟ੍ਰੇਡ ਐਨਾਲਿਸਟ ਮੁਤਾਬਕ ਤੱਬੂ ਇਕ ਫਿਲਮ ਲਈ 2 ਤੋਂ 4 ਕਰੋੜ ਰੁਪਏ ਚਾਰਜ ਕਰਦੀ ਹੈ। ਇਸ ਤੋਂ ਇਲਾਵਾ, ਉਹ ਬ੍ਰਾਂਡ ਐਂਡੋਰਸਮੈਂਟਸ ਤੋਂ ਵੀ ਕਾਫੀ ਪੈਸਾ ਕਮਾਉਂਦੀ ਹੈ। ਖਬਰਾਂ ਮੁਤਾਬਕ ਅਦਾਕਾਰਾ ਦੀ ਮਹੀਨਾਵਾਰ ਕਮਾਈ 25 ਲੱਖ ਦੇ ਕਰੀਬ ਹੈ। ਇੱਕ ਅਭਿਨੇਤਰੀ ਹੋਣ ਦੇ ਨਾਲ, ਉਹ ਇੱਕ ਕਾਰੋਬਾਰੀ ਔਰਤ ਵੀ ਹੈ ਅਤੇ ਅਭਿਨੇਤਰੀ ਦੀ ਕੁੱਲ ਜਾਇਦਾਦ ਲਗਭਗ 22 ਕਰੋੜ ਰੁਪਏ ਹੈ।

ਮੀਡੀਆ ਰਿਪੋਰਟਾਂ ਮੁਤਾਬਕ ਉਸਦੇ ਨਾ ਸਿਰਫ ਮੁੰਬਈ ਵਿਚ ਲਗਜ਼ਰੀ ਘਰ ਹਨ, ਸਗੋਂ ਹੈਦਰਾਬਾਦ 'ਚ ਵੀ ਉਨ੍ਹਾਂ ਦੇ ਕਈ ਆਲੀਸ਼ਾਨ ਅਤੇ ਸ਼ਾਹੀ ਘਰ ਹਨ। ਜਾਇਦਾਦ ਦੇ ਨਾਲ-ਨਾਲ ਤੱਬੂ ਨੂੰ ਗੱਡੀਆਂ ਦਾ ਵੀ ਬਹੁਤ ਸ਼ੌਕ ਹੈ ਅਤੇ ਜੇਕਰ ਖਬਰਾਂ ਦੀ ਮੰਨੀਏ ਤਾਂ ਔਡੀ ਕਿਊ-7 ਤੋਂ ਇਲਾਵਾ ਅਦਾਕਾਰਾ ਕੋਲ ਮਰਸਡੀਜ਼ ਅਤੇ ਜੈਗੁਆਰ ਐਕਸ-7 ਸਮੇਤ ਕਈ ਲਗਜ਼ਰੀ ਗੱਡੀਆਂ ਹਨ। ਹੈਦਰਾਬਾਦ ਅਤੇ ਮੁੰਬਈ ਤੋਂ ਇਲਾਵਾ ਤੱਬੂ ਨੇ ਗੋਆ ਵਿਚ ਵੀ ਆਪਣਾ ਬੰਗਲਾ ਲਿਆ ਹੋਇਆ ਹੈ।ਸਾਲ 2022 ਦੀ ਸ਼ੁਰੂਆਤ ਤੱਬੂ ਲਈ ਬਹੁਤ ਚੰਗੀ ਰਹੀ। 20 ਮਈ 2022 ਨੂੰ ਰਿਲੀਜ਼ ਹੋਈ ਫਿਲਮ 'ਭੂਲ ਭੁਲੱਇਆ-2' ਵਿਚ ਲੋਕਾਂ ਨੇ ਉਨ੍ਹਾਂ ਨੂੰ ਕਾਫੀ ਪਸੰਦ ਕੀਤਾ ਸੀ। ਇਸ ਫਿਲਮ ਤੋਂ ਇਲਾਵਾ ਹੁਣ ਤੱਬੂ ਜਲਦੀ ਹੀ ਅਰਜੁਨ ਕਪੂਰ ਦੀ ਫਿਲਮ 'ਕੁੱਤੇ' ਖ਼ੁਫੀਆ, ਦ੍ਰਿਸ਼ਮ-2 ਅਤੇ ਭੋਲਾ ਵਰਗੀਆਂ ਫਿਲਮਾਂ ਵਿਚ ਨਜ਼ਰ ਆਵੇਗੀ।

# ਟੀ-20 ਵਿਸ਼ਵ ਕੱਪ ਦੌਰਾਨ ਭਾਰਤ ਨੇ ਜ਼ਿੰਬਾਬਵੇ ਨੂੰ 71 ਦੌੜਾਂ ਨਾਲ ਹਰਾਇਆ



ਮੈਲਬਰਨ/ਏ.ਟੀ.ਨਿਊਜ਼ :- ਭਾਰਤ ਨੇ ਇਥੇ ਜ਼ਿੰਬਾਬਵੇ ਨੂੰ ਟੀ-20 ਵਿਸ਼ਵ ਕੱਪ ਦੇ ਆਪਣੇ ਆਖ਼ਰੀ ਸੁਪਰ 12 ਮੈਚ ਵਿੱਚ 71 ਦੌੜਾਂ ਨਾਲ ਹਰਾ ਦਿੱਤਾ। ਪਹਿਲਾਂ ਬੱਲੇਬਾਜ਼ੀ ਕਰਦਿਆਂ ਭਾਰਤ ਨੇ ਪੰਜ ਵਿਕਟਾਂ 'ਤੇ 186 ਦੌੜਾਂ ਬਣਾਈਆਂ। ਭਾਰਤ ਲਈ ਸੂਰਿਆਕੁਮਾਰ ਯਾਦਵ ਨੇ ਅਜੇਤੂ 61 ਦੌੜਾਂ ਬਣਾਈਆਂ, ਜਦਕਿ ਲੋਕੇਸ਼ ਰਾਹੁਲ ਨੇ 51 ਦੌੜਾਂ ਬਣਾਈਆਂ। ਜ਼ਿੰਬਾਬਵੇ ਲਈ ਸੀਨ ਵਿਲੀਅਮਸ ਨੇ ਦੋ ਵਿਕਟਾਂ ਲਈਆਂ। ਇਸ ਦੇ ਜੁਆਬ ਵਿੱਚ ਜ਼ਿੰਬਾਬਵੇ ਦੀ ਪੂਰੀ ਟੀਮ 17.2 ਓਵਰਾਂ ਵਿੱਚ 115 ਦੌੜਾਂ 'ਤੇ ਆਊਟ ਹੋ ਗਈ। ਭਾਰਤ ਦੀ ਸੈਮੀਫਾਈਨ ਵਿੱਚ 10 ਨਵੰਬਰ ਨੂੰ ਟੱਕਰ ਇੰਗਲੈਂਡ ਨਾਲ ਹੋਵੇਗੀ।



## ਭਾਰੀ ਸੁਰੱਖਿਆ ਵਿਚ...

ਯੂਥ ਪ੍ਰਧਾਨ ਰਾਹੁਲ ਸ਼ਰਮਾ ਦੇ ਫੋਨ 'ਤੇ ਵੀ ਹਰਦੀਪ ਹੈਪੀ, ਕੌਸ਼ਲ ਸ਼ਰਮਾ ਨੂੰ ਮਾਰਨ ਦੀਆਂ ਧਮਕੀਆਂ ਮਿਲੀਆਂ ਹਨ।

ਸ਼ਿਵ ਸੈਨਾ ਆਗੂ ਸੁਧੀਰ ਸੂਰੀ ਦੇ ਕਤਲ ਤੋਂ ਬਾਅਦ ਪੰਜਾਬ ਵਿੱਚ ਸਿਆਸਤ ਗਰਮਾ ਗਈ ਹੈ। ਘਟਨਾ ਸਥਾਨ 'ਤੇ ਪੁੱਜੇ 'ਆਪ' ਦੇ ਹਲਕਾ ਉੱਤਰੀ ਤੋਂ ਵਿਧਾਇਕ ਤੇ ਸਾਬਕਾ ਆਈ. ਜੀ. ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਆਪਣੀ ਸਰਕਾਰ ਖ਼ਿਲਾਫ਼ ਹੀ ਖੁੱਲ ਕੇ ਬੋਲਦਿਆਂ ਕਿਹਾ ਕਿ ਸਿੱਧੂ ਮੂਸੇਵਾਲਾ ਦੀ ਹੱਤਿਆ ਉਪਰੰਤ ਸੂਬੇ ਵਿਚ ਹੁਣ ਅਜਿਹੀਆਂ ਘਟਨਾਵਾਂ ਆਮ ਵਾਪਰ ਰਹੀਆਂ ਹਨ। ਉਹ ਸੱਤਾਧਾਰੀ ਵਿਧਾਇਕ ਜ਼ਰੂਰ ਹਨ ਪਰ ਫ਼ੈਸਲਾ ਲੈਣ ਵਾਲੇ ਹੋਰ ਲੋਕ ਹਨ। ਅੰਮ੍ਰਿਤਸਰ ਵਿਚ ਅਮਨ ਕਾਨੂੰਨ ਦੀ ਸਥਿਤੀ ਬਦ ਤੋਂ ਬਦਤਰ ਹੋ ਚੁੱਕੀ ਹੈ। ਇਸ ਲਈ ਉਹ ਕਈ ਵਾਰ ਸਰਕਾਰ ਨੂੰ ਅੰਮ੍ਰਿਤਸਰ ਦਾ ਪੁਲਿਸ ਕਮਿਸ਼ਨਰ ਬਦਲਣ ਦੀ ਮੰਗ ਕਰ ਚੁੱਕੇ ਹਨ ਪਰ ਉਨ੍ਹਾਂ ਦੀ ਸੁਣੀ ਨਹੀਂ ਜਾ ਰਹੀ।

ਗੁਜਰਾਤ ਵਿੱਚ ਚੋਣ ਪ੍ਰਚਾਰ ਦੌਰਾਨ ਮੀਡੀਆ ਨਾਲ ਗੱਲਬਾਤ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ, 'ਮੁਲਜ਼ਮ ਨੂੰ ਕਾਬੂ ਕਰ ਲਿਆ ਗਿਆ ਹੈ। ਜਾਂਚ ਮੁੱਢਲੀ ਸਟੇਜ 'ਤੇ ਹੈ। ਇਸ ਮਾਮਲੇ ਵਿੱਚ ਇਨਸਾਫ਼ ਹੋਵੇਗਾ।'

ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ 'ਮਾਨ ਹੁਣ ਤੱਕ ਦੇ ਸਭ ਤੋਂ ਘੱਟ ਸਿਆਸੀ ਪ੍ਰਭਾਵ ਵਾਲੇ ਮੁੱਖ ਮੰਤਰੀ ਸਾਬਤ ਹੋ ਰਹੇ ਹਨ ਜੋ ਕਿ ਸੂਬੇ ਦੀ ਕਾਨੂੰਨ-ਵਿਵਸਥਾ 'ਤੇ ਕਾਬੂ ਪਾਉਣ ਵਿਚ ਨਾਕਾਮ ਰਹੇ ਹਨ।'

ਅਕਾਲੀ ਆਗੂ ਅਤੇ ਸਾਬਕਾ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅੰਮ੍ਰਿਤਸਰ ਵਿਚ ਵਾਪਰੀ ਘਟਨਾ ਤੋਂ ਪਤਾ ਲੱਗਦਾ ਹੈ ਕਿ ਸੂਬੇ ਵਿਚ ਸਰਕਾਰ ਨਾਂ ਦੀ ਕੋਈ ਚੀਜ਼ ਨਹੀਂ ਹੈ।

ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਹੈਰਾਨੀ ਜ਼ਾਹਰ ਕੀਤੀ ਕਿ ਉੱਚ ਸੁਰੱਖਿਆ ਹੇਠ ਇਕ ਵਿਅਕਤੀ ਨੂੰ ਇੰਨੇ ਸਾਰੇ ਪੁਲਿਸ ਕਰਮਚਾਰੀਆਂ ਦੇ ਹੁੰਦਿਆਂ ਪੂਰੀ ਜਨਤਾ ਵਿੱਚ ਗੋਲੀ ਮਾਰ ਕੇ ਕਿਵੇਂ ਮਾਰਿਆ ਜਾ ਸਕਦਾ ਹੈ।

**ਸ਼ਿਵ ਸੈਨਾ ਦਾ ਬੰਦ ਦਾ ਸੱਦਾ ਠੁਸ :**

ਸੂਰੀ ਦੀ ਹੱਤਿਆ ਦੇ ਵਿਰੋਧ ਵਿਚ ਸ਼ਿਵ ਸੈਨਾ (ਟਕਸਾਲੀ), ਸ਼ਿਵ ਸੈਨਾ (ਰਾਸ਼ਟਰਵਾਦੀ), ਸ਼ਿਵ ਸੈਨਾ (ਭਾਰਤੀ), ਸ਼ਿਵ ਸੈਨਾ (ਸੂਰਿਆਵੰਸ਼ੀ) ਤੇ ਅਖਿਲ ਭਾਰਤੀ ਹਿੰਦੂ ਸੰਘਰਸ਼ ਕਮੇਟੀ ਨੇ ਲੰਘੇ ਸ਼ਨਿਚਰਵਾਰ ਨੂੰ ਪੰਜਾਬ ਬੰਦ ਦਾ ਸੱਦਾ ਦਿੱਤਾ ਸੀ ਪਰ ਪੰਜਾਬੀਆਂ ਨੇ ਕੋਈ ਹੁੰਗਾਰਾ ਨਹੀਂ ਦਿੱਤਾ। ਪਰ ਉਹ ਅੰਮ੍ਰਿਤਸਰ ਵਿਚ ਪੁਲਿਸ ਦੀ ਸੁਰੱਖਿਆ ਹੇਠ ਹੁਲੜਬਾਜ਼ੀ ਕਰਦੇ ਰਹੇ ਤੇ ਦੁਕਾਨਾਂ ਦੀ ਤੋੜ-ਫੋੜ ਵੀ ਕੀਤੀ।

**ਸੂਰੀ ਦਾ ਸਸਕਾਰ** : ਅੰਮ੍ਰਿਤਸਰ ਵਿੱਚ ਸ਼ਿਵ ਸੈਨਾ (ਟਕਸਾਲੀ) ਦੇ ਆਗੂ ਸੁਧੀਰ ਸੂਰੀ ਦੇ ਕਤਲ ਦੇ 24 ਘੰਟਿਆਂ ਬਾਅਦ ਪਰਿਵਾਰ ਨੇ ਸਰਕਾਰ ਵਲੋਂ ਮੰਗਾਂ ਮੰਨੇ ਜਾਣ ਤੋਂ ਬਾਅਦ ਉਸ ਦਾ ਸਸਕਾਰ ਕਰ ਦਿੱਤਾ। ਸੁਧੀਰ ਸੂਰੀ ਦੇ ਭਰਾ ਬ੍ਰਿਜ ਮੋਹਨ ਸੂਰੀ ਮੁਤਾਬਕ ਸਰਕਾਰ ਨੇ ਉਨ੍ਹਾਂ ਦੀਆਂ ਸਾਰੀਆਂ ਮੰਗਾਂ ਮਨ ਲਈਆਂ ਹਨ। ਇਸ ਅਨੁਸਾਰ ਸੂਰੀ ਨੂੰ ਸ਼ਹੀਦ ਦਾ ਦਰਜਾ ਦੇਣ ਲਈ ਪ੍ਰਸ਼ਾਸਨ ਸਿਫਾਰਸ਼ ਕਰੇਗਾ। ਜਾਂਚ ਵਿੱਚ ਸਿੱਖ ਆਗੂ ਅੰਮ੍ਰਿਤਪਾਲ ਸਿੰਘ ਦਾ ਨਾਂ ਵੀ ਪਾਉਣ ਲਈ ਪੁਲਿਸ ਨੇ ਭਰੋਸਾ ਦੁਆਇਆ ਹੈ। ਪਰਿਵਾਰ ਨੂੰ ਸੁਰੱਖਿਆ ਦੇਣ ਦੀ ਵੀ ਗੱਲ ਕਹੀ ਗਈ ਹੈ।ਹਾਲਾਂਕਿ ਭਾਰਤ ਦੇ ਸੰਵਿਧਾਨ ਵਿੱਚ 'ਸ਼ਹੀਦ' ਸ਼ਬਦ ਦੀ ਕੋਈ ਪਰਿਭਾਸ਼ਾ ਨਹੀਂ ਹੈ। ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਸੂਦਨ ਅਤੇ ਪੁਲਿਸ ਕਮਿਸ਼ਨਰ ਅਰੁਣਪਾਲ ਸਿੰਘ ਨੇ ਕਿਹਾ ਕਿ ਸੁਧੀਰ ਸੂਰੀ ਨੂੰ ਸ਼ਹੀਦ ਦਾ ਦਰਜਾ ਦੇਣ ਦੀ ਮੰਗ ਦੇ ਮਾਮਲੇ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੇਂਦਰ ਸਰਕਾਰ ਨੂੰ ਸਿਫ਼ਾਰਸ਼ ਭੇਜੀ ਜਾਵੇਗੀ ਕਿਉਂਕਿ ਇਹ ਕੇਂਦਰ ਸਰਕਾਰ ਨਾਲ ਜੁੜਿਆ ਮਾਮਲਾ ਹੈ। ਉਨ੍ਹਾਂ ਕਿਹਾ ਕਿ ਸੂਰੀ ਪਰਿਵਾਰ ਨੂੰ ਸੁਰੱਖਿਆ ਦੇ ਨਾਲ ਨਾਲ ਤਰਸ ਦੇ ਆਧਾਰ 'ਤੇ ਪਰਿਵਾਰ ਦੇ ਇੱਕ ਜੀਅ ਨੂੰ ਸਰਕਾਰੀ ਨੌਕਰੀ ਦੇਣ ਦਾ ਭਰੋਸਾ ਦਿੱਤਾ ਹੈ। 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਆਗੂ ਅੰਮ੍ਰਿਤਪਾਲ ਸਿੰਘ ਖ਼ਿਲਾਫ਼ ਕੇਸ ਦਰਜ ਕਰਨ ਦੀ ਮੰਗ ਬਾਰੇ ਉਨ੍ਹਾਂ ਕਿਹਾ ਕਿ ਪੁਲਿਸ ਕਮਿਸ਼ਨਰ ਵੱਲੋਂ ਭਰੋਸਾ ਦਿੱਤਾ ਗਿਆ ਹੈ ਕਿ ਜਾਂਚ ਦੌਰਾਨ ਜਿਨ੍ਹਾਂ ਵੀ ਵਿਅਕਤੀਆਂ ਦਾ ਨਾਮ ਸਾਹਮਣੇ ਆਵੇਗਾ, ਉਨ੍ਹਾਂ ਖ਼ਿਲਾਫ਼ ਕੇਸ ਦਰਜ ਕੀਤਾ ਜਾਵੇਗਾ। ਅੰਮ੍ਰਿਤਸਰ ਦੇ ਦੁਰਗਿਆਣਾ ਮੰਦਿਰ ਸ਼ਿਵਪੁਰੀ ਵਿਚ ਸਥਿਤ ਸ਼ਮਸ਼ਾਨਘਾਟ 'ਚ ਸੂਰੀ ਦਾ ਅੰਤਿਮ ਸਸਕਾਰ ਕੀਤਾ ਗਿਆ। ਅੰਤਿਮ ਸਸਕਾਰ ਮੌਕੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਭਾਜਪਾ ਦੀ ਸਾਬਕਾ ਮੰਤਰੀ ਲਕਸ਼ਮੀ ਕਾਂਤ ਚਾਵਲਾ ਸਣੇ ਕਈ ਸ਼ਖ਼ਸੀਅਤਾਂ ਸਮੇਤ ਵੱਡੀ ਗਿਣਤੀ ਵਿਚ ਸਮਰਥਕ ਮੌਜੂਦ ਸਨ।

***

## ਸੁਧੀਰ ਸੂਰੀ ਕੌਣ ਸੀ ?

ਉਸ ਕੋਲ 12 ਤੋਂ ਵਧੇਰੇ ਗੰਨਮੈਨ ਸਨ ਅਤੇ ਇਕ ਪਾਇਲਟ ਜਿਪਸੀ ਵੀ ਮਿਲੀ ਹੋਈ ਸੀ। ਪੰਜ ਗੰਨਮੈਨ ਉਸ ਦੇ ਘਰ ਵੀ ਲੱਗੇ ਰਹਿੰਦੇ ਸਨ ਅਤੇ ਕੁਝ ਉਸ ਦੀ ਇੱਥੇ ਰੇਲਵੇ ਸਟੇਸ਼ਨ ਦੇ ਬਾਹਰ ਉਸ ਦੀ ਬੱਸ ਟਿਕਟ ਬੁਕਿੰਗ ਦੀ ਦੁਕਾਨ 'ਤੇ ਚੌਕੇ ਪਹਿਰ ਮੌਜੂਦ ਰਹਿੰਦੇ ਸਨ। ਸੂਰੀ ਦੇ ਤਿੰਨ ਪੁੱਤਰ ਅਤੇ ਇੱਕ ਧੀ ਹੈ। ਸ਼ੁਰੂ ਵਿੱਚ ਉਹ ਸੱਜੇ ਪੱਖੀ ਹਿੰਦੂ ਪਾਰਟੀਆਂ ਦੀਆਂ ਸਿਆਸੀ ਸਰਗਰਮੀਆਂ ਵਿੱਚ ਹਿੱਸਾ ਲੈਂਦੇ ਸਨ। ਬਾਅਦ ਵਿੱਚ ਉਨ੍ਹਾਂ ਨੇ ਲਗਭਗ ਸੱਤ ਸਾਲ ਪਹਿਲਾਂ ਸ਼ਿਵ ਸੈਨਾ (ਟਕਸਾਲੀ) ਨਾਮ ਦੀ ਆਪਣੀ ਸੰਸਥਾ ਬਣਾਈ ਸੀ।

***

## ਸੂਰੀ ਦਾ ਸੋਧਾ ਲਗਾਉਣ ਵਾਲਾ ਕੌਣ ਏ ਸਿੱਖ ਨੌਜਵਾਨ

ਪੁਲਿਸ ਕਮਿਸ਼ਨਰ ਅਰੁਨਪਾਲ ਸਿੰਘ ਨੇ ਕਿਹਾ ਕਿ ਅਜੇ ਤੱਕ ਇਸ ਤਰ੍ਹਾਂ ਦੀ ਕੋਈ ਵੀ ਗੱਲ ਸਾਹਮਣੇ ਨਹੀਂ ਆਈ ਕਿ ਉਸਦੀ ਗੱਡੀ ਵਿਚੋਂ ਇਤਰਾਜ਼ਯੋਗ ਪੋਸਟਰ ਮਿਲੇ ਹਨ।

**ਸੂਰੀ ਦੇ ਕਤਲ ਮਾਮਲੇ ਵਿਚ ਸਿਟ ਦਾ ਗਠਨ :** ਸ਼ਿਵ ਸੈਨਾ ਹਿੰਦੁਸਤਾਨ ਦੇ ਪ੍ਰਧਾਨ ਸੁਧੀਰ ਸੂਰੀ ਦੇ ਕਤਲ ਮਾਮਲੇ 'ਚ ਸਿਟ ਦਾ ਗਠਨ ਕੀਤਾ ਗਿਆ ਹੈ। ਇਸ ਸਬੰਧੀ ਪ੍ਰੈੱਸ ਕਾਨਫਰੰਸ ਕਰਦਿਆਂ ਪੁਲਿਸ ਕਮਿਸ਼ਨਰ ਅੰਮ੍ਰਿਤਸਰ ਅਰੁਣਪਾਲ ਸਿੰਘ ਨੇ ਕਿਹਾ ਕਿ ਡੀ. ਜੀ. ਪੀ. ਵੱਲੋਂ ਸਿਟ ਨੂੰ ਸਖ਼ਤ ਨਿਰਦੇਸ਼ ਦਿੱਤੇ ਗਏ ਹਨ ਕਿ ਜੇਕਰ ਕੋਈ ਵੀ ਇਸ ਮਾਮਲੇ ਵਿਚ ਮੁਲਜ਼ਮ ਪਾਇਆ ਜਾਂਦਾ ਹੈ ਤਾਂ ਉਸ ਨੂੰ ਨਾਮਜ਼ਦ ਕਰ ਕੇ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਇਸ ਤੋਂ ਇਲਾਵਾ ਪੁਲਿਸ ਕਮਿਸ਼ਨਰ ਨੇ ਖ਼ੁਲਾਸਾ ਕੀਤਾ ਕਿ ਮੁਲਜ਼ਮ ਸੰਦੀਪ ਸਿੰਘ ਸੰਨੀ ਸੋਸ਼ਲ ਮੀਡੀਆ ਤੋਂ ਕਾਫੀ ਪ੍ਰਭਾਵਿਤ ਸੀ ਅਤੇ ਉਸ ਨੇ ਹੇਟ ਕ੍ਰਾਈਮ ਤਹਿਤ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਹੈ। ਫਿਲਹਾਲ ਇਸ ਮਾਮਲੇ ਵਿਚ ਇਕ ਦੋਸ਼ੀ ਸੰਦੀਪ ਸਿੰਘ ਸੰਨੀ ਹੀ ਸਾਹਮਣੇ ਆਇਆ ਹੈ, ਜਿਸ ਨੂੰ ਪੁਲਿਸ ਵੱਲੋਂ ਗ੍ਰਿਫ਼ਤਾਰ ਕਰ ਕੇ ਹਥਿਆਰ ਬਰਾਮਦ ਕਰ ਲਿਆ ਹੈ। ਸਿਟ ਵੱਲੋਂ ਹੁਣ ਇਸ ਮਾਮਲੇ ਦੀ ਅਗਲੇਰੀ ਕਾਰਵਾਈ ਕੀਤੀ ਜਾਵੇਗੀ। ਪੁਲਿਸ ਕਮਿਸ਼ਨਰ ਅਰੁਨ ਪਾਲ ਸਿੰਘ ਅਨੁਸਾਰ ਇਹ ਝਗੜਾ ਮੰਦਰ ਕਮੇਟੀ ਦੇ ਵਿਵਾਦ ਕਾਰਨ ਹੋਇਆ। ਉਨ੍ਹਾਂ ਕਿਹਾ ਕਿ ਗੋਪਾਲ ਮੰਦਰ ਦੀ ਪ੍ਰਬੰਧਕੀ ਕਮੇਟੀ ਦੀ ਪ੍ਰਧਾਨਗੀ ਨੂੰ ਲੈ ਕੇ ਦੋ ਧਿਰਾਂ ਵਿਚ ਵਿਵਾਦ ਕਰੀਬ ਇਕ ਮਹੀਨੇ ਤੋਂ ਚੱਲ ਰਿਹਾ ਸੀ ਅਤੇ ਇਸ ਸੰਬੰਧ ਵਿਚ ਹੀ ਸੂਰੀ ਧੜਾ ਮੰਦਰ ਨੇੜੇ ਧਰਨੇ 'ਤੇ ਬੈਠਾ ਸੀ। ਉਨ੍ਹਾਂ ਦੱਸਿਆ ਕਿ ਧਰਨੇ ਦੌਰਾਨ ਹੀ ਦੋਵੇਂ ਧਿਰਾਂ ਦਰਮਿਆਨ ਝਗੜਾ ਹੋਇਆ ਅਤੇ ਇਕ ਸਿੱਖ ਨੌਜਵਾਨ ਸੰਦੀਪ ਸਿੰਘ ਸੰਨੀ ਵਾਸੀ ਕੋਟ ਬਾਬਾ ਦੀਪ ਸਿੰਘ ਨੇ ਸੂਰੀ 'ਤੇ ਗੋਲੀਆਂ ਚਲਾ ਦਿੱਤੀਆਂ, ਸੂਰੀ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ, ਜਿਥੇ ਉਸ ਦੀ ਮੌਤ ਹੋ ਗਈ ।

**ਕੌਮੀ ਜਾਂਚ ਏਜੰਸੀ ਨੇ ਜਾਂਚ ਸ਼ੁਰੂ ਕੀਤੀ:** ਸੁਧੀਰ ਸੂਰੀ ਦੀ ਹੱਤਿਆ ਦੀ ਜ਼ਿੰਮੇਵਾਰੀ ਕੈਨੇਡਾ ਰਹਿੰਦੇ ਖ਼ਤਰਨਾਕ ਗੈਂਗਸਟਰ ਲਖਬੀਰ ਸਿੰਘ ਲੰਡਾ ਵਲੋਂ ਲੈਣ ਤੋਂ ਬਾਅਦ ਕੌਮੀ ਜਾਂਚ ਏਜੰਸੀ ਨੇ ਵੀ ਕਤਲ ਕੇਸ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਸੁਰੱਖਿਆ ਏਜੰਸੀਆਂ ਇਸ ਕਤਲ ਵਿਚ ਖਾਲਿਸਤਾਨੀ ਕੁਨੈਕਸ਼ਨਾਂ ਦੀ ਜਾਂਚ ਕਰ ਰਹੀਆਂ ਹਨ। ਖੁਫੀਆ ਏਜੰਸੀਆਂ ਅਨੁਸਾਰ ਲਖਬੀਰ ਸਿੰਘ ਇਸ ਸਮੇਂ ਕੈਨੇਡਾ 'ਚ ਬੈਠ ਕੇ ਪਾਕਿਸਤਾਨ ਵਿਚ ਬੈਠੇ ਖਾਲਿਸਤਾਨੀ ਹਰਮਿੰਦਰ ਸਿੰਘ ਰਿੰਦਾ ਨਾਲ ਮਿਲ ਕੇ ਪੰਜਾਬ 'ਚ ਹਿੰਸਕ ਨੈੱਟਵਰਕ ਚਲਾ ਰਿਹਾ ਹੈ। ਇਸ ਦੇ ਨਾਲ ਹੀ ਮੁਲਜ਼ਮ ਸੰਦੀਪ ਸਿੰਘ ਸੰਨੀ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ। ਅਦਾਲਤ ਨੇ ਉਸ ਨੂੰ ਸੱਤ ਦਿਨਾਂ ਦੇ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਹੈ। ਦੂਜੇ ਪਾਸੇ ਹਿੰਦੂ ਸੰਗਠਨਾਂ ਨੇ ਕਤਲ ਦੇ ਵਿਰੋਧ ਵਿੱਚ ਪੰਜਾਬ ਬੰਦ ਦਾ ਸੱਦਾ ਦਿੱਤਾ ਸੀ ਜੋ ਬੁਰੀ ਤਰ੍ਹਾਂ ਫਲਾਪ ਹੋਇਆ।

## ਪੰਜਾਬ ਤੇ ਕੇਂਦਰ ਸਰਕਾਰ ...

ਕੀਤੀ ਜਾ ਰਹੀ ਹੈ ਅਤੇ ਗੁਰੂ ਸਾਹਿਬਾਨ ਤੇ ਪੈਗੰਬਰਾਂ ਦਾ ਮਿਥ ਕੇ ਅਪਮਾਨ ਕੀਤਾ ਜਾ ਰਿਹਾ ਹੈ। ਇਨ੍ਹਾਂ ਭਾਈਚਾਰਿਆਂ ਦੀਆਂ ਧਾਰਮਿਕ ਸ਼ਖ਼ਸੀਅਤਾਂ ਤੇ ਖਾਸ ਕਰਕੇ ਬੀਬੀਆਂ ਵਿਰੁੱਧ ਵੀ ਮੰਦੀ ਸ਼ਬਦਾਵਲੀ ਵਰਤੀ ਜਾ ਰਹੀ ਹੈ। ਅਜਿਹਾ ਕਰਨ ਵਾਲਿਆਂ ਵਿਰੁੱਧ ਸਰਕਾਰਾਂ, ਪੁਲਿਸ ਪ੍ਰਸ਼ਾਸਨ ਤੇ ਜਾਂਚ ਏਜੰਸੀਆਂ ਕੋਈ ਵੀ ਕਾਰਵਾਈ ਨਾ ਕਰਕੇ ਸਮਾਜ ਨੂੰ ਵੰਡਣ ਦੀ ਬਹੁਤ ਹੀ ਖਤਰਨਾਕ ਖੇਡ, ਖੇਡ ਰਹੀਆਂ ਹਨ। ਸਿੱਖਾਂ ਵਿਰੁਧ ਲਗਾਤਾਰ ਨਫਰਤ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ ਤੇ ਸਿੱਖਾਂ ਦੀ ਨਸਲਕੁਸ਼ੀ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਸਰਕਾਰੀ ਤੰਤਰ ਅਜਿਹਾ ਕਰਨ ਵਾਲਿਆਂ ਵਿਰੁਧ ਜਾਣਬੁੱਝ ਕੇ ਕੋਈ ਕਾਨੂੰਨੀ ਕਾਰਵਾਈ ਨਹੀਂ ਕਰ ਰਿਹਾ। ਅੰਮ੍ਰਿਤਸਰ ਵਿੱਚ ਵਾਪਰੀ ਹਾਲੀਆ ਘਟਨਾ ਲਈ ਸਰਕਾਰਾਂ, ਕਾਨੂੰਨ, ਪੁਲਿਸ ਪ੍ਰਸ਼ਾਸਨ ਤੇ ਜਾਂਚ ਏਜੰਸੀਆਂ ਦੀ ਨਾਕਾਮੀ ਜ਼ਿੰਮੇਵਾਰ ਹੈ। ਨਫਰਤ ਦੇ ਇਸ ਪ੍ਰਚਾਰ ਨੂੰ ਰੋਕਣ ਲਈ ਸਮਾਜ ਦੇ ਸੁਹਿਰਦ ਹਿੱਸਿਆਂ ਨੂੰ ਇਕਜੁੱਟ ਹੋ ਕੇ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ ਅਤੇ ਸਰਕਾਰਾਂ ਦੀ ਵੰਡ ਪਾਊ ਨੀਤੀ ਦਾ ਵਿਰੋਧ ਕਰਨਾ ਚਾਹੀਦਾ ਹੈ'।

ਇਥੇ ਇਹ ਦੱਸ ਦੇਈਏ ਕਿ 5 ਨਵੰਬਰ 2022 ਨੂੰ ਸ਼ਿਵ ਸੈਨਾ ਦੇ ਇਕ ਧੜੇ ਦੇ ਆਗੂ ਸੁਧੀਰ ਸੂਰੀ ਨੂੰ ਸੰਦੀਪ ਸਿੰਘ ਸੰਨੀ ਨਾਮੀ ਇਕ ਨੌਜਵਾਨ ਵਲੋਂ ਉਸ ਵੇਲੇ ਗੋਲੀਆਂ ਮਾਰੀਆਂ ਗਈਆਂ ਸਨ ਜਦੋਂ ਉਹ ਸ੍ਰੀ ਅੰਮ੍ਰਿਤਸਰ ਵਿਚ ਗੋਪਾਲ ਮੰਦਰ ਦੇ ਪ੍ਰਬੰਧਕਾਂ ਵਿਰੁਧ ਧਰਨੇ ਉੱਤੇ ਬੈਠਾ ਹੋਇਆ ਸੀ। ਸੁਧੀਰ ਸੂਰੀ ਸੋਸ਼ਲ ਮੀਡੀਆ ਉੱਤੇ ਸਿੱਖਾਂ ਵਿਰੁਧ ਨਫਰਤ ਵਾਲੇ ਬਿਆਨ ਦੇਣ ਦੇ ਕਈ ਮਾਮਲਿਆਂ ਵਿਚ ਨਾਮਜ਼ਦ ਸੀ ਅਤੇ ਉਸ ਨੂੰ ਪੁਲਿਸ ਵਲੋਂ ਸੁਰੱਖਿਆ ਦਿੱਤੀ ਹੋਈ ਸੀ। 5 ਨਵੰਬਰ ਦੀ ਘਟਨਾ ਵਿਚ ਸੁਧੀਰ ਸੂਰੀ ਦੀ ਮੌਤ ਹੋ ਜਾਣ ਤੋਂ ਬਾਅਦ ਉਸ ਦੇ ਸਮਰਥਕਾਂ ਵਲੋਂ ਸਿੱਖਾਂ ਦੀ ਨਸਲਕੁਸ਼ੀ ਦੀਆਂ ਧਮਕੀਆਂ ਦਿੱਤੀਆਂ ਗਈਆਂ ਸਨ ਜੋ ਕਿ ਮੀਡੀਆ ਚੈਨਲ ਉੱਤੇ ਪ੍ਰਸਾਰਿਤ ਕੀਤੀਆਂ ਗਈਆਂ ਸਨ। ਸੰਦੀਪ ਸਿੰਘ ਸੰਨੀ ਪੁਲਿਸ ਦੀ ਹਿਰਾਸਤ ਵਿਚ ਹੈ। ਅਦਾਲਤ ਨੇ ਉਸ ਦਾ 7 ਦਿਨ ਦਾ ਰਿਮਾਂਡ ਦਿੱਤਾ ਹੈ ਜੋ ਕਿ 12 ਨਵੰਬਰ ਨੂੰ ਖਤਮ ਹੋਵੇਗਾ।

***

## ਅਮਰੀਕਾ ਦੀ ਸਮੁੰਦਰੀ ਫੌਜ 'ਚ

ਲੜਾਈ ਮੁਸਲਿਮ, ਯਹੂਦੀ ਅਤੇ ਸਿੱਖ ਸਮੂਹਾਂ ਨਾਲ ਗੂੰਜ ਰਹੀ ਹੈ, ਜਿਨ੍ਹਾਂ ਵਿੱਚੋਂ ਕੁਝ ਨੇ ਅਪੀਲ ਦੇ ਸਮਰਥਨ ਵਿੱਚ ਸੰਖੇਪ ਰੂਪ 'ਚ ਅਪੀਲ ਦਾਇਰ ਕੀਤੀ ਹੈ। ਇਸੇ ਤਰ੍ਹਾਂ ਦੀ ਸੰਖੇਪ ਅਪੀਲ ਚਾਰ ਸੇਵਾਮੁਕਤ ਫੌਜੀ ਪੁਰਸ਼ਾਂ ਦੁਆਰਾ ਵੀ ਦਾਇਰ ਕੀਤੀ ਗਈ ਸੀ, ਜਿਸ ਵਿੱਚ ਅਮਰੀਕੀ ਫੌਜ ਦਾ ਇੱਕ ਸਾਬਕਾ ਸਕੱਤਰ ਵੀ ਸ਼ਾਮਲ ਸ਼ਨ।

ਸਿੱਖ ਵਿਅਕਤੀਆਂ ਦੇ ਸਮਰਥਨ ਵਿੱਚ ਸਾਹਮਣੇ ਆਏ ਚਾਰ ਸੈਨਿਕਾਂ ਵਿੱਚ ਓਬਾਮਾ ਪ੍ਰਸ਼ਾਸਨ ਦੌਰਾਨ ਅਮਰੀਕੀ ਫੌਜ ਦੇ ਸਕੱਤਰ ਐਰਿਕ ਫੈਨਿੰਗ ਵੀ ਸ਼ਾਮਲ ਹਨ। ਬਾਕੀ ਸੇਵਾਮੁਕਤ ਹਵਾਈ ਸੈਨਾ ਦੇ ਬ੍ਰਿਗੇਡੀਅਰ-ਜਨਰਲ ਜੈਫਰੀ ਕੇਂਡਲ ਅਤੇ ਦੋ ਸੀਨੀਅਰ ਫੌਜੀ, ਮਾਰਕ ਹਰਟਲਿੰਗ ਅਤੇ ਆਰ. ਪੈਟਰਿਕ ਹੁਸਟਨ ਹਨ।

ਇਸ ਤੋਂ ਇਲਾਵਾ ਸਾਬਕਾ ਸੈਨਿਕਾਂ ਨੇ ਦਲੀਲ ਦਿੱਤੀ ਸੀ ਕਿ ਭਰਤੀ ਦੀ ਸਿਖਲਾਈ ਵਿਚ ਹਿੱਸਾ ਲੈਣ ਦੀ ਸ਼ਰਤ ਦੇ ਤੌਰ 'ਤੇ ਉਸ ਦੇ ਵਿਸ਼ਵਾਸ ਦੇ ਸਿਧਾਂਤਾਂ ਦੀ ਉਲੰਘਣਾ ਕਰਨ ਲਈ ਭਰਤੀ ਦੀ ਲੋੜ 'ਅੰਦਰੋਂ ਭਰਤੀ ਕਰਨ ਵਾਲਿਆਂ ਨੂੰ ਕਮਜ਼ੋਰ ਕਰਦੀ ਹੈ', ਜਦੋਂ ਸਿਪਾਹੀਆਂ ਨੂੰ ਇਸਦੀ ਸਭ ਤੋਂ ਵੱਧ ਲੋੜ ਲੱਚਕੀਲੇਪਣ ਹੁੰਦੀ ਹੈ।

**ਸੁਖਬੀਰ ਸਿੰਘ ਤੂਰ ਦਾ ਮਾਮਲਾ** :ਹਾਲਾਂਕਿ ਜਸਕੀਰਤ ਸਿੰਘ, ਅਕਾਸ਼ ਸਿੰਘ ਅਤੇ ਮਿਲਾਪ ਸਿੰਘ ਚਾਹਲ ਸਿਖਲਾਈ ਅਤੇ ਸ਼ਾਮਲ ਕਰਨ ਦੇ ਵਿਸ਼ੇਸ਼ ਸੰਦਰਭ ਵਿੱਚ ਆਪਣੇ ਵਿਸ਼ਵਾਸ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਲੜ ਰਹੇ ਹਨ, ਯੂਐਸ ਮਰੀਨ ਆਰਟਿਲਰੀ ਦੇ ਕਪਤਾਨ ਸੁਖਬੀਰ ਸਿੰਘ ਤੂਰ ਸਾਲਾਂ ਤੋਂ ਇਸ ਪ੍ਰਣਾਲੀ ਦੇ ਅੰਦਰ ਕੰਮ ਕਰ ਰਹੇ ਹਨ।

ਤੂਰ ਨੂੰ 2017 'ਚ ਫੋਰਸ ਵਿੱਚ ਸ਼ਾਮਲ ਹੋਣ ਸਮੇਂ ਮਰੀਨ ਕੋਰ ਦੁਆਰਾ ਬਣਾਏ ਗਏ ਸਖਤ ਨਿਯਮਾਂ ਦੀ ਪਾਲਣਾ ਕਰਨੀ ਪਈ। ਪਰ ਬਾਅਦ ਵਿੱਚ ਉਹ ਆਪਣੀ ਦਾੜ੍ਹੀ ਨਾ ਕੱਟਣ ਦੀ ਇਜਾਜ਼ਤ ਮਿਲਣ ਤੋਂ ਆਪਣੇ ਸਿੱਖੀ ਸਰੂਪ ਨੂੰ ਧਾਰਨ ਕਰਨ ਵਾਲਾ ਪਹਿਲਾ ਸਿੱਖ ਮਰੀਨ ਬਣ ਗਿਆ ਸੀ।

ਹਾਲਾਂਕਿ, ਤੂਰ ਨੂੰ ਇਹ ਛੋਟਾਂ ਦੇਣ ਦੇ ਬਾਵਜੂਦ, ਯੂਐਸ ਮਰੀਨ ਨੇ ਅਜੇ ਤੱਕ ਉਸ ਨੂੰ ਜਾਂ ਹੋਰ ਸਿੱਖਾਂ ਨੂੰ ਲੜਾਈ ਦੀ ਤਾਇਨਾਤੀ ਜਾਂ ਸਿਖਲਾਈ ਦੌਰਾਨ ਦਾੜ੍ਹੀ ਰੱਖਣ ਦੀ ਇਜਾਜ਼ਤ ਨਹੀਂ ਦਿੱਤੀ ਹੈ। ਇਹ ਦਲੀਲ ਦਿੱਤੀ ਹੈ ਕਿ ਦਾੜ੍ਹੀ ਮਰੀਨ ਦੇ ਕੰਮ ਕਰਨ ਦੀ ਸਮਰੱਥਾ ਨੂੰ ਕਮਜ਼ੋਰ ਕਰ ਸਕਦੀ ਹੈ।

**

## ਇਮਰਾਨ ਖ਼ਾਨ ਦੇ ਠੀਕ ਹੋਣ ਤੱਕ

\ਹਵਾਲਾ ਦਿੰਦੇ ਹੋਏ ਮੀਡੀਆ ਸੰਸਥਾ ਨੂੰ ਪਾਬੰਦੀ ਹਟਾਉਣ ਦੇ ਨਿਰਦੇਸ਼ ਦਿੱਤੇ ਹਨ।

**ਸਿਆਸੀ ਸੰਕਟ ਵਿਚ ਪਾਕਿਸਤਾਨ**

ਪਾਕਿਸਤਾਨ ਹੁਣ ਇਕ ਭਾਰੀ ਸਿਆਸੀ ਸੰਕਟ ਵਿਚ ਫਸ ਗਿਆ ਹੈ। ਪੀਟੀਆਈ ਦਾ ਫ਼ੌਜ ਮੁਖੀ ਜਨਰਲ ਕਮਰ ਬਾਜਵਾ ਤੇ ਉਨ੍ਹਾਂ ਦੇ ਹਮਾਇਤੀ ਜਨਰਲਾਂ ਨਾਲ ਹੀ ਪੀਪਲਜ਼ ਡੈਮੋਕ੍ਰੇਟਿਕ ਮੂਵਮੈਂਟ (ਪੀਡੀਐਮ) ਗਠਜੋੜ ਸਰਕਾਰ ਨਾਲ ਤਕਰਾਰ ਚਰਮ ਸੀਮਾ 'ਤੇ ਪਹੁੰਚ ਗਿਆ ਹੈ। ਪਾਕਿਸਤਾਨ ਹੁਣ ਜ਼ਿਆਦਾ ਡੂੰਘੀ ਅਨਿਸ਼ਚਿਤਤਾ ਵਿਚ ਘਿਰ ਗਿਆ ਹੈ। ਪੀਟੀਆਈ ਹਮਾਇਤੀਆਂ ਨੇ ਦੇਸ਼ਵਿਆਪੀ ਵਿਰੋਧ-ਪ੍ਰਦਰਸ਼ਨ ਸ਼ੁਰੂ ਕਰ ਦਿੱਤੇ ਹਨ। ਇੱਥੋਂ ਤਕ ਕਿ ਉਨ੍ਹਾਂ ਨੇ ਪਿਸ਼ਾਵਰ 'ਵਿਚ ਫ਼ੌਜ ਕਾਰਪ ਕਮਾਂਡਰ ਦੀ ਰਿਹਾਇਸ਼ ਦੇ ਬਾਹਰ ਵੀ ਪ੍ਰਦਰਸ਼ਨ ਕੀਤਾ, ਜੋ ਖ਼ੈਬਰ-ਪਖ਼ਤੂਨਖਵਾ ਸੂਬੇ ਵਿਚ ਫ਼ੌਜ ਦੇ ਸਭ ਤੋਂ ਸੀਨੀਅਰ ਜਨਰਲ ਹਨ। ਇਹ ਕੋਈ ਆਮ ਘਟਨਾ ਨਹੀਂ ਹੈ। ਹੁਣ ਵੱਡਾ ਸਵਾਲ ਇਹੋ ਹੈ ਕਿ ਬਾਜਵਾ ਤੇ ਪਾਕਿਸਤਾਨ ਸਰਕਾਰ ਇਸ ਸੰਕਟ ਨਾਲ ਕਿਵੇਂ ਨਜਿੱਠਦੇ ਹਨ। ਇਮਰਾਨ ਖ਼ਾਨ ਛੇਤੀ ਚੋਣਾਂ ਦੀ ਮੰਗ 'ਤੇ ਅੜੇ ਹੋਏ ਹਨ। ਉਨ੍ਹਾਂ ਦਾ ਟੀਚਾ ਚੋਣ ਜਿੱਤਣਾ ਹੈ ਤੇ ਮੌਜੂਦਾ ਹਾਲਾਤ ਵਿਚ ਉਨ੍ਹਾਂ ਦੀ ਜਿੱਤ ਦੇ ਆਸਾਰ ਦਿਸਦੇ ਵੀ ਹਨ। ਉਨ੍ਹਾਂ ਦੀ ਮਕਬੂਲੀਅਤ ਵਧੀ ਹੈ ਤੇ ਹਮਲੇ ਤੋਂ ਬਾਅਦ ਉਨ੍ਹਾਂ ਨੂੰ ਹਮਦਰਦੀ ਦਾ ਸਹਾਰਾ ਵੀ ਮਿਲੇਗਾ। ਉਹ ਬਾਜਵਾ ਦੇ ਉੱਤਰਾਧਿਕਾਰੀ ਦੀ ਨਿਯੁਕਤੀ ਦੀ ਵੀ ਮੰਗ ਕਰ ਰਹੇ ਹਨ। ਬਾਜਵਾ ਨੇ ਕੁਝ ਦਿਨ ਪਹਿਲਾਂ ਹੀ ਦੁਹਰਾਇਆ ਸੀ ਕਿ 29 ਨਵੰਬਰ ਨੂੰ ਆਪਣਾ ਕਾਰਜਕਾਲ ਖ਼ਤਮ ਹੋਣ ਤੋਂ ਬਾਅਦ ਉਹ ਸੇਵਾਮੁਕਤ ਹੋ ਜਾਣਗੇ। ਸਰਕਾਰ ਤੇ ਬਾਜਵਾ ਇਮਰਾਨ ਦੀਆਂ ਮੰਗਾਂ ਨੂੰ ਨਕਾਰਨ ਦੀ ਹਰ ਸੰਭਵ ਕੋਸ਼ਿਸ਼ ਕਰਨਗੇ। ਜੇ ਅਜਿਹਾ ਹੁੰਦਾ ਹੈ ਤਾਂ ਵੱਡੇ ਪੱਧਰ 'ਤੇ ਵਿਰੋਧ-ਪ੍ਰਦਰਸ਼ਨ ਸ਼ੁਰੂ ਹੋ ਸਕਦੇ ਹਨ। ਅਜਿਹੇ ਪ੍ਰਦਰਸ਼ਨਾਂ ਨਾਲ ਨਾ ਸਿਰਫ਼ ਸਿਆਸੀ ਪਾਰਟੀਆਂ ਵਿਚ ਇਕ ਦੂਜੇ ਵਿਰੁੱਧ ਤਕਰਾਰ ਵਧੇਗੀ ਸਗੋਂ ਫ਼ੌਜ ਦੀ ਦੁਬਿਧਾ ਵੀ ਵਧੇਗੀ, ਜੋ ਖੁੱਲ੍ਹੇ ਤੌਰ 'ਤੇ ਕੋਈ ਸਿਆਸੀ ਰੁਖ਼ ਲੈਣ ਤੋਂ ਬਚਣਾ ਚਾਹੇਗੀ। ਬਾਜਵਾ ਦੀ ਅਗਵਾਈ ਵਿਚ ਫ਼ੌਜ ਖ਼ੁਦ ਦੇ 'ਗ਼ੈਰ ਸਿਆਸੀ' ਹੋਣ ਦਾ ਦਾਅਵਾ ਕਰਦੀ ਆਈ ਹੈ। ਜੇ ਵਿਆਪਕ ਹਿੰਸਾ ਭੜਕਦੀ ਹੈ ਤਾਂ ਹਾਲਾਤ ਸੰਭਾਲਣ ਲਈ ਸਰਕਾਰ ਨੂੰ ਫ਼ੌਜ ਬੁਲਾਉਣੀ ਪਵੇਗੀ। ਕੁਝ ਇਲਾਕਿਆਂ ਵਿਚ ਸਥਿਤੀ ਕਾਬੂ ਤੋਂ ਬਾਹਰ ਹੋਈ ਤਾਂ ਮਾਰਸ਼ਲ ਲਾਅ ਦੇ ਆਸਾਰ ਵੀ ਨਕਾਰੇ ਨਹੀਂ ਜਾ ਸਕਦੇ।

28 ਅਕਤੂਬਰ ਨੂੰ ਜਦੋਂ ਇਮਰਾਨ ਖ਼ਾਨ ਨੇ ਲਾਹੌਰ ਤੋਂ ਲੌਂਗ ਮਾਰਚ ਸ਼ੁਰੂ ਕੀਤਾ ਸੀ ਤਾਂ ਪਾਕਿਸਤਾਨ 'ਚ ਇਕ ਪ੍ਰੈੱਸ ਕਾਨਫਰੰਸ ਹੋਈ, ਜੋ ਪਾਕਿਸਤਾਨੀ ਫ਼ੌਜ ਦੀ ਲੋਕ ਸੰਪਰਕ ਇਕਾਈ ਆਈਐੱਸਪੀਆਰ ਦੇ ਡਾਇਰੈਕਟਰ ਜਨਰਲ ਬਾਬਰ ਇਫ਼ਤਿਖ਼ਾਰ ਤੇ ਆਈਐੱਸਆਈ ਦੇ ਮੁਖੀ ਨਦੀਮ ਅੰਜੁਮ ਨੇ ਕਰਵਾਈ। ਅੰਜੁਮ ਨੇ ਕਿਹਾ ਕਿ ਉਹ ਇਸ ਲਈ ਮੀਡੀਆ ਵਿਚ ਆਏ ਕਿਉਂਕਿ ਪਾਕਿਸਤਾਨ ਦੇ ਮਸ਼ਹੂਰ ਪੱਤਰਕਾਰ ਅਰਸ਼ਦ ਸ਼ਰੀਫ਼ ਦੀ ਕੀਨੀਆ ਵਿਚ ਹੱਤਿਆ ਦੇ ਮਾਮਲੇ 'ਚ ਸਿੱਧਾ ਉਨ੍ਹਾਂ ਦੀ ਏਜੰਸੀ ਦਾ ਨਾਂ ਲਿਆ ਜਾ ਰਿਹਾ ਹੈ। ਅੰਜੁਮ ਨੇ ਸੰਕੇਤ ਦਿੱਤੇ ਕਿ ਇਮਰਾਨ ਖ਼ਾਨ ਨੇ ਫ਼ੌਜ ਮੁਖੀ ਨੂੰ ਕਾਰਜਕਾਲ ਵਿਸਥਾਰ ਦੇਣ ਦੀ ਗੱਲ ਕਹੀ ਸੀ, ਜੇ ਉਹ ਉਨ੍ਹਾਂ ਨੂੰ ਵਿਰੋਧੀ ਪਾਰਟੀਆਂ ਖ਼ਿਲਾਫ਼ ਮਦਦ ਪਹੁੰਚਾਉਂਦੇ। ਬਾਜਵਾ ਨੇ ਇਹ ਕਹਿੰਦਿਆਂ ਇਸ ਪੇਸ਼ਕਸ਼ ਨੂੰ ਅਸਵੀਕਾਰ ਕਰ ਲਿਆ ਕਿ ਫ਼ੌਜ ਰਾਜਨੀਤੀ ਨਹੀਂ ਕਰੇਗੀ। ਅਜਿਹੇ ਦੋਸ਼ਾਂ ਨੇ ਫ਼ੌਜ ਤੇ ਇਮਰਾਨ ਦਰਮਿਆਨ ਕੁੜੱਤਣ ਹੋਰ ਵਧਾ ਦਿੱਤੀ।

ਇਸ ਸਮੇਂ ਇਹ ਸਵਾਲ ਉੱਭਰ ਰਿਹਾ ਹੈ ਕਿ ਇਮਰਾਨ 'ਤੇ ਹਮਲੇ ਤੋਂ ਬਾਅਦ ਉੱਥਲ-ਪੁੱਥਲ ਦੀ ਸਥਿਤੀ ਵਿਚ ਕੀ ਪ੍ਰਧਾਨ ਮੰਤਰੀ ਫ਼ੌਜ ਮੁਖੀ ਬਾਜਵਾ ਨੂੰ ਕੁਝ ਸਮਾਂ ਹੋਰ ਅਹੁਦੇ 'ਤੇ ਬਣੇ ਰਹਿਣ ਲਈ ਕਹਿਣਗੇ ? ਜੋ ਵੀ ਹੋਵੇ, ਇਹ ਤੈਅ ਹੈ ਕਿ ਸਭ ਤੋਂ ਵੱਡੇ ਜਨਰਲ ਮੌਜੂਦਾ ਸਿਆਸੀ ਹਾਲਾਤ 'ਤੇ ਆਪਣੇ ਵਿੱਚ ਵੀ ਸਲਾਹ ਕਰਨਗੇ। ਉਹ ਯਕੀਨੀ ਬਣਾਉਣਾ ਚਾਹੁਣਗੇ ਕਿ ਲੋਕਾਂ ਦਾ ਫ਼ੌਜ ਤੋਂ ਭਰੋਸਾ ਨਾ ਉੱਠੇ। ਫ਼ੌਜੀ ਲੀਡਰਸ਼ਿਪ ਇਸ ਕਾਰਨ ਅਸਹਿਜ ਸਥਿਤੀ ਵਿਚ ਹੈ ਕਿਉਂਕਿ ਇਮਰਾਨ ਖ਼ਾਨ ਨੇ ਕੇਵਲ ਨੇਤਾਵਾਂ 'ਤੇ ਹੀ ਨਹੀਂ ਸਗੋਂ ਮੇਜਰ-ਜਨਰਲ ਰੈਂਕ ਦੇ ਇਕ ਮਹੱਤਵਪੂਰਨ ਅਧਿਕਾਰੀ 'ਤੇ ਵੀ ਦੋਸ਼ ਲਾਏ ਹਨ। ਅਜਿਹੀ ਸਥਿਤੀ ਵਿਚ ਬਾਜਵਾ ਦੇ ਕੁਝ ਸਮਾਂ ਹੋਰ ਅਹੁਦੇ 'ਤੇ ਬਣੇ ਰਹਿਣ ਦੀਆਂ ਸੰਭਾਵਨਾਵਾਂ ਨੂੰ ਖ਼ਾਰਜ ਨਹੀਂ ਕੀਤਾ ਜਾ ਸਕਦਾ। ਉਹ ਅਤੇ ਉਨ੍ਹਾਂ ਦੇ ਹਮਾਇਤੀ ਜਨਰਲ ਕਦੇ ਨਹੀਂ ਚਾਹੁਣਗੇ ਕਿ ਅਗਲੇ ਫ਼ੌਜ ਮੁਖੀ ਦੀ ਨਿਯੁਕਤੀ 'ਵਿਚ ਇਮਰਾਨ ਖ਼ਾਨ ਦੀ ਕੋਈ ਭੂਮਿਕਾ ਹੋਵੇ। ਚੋਣਾਂ ਟਾਲ ਕੇ ਹੀ ਇਸ ਨੂੰ ਰੋਕਿਆ ਜਾ ਸਕਦਾ ਹੈ। ਉੱਥੇ ਹੀ ਸ਼ਹਿਬਾਜ਼ ਵੀ ਫ਼ੌਜ ਮੁਖੀ ਦੀ ਨਿਯੁਕਤੀ ਦਾ ਵਿਸ਼ੇਸ਼ ਅਧਿਕਾਰ ਨਹੀਂ ਛੱਡਣਾ ਚਾਹੁਣਗੇ।

***

## 2 ਬੁਚੜ ਥਾਣੇਦਾਰਾਂ ਨੂੰ...

ਉਪਰੰਤ ਚਾਰਾਂ ਪੁਲਿਸ ਵਾਲਿਆਂ ਖ਼ਿਲਾਫ਼ 8 ਜਨਵਰੀ 2022 ਨੂੰ ਸੀ.ਬੀ.ਆਈ. ਦੀ ਅਦਾਲਤ 'ਚ ਚਾਰਜਸ਼ੀਟ ਦਾਖ਼ਲ ਕੀਤੀ ਗਈ। ਇਹ ਮਾਮਲਾ 2006 ਤੋਂ ਲੈ ਕੇ 2022 ਜਨਵਰੀ ਤੱਕ ਸਟੇਅ 'ਤੇ ਰਿਹਾ ਤੇ ਬਾਅਦ ਵਿਚ ਸਟੇਅ ਟੁੱਟਣ ਉਪਰੰਤ ਅਦਾਲਤੀ ਕਾਰਵਾਈ ਸ਼ੁਰੂ ਹੋਈ, ਜਿਸ ਦੌਰਾਨ 17 ਗਵਾਹਾਂ ਦੇ ਬਿਆਨ ਦਰਜ ਕੀਤੇ ਗਏ ਤੇ ਆਖ਼ਿਰਕਾਰ 29 ਸਾਲ ਬਾਅਦ ਪੀੜਤ ਪਰਿਵਾਰ ਨੂੰ ਇਨਸਾਫ਼ ਦਿੰਦਿਆਂ ਅਦਾਲਤ ਵਲੋਂ ਦੋਵੇਂ ਥਾਣੇਦਾਰਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ।

ਇਨਸਾਫ਼ ਦਾ ਇੰਤਜ਼ਾਰ ਕਰਦੀ ਮਾਂ ਦੁਨੀਆ ਤੋਂ ਰੁਖ਼ਸਤ ਹੋ ਗਈ

ਮ੍ਰਿਤਕ ਹਰਬੰਸ ਸਿੰਘ ਦੇ ਰਿਸ਼ਤੇਦਾਰ ਸੁਰਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਇਨਸਾਫ਼ ਦਾ ਇੰਤਜ਼ਾਰ ਕਰਦੀ ਹੋਈ ਮ੍ਰਿਤਕ ਦੀ ਮਾਤਾ ਦਾ ਤਿੰਨ ਸਾਲ ਪਹਿਲਾਂ ਦੇਹਾਂਤ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਉਹ ਖ਼ੁਸ਼ ਹਨ ਕਿ ਅਦਾਲਤ ਨੇ ਫ਼ੈਸਲਾ ਦਿੱਤਾ ਪਰ ਇਸ ਗੱਲ ਤੋਂ ਦੁਖੀ ਵੀ ਹਨ ਕਿ ਇਹ ਇਨਸਾਫ਼ ਕਰੀਬ ਤੀਹ ਸਾਲ ਬਾਅਦ ਮਿਲਿਆ। ਸੁਰਿੰਦਰ ਸਿੰਘ ਨੇ ਦੱਸਿਆ ਕਿ ਹਰਬੰਸ ਸਿੰਘ ਦੇ ਪਰਿਵਾਰ ਨੇ ਇਹਨਾਂ ਤੀਹ ਸਾਲਾਂ ਦੇ ਵਿੱਚ ਬਹੁਤ ਦਿੱਕਤਾਂ ਦਾ ਸਾਹਮਣਾ ਕੀਤਾ ਹੈ। ਉਨ੍ਹਾਂ ਕਿਹਾ ਕਿ ਹਰਬੰਸ ਸਿੰਘ ਪੜਾਈ ਵਿੱਚ ਹੁਸ਼ਿਆਰ ਸੀ ਅਤੇ ਉਸ ਦਾ ਸਬੰਧ ਜ਼ਿਮੀਦਾਰ ਪਰਿਵਾਰ ਨਾਲ ਸੀ।ਕੇਸ ਦੀ ਲੜਾਈ ਵਿੱਚ ਪਰਿਵਾਰ ਦੀ ਜ਼ਮੀਨ ਤੱਕ ਵਿਕ ਗਈ ਅਤੇ 22 ਏਕੜ ਵਿੱਚੋਂ ਹੁਣ ਸਿਰਫ਼ ਪੰਜ ਏਕੜ ਬਚੀ ਹੈ। ਉਨ੍ਹਾਂ ਦੱਸਿਆ ਕਿ ਉਹ ਪਿੰਡ ਦੀ ਪੰਚਾਇਤ ਦੇ ਨਾਲ ਉਸ ਸਮੇਂ ਹਰਬੰਸ ਸਿੰਘ ਨੂੰ ਖ਼ੁਦ ਪੁਲਿਸ ਅੱਗੇ ਪੇਸ਼ ਕਰਵਾ ਕੇ ਆਏ ਸਨ। ਪਰ ਪੁਲਿਸ ਨੇ ਧੱਕੇਸ਼ਾਹੀ ਕਰਦੇ ਹੋਏ ਪਹਿਲਾਂ ਉਸ ਉੱਤੇ ਤਸ਼ੱਦਦ ਕੀਤਾ ਅਤੇ ਫਿਰ ਪੁਲਿਸ ਮੁਕਾਬਲੇ ਵਿੱਚ ਮਾਰ ਦਿੱਤਾ। ਹਰਬੰਸ ਸਿੰਘ ਦੇ ਭਰਾ ਪਰਮਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਰਿਵਾਰ ਨੂੰ ਪੁਲਿਸ ਨੇ ਬਹੁਤ ਤੰਗ ਕੀਤਾ ਸੀ। ਪਰਿਵਾਰ ਦੀਆਂ ਬੀਬੀਆਂ ਨੂੰ ਇੰਨਾ ਤੰਗ ਕੀਤਾ ਕਿ ਉਹ ਪਿੰਡ ਛੱਡਣ ਲਈ ਮਜਬੂਰ ਹੋ ਗਏ।ਉਨ੍ਹਾਂ ਦੱਸਿਆ ਕਿ ਕੇਸ ਦੀ ਪੈਰਵੀ ਕਰਨੀ ਵੀ ਸੌਖੀ ਨਹੀਂ ਸੀ। ਕੇਸ ਸੁਪਰੀਮ ਕੋਰਟ ਤੱਕ ਗਿਆ।ਉਸ ਤੋਂ ਬਾਅਦ ਸੀਬੀਆਈ ਨੇ ਇਸ ਦੀ ਜਾਂਚ ਕੀਤੀ ਅਤੇ ਇਸ ਨੂੰ ਅੰਜਾਮ ਤੱਕ ਪਹੁੰਚਾਇਆ।ਇਸ ਮਾਮਲੇ ਵਿੱਚ ਪਰਮਜੀਤ ਸਿੰਘ ਹੀ ਮੁੱਖ ਸ਼ਿਕਾਇਤਕਰਤਾ ਹੈ। ਪਰਮਜੀਤ ਸਿੰਘ ਮੁਤਾਬਕ, 'ਘਰ ਵਿੱਚ ਸਭ ਤੋਂ ਵੱਡਾ ਹਰਬੰਸ ਸਿੰਘ ਸੀ ਅਤੇ ਉਹ ਹੀ ਖੇਤੀਬਾੜੀ ਸੰਭਾਲਦਾ ਸੀ, ਪਰ ਉਸ ਦੇ ਜਾਣ ਤੋਂ ਬਾਅਦ ਪਰਿਵਾਰ ਪੂਰੀ ਤਰ੍ਹਾਂ ਟੁੱਟ ਗਿਆ ਸੀ।'

ਉਨ੍ਹਾਂ ਦੱਸਿਆ ਕਿ ਇਸ ਗੱਲ ਤੋਂ ਖ਼ੁਸ਼ ਹਨ ਕਿ ਦੋਸ਼ੀ ਪੁਲਿਸ ਵਾਲਿਆਂ ਨੂੰ ਸਜ਼ਾ ਮਿਲੀ, ਪਰ ਨਾਲ ਹੀ ਉਦਾਸ ਹਨ ਕਿ ਇਹ ਸਜ਼ਾ ਤੀਹ ਸਾਲ ਬਾਅਦ ਮਿਲੀ ਅਤੇ ਇਨਸਾਫ਼ ਦਾ ਇੰਤਜ਼ਾਰ ਕਰਦੀ ਹੋਈ ਉਨ੍ਹਾਂ ਦੀ ਮਾਤਾ ਇਸ ਦੁਨੀਆ ਵਿੱਚ ਨਹੀਂ ਹੈ।

## ਧਾਮੀ ਬੀਬੀ ਜਗੀਰ ਕੌਰ ਨੂੰ ਹਰਾਕੇ ਦੂਜੀ ਵਾਰ ਬਣੇ ਸ਼੍ਰੋਮਣੀ ਕਮੇਟੀ ਪ੍ਰਧਾਨ

ਯਾਦ ਰਹੇ ਕੀ ਬਾਗ਼ੀ ਹੋਏ ਬੀਬੀ ਜਗੀਰ ਕੌਰ ਨੂੰ ਵਿਰੋਧੀ ਧਿਰ ਅਤੇ ਪੰਥਕ ਜਥੇਬੰਦੀਆਂ ਦਾ ਪੂਰਨ ਸਮਰਥਨ ਸੀ। ਜਿਥੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਆਪਣੀ ਜਿੱਤ ਦੱਸ ਰਹੇ ਸਨ ਉਥੇ ਬੀਬੀ ਜਗੀਰ ਕੌਰ ਵੀ ਕਹਿ ਰਹੇ ਹਨ ਕਿ ਮੈਂਬਰ ਆਪਣੀ ਜ਼ਮੀਰ ਦੀ ਆਵਾਜ਼ @ਤੇ ਹੀ ਵੋਟ ਦਾ ਇਸਤੇਮਾਲ ਕਰ ਰਹੇ ਹਨ। ਬੀਬੀ ਜਾਗੀਰ ਕੌਰ ਹੁਣ ਬਾਦਲ ਦਲ ਲਈ ਚੈਲਿੰਜ ਬਣਨਗੇ, ਇਹ ਅਉਣ ਵਾਲਾ ਸਮਾਂ ਦਸੇਗਾ।

ਯਾਦ ਰਹੇ ਕਿ ਹੁਣ ਤਕ ਐੱਸਜੀਪੀਸੀ ਦੇ 46 ਪ੍ਰਧਾਨ ਰਹਿ ਚੁੱਕੇ ਹਨ। ਇਨ੍ਹਾਂ ਵਿਚੋਂ 5 ਸਿੱਖ ਗੁਰਦੁਆਰਾ ਐਕਟ ਲਾਗੂ ਹੋਣ ਤੋਂ ਪਹਿਲਾਂ ਬਣੇ ਤੇ 41 ਨੇ ਸਿੱਖ ਗੁਰਦੁਆਰਾ ਐਕਟ ਲਾਗੂ ਹੋਣ ਤੋਂ ਬਾਅਦ ਅਹੁਦਾ ਸੰਭਾਲਿਆ।ਗੁਰਚਰਨ ਸਿੰਘ ਟੌਹੜਾ ਪੰਜ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ।ਹਰਜਿੰਦਰ ਸਿੰਘ ਧਾਮੀ ਚੋਣ ਜਿੱਤਕੇ ਲਗਾਤਾਰ ਦੂਜੀ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣ ਗਏ ਹਨ। ਬੀਬੀ ਜਗੀਰ ਕੌਰ ਤਿੰਨ ਵਾਰ ਸ਼੍ਰੋਮਣੀ ਕਮੇਟੀ ਪ੍ਰਧਾਨ ਬਣੇ ਹਨ। ਮਾਸਟਰ ਤਾਰਾ ਸਿੰਘ ਸਭ ਤੋਂ ਵੱਧ ਸੱਤ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ। ਗੁਰਚਰਨ ਸਿੰਘ ਟੌਹੜਾ ਨੇ ਪੰਜ ਵਾਰ ਸ਼੍ਰੋਮਣੀ ਕਮੇਟੀ ਪ੍ਰਧਾਨ ਦਾ ਅਹੁਦਾ ਸੰਭਾਲਿਆ।

***

## ਸਿੱਖ ਕੌਮ ਵੱਲੋਂ ਖ਼ੂਨਦਾਨ ਰਾਹੀਂ ਕੈਨੇਡਾ 'ਚ...

ਸਜ਼ਾਵਾਂ ਨਾ ਦੇਣ ਲਈ ਭਾਰਤ ਦੀਆਂ ਹੁਣ ਤੱਕ ਦੀਆਂ ਸਰਕਾਰਾਂ ਨੂੰ ਸ਼ਰਮਸਾਰ ਹੋਣਾ ਪਵੇਗਾ।ਸਿਤਮਜ਼ਰੀਫੀ ਦੀ ਇਸ ਤੋਂ ਵੱਡੀ ਮਿਸਾਲ ਕੀ ਹੋਵੇਗੀ ਕਿ ਹਜ਼ਾਰਾਂ ਬੇਕਸੂਰ ਸਿੱਖਾਂ ਦੇ ਕਤਲੇਆਮ ਦੀ ਕਾਂਗਰਸ ਆਗੂ ਤੇ ਦੇਸ਼ ਦਾ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਵੱਡੇ ਦਰਖਤ ਦੇ ਡਿਗਣ 'ਤੇ ਧਰਤੀ ਕੰਬਣ ਨਾਲ ਤੁਲਣਾ ਕਰ ਰਿਹਾ ਹੋਵੇ। ਦੂਸਰੇ ਪਾਸੇ ਦੇਸ਼ ਦੀ ਫਿਰਕੂ ਜਥੇਬੰਦੀ ਆਰਐਸਐਸ ਦਾ ਵੱਡਾ ਆਗੂ ਨਾਨਾ ਜੀ ਦੇਸ਼ਮੁੱਖ ਸਿੱਖ ਕਤਲੇਆਮ ਦੇ ਦੋਸ਼ ਸਿੱਖਾਂ ਦੇ ਹੀ ਸਿਰ ਮੜਦਾ ਹੋਇਆ ਸਿੱਖ ਕੌਮ ਨੂੰ 'ਸਬਕ ਲੈਣ' ਦੀ ਨਸੀਹਤ ਦੇ ਰਿਹਾ ਹੋਵੇ ਅਤੇ ਅਜਿਹੀ ਨਸਲਕੁਸ਼ੀ ਨੂੰ ਆਪਣੀ ਸੌੜੀ ਸੋਚ ਅਧੀਨ ਜਾਇਜ਼ ਠਹਿਰਾ ਰਿਹਾ ਹੋਵੇ। ਜੇਕਰ ਅਜਿਹੇ ਲੋਕ 'ਭਾਰਤ ਰਤਨ' ਵਰਗੇ ਦੇਸ਼ ਦੇ ਸਭ ਤੋਂ ਵੱਡੇ ਅਖੌਤੀ ਪੁਰਸਕਾਰਾਂ ਨਾਲ ਸਨਮਾਨੇ ਜਾਂਦੇ ਹਨ, ਤਾਂ ਫਿਰ ਸਭ ਤੋਂ ਵੱਧ ਫਾਂਸੀ ਚੜ੍ਹਨ ਵਾਲੇ, ਕਾਲੇਪਾਣੀ ਦੀਆਂ ਸਜ਼ਾ ਕੱਟਣ ਵਾਲੇ, ਉਮਰ ਕੈਦਾਂ ਭੋਗਣ ਵਾਲੇ ਅਤੇ ਜਾਨਾਂ ਕੁਰਬਾਨ ਕਰਨ ਵਾਲੇ ਸ਼ਹੀਦ ਸਿੱਖ ਅਤੇ ਸੱਚੇ ਸੁੱਚੇ ਸੂਰਬੀਰ ਤਾਂ 'ਦੇਸ਼ਧ੍ਰੋਹੀ' ਹੀ ਕਹੇ ਜਾ ਸਕਦੇ ਹਨ। ਅਫ਼ਸੋਸ ਇਸ ਗੱਲ ਦਾ ਹੈ ਕਿ ਇਸ ਹਮਾਮ 'ਚ ਸਾਰੇ ਹੀ ਨੰਗੇ ਹਨ।

ਜੇਕਰ ਕਾਂਗਰਸ ਨੇ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਤਾਂ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਹਲਾਸ਼ੇਰੀ ਦਿੱਤੀ। ਜੇ ਕਾਂਗਰਸ ਦੇ ਰਾਜ ਵਿਚ ਸਿੱਖ ਕਤਲੇਆਮ ਹੋਇਆ, ਤਾਂ ਭਾਜਪਾ ਦੇ ਰਾਜ 'ਚ ਮੁਸਲਿਮ ਵਿਰੋਧੀ ਕਤਲੇਆਮ ਹੋਇਆ। ਕੈਨੇਡਾ ਦੀ ਧਰਤੀ 'ਤੇ ਖ਼ੂਨਦਾਨ ਦੀ ਮੁਹਿੰਮ ਚਲਾਉਣ ਵਾਲੀ ਮਹਾਨ ਵਿਚਾਰਧਾਰਾ ਉਕਤ ਸਾਰੇ ਦੋਸ਼ੀਆਂ ਨੂੰ ਸਜ਼ਾਵਾਂ ਲਈ ਦ੍ਰਿੜ ਹੈ। ਇੱਕ ਦਿਨ ਜ਼ਰੂਰ ਆਵੇਗਾ, ਜਦੋਂ ਕੌਮਾਂਤਰੀ ਭਾਈਚਾਰਾ ਇਨਸਾਫ਼ ਲਈ 'ਹਾਅ ਦਾ ਨਾਅਰਾ' ਮਾਰੇਗਾ। ਅੱਜ ਲੋੜ ਇਸ ਗੱਲ ਦੀ ਹੈ ਕਿ ਕੌਮ ਦੇ ਚਿੰਤਕ ਅਤੇ ਵਿਦਵਾਨ ਆਪਣਾ ਫਰਜ਼ ਪਛਾਣਦੇ ਹੋਏ ਮਹਾਨ ਉਪਰਾਲਿਆਂ ਨੂੰ ਉਤਸ਼ਾਹਿਤ ਕਰਨ ਅਤੇ ਸਥਾਪਤੀ ਦੀ ਧੱਕੇਸ਼ਾਹੀ ਖਿਲਾਫ਼ ਲਿਖਣ।

ਸਿੱਖ ਕੌਮ ਦੇ ਅਕਸ ਨੂੰ ਜੇਕਰ ਸਾਡਾ ਮੀਡੀਆ ਦੁਨੀਆ ਸਾਹਮਣੇ ਸਹੀ ਰੂਪ ਵਿੱਚ ਪੇਸ਼ ਕਰੇਗਾ, ਤਾਂ ਕੌਮ ਦੀ ਪਨੀਰੀ ਇਸ ਪਾਸੇ ਵੱਲ ਹੋਰ ਵੀ ਰੁਚਿਤ ਹੋਵੇਗੀ। ਅਜਿਹੇ ਮੌਕੇ 'ਤੇ ਸਹਿਣ ਸ਼ਕਤੀ, ਪਰਉਪਕਾਰ ਅਤੇ ਮਾਨਵੀ ਹੱਕਾਂ ਪ੍ਰਤੀ ਚੇਤਨਾ ਮੂਲ ਸਰੋਕਾਰ ਬਣ ਕੇ ਕੌਮ ਦੀ ਸਰਬੱਤ ਦੇ ਭਲੇ ਦੀ ਅਰਦਾਸ ਮਨਜ਼ੂਰ ਕਰਵਾਉਣਗੇ।

ਜਦੋਂ ਸੰਸਾਰ ਭਰ ਵਿੱਚ ਸਿੱਖ ਕੌਮ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦਾ 400 ਸਾਲਾ ਪ੍ਰਕਾਸ਼ ਦਿਹਾੜਾ ਮਨਾਉਂਦਿਆਂ, ਜ਼ੁਲਮ ਖਿਲਾਫ ਗੁਰੂ ਸਾਹਿਬ ਵੱਲੋਂ ਉਠਾਈ ਆਵਾਜ਼ ਅਤਿ ਧਾਰਮਿਕ ਅਜ਼ਾਦੀ ਲਈ ਦਿੱਤੀ ਸ਼ਹਾਦਤ ਨੂੰ ਮਾਨਵਵਾਦ ਅਤੇ ਸਰਬੱਤ ਦੇ ਭਲੇ ਦਾ ਮੈਨੀਫੈਸਟੋ ਬਣਾ ਰਹੀ ਹੈ, ਉਦੋਂ ਸਾਰਿਆਂ ਨੂੰ ਮਿਲ ਕੇ ਭਾਰਤੀ ਹੁਕਮਰਾਨਾਂ ਦੇ ਹਿਟਲਰਸ਼ਾਹੀ ਅਤੇ ਨਾਜ਼ੀਵਾਦੀ ਹਿੰਦੂਤਵੀ ਏਜੰਡੇ ਖ਼ਿਲਾਫ਼ ਲੜਨ ਦੀ ਲੋੜ ਹੈ।

ਸਿੱਖ ਨਸਲਕੁਸ਼ੀ ਖ਼ਿਲਾਫ਼ ਖ਼ੂਨਦਾਨ ਮੁਹਿੰਮ ਕੇਵਲ ਸਿੱਖਾਂ ਲਈ ਇਨਸਾਫ਼ ਦੀ ਮੁਦਈ ਨਹੀਂ, ਬਲਕਿ ਦੇਸ਼ ਅੰਦਰ ਹੋਰਨਾਂ ਘੱਟਗਿਣਤੀਆਂ, ਮੂਲ ਵਾਸੀਆਂ, ਦੱਬੇ ਕੁਚਲੇ ਲੋਕਾਂ ਅਤੇ ਸਰਕਾਰੀ ਜਬਰ ਦਾ ਸ਼ਿਕਾਰ ਬਣ ਰਹੇ ਭਾਈਚਾਰਿਆਂ ਨਾਲ ਖੜ੍ਹਨ ਲਈ ਵੀ ਦ੍ਰਿੜ੍ਹ ਇਰਾਦੇ ਦੀ ਅਲੰਬਰਦਾਰ ਹੈ। ਇੱਥੋਂ ਤੱਕ ਕਿ ਸੰਸਾਰ ਦੇ ਕਿਸੇ ਵੀ ਕੋਨੇ 'ਚ ਹੋ ਰਹੇ ਜਬਰ-ਜ਼ੁਲਮ ਖਿਲਾਫ਼ ਸਿੱਖ ਕੌਮ ਵਲੋਂ ਆਵਾਜ਼ ਬੁਲੰਦ ਕਰਨਾ ਇਸ ਮੁਹਿੰਮ ਦਾ ਕੇਂਦਰ-ਬਿੰਦੂ ਹੈ। ਸਿੱਖ ਕੌਮ ਵੱਲੋਂ ਬੀਤੇ ਸਾਲ ਨਵੰਬਰ ਮਹੀਨੇ ਦੌਰਾਨ ਕੈਨੇਡਾ ਭਰ ਵਿਚ ਅਨੇਕ ਥਾਵਾਂ 'ਤੇ ਖ਼ੂਨਦਾਨ ਮੁਹਿੰਮ ਵਿੱਚ ਭਾਰੀ ਸਹਿਯੋਗ ਕਾਰਨ ਹੀ, ਸਰੀ ਸਿਟੀ ਕੌਂਸਲ ਅਤੇ ਸਾਬਕਾ ਮੇਅਰ ਡੱਗ ਮੁਕੱਲਮ ਵੱਲੋਂ ਬੀਤੇ ਵਰ੍ਹੇ ਨਵੰਬਰ ਮਹੀਨੇ ਨੂੰ ਸਿੱਖ ਨਸਲਕੁਸ਼ੀ ਖ਼ਿਲਾਫ਼ ਖ਼ੂਨਦਾਨ ਮੁਹਿੰਮ ਦੇ ਯਾਦਗਾਰੀ ਮਹੀਨੇ ਵਜੋਂ ਐਲਾਨਿਆ ਗਿਆ, ਜਦਕਿ ਕੈਨੇਡੀਅਨ ਬਲੱਡ ਸਰਵਿਸਜ਼ ਵੱਲੋਂ ਸਿੱਖ ਕੌਮ ਦੀ ਇਸ ਖ਼ੂਨਦਾਨ ਮੁਹਿੰਮ ਨੂੰ ਦੇਸ਼ ਦੀ ਸਭ ਤੋਂ ਵੱਡੀ ਮੁਹਿੰਮ ਵਜੋਂ ਸਨਮਾਨਿਆ ਗਿਆ। ਆਓ, ਇਨਸਾਨੀਅਤ ਦਾ ਘਾਣ ਕਰਨ ਵਾਲੀਆਂ ਸਰਕਾਰਾਂ ਅਤੇ ਨਸਲਕੁਸ਼ੀ ਦੇ ਦੋਸ਼ੀਆਂ ਖਿਲਾਫ਼, ਸਿੱਖ ਕੌਮ ਵੱਲੋਂ ਆਰੰਭੀ ਖ਼ੂਨਦਾਨ ਮੁਹਿੰਮ ਦਾ ਹਿੱਸਾ ਬਣੀਏ ਅਤੇ ਸੰਸਾਰ ਵਿੱਚ 'ਨਾ ਡਰੋ ਨਾ ਡਰਾਓ' ਅਤੇ 'ਜੀਓ ਅਤੇ ਜਿਊਣ ਦਿਓ' ਦੇ ਮਹਾਨ ਸੰਕਲਪ ਦੇ ਧਾਰਨੀ ਹੋ ਕੇ, ਮਨੁੱਖੀ ਹੱਕਾਂ ਸਮੇਤ 'ਸਰਬੱਤ' ਦੇ ਹੱਕਾਂ ਦੇ ਪਹਿਰੇਦਾਰ ਬਣੀਏ।

***

## ਮਹਾਨ ਕਵੀ ਤੇ ਸੰਗੀਤਕਾਰ

ਰਾਗ ਤੁਖਾਰੀ ਦੇ ਬਾਰਾਮਾਹ ਵਿਚ ਸਾਲ ਦੇ ਬਾਰਾਂ ਮਹੀਨਿਆਂ ਦਾ ਬੜਾ ਸਜੀਵ ਤੇ ਦਿਲ ਟੁੰਬਵਾਂ ਚਿਤਰਨ ਕੀਤਾ ਗਿਆ ਹੈ। ਸਾਉਣ ਭਾਦੋਂ ਦੇ ਮਹੀਨੇ ਵਿਚ ਪ੍ਰਕਿਰਤੀ ਦੀਆਂ ਨਿੱਕੀਆਂ ਨਿੱਕੀਆਂ ਖ਼ੂਬਸੂਰਤੀਆਂ ਨੂੰ ਰੀਝ ਨਾਲ ਚਿਤਰਿਆ ਗਿਆ ਹੈ।

ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ॥
ਮੈ ਮਨਿ ਤਨ ਸਹੁ ਭਾਵੈ ਪਿਰ ਪਰਦੇਸਿ ਸਿਧਾਏ॥
ਪਿਰੁ ਘਰੁ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ॥
ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ॥
ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ॥
ਨਾਨਕ ਸਾ ਸੁਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ॥
ਭਾਦਉ ਭਰਮਿ ਭੁਲੀ ਭਰਿ ਜੋਬਨ ਪਛੁਤਾਣੀ॥
ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ॥
ਬਰਸੈ ਨਿਸਿ ਕਾਲੀ ਕਿਉ ਸੁਖ ਬਾਲੀ ਦਾਦਰ ਮੋਰ ਲਵੰਤੇ॥
ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ॥
ਮਛਰ ਡੰਗ ਸਾਇਰ ਭਰ ਸੁਭਰ ਬਿਨ ਹਰਿ ਕਿਉ ਸੁਖ ਪਾਈਐ॥
ਨਾਨਕ ਪੂਛਿ ਚਲਉ ਗੁਰ ਅਪਨੇ ਜਹ ਪ੍ਰਭ ਤਹ ਹੀ ਜਾਈਐ॥
- ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੦੮

ਗੁਰੂ ਜੀ ਨੇ ਤਤਕਾਲੀਨ ਰਾਜਿਆਂ ਤੇ ਜਗੀਰਦਾਰਾਂ ਦਾ ਨਿਰਦਈਪਣ ਅਤੇ ਜ਼ੁਲਮ, ਧਾਰਮਿਕ ਆਗੂਆਂ ਦੇ ਪਾਖੰਡਾਂ, ਸੁਹਾਗਣ ਇਸਤਰੀਆਂ ਦੇ ਗੁਣਾਂ, ਦੁਹਾਗਣ ਇਸਤਰੀਆਂ ਦੇ ਔਗੁਣਾਂ ਦਾ ਬੜਾ ਸਜੀਵ ਤੇ ਆਕਰਸ਼ਕ ਚਿਤਰਣ ਪ੍ਰਸਤੁਤ ਕੀਤਾ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਅਜਿਹੇ ਭਾਵਪੂਰਤ ਚਿੱਤਰ ਤੇ ਪੇਸ਼ਕਾਰੀਆਂ ਨਾਲ ਉਹ ਇਕ ਉੱਤਮ ਕਵੀ ਸਿੱਧ ਹੁੰਦੇ ਹਨ।

ਕਵੀ ਦੇ ਨਾਲ ਗੁਰੂ ਨਾਨਕ ਦੇਵ ਜੀ ਮਹਾਨ ਸੰਗੀਤਕਾਰ ਵੀ ਸਨ। ਉਨ੍ਹਾਂ ਦੀ ਸਾਰੀ ਰਚਨਾ ਸੰਗੀਤਕ ਸਿਧਾਂਤਾਂ ਉੱਤੇ ਖਰੀ ਉਤਰਦੀ ਹੈ। ਆਪ ਸੰਗੀਤ ਸ਼ਾਸਤਰ ਦੇ ਗਿਆਤਾ ਸਨ। ਭਾਰਤੀ ਕਾਵਿ ਪਰੰਪਰਾ ਅਤੇ ਭਾਰਤੀ ਰਾਗ ਪਰੰਪਰਾ ਨਾਲ ਗੁਰੂ ਜੀ ਦਾ ਗੂੜ੍ਹਾ ਸੰਬੰਧ ਹੈ। ਨਾਨਕ ਬਾਣੀ ਵਿਚ ਪ੍ਰਯੁਕਤ ਰਾਗਾਂ ਦਾ ਭਾਰਤੀ ਰਾਗ ਪਰੰਪਰਾ ਦੇ ਸੰਦਰਭ ਵਿਚ ਅਧਿਐਨ ਕਰਨ ਤੋਂ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਨੇ ਕਈ ਉਹ ਰਾਗ ਵਰਤੇ ਹਨ ਜਿਹੜੇ ਉਨ੍ਹਾਂ ਤੋਂ ਪਹਿਲਾਂ ਪ੍ਰਚਲਿਤ ਸਨ। ਕਈ ਥਾਵਾਂ ਤੇ ਦੋ ਰਾਗਾਂ ਨੂੰ ਜੋੜ ਕੇ ਨਵੇਂ ਮਿਸ਼ਰਤ ਰਾਗਾਂ ਦੀ ਸਿਰਜਣਾ ਕੀਤੀ ਹੈ।

ਗਉੜੀ ਗੁਆਰੇਰੀ, ਗਉੜੀ ਦਖਣੀ, ਗਉੜੀ ਚੇਤੀ, ਗਉੜੀ ਬੈਰਾਗਣ, ਗਉੜੀ ਦੀਪਕੀ, ਗਉੜੀ ਪੂਰਬੀ ਦੀਪਕੀ, ਗਉੜੀ ਪੂਰਬੀ, ਗਉੜੀ ਮਾਝ, ਗਉੜੀ ਮਾਲਾ, ਗਉੜੀ ਭੀ ਸੋਰਠਿ ਭੀ, ਵਡਹੰਸ ਦੱਖਣੀ, ਤਿਲੰਗ ਕਾਫੀ, ਸੂਹੀ ਲਲਿਤ, ਬਿਲਾਵਲ ਗੌਂਡ, ਲਿਾਵਲ ਦੱਖਣੀ, ਰਾਮਕਲੀ ਦਖਣੀ, ਮਾਰੂ ਕਾਫੀ, ਮਾਰੂ ਦਖਣੀ, ਬਸੰਤ ਹਿੰਦੋਲ, ਕਲਿਆਣ ਭੁਪਾਲੀ, ਪ੍ਰਭਾਤੀ ਵਿਭਾਸ, ਆਸਾ ਆਸਾਵਰੀ ਸੁਧੰਗ। ਗੁਰੂ ਜੀ ਨੇ ਕਾਵਿ ਅਤੇ ਸੰਗੀਤ ਦਾ ਵਿਲੱਖਣ ਸੰਯੋਗ ਕੀਤਾ ਹੈ। ਉਨ੍ਹਾਂ ਨੇ ਲੋਕ ਕਾਵਿ ਰੂਪਾਂ ਅਤੇ ਪ੍ਰਚਲਿਤ ਕਾਵਿ ਰੂਪਾਂ ਨੂੰ ਰਾਗਾਂ ਨਾਲ ਸੰਬੰਧਤ ਕਰਕੇ ਉਨ੍ਹਾਂ ਦੀ ਪੇਸ਼ਕਾਰੀ ਦੀ ਵਿਧੀ ਨੂੰ ਵਿਲੱਖਣਤਾ ਪ੍ਰਦਾਨ ਕੀਤੀ ਹੈ। ਬਾਣੀ ਵਿਚ ਗੁਰੂ ਜੀ ਨੇ ਆਪਣੇ ਆਪ ਨੂੰ ਸ਼ਾਇਰ ਅਤੇ ਢਾਡੀ ਕਿਹਾ ਹੈ। ਸ਼ਾਇਰ ਅਤੇ ਢਾਡੀ ਸ਼ਬਦ ਤੋਂ ਸਪੱਸ਼ਟ ਹੁੰਦਾ ਹੈ ਕਿ ਉਨ੍ਹਾਂ ਨੂੰ ਆਪਣੀ ਰਚਨਾ ਦੇ ਗਾਇਣ ਕੀਤੇ ਜਾਣ ਦਾ ਵੀ ਪੂਰਾ ਗਿਆਨ ਸੀ।

ਨਾਨਕੁ ਸਾਇਰੁ ਏਵ ਕਹਤੁ ਹੈ ਸਚੇ ਪਰਵਦਗਾਰਾ॥
- ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੬੦

ਹਉ ਢਾਢੀ ਵੇਕਾਰੁ ਕਾਰੈ ਲਾਇਆ॥
- ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੫੦

ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤ ਸਦਾਇਦੇ॥
- ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੬੮

ਗੁਰੂ ਜੀ ਨੇ ਸੰਗੀਤ ਨੂੰ ਉੱਤਮ ਮੰਨਦਿਆਂ ਹੋਇਆਂ ਸ੍ਰੀ ਰਾਗ ਨੂੰ ਸ੍ਰੇਸ਼ਠ ਰਾਗ ਮੰਨਿਆ ਹੈ।

ਰਾਗਾ ਵਿਚ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ॥
- ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੩

ਉਨ੍ਹਾਂ ਦੀ ਬਾਣੀ ਵਿਚੋਂ ਸੰਗੀਤਕ ਵਰਤਾਰਿਆਂ ਦੀ ਝਲਕ ਦ੍ਰਿਸ਼ਟੀਗੋਚਰ ਹੁੰਦੀ ਹੈ।

ਵਾਜਾ ਮਤਿ ਪਖਾਵਜੁ ਭਾਉ॥
ਹੋਇ ਅਨੰਦ ਸਦਾ ਮਨਿ ਚਾਉ॥
ਏਹਾ ਭਗਤਿ ਏਹੋ ਤਪ ਤਾਉ॥
ਇਤੁ ਰੰਗਿ ਨਾਚਹੁ ਰਖਿ ਰਖਿ ਪਾਉ॥
-ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੫੦

ਗੁਰੂ ਜੀ ਨੇ ਆਮ ਤੌਰ ਤੇ ਗੰਭੀਰ, ਸ਼ਾਂਤ ਤੇ ਕਰੁਣ ਭਾਵਾਂ ਲਈ ਸਿਰੀ ਰਾਗ, ਗਉੜੀ, ਰਾਮਕਲੀ, ਭੈਰਵ ਆਦਿ ਰਾਗ ਵਰਤੇ ਹਨ। ਖ਼ੁਸ਼ੀ ਦੇ ਭਾਵਾਂ ਲਈ ਬਿਲਾਵਲ, ਸੂਹੀ, ਬਿਹਾਗੜਾ ਆਦਿ ਦਾ ਪ੍ਰਯੋਗ ਕੀਤਾ ਹੈ। ਧਾਰਮਿਕ ਭਗਤੀ ਭਾਵਾਂ ਨੂੰ ਗੂਜਰੀ, ਧਨਾਸਰੀ, ਸੋਰਠ ਆਦਿ ਰਾਗ ਪ੍ਰਯੁਕਤ ਹੋਏ ਹਨ। ਉਤਸ਼ਾਹ ਵਾਲੇ ਭਾਵਾਂ ਲਈ ਮਾਝ, ਆਸਾ, ਅਤੇ ਪ੍ਰਭਾਤੀ ਰਾਗਾਂ ਦੀ ਵਰਤੋਂ ਕੀਤੀ ਗਈ ਹੈ। ਗੁਰੂ ਨਾਨਕ ਦੇਵ ਜੀ ਨੇ ਜਿਥੇ ਪਰੰਪਰਕ ਸੰਗੀਤ ਪਰੰਪਰਾ ਨੂੰ ਕਾਇਮ ਰੱਖਿਆ ਹੈ ਉਥੇ ਲੋਕ ਕਾਵਿ-ਰੂਪਾਂ ਅਤੇ ਪ੍ਰਚਲਿਤ ਕਾਵਿ-ਰੂਪਾਂ ਦੇ ਮਿਸ਼ਰਨ ਨਾਲ ਕੁਝ ਨਿਵੇਕਲੇ ਸੰਗੀਤਕ ਸਿਧਾਂਤਾਂ ਦੀ ਸਿਰਜਣਾ ਕੀਤੀ ਹੈ। ਸਿੱਟੇ ਵਜੋਂ ਆਪ ਮਹਾਨ ਸੰਗੀਤਕਾਰ ਸਿੱਧ ਹੁੰਦੇ ਹਨ।

***

## ਬਾਬਾ ਦੀਪ ਸਿੰਘ ਜੀ ਸ਼ਹੀਦ

ਯਾਕੂਬ ਖਾਂ ਅਤੇ ਬਾਬਾ ਜੀ ਵਿਚਕਾਰ ਫਸਵੀਂ ਟੱਕਰ ਹੋਈ। ਬਾਬਾ ਜੀ ਦੇ ਵਾਰ ਨਾਲ ਯਕੂਬ ਖਾਂ ਢੇਰੀ ਹੋ ਗਿਆ। ਤਦ ਅਸਮਾਨ ਖਾਂ ਜੰਗ ਦੇ ਮੈਦਾਨ ਵਿਚ ਆ ਗਿਆ। ਬਾਬਾ ਜੀ ਦੀ ਉਸ ਨਾਲ ਆਹਮੋ ਸਾਹਮਣੇ ਦੀ ਟੱਕਰ ਹੋ ਗਈ। ਹਿਕ ਸਾਂਝੇ ਵਾਰ ਵਿਚ ਅਸਮਾਨ ਖਾਂ ਮਾਰਿਆ ਗਿਆ। ਬਾਬਾ ਜੀ ਦੀ ਗਰਦਨ ਤੇ ਡੂੰਘਾ ਫੱਟ ਲੱਗਾ। ਉਨ੍ਹਾਂ ਦੀ ਗਰਦਨ ਲਗਭਗ ਵੱਖ ਹੋਣ ਤੇ ਸੀ। ਬਾਬਾ ਜੀ ਨੇ ਖੱਬੇ ਹੱਥ ਦੀ ਟੇਕ ਨਾਲ ਸੀਸ ਨੂੰ ਸੰਭਾਲਿਆ ਅਤੇ ਸੱਜੇ ਹੱਥ ਨਾਲ ਖੰਡਾ ਖੜਕਾਉਂਦੇ ਲੜਦੇ ਗਏ ਦੁਸ਼ਮਣਾਂ ਦੇ ਆਹੂ ਲਾਹੁੰਦੇ ਗਏ। ਸੱਚਖੰਡ ਹਰਿਮੰਦਰ ਸਾਹਿਬ ਜੀ ਦੀ ਪਰਿਕਰਮਾ ਤੱਕ ਜਾ ਪਹੁੰਚੇ। ਬਾਬਾ ਜੀ 13 ਨਵੰਬਰ 1757 ਨੂੰ ਸੱਚਖੰਡ ਹਰਿਮੰਦਰ ਸਾਹਿਬ ਜੀ ਦੀ ਪਰਿਕਰਮਾ ਵਿਚ ਸ਼ਹੀਦੀ ਪਾ ਗਏ। ਬਾਬਾ ਜੀ ਇਕ ਸੰਜਮੀ ਯੋਧੇ ਸਨ। ਦੁਸ਼ਮਣ ਉਨ੍ਹਾਂ ਦੀ ਬਹਾਦਰੀ ਤੋਂ ਥਰ ਥਰ ਕੰਬਦੇ ਸਨ। ਉਨ੍ਹਾਂ ਨੂੰ ਆਪਣੀ ਦਾ ਹੰਕਾਰ ਨਹੀਂ ਸੀ। ਉਹ ਆਪਣੇ ਸਾਥੀ ਸਿੰਘਾਂ ਨਾਲ ਹਰਿਮੰਦਰ ਸਾਹਿਬ ਜੀ ਦੀ ਮਰਯਾਦਾ ਨੂੰ ਬਹਾਲ ਰੱਖਣ ਲਈ ਸ਼ਹੀਦ ਹੋਏ। ਉਹ ਬਹਾਦਰ ਅਤੇ ਦਲੇਰ ਸ਼ਹੀਦ ਵਜੋਂ ਯਾਦ ਕੀਤੇ ਜਾਂਦੇ ਹਨ। ਉਨ੍ਹਾਂ ਨੇ ਕੌਮ ਨੂੰ ਜ਼ੁਲਮ ਦੇ ਵਿਰੁਧ ਲੜਦੇ ਰਹਿਣ ਲਈ ਉਤਸ਼ਾਹਤ ਕੀਤਾ। ਉਸ ਦੀ ਯਾਦ ਵਿਚ ਹਰਿਮੰਦਰ ਸਾਹਿਬ ਜੀ ਦੀ ਪਰਿਕਰਮਾ ਵਾਲੀ ਛੱਤ ਤੇ ਜਿੱਥੇ ਉਨ੍ਹਾਂ ਨੇ ਆਪਣਾ ਸੀਸ ਭੇਂਟ ਕੀਤਾ, ਗੁਰਦੁਆਰਾ ਹੈ। ਦੂਜਾ ਸ਼ਹੀਦਗੰਜ ਬਾਬਾ ਦੀਪ ਸਿੰਘ ਸ਼ਹੀਦ ਗੁਰਦੁਆਰਾ ਰਾਮਸਰ ਦੇ ਨੇੜ ਜਿੱਥੇ ਦੇਹ ਸਸਕਾਰ ਹੋਇਆ ਸੁਸ਼ੋਭਿਤ ਹੈ। ਬਾਬਾ ਜੀ ਦਾ ਦੋਧਾਰੀ ਖੰਡਾ ਅਕਾਲ ਤਖਤ ਸਾਹਿਬ ਜੀ ਦੇ ਸ਼ਸ਼ਤਰਾਂ ਵਿਚ ਸੰਭਾਲਿਆ ਪਿਆ ਹੈ। ਹਰ ਰੋਜ਼ ਸ਼ਾਮ ਨੂੰ ਸ਼ਸ਼ਤਰਾਂ ਦੇ ਦਰਸ਼ਨ ਬੜੀ ਸ਼ਰਧਾ ਭਾਵਨਾ ਨਾਲ ਸੰਗਤਾਂ ਨੂੰ ਕਰਵਾਏ ਜਾਂਦੇ ਹਨ।

ਅੰਤਿਕਾ : ਹੇ ਭਾਈ, ਜੇ ਤੈਨੂੰ ਪ੍ਰਭੂ ਪ੍ਰੇਮ ਦੀ ਖੇਡ ਖੇਡਣ ਦਾ ਸ਼ੌਕ ਹੈ ਤਾਂ ਆਪਣਾ ਸਿਰ ਤਲੀ ਤੇ ਰੱਖ ਕੇ ਮੇਰੀ ਗਲੀ ਵਿਚ ਆ। ਲੋਕ ਲਾਜ਼ ਨੂੰ ਛੱਡ ਕੇ, ਹਾਉਮੈ ਦੂਰ ਕਰਕੇ ਆ। ਪ੍ਰਭੂ ਪ੍ਰੀਤ ਦੇ ਇਸ ਰਸਤੇ 'ਤੇ ਤਦੇ ਹੀ ਪੈਰ ਧਰਿਆ ਜਾ ਸਕਦਾ ਹੈ, ਜਦੋਂ ਸਿਰ ਭੇਂਟ ਕੀਤਾ ਜਾਵੇ। ਪਰ ਕੋਈ ਝਿਜਕ ਨਾ ਕੀਤੀ ਜਾਵੇ। ਜਦੋਂ ਬਿਨਾਂ ਝਿਜਕ ਦੇ ਲੋਕ ਲਾਜ਼ ਅਤੇ ਹਾਉਮੈ ਛੱਡੀ ਜਾਵੇ।-ਅੰਗ 1412

***

## ਗੁਰਪੁਰਬ ਮੌਕੇ 'ਤੇ ਸਿੱਧੂ ਮੂਸੇਵਾਲਾ ਦਾ ਨਵਾਂ ਗੀਤ

ਪਹਿਲਾਂ ਬਣੀ ਇਕ ਕੱਚੀ ਗੜ੍ਹੀ ਨੂੰ ਮਜ਼ਬੂਤ ਕਿਲ੍ਹੇ ਦਾ ਰੂਪ ਦਿੱਤਾ, ਜੋ ਮਗਰੋਂ ਜਮਰੌਦ ਦੇ ਕਿਲ੍ਹੇ ਦੇ ਨਾਂ ਨਾਲ ਮਸ਼ਹੂਰ ਹੋਇਆ। ਇਸ ਤੋਂ ਇਲਾਵਾ ਇਸ ਇਲਾਕੇ ਵਿਚ ਹਰੀ ਸਿੰਘ ਨੇ ਸੁਰੱਖਿਆ ਦੇ ਮੱਦੇਨਜ਼ਰ ਕਈ ਹੋਰ ਕਿਲ੍ਹੇ ਵੀ ਬਣਵਾਏ, ਜਿਸ ਨਾਲ ਕਾਬਲ ਤੋਂ ਅਫਗਾਨੀਆਂ ਦੀ ਘੁਸਪੈਠ ਬਿਲਕੁਲ ਬੰਦ ਹੋ ਗਈ। ਇਨ੍ਹਾਂ ਕਿਲ੍ਹਿਆਂ ਨੂੰ ਜੰਗ ਦੀ ਤਿਆਰੀ ਸਮਝ ਕੇ ਘਬਰਾਇਆ ਅਫਗਾਨ ਸ਼ਾਸਕ ਮੁਹੰਮਦ ਖਾਨ ਕਿਸੇ ਖਾਸ ਮੌਕੇ ਦੀ ਤਲਾਸ਼ ਵਿਚ ਸੀ। ਅਪ੍ਰੈਲ 1837 ਨੂੰ ਕੰਵਰ ਨੌਨਿਹਾਲ ਸਿੰਘ ਦੀ ਸ਼ਾਦੀ ਵਿਚ ਅੰਗਰੇਜ਼ ਫ਼ੌਜ ਦੇ ਕਮਾਂਡਰ-ਇਨ-ਚੀਫ਼ ਨੂੰ ਖਾਲਸਈ ਫੌਜ ਦੀ ਸ਼ਾਨੋ-ਸ਼ੌਕਤ ਅਤੇ ਤਾਕਤ ਦਿਖਾਉਣ ਦੇ ਮਕਸਦ ਨਾਲ ਮਹਾਰਾਜਾ ਰਣਜੀਤ ਸਿੰਘ ਨੇ ਹਰੀ ਸਿੰਘ ਦੀ ਫ਼ੌਜ ਦਾ ਇਕ ਵੱਡਾ ਹਿੱਸਾ ਲਾਹੌਰ ਮੰਗਵਾ ਲਿਆ। ਉੱਧਰ ਪਿਸ਼ਾਵਰ ਦੇ ਕਿਲ੍ਹੇ ਵਿਚ ਮੌਜੂਦ ਹਰੀ ਸਿੰਘ ਤੇਜ਼ ਬੁਖ਼ਾਰ ਨਾਲ ਬਿਸਤਰੇ 'ਤੇ ਪੈ ਗਿਆ ਅਤੇ ਵੈਦਾਂ ਨੇ ਮੁਕੰਮਲ ਆਰਾਮ ਦਾ ਮਸ਼ਵਰਾ ਦਿੱਤਾ। ਅਜਿਹੇ ਸੁਨਹਿਰੀ ਸਮੇਂ ਨੂੰ ਭਾਂਪਦਿਆਂ 15 ਅਪ੍ਰੈਲ 1837 ਨੂੰ ਮੁਹੰਮਦ ਖਾਨ ਦੀਆਂ ਵੱਡੀਆਂ ਤੋਪਾਂ ਅਤੇ ਹਥਿਆਰਾਂ ਨਾਲ ਲੈਸ 30 ਹਜ਼ਾਰ ਦੇ ਕਰੀਬ ਫ਼ੌਜ ਨੇ ਦੱਰਾ ਖ਼ੈਬਰ ਰਾਹੀਂ ਜਮਰੌਦ ਦੇ ਕਿਲ੍ਹੇ 'ਤੇ ਹੱਲਾ ਬੋਲ ਦਿੱਤਾ।ਸਿੱਖ ਫ਼ੌਜਾਂ ਤੇ ਅਫਗਾਨਾਂ ਵਿਚ ਘਮਸਾਨ ਯੁੱਧ ਸ਼ੁਰੂ ਹੋ ਚੁੱਕਿਆ ਸੀ। ਕਿਲ੍ਹੇਦਾਰ ਮਹਾਂ ਸਿੰਘ ਨੇ ਬੀਬੀ ਹਰਸ਼ਰਨ ਕੌਰ ਹੱਥੀਂ ਹਰੀ ਸਿੰਘ ਨਲੂਆ ਕੋਲ ਮਦਦ ਲਈ ਸੁਨੇਹਾ ਭੇਜਿਆ। ਸੁਨੇਹਾ ਮਿਲਦੇ ਹੀ ਹਰੀ ਸਿੰਘ ਤੇਜ਼ ਬੁਖ਼ਾਰ ਦੀ ਪਰਵਾਹ ਨਾ ਕਰਦਿਆਂ ਆਪਣੇ ਸਾਥੀਆਂ ਨਿਧਾਨ ਸਿੰਘ ਪੰਜਹੱਥਾ ਅਤੇ ਅਮਰ ਸਿੰਘ ਮਜੀਠੀਆ ਨੂੰ ਨਾਲ ਲੈ ਕੇ ਜਮਰੌਦ ਵੱਲ ਕੂਚ ਕਰ ਗਿਆ। ਉਸ ਨੇ ਇਸ ਹਮਲੇ ਦੀ ਸੂਚਨਾ ਮਹਾਰਾਜਾ ਕੋਲ ਭੇਜ ਕੇ ਆਪਣੀ ਫ਼ੌਜ ਵਾਪਸ ਮੰਗਵਾਈ ਪਰ ਰਾਜਾ ਧਿਆਨ ਸਿੰਘ ਨੇ ਕੰਵਰ ਨੌਨਿਹਾਲ ਸਿੰਘ ਦੇ ਵਿਆਹ ਵਿਚ ਰੁੱਝੇ ਮਹਾਰਾਜੇ ਨੂੰ ਇਹ ਸੂਚਨਾ ਸਮੇਂ 'ਤੇ ਨਾ ਦਿੱਤੀ। ਉੱਧਰ ਹਰੀ ਸਿੰਘ ਦੇ ਆਉਣ ਦੀ ਖਬਰ ਮਿਲਦਿਆਂ ਹੀ ਸਿੰਘਾਂ ਦੇ ਜਜ਼ਬੇ ਬੁਲੰਦ ਹੋ ਗਏ ਅਤੇ ਅਫਗਾਨਾਂ ਦੀਆਂ ਚੂਲਾਂ ਹਿੱਲ ਗਈਆਂ। ਹਰੀ ਸਿੰਘ ਨੇ ਆਉਂਦਿਆਂ ਹੀ ਅਫਗਾਨ ਫ਼ੌਜ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਅਤੇ ਉਹ ਮੈਦਾਨ ਛੱਡ ਕੇ ਦੱਰਾ ਖ਼ੈਬਰ ਵੱਲ ਵਾਪਸ ਭੱਜਣ ਲੱਗੇ। ਹਰੀ ਸਿੰਘ ਦੇ ਵਿਰੋਧ ਕਰਨ ਦੇ ਬਾਵਜੂਦ ਵੀ ਨਿਧਾਨ ਸਿੰਘ ਪੰਜਹੱਥਾ ਜੋਸ਼ ਵਿਚ ਆ ਕੇ ਆਪਣੀ ਫੌਜੀ ਟੁਕੜੀ ਸਮੇਤ ਅਫਗਾਨ ਫ਼ੌਜਾਂ ਦਾ ਪਿੱਛਾ ਕਰਦਿਆਂ ਖ਼ੈਬਰ ਦੱਰੇ ਦੇ ਕਾਫੀ ਅੰਦਰ ਤੱਕ ਚਲਿਆ ਗਿਆ, ਜਿਸ ਦੀ ਸਹਾਇਤਾ ਲਈ ਹਰੀ ਸਿੰਘ ਨੂੰ ਵੀ ਉਸ ਦੇ ਪਿੱਛੇ ਜਾਣਾ ਪਿਆ। ਉੱਥੇ ਇਕ ਗੁਫ਼ਾ ਅੰਦਰ ਲੁਕੇ ਹੋਏ ਕੁੱਝ ਗਾਜ਼ੀਆਂ ਨੇ ਨਲੂਏ ਦੀ ਛਾਤੀ ਅਤੇ ਵੱਖੀ ਵਿਚ ਗੋਲੀਆਂ ਦਾਗ ਦਿੱਤੀਆਂ। ਜੰਗ ਦੇ ਅਜਿਹੇ ਸਮੇਂ ਹਰੀ ਸਿੰਘ ਨੇ ਆਪਣੇ ਜ਼ਖ਼ਮੀ ਹੋਣ ਦੀ ਕਿਸੇ ਨੂੰ ਭਿਣਕ ਵੀ ਨਾ ਪੈਣ ਦਿੱਤੀ ਅਤੇ ਅਮਰ ਸਿੰਘ ਮਜੀਠੀਆ ਨੂੰ ਨਿਧਾਨ ਸਿੰਘ ਪੰਜਹੱਥਾ ਦੀ ਮਦਦ ਲਈ ਤੋਰ ਕੇ ਆਪ ਵਾਪਸ ਜਮਰੌਦ ਦੇ ਕਿਲ੍ਹੇ ਵਿਚ ਆ ਗਿਆ। ਉਸ ਦੇ ਜ਼ਖ਼ਮਾਂ ਦੀ ਹਾਲਤ ਵੇਖ ਕੇ ਸਭ ਘਬਰਾ ਗਏ। ਇਲਾਜ ਹੋਇਆ ਪਰ ਲਹੂ ਬਹੁਤ ਵਗਣ ਕਾਰਨ ਹਾਲਤ ਬੇਹੱਦ ਗੰਭੀਰ ਹੋ ਗਈ। ਉੱਧਰ ਸਿੱਖ ਫ਼ੌਜਾਂ ਅਫਗਾਨਾਂ ਨੂੰ ਹਰਾ ਕੇ ਉਨ੍ਹਾਂ ਦਾ ਬਹੁਤ ਸਾਰਾ ਜੰਗੀ ਸਾਮਾਨ ਆਪਣੇ ਕਬਜ਼ੇ ਵਿਚ ਲੈ ਕੇ ਵਾਪਸ ਜਮਰੌਦ ਦਾਖਲ ਹੋ ਗਈਆਂ। ਬੁਰੀ ਤਰ੍ਹਾਂ ਜ਼ਖ਼ਮੀ ਹਰੀ ਸਿੰਘ ਨਿਢਾਲ ਪਿਆ ਸੀ। ਅਫਗਾਨੀ ਫ਼ੌਜਾਂ ਦੇ ਮੁੜ ਹਮਲੇ ਦੇ ਖ਼ਤਰੇ ਕਾਰਨ ਲਾਹੌਰ ਤੋਂ ਖਾਲਸਾ ਫੌਜ ਆਉਣ ਤੱਕ ਹਰੀ ਸਿੰਘ ਨੇ ਆਪਣੇ ਜ਼ਖ਼ਮੀ ਹੋਣ ਦੀ ਖਬਰ ਕਿਲ੍ਹੇ ਤੋਂ ਬਾਹਰ ਨਾ ਨਿਕਲਣ ਦਿੱਤੀ। ਅਖੀਰ ਖਾਲਸਾ ਫੌਜਾਂ ਤਾਂ ਪਹੁੰਚ ਗਈਆਂ ਪਰ ਖਾਲਸਾ ਫੌਜ ਦਾ ਮਹਾਨ ਯੋਧਾ 30 ਅਪ੍ਰੈਲ 1837 ਨੂੰ ਸਦਾ ਲਈ ਅੱਖਾਂ ਮੀਚ ਗਿਆ। ਮਹਾਰਾਜਾ ਰਣਜੀਤ ਸਿੰਘ ਲਈ ਇਹ ਖਬਰ ਅਸਹਿ ਸੀ। ਉਨ੍ਹਾਂ ਦੇ ਕਹਿਣ ਮੁਤਾਬਕ ਖਾਲਸਾ ਰਾਜ ਦਾ ਇਕ ਵੱਡਾ ਬੁਰਜ ਗਿਰ ਗਿਆ ਸੀ।

ਕੁੱਝ ਸਾਲ ਪਹਿਲਾਂ ਆਸਟ੍ਰੇਲੀਆ ਦੇ ਬਿਲੀਅਨਇਰਜ਼ ਮੈਗਜ਼ਿਨ ਵੱਲੋਂ ਵਿਸ਼ਵ ਇਤਿਹਾਸ ਦੇ 10 ਮਹਾਨ ਜੇਤੂ ਜਰਨੈਲਾਂ ਦੀ ਜਾਰੀ ਸੂਚੀ ਵਿਚ ਹਰੀ ਸਿੰਘ ਨਲੂਏ ਨੂੰ ਪਹਿਲੇ ਸਥਾਨ 'ਤੇ ਰੱਖਿਆ ਗਿਆ।

***

## ਆਪ ਸਰਕਾਰ ਵਲੋਂ ਲੱਖਾ ਸਿਧਾਣਾ...

ਵਿਅਕਤੀਆਂ ਨੂੰ ਨਾਲ ਲੈ ਕੇ ਟੋਲ ਪਲਾਜ਼ਾ 'ਤੇ ਲੱਗੇ ਧਰਨੇ ਵਿਚ ਪੰਜਾਬ ਸਰਕਾਰ ਵੱਲੋਂ ਪੰਜਾਬੀ ਭਾਸ਼ਾ ਨਾਲ ਕੀਤੇ ਵਿਤਕਰੇ ਬਾਰੇ ਬੋਲਿਆ ਅਤੇ ਫਿਰ ਟੋਲ ਪਲਾਜ਼ਾ 'ਤੇ ਲੱਗੇ ਅੰਗਰੇਜ਼ੀ ਵਾਲੇ ਸਾਈਨ ਬੋਰਡਾਂ ਉੱਪਰ ਕਾਲਾ ਰੰਗ ਕਰਕੇ ਉਨ੍ਹਾਂ ਨੂੰ ਖਰਾਬ ਕਰ ਦਿੱਤਾ। ਇਸ ਬਿਆਨ ਦੇ ਆਧਾਰ 'ਤੇ ਪੁਲਿਸ ਥਾਣਾ ਸ਼ਹਿਣਾ ਵਿਖੇ ਲੱਖਾ ਸਿਧਾਣਾ, ਭਾਨਾ ਸਿੱਧੂ ਤੇ ਉਨ੍ਹਾਂ ਦੇ 10/12 ਹੋਰ ਅਣਪਛਾਤੇ ਸਾਥੀਆਂ ਖ਼ਿਲਾਫ਼ ਅਧੀਨ ਜੁਰਮ ਤਹਿਤ ਕੇਸ ਦਰਜ ਕੀਤਾ ਗਿਆ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਕਤ ਕੇਸ ਵਿਚ ਅਜੇ ਤੱਕ ਕੋਈ ਗ੍ਰਿਫ਼ਤਾਰੀ ਨਹੀਂ ਹੋਈ ਹੈ। ਵਰਣਨਯੋਗ ਹੈ ਕਿ ਲੱਖਾ ਸਿਧਾਣਾ ਖ਼ਿਲਾਫ਼ ਤਰਨਤਾਰਨ ਦੇ ਥਾਣਾ ਹਰੀਕੇ ਵਿਖੇ ਐੱਫ. ਆਈ. ਆਰ. ਨੰਬਰ-75 ਮਿਤੀ-2 ਸਤੰਬਰ 2022 ਨੂੰ ਅਸਲਾ ਐਕਟ ਤੇ ਐੱਨ.ਡੀ.ਪੀ.ਐੱਸ. ਐਕਟ ਦੀ ਧਾਰਾ ਤਹਿਤ ਦਰਜ ਕੀਤਾ ਗਿਆ ਸੀ।

ਇਸ ਕੇਸ ਵਿਚੋਂ ਲੱਖਾ ਸਿਧਾਣਾ ਨੂੰ, ਉਨ੍ਹਾਂ ਦੇ ਸਮਰਥਕਾਂ ਵੱਲੋਂ ਪ੍ਰਗਟਾਏ ਤਿੱਖੇ ਵਿਰੋਧ ਤੋਂ ਬਾਅਦ 8 ਅਕਤੂਬਰ 2022 ਨੂੰ ਰਿਪੋਰਟ ਨੰਬਰ 18 ਰਾਹੀਂ ਬੇਗੁਨਾਹ ਕਰਾਰ ਦੇ ਦਿੱਤਾ ਗਿਆ ਸੀ। ਇਹ ਕੇਸ ਦਰਜ ਹੋਣ 'ਤੇ ਵਿਰੋਧ ਤੋਂ ਬਾਅਦ ਖਾਰਿਜ ਕਰ ਦੇਣ ਕਾਰਣ 'ਆਪ' ਸਰਕਾਰ ਦੀ ਭਾਰੀ ਬਦਨਾਮੀ ਹੋਈ ਸੀ। ਹੁਣ ਬਰਨਾਲਾ ਪੁਲਿਸ ਨੇ ਵੀ 'ਆਪ' ਸਰਕਾਰ ਨੂੰ ਇਕ ਉਲਾਂਭਾ ਖੱਟ ਕੇ ਦੇ ਦਿੱਤਾ। ਇਸ ਕੇਸ ਦਾ ਕੀ ਹਸ਼ਰ ਹੋਵੇਗਾ, ਇਹ ਆਉਣ ਵਾਲੇ ਦਿਨਾਂ ਵਿਚ ਹੀ ਪਤਾ ਲੱਗੇਗਾ। ਸ਼ਹਿਣਾ ਪੁਲਿਸ ਵੱਲੋਂ ਦਰਜ ਇਸ ਕੇਸ 'ਚ ਵੀ ਹੈਰਾਨ ਕਰਨ ਵਾਲੇ ਤੱਥ ਉੱਭਰ ਕੇ ਸਾਹਮਣੇ ਆਏ ਹਨ। ਟੋਲ ਪਲਾਜ਼ਾ 'ਤੇ ਚੱਲ ਰਹੇ ਧਰਨੇ ਨੇੜੇ ਹਮੇਸ਼ਾ ਅਹਿਤਿਆਤਨ ਤਾਇਨਾਤ ਪੁਲਿਸ ਨੂੰ 2 ਨਵੰਬਰ ਨੂੰ ਵਾਪਰੀ ਘਟਨਾ ਬਾਰੇ 2 ਦਿਨ ਬਾਅਦ, ਉਹ ਵੀ ਮੁਖਬਰ ਦੀ ਇਤਲਾਹ ਤੋਂ ਬਾਅਦ ਹੀ ਪਤਾ ਲੱਗਿਆ। ਜਦ ਕਿ ਅੰਗਰੇਜ਼ੀ ਬੋਰਡ ਲਗਾਉਣ ਵਾਲਿਆਂ ਉਪਰ ਭਾਸ਼ਾ ਐਕਟ ਅਧੀਨ ਮਾਮਲਾ ਦਰਜ ਹੋਣਾ ਚਾਹੀਦਾ ਹੈ।

## ਤੁਸੀਂ ਕੌਣ ਹੋ ?

ਇਨ੍ਹਾਂ ਅਸੱਭਿਆ ਜੰਗਲੀ ਲੋਕਾਂ ਤੋਂ ?

ਜੰਗਲ 'ਚ ਰਹਿਣ ਵਾਲੇ ਹਨ। ਪਰ ਅਸੱਭਿਆ ਦਾ ਭਾਵ ਮੈਂ ਨਹੀਂ ਸਮਝੀ। ਮੈਨੂੰ ਤਾਂ ਇਹ ਬਹੁਤ ਭੋਲੇ-ਭਾਲੇ, ਬੱਚਿਆਂ ਵਰਗੇ ਲਗਦੇ ਹਨ।

ਕੁਝ-ਕੁਝ ਇਸ ਤਰ੍ਹਾਂ ਵੀ ਸਮਝ 'ਚ ਆਇਆ ਕਿ ਇਸ ਦਾ ਪਤੀ ਕੁਝ ਮਹੀਨੇ ਜਾਂ ਵਰ੍ਹੇ ਪਹਿਲਾਂ ਮਲੇਰੀਏ ਨਾਲ ਮਰ ਗਿਆ ਸੀ। ਉਸ ਤੋਂ ਬਾਅਦ ਨਾ ਹੀ ਇਨ੍ਹਾਂ ਇੱਥੋਂ ਜਾਣਾ ਚਾਹਿਆ, ਨਾ ਇਨ੍ਹਾਂ ਟੋਟੋ ਲੋਕਾਂ ਨੇ ਜਾਣ ਦਿੱਤਾ ਅਤੇ ਇਹ ਛੋਟੀ ਕੁੜੀ ਉਸ ਦੀ ਭੈਣ ਹੈ ਜਾਂ ਧੀ ? ਇਸ ਬਾਰੇ ਮੈਂ ਪੂਰੀ ਤਰ੍ਹਾਂ ਜਾਣ ਨਹੀਂ ਸਕਿਆ। ਸਿਰਫ਼ ਇੰਨਾ ਹੀ ਜਾਣ ਸਕਿਆ ਕਿ ਇਹ ਨੇੜੇ ਦੇ ਕਿਸੇ ਖਾਸੀ ਕਬੀਲ ਤੋਂ ਹਨ।

ਮੈਂ ਇਨ੍ਹਾਂ ਕੋਲ ਤਕਰੀਬਨ ਇੱਕ ਹਫ਼ਤਾ ਰਹਿੰਦਾ ਹਾਂ। ਇਸ ਇੱਕ ਹਫ਼ਤੇ ਵਿੱਚ ਇਨ੍ਹਾਂ ਟੋਟੋ ਲੋਕਾਂ ਨਾਲ ਮਿਲਦਿਆਂ-ਜੁਲਦਿਆਂ ਮੈਂ ਇਨ੍ਹਾਂ ਦੀਆਂ ਖੇਡਾਂ, ਆਦਮੀ, ਤੀਵੀਆਂ, ਕੁੜੀਆਂ ਦਾ ਰਾਤੀਂ ਸ਼ਰਾਬ ਪੀ ਕੇ ਨੱਚਣਾ-ਗਾਉਣਾ, ਖਾਣ-ਪੀਣ ਅਤੇ ਛੋਟੇ-ਮੋਟੇ ਸ਼ਿਕਾਰ ਆਦਿ ਦੀਆਂ ਸਰਗਰਮੀਆਂ ਚ ਹਿੱਸਾ ਲੈਂਦਾ ਰਹਿੰਦਾ ਹਾਂ। ਦੋਵੇਂ ਮਾਵਾਂ-ਧੀਆਂ ਜਾਂ ਭੈਣਾਂ, ਮੈਨੂੰ ਆਪਣਾ ਮਹਿਮਾਨ ਸਮਝ ਕੇ ਪੂਰੀ ਤਰ੍ਹਾਂ ਸੇਵਾ ਕਰਦੀਆਂ ਹਨ। ਹੁਣ ਵਕਤ ਵੀ ਕੁਝ ਸਾਜ਼ਗਾਰ ਹੋ ਗਏ ਹੋਣਗੇ। ਜਾਣ ਤੋਂ ਪਹਿਲਾਂ ਮੈਂ ਇਹੀ ਸੋਚਦਾ ਹਾਂ ਕਿ ਇਸ ਸੁਨੰਦਾ ਦੇ ਉਸ ਸ਼ਬੀਰ ਮੋਂਡਲ ਨਾਲ ਕੁਝ ਵੱਖਰੀ ਤਰ੍ਹਾਂ ਦੇ ਡੂੰਘੇ ਸਬੰਧ ਹੋਣਗੇ ਜੋ ਇਹ ਇਸਤਰੀ ਮੇਰੀ ਯਾਨੀ ਸ਼ਬੀਰ ਮੋਂਡਲ ਦੇ ਮਿੱਤਰ ਦੀ ਐਨੀ ਖਾਤਰਦਾਰੀ ਕਰਦੀ ਰਹੀ ਹੈ।

ਵਿਦਾ ਲੈਣ ਲੱਗਿਆਂ ਗੱਲਾਂ ਹੀ ਗੱਲਾਂ 'ਚ ਮੈਂ ਸ਼ਬੀਰ ਮੋਂਡਲ ਦਾ ਨਾਂ ਲੈਂਦਾ ਹਾਂ ਤਾਂ ਉਹ ਹੱਸਦਿਆਂ ਹੋਇਆਂ ਕਹਿੰਦੀ ਏ ਕਿ ਉਹ ਸ਼ਬੀਰ ਮੋਂਡਲ ਨਾਂ ਦੇ ਕਿਸੇ ਵਿਅਕਤੀ ਨੂੰ ਨਹੀਂ ਜਾਣਦੀ।

ਨਹੀਂ ਜਾਣਦੇ ? ਉਸ ਨੇ ਤਾਂ ਮੈਨੂੰ ਤੁਹਾਡੇ ਨਾਂ ਉਹ ਪੱਤਰ ਦਿੱਤਾ ਸੀ। ਮੈਂ ਸੁਨੰਦਾ ਵੀ ਨਹੀਂ ਹਾਂ। ਉਸ ਨੂੰ ਇੱਥੋਂ ਗਿਆਂ ਇੱਕ ਸਾਲ ਹੋ ਗਿਆ ਹੈ।

ਮੈਂ ਕੁਝ ਦੇਰ ਹੈਰਾਨ ਜਿਹਾ ਖੜ੍ਹਾ ਸੋਚਦਾ ਰਹਿੰਦਾ ਹਾਂ। ਫੇਰ ਪੁੱਛਦਾ ਹਾਂ, ਜੇ ਤੁਸੀਂ ਸ਼ਬੀਰ ਮੋਂਡਲ ਨੂੰ ਨਹੀਂ ਜਾਣਦੀ, ਤੁਸੀਂ ਸੁਨੰਦਾ ਵੀ ਨਹੀਂ, ਮੈਨੂੰ ਵੀ ਨਹੀਂ ਜਾਣਦੇ ? ਅਤੇ ਮੈਨੂੰ ਪੁੱਛਿਆ ਵੀ ਨਹੀਂ ਕਿ ਮੈਂ ਕੌਣ ਹਾਂ ?

ਮੈਂ ਇਹ ਪੁੱਛਣ ਦੀ ਲੋੜ ਮਹਿਸੂਸ ਨਹੀਂ ਕੀਤੀ। ਉਸ ਨੇ ਮੁਸਕਰਾਉਂਦਿਆਂ ਆਖਿਆ।

ਆਪਣਾ ਹੈਂਡ ਬੈਗ ਫੜੀ ਨਦੀ ਪਾਰ ਕਰਦਿਆਂ ਸੋਚਦਾ ਜਾ ਰਿਹਾ ਹਾਂ ਕਿ ਉਸ ਦੇ ਇਸ ਉੱਤਰ 'ਚ ਕਿੰਨੇ ਹੀ ਉੱਤਰ ਅਤੇ ਹੋਰ ਕਿੰਨਾ ਕੁਝ ਲੁਕਿਆ ਪਿਆ ਹੈ, ਅਤੇ ਕਿੰਨਾ ਅੰਤਰ ਹੈ ਸਾਡੇ ਸ਼ਹਿਰੀ ਸੱਭਿਅਕ ਲੋਕਾਂ ਅਤੇ ਇਨ੍ਹਾਂ ਅਖੌਤੀ ਅਸੱਭਿਆ ਲੋਕਾਂ 'ਚ...।

***

## 2024 ਦੀਆਂ ਚੋਣਾਂ ਲਈ...

ਕਿ ਇਕ ਕਮਜ਼ੋਰ ਵਿਰੋਧੀ ਧਿਰ ਲੋਕਤੰਤਰ ਨੂੰ ਵੀ ਕਮਜ਼ੋਰ ਕਰ ਦਿੰਦੀ ਹੈ।ਬਹੁਤ ਸਾਰੇ ਲੋਕ ਖੁਸ਼ ਸਨ ਕਿ ਬਿਹਾਰ ਵਿਚ ਨਿਤੀਸ਼ ਕੁਮਾਰ ਨੇ ਐਨਡੀਏ ਦੀ ਕਿਸ਼ਤੀ ਡੁਬੋ ਦਿੱਤੀ ਹੈ।2017 ਵਿਚ ਭਾਰਤ ਦੀ ਉੱਚ ਅਦਾਲਤ ਨੇ ਰਾਜਨੇਤਾਵਾਂ ਨੂੰ ਧਰਮ, ਜਾਤ ਅਤੇ ਭਾਸ਼ਾ ਦੇ ਅਧਾਰ ਤੇ ਵੋਟ ਮੰਗਣ ਉੱਪਰ ਪਾਬੰਦੀ ਆਇਤ ਕੀਤੀ ਸੀ। ਜੇਕਰ ਇਸ ਨੂੰ ਵਿਵਹਾਰ ਵਿਚ ਲਿਆਂਦਾ ਜਾਂਦਾ ਹੈ ਤਾਂ ਇਸ ਦੇ ਭਾਰਤੀ ਰਾਜਨੀਤੀ ਲਈ ਦੂਰਗਾਮੀ ਸਿੱਟੇ ਨਿਕਲਣਗੇ। ਅਜ਼ਾਦੀ ਦੇ ਸਮੇਂ ਭਾਰਤੀ ਰਾਜਨੀਤੀ ਦਾ ਦਖਲ ਲਗਭਗ ਨਾ ਦੇ ਬਰਾਬਰ ਸੀ। ਸੁਪਰੀਮ ਕੋਰਟ ਨੇ ਇਹ ਵੀ ਕਿਹਾ ਹੈ ਕਿ ਭਾਰਤੀ ਸੰਵਿਧਾਨ ਆਪਣੇ ਧਰਮ ਨੂੰ ਮੰਨਣ ਦੀ ਖੁੱਲ ਦਿੰਦਾ ਹੈ, ਪਰ ਧਰਮ ਨਿਰਪੱਖ ਗਤੀਵਿਧੀਆਂ ਵਿਚ ਵੀ ਧਰਮ ਦੇ ਦਖਲ ਉੱਪਰ ਪਾਬੰਦੀ ਵੀ ਆਇਤ ਕਰ ਸਕਦਾ ਹੈ। ਇਹ ਜਾਣਨਾ ਬੜਾ ਹੀ ਦਿਲਚਸਪ ਹੈ ਕਿ ਸੰਪ੍ਰਦਾਇਕ ਰਾਜਨੀਤੀ ਨੇ ਚਾਲੀ ਸਾਲਾਂ ਬਾਅਦ ਆਪਣੇ ਪੈਰ ਮਜਬੂਤ ਕੀਤੇ। 1980ਵਿਆਂ ਵਿਚ ਹਿੰਦੂ ਸੰਪ੍ਰਦਾਇਕ ਜੱਥੇਬੰਦੀਆਂ ਦੀ ਗਿਣਤੀ ਵਿਚ ਵਾਧਾ ਹੋਇਆ ਅਤੇ ਰਸਸ ਦੀ ਅਗਵਾਈ ਹੇਠ ਮਿਲੀਟੈਂਟ ਗਤੀਵਿਧੀਆਂ ਨੂੰ ਉਭਾਰ ਮਿਲਿਆ। ਰਸਮਾਂ ਅਤੇ ਤਿਉਹਾਰਾਂ ਨੇ ਸਾਡੇ ਸਮਾਜ ਵਿਚ ਮਹੱਤਵਪੂਰਨ ਸਥਾਨ ਪ੍ਰਾਪਤ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਕਰਕੇ ਹਿੰਦੂ ਧਾਰਮਿਕ ਭਾਈਚਾਰੇ ਅਤੇ ਇਸ ਦੇ ਦੂਜਿਆਂ ਨਾਲ ਸੰਬੰਧਾਂ ਵਿਚ ਕਾਫੀ ਬਦਲਾਅ ਆਏ ਹਨ।

ਇਸ ਤਰ੍ਹਾਂ ਭਾਰਤੀਪਣ ਦਿਖਾਉਣ ਦੇ ਦੋ ਰੂਪ ਸਾਹਮਣੇ ਆਉਂਦੇ ਹਨ : ਇਕ ਪ੍ਰਤੱਖ ਹਿੰਦੂਤਵ ਦਾ ਸੰਕਲਪ ਹੈ ਅਤੇ ਦੂਜਾ ਧਰਮ ਨਿਰਪੱਖ ਵਿਚਾਰਧਾਰਾ ਉੱਪਰ ਅਧਾਰਿਤ ਪ੍ਰਾਚੀਨ ਭਾਰਤ ਦੀ ਸੰਸਕ੍ਰਿਤੀ ਦਾ। ਪਰ ਇਹ ਦੋਵੇਂ ਸੰਕਲਪ ਹੀ ਭਾਰਤੀਪਣ ਨੂੰ ਹਿੰਦੂ ਸੱਭਿਅਤਾ ਨਾਲ ਜੋੜਦੇ ਹਨ। ਇਸ ਤਰ੍ਹਾਂ ਦੇ ਸੰਦਰਭ ਵਿਚ ਰਾਜਨੀਤਿਕ ਪਾਰਟੀਆਂ ਨੂੰ ਧਰਮ ਅਧਾਰਿਤ ਅਤੇ ਧਰਮ ਨਿਰਪੱਖ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ। ਸਵੀਡਨ ਦੇ ਅਰਥ ਸ਼ਾਸਤਰੀ ਗੁਨਾਰ ਮਿਰਡਲ ਨੇ ਆਪਣੀ ਪੁਸਤਕ ਏਸ਼ੀਅਨ ਡਰਾਮਾ ਵਿਚ ਭਾਰਤੀ ਰਾਜ ਨੂੰ 'ਨਰਮ ਰਾਜ' ਕਿਹਾ ਸੀ। ਭਾਰਤੀ ਸੱਤਾ ਨਾ ਸਿਰਫ ਸੰਪ੍ਰਦਾਇਕਤਾ ਪ੍ਰਤੀ ਨਰਮ ਹੈ, ਸਗੋਂ ਇਸ ਨੂੰ ਬੜ੍ਹਾਵਾ ਹੀ ਦਿੱਤਾ ਹੈ ਅਤੇ ਇਸ ਦਾ ਰਾਜਨੀਤਿਕ ਫਾਇਦਾ ਲਿਆ ਹੈ।ਭਾਰਤੀ ਧਰਮ ਅਤੇ ਸਮਾਜ ਦੇ ਲੇਖਕ ਲੁਈ ਦੂਮੋਂਟ ਨੇ ਸਾਧੂਆਂ ਨੂੰ ਭਾਰਤੀ ਰਾਜ ਦੇ ਵਿਕਾਸ ਦੇ ਏਜੰਟ ਕਿਹਾ ਹੈ।ਇਸ ਤਰ੍ਹਾਂ ਦੀਆਂ ਬਦਲਦੀਆਂ ਸਥਿਤੀਆਂ ਵਿਚ ਧਾਰਮਿਕ ਲੋਕਾਂ ਪ੍ਰਤੀ ਨਜ਼ਰੀਆ ਇੰਦਰਾ ਗਾਂਧੀ ਦੇ ਸਮੇਂ ਤੋਂ ਹੀ ਤਬਦੀਲ ਹੋਣਾ ਸ਼ੁਰੂ ਹੋ ਗਿਆ ਸੀ। ਉਸ ਨੇ ਹਿੰਦੂ ਜੱਥੇਬੰਦੀਆਂ ਨੂੰ ਸਰਪ੍ਰਸਤੀ ਦੇ ਕੇ ਹਿੰਦੂ ਕਾਰਡ ਖੇਡਿਆ। ਧਰਮ ਆਧਾਰਿਤ ਰਾਜਨੀਤੀ ਦੇ ਮਜਬੂਤ ਹੋਣ ਤੋਂ ਬਾਅਦ ਭਾਰਤ ਵਿਚ ਧਰਮ ਨਿਰਪੱਖਤਾ ਦੀ ਸਥਿਤੀ ਡਾਵਾਂਡੋਲ ਹੋਣ ਲੱਗੀ। 1962-2014 ਤੱਕ ਦੀਆਂ ਚੋਣਾਂ ਦਾ ਸਰਵੇ ਇਹ ਦੱਸਦਾ ਹੈ ਕਿ ਜਾਤ ਅਤੇ ਧਰਮ ਵੋਟਰ ਨੂੰ ਪ੍ਰਭਾਵਿਤ ਕਰਨ ਵਿਚ ਮਹੱਵਪੂਰਨ ਰੋਲ ਅਦਾ ਕਰਦੇ ਹਨ। ਮੋਦੀ ਸਰਕਾਰ ਦੀ ਪਹਿਲੀ ਟਰਮ ਤੋਂ ਬਾਅਦ ਹੀ ਹਿੰਦੂਵਾਦੀ ਮੁੱਦੇ ਮੁੱਖਧਾਰਾ ਵਿਚ ਆ ਗਏ ਹਨ ਅਤੇ ਸਰਕਾਰ ਨੇ ਹਿੰਦੂਤਵ 2.0 ਦੇ ਪ੍ਰੋਜੈਕਟ ਨੂੰ ਮਜਬੂਤੀ ਪ੍ਰਦਾਨ ਕੀਤੀ ਹੈ।

***

## ਪੰਜਾਬੀ ਦਾ ਇਸਤਰੀ ਕਾਵਿ...

ਲਾਮ ਲੱਜਿਆ ਛੱਡ ਨਿਰਲੱਜ ਹੋਏ,
ਬਰਨਆਸ਼ਮ ਕਾ ਪਿੰਜਰਾ ਛੋੜ ਕੇ ਜੀ।

ਸਾਰ-ਤੱਤ ਦੇ ਪੱਖੋ ਪੀਰੋ ਦੀ ਕਵਿਤਾ ਨੁਰੰਗੀ ਦੇਵੀ ਨਾਲੋ ਪਰਤੱਖ ਵੱਖਰੀ ਹੈ। ਪੀਰੋ ਨੇ ਆਪਣੇ ਜੀਵਨ ਅੰਦਰ ਮਾਨਸਿਕ, ਬਗਾਵਤੀ ਸੁਭਾਅ ਤੇ ਸੰਤ ਗ਼ੁਲਾਬ ਦਾਸ ਦੀ ਓਟ ਲੈ ਕੇ ਜੀਵਨ 'ਚ ਅਪਮਾਨ ਨੂੰ ਧੋ-ਪੂੰਝ ਕੇ ਸਵੈ-ਮਾਨੀ ਜੀਵਨ ਜੀਵਿਆ। ਪੰਜਾਬੀ ਕਵੀ ਮਹਿਮੂਦ ਆਵਾਨ ਦੇ ਕਥਿਨ ਅਨੁਸਾਰ ਪੀਰੋ ਤੋਂ ਪਹਿਲਾਂ ਦਾ ਦਾਈ ਖ਼ਫਲਖ਼ਾਤੂਨ ਹਿਫ਼ਜਾਨੀ ਬਲੋਚ ਦੀ ਭੈਣ ਜੀ ਵਨਖ਼ਾਤੂਨ ਜਿਨ੍ਹਾਂ ਨੇ ਧਾਰਮਿਕ ਰੰਗ ਦੀਆਂ ਕਵਿਤਾਵਾਂ ਦੀ ਥਾਂ ਪ੍ਰੇਮ ਰੰਗ ਨੂੰ ਪਹਿਲ ਦਿਤੀ। ਇਸ ਤੋਂ ਬਿਨਾਂ ਪੀਰੋ ਤੋਂ ਚਲ ਕੇ ਬਿਲਕੀਸ ਅਖਤਰ ਰਾਣੀ, ਇਮਾਮ ਬੀਬੀ ਤੇ ਜ਼ੀਨਤ ਕਵਿਤਰੀਆਂ ਵੀ ਹੋਈਆਂ ਹਨ (ਮਹਿਮੂਦ ਆਵਾਨ)। ਇਸ ਪਰਾਗੇ ਵਿੱਚੋਂ ਸਭ ਤੋਂ ਮਹੱਤਵਪੂਰਨ ਕਵਿਤਰੀ ਜ਼ੀਨਤ ਸੀ ਜਿਸ ਨੇ ਪਹਿਲੀ ਸੰਸਾਰ ਜੰਗ ਦੌਰਾਨ ਬਸਤੀਵਾਦੀ ਆਦੀ ਭਰਤੀ ਦਾ ਵਿਰੋਧ ਕੀਤਾ ਸੀ।

ਨੁਰੰਗੀ ਤੇ ਪੀਰੋ ਕਵਿਤਰੀਆਂ ਦੇ ਦੌਰ ਤੋਂ ਬਾਅਦ ਹਰਨਾਮ ਕੌਰ ਨਾਭਾ ਦਾ ਸਮਾਂ ਆਉਂਦਾ ਹੈ। ਹਰਨਾਮ ਕੌਰ ਨਾਭਾ ਦੇ ਇਕ ਦਹਾਕੇ ਅੱਗੇ-ਪਿੱਛੇ ਹੋਰ ਕਈ ਸਮਕਾਲੀ ਕਵਿਤਰੀਆਂ ਦਾ ਜ਼ਿਕਰ ਆਉਂਦਾ ਹੈ (ਮਹਿਮੂਦ ਆਵਾਨ)।

ਜਿਨ੍ਹਾਂ ਵਿੱਚ ਬੀਬੀ ਮਖ਼ਫੀ (1872), ਹਾਜਨ ਨੂਰ ਬੇਗਮ, ਕਰਮ ਬੀਬੀ ਅਜੀਜ਼, ਫਜ਼ਲ ਨੂਰ, ਹਾਕਿਮ ਬੀਬੀ ਅਤੇ ਅਜ਼ਾਦੀ ਸੰਗਰਾਮਣ ਸਲਾਮ ਤਸੱਦੁਕ ਹੁਸੈਨ (1908) ਤੇ ਹੋਰ ਕਈ ਕਵਿਤਰੀਆਂ ਵੀ ਸਨ। 19-ਵੀਂ ਸਦੀ ਦੇ ਅੱਧ ਵਿੱਚ ਹੋਰ ਕਈ ਕਵਿਤਰੀਆਂ ਜਿਵੇਂ ਮਾਈ ਭਗਵਾਨ ਕੌਰ, ਜੈ ਦੇਵੀ, ਬੀਬੀ ਰਾਧੀ, ਚੇਤ ਕੌਰ, ਬੀਬੀ ਕਰਮੀ ਦੇਵੀ, ਆਇਸ਼ਾ, ਹਾਜ਼ਿਕਾ ਫਾਤਮਾ ਆਰਫ਼ਾ, ਮਰੀਅਮ ਬੇਗਮ, ਮਾਤਾਜੀਓ (ਜੀਵੀ), ਮਾਤਾ ਜਮਨਾ ਦੇਵੀ, ਸਾਹਿਬ ਦੇਵੀ ਅਰੋੜੀ। ਜਿਨ੍ਹਾਂ ਨੂੰ ਬੀਬੀ ਹਰਨਾਮ ਕੌਰ ਨਾਭਾ (1896-1976) ਤੋਂ ਅੰਮ੍ਰਿਤਾ ਪ੍ਰੀਤਮ ਤੱਕ ਪੰਜਾਬੀ ਅੰਦਰ ਕਾਵਿਕ, ਸਾਹਿਤਕ ਅਤੇ ਸਮਾਜ ਅੰਦਰ ਹੋ ਰਹੇ ਸਮਾਜਿਕ ਤੇ ਆਰਥਿਕ ਪ੍ਰੀਵਰਤਨਾਂ ਦੇ ਪ੍ਰਭਾਵ ਨੇ ਪੰਜਾਬੀ ਕਵਿਤਰੀਆਂ ਨੂੰ ਵੀ ਖੁਲ੍ਹ ਕੇ ਲਿਖਣ ਦੀਆਂ ਸੰਭਾਵਨਾਵਾਂ ਨੂੰ ਪੂਰਾ-ਪੂਰਾ ਮੌਕਾ ਦਿੱਤਾ। ਉਨ੍ਹਾਂ ਦੀਆਂ ਕਵਿਤਾਵਾਂ ਜਾਂ ਤਾਂ ਭਾਵੇਂ ਅਭਿਲਾਸ਼ੀ ਕਿਸਮ ਦੀਆਂ ਸਨ, ਧਾਰਮਿਕ ਤੇ ਇਤਿਹਾਸਕ ਵੰਨਗੀ ਵਾਲੀਆਂ, ਸਭ ਨੇ ਪੰਜਾਬੀ ਸਾਹਿਤ ਦੇ ਪਾਸਾਰ ਤੇ ਪ੍ਰਚਾਰ 'ਚ ਯੋਗਦਾਨ ਪਾਇਆ ਹੈ। ਇਸਤਰੀ ਕਵਿਰਤੀਆਂ ਦੀਆਂ ਰਚਨਾਵਾਂ ਨੇ ਮਰਦ ਪ੍ਰਧਾਨ ਮਾਨਸਿਕਤਾ ਦੇ ਕੜ ਨੂੰ ਤੋੜ ਕੇ, ਇਸਤਰੀ ਕਾਵਿ ਨੂੰ ਮਰਦ-ਪ੍ਰਧਾਨ ਪਰੰਪਰਾ ਅਤੇ ਮਰਦ ਵਿਰੋਧੀ ਨਾਰੀਵਾਦੀ ਸੋਚ ਤੋਂ ਵੀ ਮੁਕਤ ਕਰਾ ਕੇ ਸਮੁੱਚੀ ਕਿਰਤੀ-ਜਮਾਤ ਦੀ ਮੁਕਤੀ ਵਾਲੇ ਕਾਵਿ ਮੰਚ 'ਤੇ ਬੈਠਾ ਦਿੱਤਾ।

ਕਵਿਤਰੀ ਅਰਤਿੰਦਰ ਸੰਧੂ ਨੇ ਆਪਣੇ ਤਿਮਾਹੀ-ਮਾਸਕ ਸਾਹਿਤਕ ਏਕਮ ਦੇ ਮਹੀਨਾ ਅਪ੍ਰੈਲ-ਜੂਨ-2018 ਦੇ ਅੰਕ, 'ਨਾਰੀ ਕਾਵਿ ਵਿਸ਼ੇਸ਼ ਅੰਕ' ਅੰਦਰ 98-ਕਵਿਤਰੀਆਂ ਦੀਆਂ ਪੰਜਾਬੀ ਬੋਲੀ ਅੰਦਰ ਰਚਨਾ ਕਰਨ ਵਾਲੀਆਂ ਕਵਿਤਰੀਆਂ ਸੰਬੰਧੀ ਜਾਣਕਾਰੀ ਉਪਲੱਬਧ ਕਰਵਾਈ ਹੈ। ਪੰਜਾਬ ਦੋ ਕਵਿਤਰੀਆਂ ਪਹਿਲੀ ਅੰਮ੍ਰਿਤਾ -ਪ੍ਰੀਤਮ ਅਤੇ ਦੂਸਰੀ ਪ੍ਰਭਜੋਤ ਕੌਰ ਸੀ, ਜਿਨ੍ਹਾਂ ਦਾ ਸਾਂਝਾ-ਗਾਂਢਾ ਸਥਾਪਤੀ ਨਾਲ ਸੀ, ਚਰਚਿਤ ਲੇਖਕਾਵਾਂ ਸਨ।ਅੱਜ ਦੇ ਪੰਜਾਬ ਦੇ ਸਾਹਿਤਕ ਪਿੜ ਅੰਦਰ ਕਵਿਤਰੀਆਂ ਵੱਜੋਂ ਸ਼ਰਨ ਮੱਕੜ, ਮਨਜੀਤ ਟਿਵਾਣਾ, ਕੁਲਦੀਪ ਕਲਪਨਾ, ਮਹਿੰਦਰ ਕੌਰ ਗਿਲ, ਮਨਜੀਤ ਪਾਲ ਕੌਰ, ਕੁਲਦੀਪ ਗਿਲ ਆਦਿ ਦੇ ਨਾਂ ਵਰਣਨ ਹਨ। ਇਸ ਤੋਂ ਬਿਨਾਂ ਕਈ ਦਰਜਨ ਕਵਿਤਰੀਆਂ ਹਨ ਜਿਨ੍ਹਾਂ ਦੀ ਕਲਮ ਨੇ ਖ਼ੂਬਸੂਰਤ ਕਾਵਿ ਰਚਨਾਵਾਂ ਰਾਹੀਂ ਮਾਂ ਬੋਲੀ ਨੂੰ ਨਿਖਾਰਿਆ ਤੇ ਸਾਹਿਤਕ ਪੱਖੋਂ ਅਮੀਰ ਬਣਾਇਆ।

ਭਾਵੇਂ ਪੰਜਾਬੀ ਸਾਹਿਤ ਅੰਦਰ ਇਸਤਰੀ ਕਵਿਤਰੀਆਂ ਲਈ ਪੰਜਾਬੀ ਕਾਵਿ ਸਾਹਿਤਕ ਦੀ ਚੜ੍ਹਾਈ ਬੜੀ ਮੁਸ਼ਕਲ ਸੀ। ਉਨ੍ਹਾਂ ਨੂੰ ਕਈ ਫਰੰਟਾਂ 'ਤੇ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਸਦੀਆਂ ਤੋਂ ਅਣਗੌਲ਼ੀ ਤੇ ਜਿਨਸੀ ਦਮਨ ਦੀਆਂ ਜੰਜੀਰਾਂ 'ਚ ਬੱਝੀ, ਫਿਰ ਵੀ ਉਸ ਦੀ ਪੇਸ਼ਕਦਮੀ ਇਕ ਸ਼ਲਾਘਾਯੋਗ ਪ੍ਰਾਪਤੀ ਹੈ। ਜਿਉਂ-ਜਿਉਂ ਆਰਥਿਕ ਅਜ਼ਾਦੀ ਲਈ ਉਸ ਦਾ ਦਰਵਾਜਾ ਖੁਲ੍ਹਦਾ ਰਿਹਾ, ਉਹ ਸੁਤੰਤਰ ਭੂਮਿਕਾ ਨਿਭਾਉਂਦੀ ਗਈ।ਅੱਜ ਜਿਸ ਉਚਾਈ 'ਤੇ ਉਹ ਪੁੱਜ ਗਈ ਹੈ ਅਜੇ ਵੀ ਅੱਗੇ ਵੱਧਣ ਲਈ ਉਸ ਦੀ ਸੁਤੰਤਰ ਭੂਮਿਕਾ ਲਈ ਜਮਹੂਰੀ ਰਾਹ ਅਤੇ ਅੰਦੋਲਨ ਜ਼ਰੂਰੀ ਹੈ। ਸਾਹਿਤ ਦਾ ਅਕੀਦਾ ਭਾਵੇਂ ਕਿਸੇ ਵੀ ਸੇਧ ਵਾਲਾ ਹੋਵੇ, ਜਿਹੜਾ ਭੂਤਕਾਲ ਤੋਂ ਸਿਖਣ ਵਾਲਾ, ਵਰਤਮਾਨ ਉਸ ਨੂੰ ਹਾਣੀ ਬਣਾਏ ਅਤੇ ਭਵਿੱਖ ਨੂੰ ਸੁਚੇਤ ਕਰਨ ਵਾਲਾ ਹੋਣਾ ਚਾਹੀਦਾ ਹੈ।

ਜਦੋਂ ਉਸ ਦਾ ਕਾਵਿਕ ਸਾਹਿਤ ਲੋਕਪੱਖੀ, ਜਨ ਸਾਹਿਤ, ਕਿਰਤ ਦੀ ਕਦਰ ਕਰਨ, ਕਿਰਤ ਨੂੰ ਜੋੜਨ ਵਾਲਾ, ਧਰਮ ਨਿਰਪੱਖ ਤੇ ਸ਼ੋਸ਼ਣ ਵਿਰੁੱਧ ਹੋਵੇਗਾ, ਉਹ ਪੰਜਾਬੀ ਕਾਵਿ ਸਾਹਿਤ ਜਨ-ਸਾਹਿਤ ਦਾ ਕੁਦਰਤੀ ਰੁਤਬਾ ਵੀ ਪ੍ਰਾਪਤ ਕਰ ਲਵੇਗਾ।

(ਹਵਾਲਾ: ਪੰਜਾਬੀ ਸਾਹਿਤ ਦੀ ਇਤਿਹਾਸ ਰੇਖਾ, ਪੰਜਾਬੀ ਸਾਹਿਤ ਦਾ ਇਤਿਹਾਸ, ਕਲਮ-ਸਿਆਹੀ)

***

## ਨਵੰਬਰ 1984

ਅਤੇ ਕੁੱਝ ਥਾਵਾਂ 'ਤੇ ਉਹ ਸਫ਼ਲ ਵੀ ਹੋ ਗਏ ਸਨ। ਦਿੱਲੀ ਅਤੇ ਭਾਰਤ ਦੇ ਹੋਰਨਾਂ ਇਲਾਕਿਆਂ ਵਿਚ ਪਸਰਿਆ ਕਤਲ-ਏ-ਆਮ ਫ਼ੌਜ ਦਾ ਕੰਟਰੋਲ ਹੋ ਜਾਣ ਉਪਰੰਤ ਛੇਤੀ ਹੀ ਰੁਕ ਗਿਆ ਸੀ ਅਤੇ ਬਹੁਤ ਸਾਰੇ ਸ਼ਰਨਾਰਥੀ ਕੈਂਪਾਂ ਵਿਚ ਹਿੰਦੂਆਂ ਦੇ ਪਾਰਟੀ-ਮੁਕਤ ਸੂਝਵਾਨ ਭਾਈਚਾਰੇ ਵੱਲੋਂ ਸਿੱਖਾਂ ਪ੍ਰਤੀ ਦਿਖਾਈ ਹਮਦਰਦੀ ਵੀ ਇਹ ਸਾਬਤ ਕਰਨ ਵਿਚ ਸਹਾਈ ਹੁੰਦੀ ਹੈ ਕਿ ਦਿੱਲੀ ਵਿਚ ਯੋਜਨਾਬੱਧ ਢੰਗ ਨਾਲ ਹੋਏ ਕਤਲ-ਏ-ਆਮ ਦੇ ਕਾਰਨ ਧਰਮ ਤੋਂ ਵਧੇਰੇ ਰਾਜਨੀਤਿਕ ਸਨ। ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਭੜਕਾ ਕੇ ਰਾਜਨੀਤਿਕ ਆਗੂ ਆਪਣੀਆਂ ਰੋਟੀਆਂ ਸੇਕ ਕਰ ਰਹੇ ਸਨ, ਨਿਸ਼ਾਨਾ ਕੇਵਲ ਸਿੱਖ ਸਨ। ਲੋਕਾਂ ਨੂੰ ਸਿੱਖਾਂ ਵਿਰੁੱਧ ਭੜਕਾਉਣ ਹਿਤ ਅਫ਼ਵਾਹਾਂ ਦਾ ਬਜ਼ਾਰ ਗਰਮ ਕੀਤਾ ਗਿਆ ਕਿ ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਉਪਰੰਤ ਸਿੱਖ ਮਠਿਆਈਆਂ ਵੰਡ ਰਹੇ ਹਨ, ਭੰਗੜੇ ਪਾ ਰਹੇ ਹਨ, ਇਨ੍ਹਾਂ ਨੇ ਪਾਣੀ ਵਿਚ ਜ਼ਹਿਰ ਘੋਲ ਦਿੱਤਾ ਹੈ, ਪੰਜਾਬ ਤੋਂ ਆਈ ਇਕ ਰੇਲ ਗੱਡੀ ਵਿਚ ਹਿੰਦੂਆਂ ਦੀਆਂ ਲਾਸ਼ਾਂ ਹਨ ਆਦਿ। ਇਸ ਘਟਨਾ-ਕ੍ਰਮ ਨੇ ਸਿੱਖਾਂ ਅਤੇ ਹਿੰਦੂਆਂ ਵਿਚ ਸਦੀਆਂ ਤੋਂ ਚੱਲੇ ਆ ਰਹੇ ਭਾਈਚਾਰੇ ਅਤੇ ਵਿਸਵਾਸ਼ ਵਿਚ ਤਰੇੜ ਪਾ ਦਿੱਤੀ ਸੀ। ਇਨਸਾਨੀਅਤ ਦੇ ਭਾਵ ਪ੍ਰਗਟ ਕਰਨ ਵਾਲਿਆਂ ਨੂੰ ਉਹਨਾਂ ਘਟਨਾਵਾਂ ਦਾ ਹੀ ਵਧੇਰੇ ਦੁੱਖ ਹੋਇਆ ਸੀ ਜਿਨ੍ਹਾਂ ਵਿਚ ਗਵਾਂਢੀਆਂ ਨੇ ਆਪਣੇ ਸਿੱਖ ਭਰਾਵਾਂ ਦੇ ਨਾਂ-ਪਤੇ ਦੱਸੇ ਸਨ।ਨਵੰਬਰ 1984 ਦੌਰਾਨ ਵਾਪਰੀਆਂ ਘਟਨਾਵਾਂ ਨੂੰ ਦੇਖ/ਸੁਣ ਕੇ ਦੇਸ਼-ਵਿਦੇਸ਼ ਵਿਚ ਬੈਠਾ ਹੋਇਆ ਹਰ ਇਕ ਸਿੱਖ ਅਤੇ ਮਾਨਵੀ ਹਿਰਦਾ, ਭਾਵੇਂ ਉਹ ਕਿਸੇ ਵੀ ਰਾਜਨੀਤਿਕ ਪਾਰਟੀ ਜਾਂ ਸੁਸਾਇਟੀ ਨਾਲ ਸੰਬੰਧਿਤ ਸੀ, ਰੋ-ਕੁਰਲਾ ਰਿਹਾ ਸੀ। ਦਿੱਲੀ ਵਿਖੇ ਸਿੱਖਾਂ ਦੀ ਨਸਲਕੁਸ਼ੀ ਦੀ ਸਮੁਚੀ ਕਾਰਵਾਈ ਸਿੱਖਾਂ ਨੂੰ ਦਬਾਉਣ, ਭਜਾਉਣ ਅਤੇ ਨੀਵਾਂ ਦਿਖਾਉਣ ਵਾਲੀ ਸੀ।

ਨਵੰਬਰ 1984 ਦੇ ਕਤਲ-ਏ-ਆਮ ਤੋਂ ਥੋੜ੍ਹੇ ਸਮੇਂ ਪਿਛੋਂ ਹੀ ਸ. ਸੁਰਜੀਤ ਸਿੰਘ ਸੋਖੀ ਦੁਆਰਾ ਤਿਆਰ ਕੀਤਾ ਗਿਆ ਇਹ ਖਰੜਾ ਇਤਿਹਾਸ ਦਾ ਅੰਗ ਬਣ ਗਿਆ ਹੈ। ਚਸ਼ਮਦੀਦ ਗਵਾਹਾਂ ਦੇ ਬਿਆਨਾਂ ਅਤੇ ਵਿਖਿਆਨਾਂ ਦੇ ਆਧਾਰ 'ਤੇ ਤਿਆਰ ਕੀਤਾ ਗਿਆ ਇਹ ਦਸਤਾਵੇਜ਼ ਸਮਕਾਲੀ ਪ੍ਰਸਥਿਤੀਆਂ, ਘਟਨਾਵਾਂ, ਸ਼ਖ਼ਸੀਅਤਾਂ, ਰਾਜਨੀਤਿਕ ਆਗੂਆਂ, ਸਮਾਜ-ਸੇਵੀ ਸੰਸਥਾਵਾਂ, ਪੁਲਿਸ ਅਤੇ ਸਿਵਲ ਪ੍ਰਸ਼ਾਸਨ ਆਦਿ ਸੰਬੰਧੀ ਵਿਸਤਾਰ ਪੂਰਵਕ ਚਾਨਣਾ ਪਾਉਣ ਦੇ ਨਾਲ-ਨਾਲ ਬਦਲੀਆਂ ਪ੍ਰਸਥਿਤੀਆਂ ਦੇ ਸਨਮੁਖ ਆਮ ਲੋਕਾਂ ਦੇ ਮਨ ਵਿਚ ਸਿੱਖਾਂ ਪ੍ਰਤੀ ਪੈਦਾ ਹੋਈਆਂ ਭਾਵਨਾਵਾਂ ਦਾ ਪ੍ਰਗਟਾਵਾ ਕਰਦੀ ਹੈ।

**

## ਪੰਜਾਬ ਨੂੰ ਹਾਕਮਾਂ ਨੇ ਬਣਾਇਆ

ਅੰਤਰਰਾਸ਼ਟਰੀ ਰਿਪੇਰੀਅਨ ਕਾਨੂੰਨ ਤਹਿਤ, ਉਸ ਮਸਲੇ ਨੂੰ ਕੇਂਦਰ ਵਲੋਂ ਉਲਝਾਕੇ ਰੱਖ ਦਿੱਤਾ ਗਿਆ ਹੈ। ਰੇਤ, ਬਜ਼ਰੀ, ਨਸ਼ਾ, ਜ਼ਮੀਨ ਮਾਫੀਏ ਨੇ ਪੰਜਾਬ ਦਾ ਮਾਹੌਲ ਇੰਨਾ ਵਿਗਾੜ ਦਿੱਤਾ ਹੋਇਆ ਹੈ ਕਿ ਪੁਲਿਸ ਪ੍ਰਸ਼ਾਸ਼ਨ, ਹਾਕਮ, ਸਿਆਸੀ ਧਿਰਾਂ ਉਹਨਾ ਅੱਗੇ ਜਿਵੇਂ ਗੋਡੇ ਟੇਕੀ ਬੈਠੀਆਂ ਹਨ। ਗੈਂਗਵਾਰ, ਜੇਲ੍ਹਾਂ 'ਚ ਨਸ਼ੇ ਸੁਪਾਰੀ ਕਤਲ, ਸੜਕਾਂ ਉਤੇ ਗੁੰਡਿਆਂ ਦਾ ਭੈਅ, ਥਾਣਿਆਂ ਵਿਚ ਨਸ਼ੱਈਆਂ, ਚੋਰੀ ਕਰਨ ਵਾਲਿਆਂ ਦੀ ਭਰਮਾਰ ਅਤੇ ਉਪਰੋਂ ਥਾਣਿਆਂ 'ਚ ਪੁਲਿਸ ਨਫ਼ਰੀ ਦੀ ਕਮੀ ਇਸ ਸਥਿਤੀ ਨੂੰ ਸਾਂਭਣ ਲਈ ਅਸਮਰਥ ਜਾਪਦੀ ਹੈ। ਵੱਡੇ-ਵੱਡੇ ਐਲਾਨਾਂ ਤੋਂ ਬਿਨ੍ਹਾਂ ਆਖ਼ਰ, ਹਾਕਮ ਧਿਰਾਂ ਚਾਹੇ ਉਹ ਉਪਰਾਲੇ ਭਾਜਪਾ ਵਾਲੇ ਹਨ ਜਾਂ ਹੇਠਲੇ 'ਆਪ' ਵਾਲੇ, ਜਿਹੜੇ ਇਕੋ ਸਿੱਕੇ ਦੇ ਦੋਵੇਂ ਪਾਸੇ ਹਨ, ਕੀ ਕਰ ਰਹੇ ਹਨ ? ਭੁੱਖ ਮਰੀ ਵਧ ਰਹੀ ਹੈ, ਮਹਿੰਗਾਈ ਵੱਧ ਰਹੀ ਹੈ, ਭ੍ਰਿਸ਼ਟਾਚਾਰ ਕਾਬੂ 'ਚ ਨਹੀਂ, ਪ੍ਰਸਾਸ਼ਨ ਚੁਸਤ-ਫੁਰਤ ਨਹੀਂ, ਸਿਰਫ਼ ਸਮਾਂ ਲੰਘਾਉਣ ਜਿਹਾ ਹੈ, ਤਾਂ ਆਖਰ ਇਹੋ ਜਿਹੀਆਂ ਹਾਲਤਾਂ 'ਚ ਪੰਜਾਬ ਦੇ ਲੋਕ 'ਲੋਕ ਭਲੇ ਹਿੱਤ ਸਰਕਾਰਾਂ' ਦੇ ਸੰਕਲਪ ਦੀ ਆਸ ਕਿਸ ਤੋਂ ਰੱਖਣ ? ਪੰਜਾਬ ਦੇ ਆਮ ਲੋਕਾਂ ਦੇ ਹਾਲਾਤ ਸਮਝਣ ਦੀ ਲੋੜ ਹੈ। ਪੰਜਾਬ 'ਚ ਬੇਰੁਜ਼ਗਾਰੀ ਸਿਰੇ ਦੀ ਹੈ। ਉਹ ਪੰਜਾਬ ਦੇ ਲੋਕ ਜਿਹੜੇ ਦੇਸ਼ ਭਰ ਦੇ ਲੋਕਾਂ ਦਾ ਅਨਾਜ ਨਾਲ ਢਿੱਡ ਭਰਦੇ ਸਨ ਤੇ ਹਨ, ਅੱਜ ਖੁਦਕੁਸ਼ੀਆਂ ਦੇ ਰਾਹ ਤੇ ਹਨ ਅਤੇ ਵੱਡੀ ਗਿਣਤੀ ਪੰਜਾਬੀ ਹਰ ਮਹੀਨੇ ਮਿਲਦੇ ਇੱਕ ਰੁਪਏ ਕਿਲੋ ਵਾਲੇ ਅਨਾਜ ਨੂੰ ਤੀਬਰਤਾ ਨਾਲ ਉਡੀਕਦੇ ਹਨ, ਜੋ ਉਨ੍ਹਾਂ ਦੀ ਆਰਥਿਕ ਹਾਲਤ ਦਾ 'ਚਿੱਟਾ ਸਬੂਤ' ਹੈ। ਚੰਗੇ ਰਜਦੇ-ਪੁੱਜਦੇ ਘਰਾਂ ਦੇ ਲੋਕਾਂ ਨੀਲੇ ਕਾਰਡ ਬਣਵਾਏ ਹੋਏ ਹਨ। ਦਾਨ ਲੈਣ ਵਾਲੇ ਲੋਕ ਕੀ ਮੁਫ਼ਤ ਖੋਰੇ ਨਹੀਂ ਬਣ ਰਹੇ ? ਹਾਲਾਤ ਹੀ ਹਾਕਮਾਂ ਇਹੋ ਜਿਹਾ ਪੈਦਾ ਕਰ ਦਿੱਤੇ ਹਨ ਜਾਂ ਲੋਕਾਂ ਦੀ ਆਰਥਿਕ ਹਾਲਤ ਹੀ ਇਹੋ ਜਿਹੀ ਕਰ ਦਿੱਤੀ ਗਈ ਹੈ ਕਿ ਜ਼ਮੀਨਾਂ ਵਾਲੇ, ਘੱਟ ਜ਼ਮੀਨਾਂ ਵਾਲੇ ਲੋਕ ਵੀ ਸਹੂਲਤਾਂ ਲੈਣ ਲਈ ਆਪਣੀ ਜ਼ਮੀਰ ਮਾਰ ਲੈਂਦੇ ਹਨ। ਖ਼ਬਰਾਂ ਇਹੋ ਜਿਹੀਆਂ ਵੀ ਹਨ ਕਿ ਮਰਿਆਂ ਬੰਦਿਆਂ, ਬਜ਼ੁਰਗਾਂ ਦੇ ਨਾਮ ਉਤੇ ਪੈਨਸ਼ਨਾਂ ਜਾਰੀ ਹੁੰਦੀਆਂ ਹਨ, ਜੋ ਮਿਲੀ ਭੁਗਤ ਨਾਲ ਪਰਿਵਾਰਾਂ ਵਾਲੇ ਹਜ਼ਮ ਕਰੀ ਜਾਂਦੇ ਹਨ। ਇਹ ਅਣਖੀਲੇ ਪੰਜਾਬੀਆਂ ਦੀ ਕਿਹੋ ਜਿਹੀ ਵਿਡੰਬਨਾ ਹੈ ?

ਸਾਡੀਆਂ ਸਰਕਾਰਾਂ ਨੇ ਦੇਸ਼ ਦੀ ਅਰਥ ਵਿਵਸਥਾ ਦੀਆਂ ਗੁਲਾਬੀ ਤਸਵੀਰਾਂ ਪੇਸ਼ ਕੀਤੀਆਂ ਹਨ ਅਤੇ ਇਸੇ ਦੌਰ 'ਚ ਮਹਾਂਰਾਸ਼ਟਰ, ਕਰਨਾਟਕ, ਆਂਧਰਾ ਪ੍ਰਦੇਸ਼, ਮੱਧ ਪ੍ਰਦੇਸ਼, ਛੱਤੀਸਗੜ੍ਹ, ਪੰਜਾਬ, ਉਤਰਪ੍ਰਦੇਸ਼ ਜਿਹੇ ਰਾਜਾਂ ਵਿਚ ਕਰਜ਼ੇ ਦੀ ਮਾਰ ਵਿੱਚ ਪ੍ਰੇਸ਼ਾਨ ਕਿਸਾਨਾਂ ਦੀ ਆਤਮ ਹੱਤਿਆ ਦਾ ਦੌਰ ਸ਼ੁਰੂ ਹੋਇਆ। ਇਛਾਵਾਂ ਅਤੇ ਉਮੀਦਾਂ ਤੇਜ਼ੀ ਨਾਲ ਵਧਣ ਦੀ ਪ੍ਰਵਿਰਤੀ ਨੇ ਪੰਜਾਬੀਆਂ 'ਚ ਖ਼ਾਸ ਤੌਰ 'ਤੇ ਆਤਮ ਹੱਤਿਆਵਾਂ ਵਧਾਈਆਂ ਹਨ। ਅਮੀਰ ਬਣਨ 'ਤੇ ਵਾਧੂ ਸੁਖ-ਸੁਵਿਧਾਵਾਂ ਪ੍ਰਾਪਤੀ ਦੀ ਹੋੜ ਨੇ ਪੰਜਾਬੀਆਂ ਨੂੰ ਬੈਚੇਨ ਕੀਤਾ, ਉਨ੍ਹਾਂ 'ਚ ਮਾਨਸਿਕ ਬੀਮਾਰੀਆਂ, ਪ੍ਰੇਸ਼ਾਨੀਆਂ ਵਿਚ ਵਾਧਾ ਹੋਇਆ ਹੈ। ਸਿੱਖਿਆ ਸਹੂਲਤਾਂ, ਸਿਹਤ ਸਹੂਲਤਾਂ, ਵਾਤਾਵਰਨ ਦੇ ਪੱਖੋਂ ਅਤੇ ਆਰਥਿਕ ਵਿਕਸ ਦੇ ਪੱਖੋਂ ਭਾਰਤ 'ਚ ਪਹਿਲੇ ਦਰਜ਼ੇ ਤੇ ਮੋਹਰੀ ਰਹਿਣ ਵਾਲਾ ਪੰਜਾਬ ਕਈ ਪੌੜੀਆਂ ਹੇਠ ਖਿਸਕ ਗਿਆ ਹੈ। ਸਰਕਾਰਾਂ ਚੁੱਪ ਚਾਪ ਵੇਖਦੀਆਂ ਰਹੀਆਂ ਤੇ ਪੰਜਾਬੀ ਉਪਰਾਮ ਹੁੰਦੇ ਰਹੇ ਹਨ।

ਸਰਕਾਰਾਂ ਸਦਾ ਹਕੀਕਤ ਲਕੋਂਦੀਆਂ ਹਨ। ਜਾਣ ਬੁਝਕੇ ਬੇਰੁਜ਼ਗਾਰੀ, ਗਰੀਬੀ, ਭੁੱਖ ਦੇ ਅੰਕੜੇ ਸਹੀ ਤੌਰ 'ਤੇ ਪੇਸ਼ ਨਹੀਂ ਕੀਤੇ ਜਾਂਦੇ। ਪੰਜਾਬ 'ਚ ਵੀ ਇਹ ਵਰਤਾਰਾ ਲਗਾਤਾਰ ਜਾਰੀ ਹੈ। ਸਰਕਾਰੀ ਰਿਪੋਰਟਾਂ 'ਚ ਸਰਕਾਰਾਂ ਆਪਣੀ ਪਿੱਠ 'ਤੇ ਥਾਪੀ ਮਾਰਦੀਆਂ ਹਨ ਅਤੇ ਲੋਕਾਂ ਲਈ ਬਹੁਤ ਕੁਝ ਕਰਨ ਦਾ ਦਾਅਵਾ ਕਰਦੀਆਂ ਹਨ। ਪਰ ਪੰਜਾਬ 'ਚ ਇਸ ਵੇਲੇ ਖੋਖਲਾਪਨ ਵਧਿਆ ਹੈ। ਇਸ ਖੋਖਲੇਪਨ ਦੇ ਵਧਣ ਦਾ ਕਾਰਨ ਸਿੱਧੇ ਤੌਰ 'ਤੇ ਹਾਕਮ ਧਿਰ ਹੈ, ਜੋ ਵਾਅਦਾ ਕਰਦੀ ਹੈ, ਪਰ ਵਾਅਦਿਆਂ ਨੂੰ ਵਫਾ ਨਹੀਂ ਕਰਦੀ । ਕਾਂਗਰਸ ਨੇ ਵੱਡੇ ਵਾਇਦੇ ਕੀਤੇ, ਅਕਾਲੀ ਦਲ-ਭਾਜਪਾ ਨੇ ਪੰਜਾਬ ਦੇ ਵਿਕਾਸ ਦੇ ਕਸੀਦੇ ਪੜ੍ਹੇ, ਮੌਜੂਦਾ ਹਾਕਮ ਪੰਜਾਬ ਦੀ ਕਾਇਆ ਕਲਪ ਕਰਨ ਦਾ ਦਾਅਵਾ ਕਰਦੇ ਹਨ, 'ਜੋ ਕਿਹਾ ਉਹ ਕੀਤਾ' ਪਰ ਕੀ ਕੀਤਾ ? ਜ਼ਮੀਨੀ ਹਕੀਕਤ ਕੀ ਹੈ ?

ਅਸਲ ਵਿੱਚ ਤਾਂ ਸਮੇਂ-ਸਮੇਂ ਤੇ ਪੰਜਾਬ 'ਤੇ ਰਾਜ ਕਰਦੇ ਹਾਕਮਾਂ ਨੇ ਇਸ ਨੂੰ ਸਿਆਸੀ ਖਿਡੌਣੇ ਦੀ ਤਰ੍ਹਾਂ ਵਰਤਿਆ, ਭਾਵੇਂ ਉਹ 1984 ਦੇ ਦੌਰ 'ਚ ਆਤੰਕਵਾਦ ਦਾ ਨਾਹਰਾ ਦੇ ਕੇ ਕਾਂਗਰਸ ਵਲੋਂ ਸੱਤਾ ਪ੍ਰਾਪਤੀ ਸੀ, ਅਕਾਲੀ ਦਲ (ਬ) ਵਲੋਂ ਖੇਤਰੀਵਾਦ ਅਤੇ ਰਾਜ ਦੇ ਵੱਧ ਅਧਿਕਾਰ ਪ੍ਰਾਪਤ ਕਰਨ ਦੇ ਨਾ ਉਤੇ ਸੱਤਾ ਹਥਿਆਉਣਾ ਸੀ ਜਾਂ 'ਆਪ' ਵਲੋਂ ਪੰਜਾਬ ਵਿਚ ਰਵਾਇਤੀ ਪਾਰਟੀਆਂ ਨੂੰ ਠਿੱਬੀ ਲਾ ਕੇ ਤਾਕਤ ਹਥਿਆਉਣਾ ਸੀ ਜਾਂ ਫਿਰ ਪੰਜਾਬ 'ਚ ਤਰੱਕੀ, ਵਿਕਾਸ, ਭ੍ਰਿਸ਼ਟਾਚਾਰ ਸਮਾਪਤੀ, ਨੌਕਰੀਆਂ ਦੇਣ ਦਾ ਪ੍ਰਚਾਰ ਜਾਂ ਵੱਖ-ਵੱਖ ਸਹੂਲਤਾਂ ਦੇਣ ਦਾ ਪ੍ਰਚਾਰ ਕਰਕੇ ਆਪ ਵਲੋਂ ਹਿਮਾਚਲ, ਗੁਜਰਾਤ ਦੇ ਲੋਕਾਂ ਨੂੰ ਭਰਮਾ ਕੇ, 'ਰਾਜ ਤਾਕਤ' ਪ੍ਰਾਪਤ ਕਰਨਾ ਹੈ।

***

## ਸੰਦੀਪ ਸਿੰਘ ਦੇ ਇੰਸਟਾਗ੍ਰਾਮ

ਗੈਂਗਸਟਰ ਲੰਡਾ ਉਪਰੋਕਤ ਪੋਸਟ ਪਾ ਕੇ ਪੰਜਾਬ ਵਿਚ ਡਰ ਦਾ ਮਾਹੌਲ ਪੈਦਾ ਕਰ ਰਿਹਾ ਹੈ, ਤਾਂ ਜੋ ਹੋਰ ਲੋਕਾਂ ਨੂੰ ਡਰਾ-ਧਮਕਾ ਕੇ ਆਸਾਨੀ ਨਾਲ ਵਸੂਲੀ ਕੀਤੀ ਜਾ ਸਕੇ।

**ਸੰਦੀਪ ਦੇ ਨਜ਼ਦੀਕੀਆਂ ਤੋਂ ਕੀਤੀ ਪੁੱਛਗਿੱਛ**

ਸੁਧੀਰ ਸੂਰੀ ਦੇ ਕਤਲ ਤੋਂ ਬਾਅਦ ਪੁਲਿਸ ਨੇ ਮੁਲਜ਼ਮ ਸੰਦੀਪ ਸਿੰਘ ਉਰਫ਼ ਸੰਨੀ ਦੇ ਕਰੀਬ 18 ਰਿਸ਼ਤੇਦਾਰਾਂ ਨੂੰ ਹਿਰਾਸਤ ਵਿਚ ਲੈ ਕੇ ਪੁੱਛਗਿੱਛ ਕੀਤੀ ਹੈ। ਉਸ ਨੂੰ ਸੰਦੀਪ ਦੀਆਂ ਗਤੀਵਿਧੀਆਂ, ਨਿੱਘੇ ਵਿਚਾਰਾਂ, ਖਾਲਿਸਤਾਨ ਸਮਰਥਕਾਂ ਨਾਲ ਨੇੜਤਾ ਬਾਰੇ ਸਵਾਲ ਪੁੱਛੇ ਗਏ। ਇਨ੍ਹਾਂ ਵਿਚ ਸੰਦੀਪ ਦੇ ਰਿਸ਼ਤੇਦਾਰ, ਦੋਸਤ ਅਤੇ ਗੁਆਂਢੀ ਸ਼ਾਮਲ ਸਨ। ਫਿਲਹਾਲ ਪਰਿਵਾਰ ਤੋਂ ਵੀ ਪੁੱਛਗਿੱਛ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪਰ ਸਾਰੇ ਅੰਡਰਗਰਾਊਂਡ ਹਨ।

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ




ON

jus PUNJABI HD sling

CREDIBILITY RELIABILITY

Minute to Minute Coverage of Punjab Elections

Punjabi Super Pack

20 channels for only $25/month on

sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com